ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



13 ਮਾਰਚ 1940 : ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਗੋਲੀ ਮਾਰੀ

ਸਾਲ : 5 ਅੰਕ : 3 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਮਾਰਚ (March ) 2014



ਪਬਲਿਕ ਪੈਨਸ਼ਨ ਯੋਜਨਾ ਵਿਚ ਪ੍ਰਸਤਾਵਤ....

ਪੰਨਾ-3



ਚੰਡੀਗੜ੍ਹ ਤੋਂ ਸਵਿਤਾ ਭੱਟੀ 'ਆਪ' ਦੇ ਉਮੀਦਵਾਰ

ਪੰਨਾ-9



ਮੈਂ ਸਦਾ ਮਨੁੱਖਤਾ ਦੇ ਭਲੇ ਦਾ ਮੋਰਚਾ ਮੱਲਿਐ : ਜਸਵੰਤ ਸਿੰਘ ਕੰਵਲ

ਪੰਨਾ-27



ਜੁਗਨੀ ਦਾ ਸਫ਼ਰ, ਅਸੀਂ ਬਨਾਮ ਮੈਂ ਅਤੇ ਅਨਹਦ ਹਾਈਵੇ

ਪੰਨਾ-46

### ਫੈਡਰਲ ਬਜਟ 2014

## ਮੁੱਢਲੀਆਂ ਸਹੂਲਤਾਂ ਤੇ ਸਕਿੱਲਜ਼ ਟ੍ਰੇਨਿੰਗ ਨੂੰ ਪਹਿਲ

ਓਟਵਾ (ਨਦਬ) : ਕਨੇਡਾ ਦੇ ਵਿੱਤ ਮੰਤਰੀ ਜਿੱਮ ਫ਼ਲਾਹਰਟੀ ਵਲੋਂ ਪਾਰਲੀਮੈਂਟ ਵਿਚ ਆਪਣਾ ਦਸਵਾਂ ਫੈਡਰਲ ਬਜਟ ਪੇਸ਼ ਕੀਤਾ ਗਿਆ ਜਿਸ ਵਿਚ ਸਕਿੱਲਜ਼ ਟਰੇਨਿੰਗ, ਜਾਬਾਂ ਅਤੇ ਮੁੱਢਲੀਆਂ ਸਹੂਲਤਾਂ ਨੂੰ ਪਹਿਲ ਦੇਣ ਤੋਂ ਇਲਾਵਾ ਕਨੇਡਾ ਅਤੇ ਅਮਰੀਕਾ ਵਿਚ ਵਸਤਾਂ ਦੀਆਂ ਕੀਮਤਾਂ ਦੇ ਅੰਤਰ ਨੂੰ ਘਟਾਉਣ ਲਈ ਕਈ ਕਦਮਾਂ ਦਾ ਐਲਾਨ ਕੀਤਾ ਗਿਆ। ਇਸ ਵਿਚ ਕੋਈ ਵੀ ਨਵੇਂ ਟੈਕਸ ਨਹੀਂ ਲਾਏ ਗਏ ਹਨ ਅਤੇ ਨਾ ਹੀ ਕੋਈ ਵੱਡੇ ਨਵੇਂ ਪ੍ਰੋਜੈਕਟਾਂ ਦੀ ਫੰਡਿੰਗ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬਜਟ ਖਰੀਦਾਰਾਂ ਦੇ ਹੱਕ ਹੈ ਪਰ ਸਿਗਰਟਾਂ ਦੇ ਪੈਕਟ ਦੀ ਕੀਮਤਾਂ ਵਿਚ $4 ਦਾ ਵਾਧਾ ਕੀਤਾ ਗਿਆ ਹੈ ਜਿਸ ਨਾਲ ਵਾਧੂ ਖਰਚੇ ਦੇ $1.8 ਬਿਲੀਅਨ ਦੀ ਪੂਰਤੀ ਹੋ ਸਕੇਗੀ। ਸਰਕਾਰ ਨੂੰ ਆਸ ਹੈ ਕਿ ਇਸ ਬਜਟ ਨਾਲ ਇਸ ਸਾਲ ਬਜਟ ਘਾਟਾ ਸਿਰਫ਼ $2.9 ਬਿਲੀਅਨ ਰਹਿ ਜਾਵੇਗਾ ਅਤੇ 2015-16 ਦੇ ਬਜਟ ਵਿਚ ਬਜਟ $.4 ਬਿਲੀਅਨ ਸਰਪੱਲਸ ਹੋ ਜਾਵੇਗਾ ਕਿਉਂਕਿ ਇਸ ਬਜਟ ਵਿਚ ਸਰਕਾਰ ਨੇ $3 ਬਿਲੀਅਨ ਰਿਸਕ ਫੰਡ ਲਈ ਰੱਖਿਆ ਹੈ। ਬਜਟ ਪੇਸ਼ ਕਰਨ ਸਮੇਂ ਜਿੱਮ ਫ਼ਲਾਹਰਟੀ ਦਾ ਕਹਿਣਾ ਸੀ ਕਿ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਦੀ ਵਿੱਤੀ ਸਥਿਤੀ ਇੰਨੀ ਮਜ਼ਬੂਤ ਹੋਵੇ ਕਿ ਉਹ ਕਿਸੇ ਵੀ ਸਥਿਤੀ ਦਾ ਮਜ਼ਬੂਤੀ ਨਾਲ ਮੁਕਾਬਲਾ ਕਰ ਸਕੇ।

**ਬਜਟ ਘਾਟਾ $2.9 ਬਿਲੀਅਨ ਰਹਿ ਗਿਆ**

☛ ਬਾਕੀ ਸਫ਼ਾ 41 'ਤੇ

# ਯੂਕਰੇਨ 'ਚ ਰਾਹਤ, ਰੂਸ ਨੇ ਫ਼ੌਜੀ ਵਾਪਸ ਸੱਦੇ



- ਅਮਰੀਕਾ ਨੇ ਰੂਸ ਨਾਲੋਂ ਤੋੜੇ ਫ਼ੌਜੀ ਸਬੰਧ
- ਓਬਾਮਾ ਰੂਸ ਨੂੰ ਅਲੱਗ-ਥਲੱਗ ਕਰਨ 'ਚ ਰੁਝੇ
- ਯੂਕਰੇਨ ਨੇ ਭਾਰਤੀਆਂ ਨੂੰ ਚੌਕਸ ਰਹਿਣ ਲਈ ਕਿਹਾ

ਵਾਸ਼ਿੰਗਟਨ (ਨਦਬ) : ਯੂਕਰੇਨ ਵਿਚ ਚਲ ਰਹੇ ਵਿਵਾਦ ਦਾ ਅਸਰ ਹੁਣ ਰੂਸ ਅਤੇ ਅਮਰੀਕਾ ਵਿਚ ਤਣਾਅ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਰੂਸ ਨੇ ਯੂਕਰੇਨ ਵਿਚ ਆਪਣੀ ਕਾਰਵਾਈ ਨੂੰ ਸੰਯੁਕਤ ਰਾਸ਼ਟਰ ਵਿਚ ਸਹੀ ਠਹਿਰਾਇਆ ਹੈ। ਪਰ ਨਾਲ ਹੀ ਰਾਸ਼ਟਰਪਤੀ ਪੁਤਿਨ ਨੇ ਯੁਕਰੇਨ ਵਿਚ ਆਪਣੇ ਫ਼ੌਜੀਆਂ ਨੂੰ ਬੈਰਕਾਂ ਵਿਚ ਪਰਤਣ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਰੂਸ ਨਾਲੋਂ ਫ਼ੌਜੀ ਸਬੰਧ ਤੋੜਨ ਦਾ ਐਲਾਨ ਕਰ ਦਿੱਤਾ ਹੈ। ਇਸ ਵਿਚ ਦੋਵਾਂ ਦੇਸ਼ਾਂ 'ਚ ਸਾਂਝੇ ਫ਼ੌਜੀ ਅਭਿਆਸ ਅਤੇ ਇਕ ਦੂਜੇ ਦੀਆਂ ਬੰਦਰਗਾਹਾਂ 'ਤੇ ਆਵਾਜਾਈ ਵੀ ਸ਼ਾਮਲ ਹੈ। ਅਮਰੀਕਾ ਨੇ ਰੂਸ ਨਾਲ ਗੱਲਬਾਤ ਵੀ ਮੁਲਤਵੀ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨਾਲ ਦੋ ਘੰਟੇ ਗੱਲਬਾਤ ਕੀਤੀ। ਵਾਈਟ ਹਾਊਸ ਦੇ ਬੁਲਾਰੇ ਨੇ ਦੱਸਿਆ ਕਿ ਰੂਸ ਨੂੰ ਅਲੱਗ-ਥਲੱਗ ਕਰਨ ਦੀ ਰਣਨੀਤੀ 'ਤੇ ਵਿਚਾਰ ਹੋਇਆ। ਰੂਸ ਵਿਰੁੱਧ ਆਰਥਕ ਪਾਬੰਦੀਆਂ ਲਾਏ ਜਾਣ 'ਤੇ ਵੀ ਵਿਚਾਰ ਕੀਤੀ ਜਾ ਰਹੀ ਹੈ। ਨਾਟੋ ਦੇ ਗਠਨ ਤੋਂ ਬਾਅਦ ਇਹ ਚੌਥਾ ਮੌਕਾ ਹੈ ਜਦੋਂ ਨਿਯਮ 4 ਤਹਿਤ ਹੰਗਾਮੀ ਮੀਟਿੰਗ ਬੁਲਾਈ ਗਈ ਹੈ। ਯੂਕਰੇਨ ਦੇ ਪ੍ਰਭਾਵਤ ਹੋਣ ਨਾਲ ਨਾਟੋ ਦੇ ਮੈਂਬਰ ਦੇਸ਼ਾਂ 'ਤੇ ਸਿੱਧਾ ਅਸਰ ਪਵੇਗਾ। ਇਸ ਤੋਂ ਪਹਿਲਾਂ 2003 ਵਿਚ ਇਰਾਕ ਯੁੱਧ, 2012 ਵਿਚ ਦੋ ਵਾਰ ਸੀਰੀਆ ਦੇ ਮੁੱਦੇ 'ਤੇ ਮੀਟਿੰਗ ਬੁਲਾਈ ਗਈ ਹੈ। ਕੋਈ ਵੀ ਮੈਂਬਰ ਦੇਸ਼ ਇਹ ਮੀਟਿੰਗ ਸੱਦ ਸਕਦਾ ਹੈ। ਇਸ ਵਾਰ ਇਹ ਮੀਟਿੰਗ ਪੋਲੈਂਡ ਨੇ ਬੁਲਾਈ ਹੈ।



ਤਣਾਅਗ੍ਰਸਤ ਯੂਕਰੇਨ ਵਿਚ ਭਾਰਤੀ ਨਾਗਰਿਕਾਂ ਨੂੰ ਚੌਕਸ ਰਹਿਣ ਨੂੰ ਕਿਹਾ ਗਿਆ ਹੈ। ਯੂਕ੍ਰੇਨ ਵਿਚ ਭਾਰਤੀ ਰਾਜਦੂਤ ਰਾਜੀਵ ਕੇ. ਚੰਦਰ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਭਾਰਤੀਆਂ ਨੂੰ ਕਿਹਾ ਗਿਆ ਹੈ ਕਿ ਉਹ ਕਿਸੇ ਵੀ ਸੰਕਟਗ੍ਰਸਤ ਇਲਾਕੇ ਵਿਚ ਨਾ ਜਾਣ। ਚੰਦਰ ਨੇ ਦੱਸਿਆ ਕਿ ਯੂਕ੍ਰੇਨ ਵਿਚ ਤਕਰੀਬਨ 5,000 ਭਾਰਤੀ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਮੈਡੀਕਲ ਕਾਲਜਾਂ ਵਿਚ ਪੜ੍ਹਨ ਵਾਲੇ ਹਨ। ਅਜੇ ਤਕ ਕਿਸੇ ਭਾਰਤੀ ਦੇ ਪ੍ਰਭਾਵਤ ਹੋਣ ਦੀ ਸੂਚਨਾ ਨਹੀਂ ਹੈ। ਪਰ ਰੂਸ ਵਲੋਂ ਹਮਲੇ ਦੀ ਸਥਿਤੀ ਵਿਚ ਭਾਰਤੀਆਂ ਨੂੰ ਯੂਕਰੇਨ ਛੱਡਣ ਲਈ ਕਿਹਾ ਜਾ ਸਕਦਾ ਹੈ।

# ਲੋਕ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ

## 7 ਅਪ੍ਰੈਲ ਤੋਂ 12 ਮਈ ਤਕ 9 ਪੜਾਵਾਂ 'ਚ ਪੈਣਗੀਆਂ ਵੋਟਾਂ

ਨਵੀਂ ਦਿੱਲੀ (ਨਦਬ) : 16ਵੀਆਂ ਲੋਕ ਸਭਾ ਚੋਣਾਂ ਲਈ ਚੋਣ ਕਮਿਸ਼ਨ ਨੇ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਨੇ ਦੱਸਿਆ ਕਿ ਲੋਕ ਸਭਾ ਚੋਣਾਂ 7 ਅਪ੍ਰੈਲ ਤੋਂ 12 ਮਈ ਤਕ 9 ਪੜਾਵਾਂ ਵਿਚ ਕਰਵਾਈਆਂ ਜਾਣਗੀਆਂ। ਇਨ੍ਹਾਂ ਵੋਟਾਂ ਦੀ ਗਿਣਤੀ 16 ਮਈ ਨੂੰ ਕੀਤੀ ਜਾਵੇਗੀ। ਯੂ.ਪੀ. ਅਤੇ ਬਿਹਾਰ ਵਿਚ 10, 17, 24 ਅਤੇ 30 ਅਪ੍ਰੈਲ ਤੇ 7 ਅਤੇ 12 ਮਈ ਨੂੰ ਵੋਟਾਂ ਪੈਣਗੀਆਂ। ਰਾਜਸਥਾਨ ਵਿਚ 17 ਤੇ 24 ਅਪ੍ਰੈਲ ਨੂੰ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਝਾਰਖੰਡ ਵਿਚ 10, 17 ਤੇ 24 ਅਪ੍ਰੈਲ ਨੂੰ, ਗੁਜਰਾਤ ਵਿਚ 30 ਅਪ੍ਰੈਲ ਨੂੰ, ਦਿੱਲੀ, ਹਰਿਆਣਾ ਤੇ ਚੰਡੀਗੜ੍ਹ ਵਿਚ 10 ਅਪ੍ਰੈਲ ਨੂੰ, ਤਾਮਿਲਨਾਡੂ ਵਿਚ 24 ਅਪ੍ਰੈਲ ਨੂੰ, ਤ੍ਰਿਪੁਰਾ ਵਿਚ 7 ਤੇ 12 ਅਪ੍ਰੈਲ ਨੂੰ, ਨਾਗਾਲੈਂਡ 'ਚ 9 ਅਪ੍ਰੈਲ ਅਤੇ ਦਾਦਰਾ ਤੇ ਨਾਗਰ ਹਵੇਲੀ 'ਚ 20 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਇਸ ਐਲਾਨ ਦੇ ਨਾਲ ਹੀ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ। ਲੋਕ ਸਭਾ ਚੋਣਾਂ ਵਿਚ ਕੁਲ ਵੋਟਰ 81.4 ਕਰੋੜ ਹਨ, ਜਿਹੜੇ ਕਿ ਪਿਛਲੀਆਂ ਚੋਣਾਂ ਤੋਂ ਤਕਰੀਬਨ 10 ਕਰੋੜ ਜ਼ਿਆਦਾ ਹਨ।

Super Visa
Medical Insurance

- ਸੁਪਰ ਵੀਜ਼ਾ ਐਪਲੀਕੇਸ਼ ਲਈ ਮੈਡੀਕਲ ਇੰਸ਼ੋਰੈਂਸ ਲੈਣਾ ਜ਼ਰੂਰੀ।
- ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।

For mor information please call
JASVIR DEOL 780-465-6900
JESSIE SINGH 403-830-7007

For your all Real State need.
NIRMAL (SONY) GILL
I DELIVER ONLY THE BEST
BUY OR SELL
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
nirmalgill@live.com
780 937 9067
OFF: 780 434 4700

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES
780-994-1600 (Cell)
780-450-6300 (24 Hrs)
Fax : 780-450-6670
Nusrat Ali Akhtar
Email : aakhtar@realtyexecutives.com
4107-99 St NW, Edmonton

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddlebace Road, T6J 4R7
Cell : (780) 951-9873 Bus: (780) 434-4700

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-466-4660 Fax : 780-463-4205



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

ZyTech
BUILDING SYSTEMS INC.
Roof Trusses Floor Systems
Lumber - Stairs
ਰਘੁਬੀਰ ਸਿੰਘ ਭੰਡਾਲ : 780-554-9192
ਜਸਪਾਲ ਸਿੰਘ ਭੰਡਾਲ : 403-226-7136

- High Quality Materials,
- Best Prices,
- On Time Delivery,
- Complete Framing Package,
- Full Range Of I Joists,
- Fully Automated - Roof Truss Manufacturing Facility
- One Call - Award Winning Service,
- Effective On Site,
- Engineering & Design Friendly,
- Multi-Cultural,
- Solution Oriented Staff,
- Community Supporter

ALL INDIA
RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



# POWAR HOMES LTD.
Quality Custom Home Builder

ਪਾਵਰ ਹੋਮਸ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਡੁਪਲੈਕਸ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ,
ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Kuldip S. Powar



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# Indo Canadian Grocery Store & Movies



ਜਿਥੋਂ ਤੁਸੀਂ ਸਾਫ਼ ਸੁਥਰੀ ਤੇ ਵਧੀਆ ਗਰੋਸਰੀ, ਹਰੀਆਂ ਤੇ ਤਾਜ਼ੀਆਂ ਸਬਜ਼ੀਆਂ, ਫਲ-ਫਰੂਟ, ਡੇਅਰੀ, ਪੂਜਾ ਦਾ ਸਾਮਾਨ ਤੇ ਗਿਫ਼ਟ ਆਇਟਮਾਂ ਵਾਜਬ ਰੇਟਾਂ 'ਤੇ ਖਰੀਦ ਸਕਦੇ ਹੋ।

ਨਵੀਆਂ ਤੇ ਪੁਰਾਣੀਆਂ ਹਿੰਦੀ, ਪੰਜਾਬੀ ਮੂਵੀਜ਼ ਦੀ ਸੀ.ਡੀ. ਅਤੇ ਡੀ.ਵੀ.ਡੀ.



Repair for Computer, Laptop & all kind of I-Phones





ਲੈਪਟਾਪ, ਕੰਪਿਊਟਰ ਤੇ ਮੋਬਾਈਲ ਦੀ ਤਸੱਲੀਬਖ਼ਸ਼ ਰਿਪੇਅਰ

Ph. 780-485-5838

ਤੁਸੀਂ ਸਾਡੇ ਕੋਲੋਂ ਕੂਕਰ, ਪਤੀਲੇ, ਪਰਾਤਾਂ, ਗਲਾਸ, ਕੌਲੀਆਂ, ਥਾਲ, ਚਮਚੇ, ਗੜਵੀਆਂ, ਜੱਗ ਅਤੇ ਹਰ ਤਰ੍ਹਾਂ ਦੇ ਬਰਤਨ ਸਸਤੇ ਰੇਟ 'ਤੇ ਲੈ ਸਕਦੇ ਹੋ।

rajan.kumar54@yahoo.com 3305 - 43Ave. Edmonton, AB

# PRITPAL KOONER
CGA PROFESSIONAL CORPORATION
Certified General Accountant

## Professional Accounting & Tax Services



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

**Ph:(780) 469-4985**
Fax: (780) 469-4926
Unit# 218, 4128A-97 Street, Edmonton, AB T6E 5Y6
Email: pritpal@koonercpa.com Web: www.koonercpa.com

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ, ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

2 Locations to Serve You!

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**



# ਪਬਲਿਕ ਪੈਨਸ਼ਨ ਯੋਜਨਾ ਵਿਚ ਪ੍ਰਸਤਾਵਤ ਤਬਦੀਲੀਆਂ ਨੂੰ ਲੈ ਕੇ ਰੋਸ ਪ੍ਰਦਰਸ਼ਨ

ਐਡਮਿੰਟਨ (ਕਿਰਤਮੀਤ)- ਅਲਬਰਟਾ ਫੈਡਰੇਸ਼ਨ ਆਫ਼ ਲੇਬਰ ਦੀ ਅਗਵਾਈ ਵਿੱਚ ਚਰਚਿਲ ਸਕੇਅਰ ਐਡਮਿੰਟਨ ਵਿਖੇ ਅੱਤ ਦੀ ਸਰਦੀ (ਮਨਫ਼ੀ 35) 'ਚ ਪਬਲਿਕ ਪੈਨਸ਼ਨ ਯੋਜਨਾ ਵਿੱਚ ਪ੍ਰਸਤਾਵਿਤ ਤਬਦੀਲੀਆਂ ਨੂੰ ਲੈ ਕੇ ਸਰਕਾਰ ਦੇ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਪ੍ਰਦਰਸ਼ਨ ਸੂਬੇ ਭਰ ਤੋਂ ਕਰੀਬ 1500 ਵਰਕਰਾਂ ਨੇ ਸ਼ਮੂਲੀਅਤ ਕੀਤੀ। ਰੈਲੀ ਨਾਲ ਜਿਥੇ ਸੂਬੇ ਦੀ ਪ੍ਰੀਮੀਅਰ ਲਈ ਮੌਕ ਓਸਕਰ ਸਮਾਗਮ ਦਾ ਸੁਆਦ ਵੀ ਬਕਬਕਾ ਕਰ ਦਿੱਤਾ, ਉਥੇ ਹੀ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਵੱਲੋਂ ਪ੍ਰੀਮੀਅਰ ਨੂੰ 'ਮਖੌਟੇ ਵਾਲੀ ਵਧੀਆ ਰਾਜਨੀਤਕ ਅਭਨੇਤਰੀ' ਦਾ ਖਿਤਾਬ ਵੀ ਦਿੱਤਾ ਗਿਆ। ਅਲਬਰਟਾ ਫੈਡਰੇਸ਼ਨ ਆਫ਼ ਲੇਬਰ ਦੇ ਪ੍ਰੈਜ਼ੀਡੈਂਟ ਗਿੱਲ ਮੈਕ ਗੋਆਨ ਨੇ ਕਿਹਾ ਕਿ ਸੂਬੇ ਦੀ ਪ੍ਰੀਮੀਅਰ ਲੋਕਾਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਕੰਮ ਕਰ ਰਹੀ ਹੈ, ਉਸਨੂੰ ਉਹਨਾਂ ਵਾਅਦਿਆਂ ਦਾ ਬਿਲਕੁਲ ਵੀ ਖ਼ਿਆਲ ਨਹੀਂ, ਜਿਹੜੇ ਵੋਟਾਂ ਵੇਲੇ ਉਨ੍ਹਾਂ ਨੇ ਲੋਕਾਂ ਨਾਲ ਕੀਤੇ ਸਨ। ਉਹਨਾਂ ਕਿਹਾ ਕਿ ਸਰਕਾਰ ਦੇ ਕੰਮ ਦੇ ਤੌਰ ਤਰੀਕੇ ਦੇਖ ਕੇ ਲੋਕਾਂ ਵਿੱਚ ਵੱਡੇ ਪੱਧਰ 'ਤੇ ਨਰਾਜ਼ਗੀ ਪੈਦਾ ਹੋ ਗਈ ਹੈ।

**ਪ੍ਰੀਮੀਅਰ ਨੂੰ 'ਮਖੌਟੇ ਵਾਲੀ ਵਧੀਆ ਰਾਜਨੀਤਕ ਅਭਿਨੇਤਰੀ' ਦਾ ਖ਼ਿਤਾਬ**

ਪ੍ਰਸਤਾਵਤ ਤਬਦੀਲੀਆਂ ਦਾ ਵਿਰੋਧ ਕਰਦਿਆਂ ਪ੍ਰਦਰਸ਼ਨਕਾਰੀ ਸਟੀਵ ਅਵਰਾਮੋਵਿਕ ਨੇ ਕਿਹਾ ਕਿ ਸਰਕਾਰ ਨੂੰ ਇਸ ਮਾਮਲੇ ਵਿੱਚ ਲੋਕਤਾਂਤਰਿਕ ਢੰਗ ਨਾਲ ਗੱਲ ਕਰਨੀ ਚਾਹੀਦੀ ਹੈ, ਕੋਈ ਵੀ ਕਿਸੇ ਤਰ੍ਹਾਂ ਦੀ ਗੱਲਬਾਤ ਪਖੰਡ ਵਜੋਂ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੂੰ ਆਮ ਲੋਕਾਂ ਦੀ ਇੰਨੀ ਹੀ ਚਿੰਤਾ ਹੈ ਤਾਂ ਇਹਨਾਂ ਤਬਦੀਲੀਆਂ ਬਾਰੇ ਲੋਕਾਂ ਨਾਲ ਗੱਲਬਾਤ ਕਿਉਂ



ਨਹੀਂ ਕੀਤੀ ਗਈ। ਅੱਗੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਸਾਡਾ ਪ੍ਰਦਰਸ਼ਨ ਕਰਨ ਦਾ ਮਕਸਦ ਸਰਕਾਰ ਦੇ ਇਸ ਫੈਸਲੇ ਪ੍ਰਤੀ ਨਰਾਜ਼ਗੀ ਜ਼ਾਹਿਰ ਕਰਨਾ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਐਨਡੀਪੀ ਦੇ ਆਗੂ ਬਰਾਇਨ ਮੇਸਨ ਨੇ ਇਸ ਮਾਮਲੇ ਸਬੰਧੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਭਾਵੇਂ ਮੌਜੂਦਾ ਪੈਨਸ਼ਨ ਯੋਜਨਾ ਬਹੁਤੀ ਖੁਲ੍ਹਦਿਲੀ ਨਾਲ ਤਿਆਰ ਨਹੀਂ ਕੀਤੀ ਗਈ, ਜਿਨ੍ਹਾਂ ਨੇ ਸਾਲਾਂ ਤਕ ਲੋਕਾਂ ਦੀ ਸੇਵਾ ਕੀਤੀ ਹੈ ਉਨ੍ਹਾਂ ਲਈ ਇਹ ਯੋਜਨਾਂ ਠੀਕ ਨਹੀਂ ਹੈ। ਸਰਕਾਰ ਦੁਆਰਾ ਉਠਾਇਆ ਗਿਆ ਕਦਮ ਲੋਕਾਂ ਦੇ ਹਿੱਤਾਂ 'ਤੇ ਡਾਕਾ ਹੈ। ਇਹ ਪੂਰੀ ਤਰ੍ਹਾਂ ਅਣਉਚਿਤ ਫੈਸਲਾ ਹੈ।

ਇਸ ਮੌਕੇ ਐਨਡੀਪੀ ਦੇ ਚਾਰੇ ਐਮ ਐਲ ਏ ਹਾਜ਼ਰ ਸਨ ਜਿਸ ਕਰਕੇ ਐਨਡੀਪੀ ਦੇ ਆਗੂ ਬਰਾਇਨ ਮੇਸਨ ਨੇ ਸੂਬਾ ਸਰਕਾਰ 'ਤੇ ਵਿਅੰਗ ਕਰਦਿਆਂ ਕਿਹਾ ਕਿ ਜੇਕਰ ਸੂਬਾ ਸਰਕਾਰ ਪਬਲਿਕ ਪੈਨਸ਼ਨ ਯੋਜਨਾ ਵਿੱਚ ਪ੍ਰਸਤਾਵਿਤ ਤਬਦੀਲੀਆਂ ਬਾਰੇ ਸੱਚ ਬੋਲ ਰਹੀ ਹੁੰਦੀ ਤਾਂ ਉਨ੍ਹਾਂ ਦਾ ਕਈ ਕੋਈ ਐਮ ਐਲ ਏ ਜਾਂ ਮੰਤਰੀ ਇਥੇ ਮੌਜੂਦ ਹੁੰਦਾ। ਬਰਾਇਨ ਮੇਸਨ ਨੇ ਅੱਗੇ ਕਿਹਾ ਕਿ ਉਹ ਬੇਸ਼ਕ ਗਿਣਤੀ ਵਿੱਚ ਚਾਰ ਹੀ ਹਨ ਪਰ ਉਹ ਸਾਰੇ ਇਥੇ ਮੌਜੂਦ ਹਨ, ਜੇਕਰ ਉਹ ਗਿਣਤੀ ਵਿੱਚ 8 ਜਾਂ 20 ਵੀ ਹੁੰਦੇ ਤਾਂ ਵੀ ਉਹ ਸਾਰੇ ਇਸ ਰੈਲੀ ਵਿੱਚ ਮੌਜੂਦ ਹੁੰਦੇ। ਪਰ ਜੇ ਇਸ ਵੇਲੇ ਅਲਬਰਟਾ ਜਾਂ ਕਨੇਡਾ ਵਿੱਚ ਐਨਡੀਪੀ ਦੀ ਸਰਕਾਰ ਹੁੰਦੀ ਤਾਂ ਵਰਕਰਾਂ ਨੂੰ ਇਹ ਰੈਲੀ ਕਰਨ ਦੀ ਜਰੂਰਤ ਹੀ ਨਹੀਂ ਸੀ ਪੈਣੀ। ਜਿਕਰਯੋਗ ਹੈ ਕਿ ਪ੍ਰਸਤਾਵਿਤ ਤਬਦੀਲੀਆਂ ਇੱਕ ਜਨਵਰੀ 2016 ਤੋਂ ਲਾਗੂ ਹੋ ਜਾਣਗੀਆਂ। ਇਸ ਸਬੰਧੀ ਕੌਲੀਸ਼ਨ ਆਫ਼ ਯੂਨੀਅਨ ਦੁਆਰਾ ਨਿਯੁਕਤ ਕੀਤੇ ਕਮਿਸਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਸਤਾਵਿਤ ਕੱਟ ਬਿਲਕੁੱਲ ਗੈਰ ਜਰੂਰੀ ਹਨ।

## ਸਿਟੀਜਨਸ਼ਿਪ ਐਕਟ ਵਿਚ ਸੋਧ

**ਐਕਟ ਦੀਆਂ ਕਈ ਮਦਾਂ ਨੂੰ ਲੈ ਕੇ ਵਿਵਾਦ**

ਟਰਾਂਟੋ (ਨਦਬ) : ਕੰਜ਼ਰਵੇਟਿਵ ਸਰਕਾਰ ਵੱਲੋਂ ਸਿਟੀਜਨਸਿਪ ਐਕਟ ਵਿੱਚ ਸੋਧ ਕਰਦਿਆਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੋਈ ਵੀ ਅਪਰਾਧੀ ਵਿਅਕਤੀ ਜਾਂ ਅੱਤਵਾਦੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲਾ ਕਨੇਡਾ ਦੀ ਨਾਗਰਿਕਤਾ ਨਾ ਪ੍ਰਾਪਤ ਕਰ ਸਕੇ। ਇਸ ਕਾਨੂੰਨ ਵਿੱਚ ਸੁਧਾਰ ਹੋਣ ਨਾਲ ਹੁਣ ਜਿਹੜੇ ਵਿਅਕਤੀ ਕਨੇਡਾ ਦੇ ਨਾਗਰਿਕ ਬਣਨਾ ਚਾਹੁੰਦੇ ਹਨ, ਉਨ੍ਹਾਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪਏਗਾ। ਇਹ ਸੁਧਾਰ ਸਰਕਾਰ ਵੱਲੋਂ ਕਨੇਡੀਅਨ ਨਾਗਰਿਕਤਾ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਕੀਤੇ ਗਏ ਹਨ।

☛ ਬਾਕੀ ਸਫ਼ਾ 41 'ਤੇ

## ਫੀਫਾ ਨੇ ਖਿਡਾਰੀਆਂ ਨੂੰ ਸਿਰ ਢੱਕ ਕੇ ਖੇਡਣ ਦੀ ਦਿੱਤੀ ਇਜਾਜ਼ਤ

ਜਿਊਰਿਖ (ਨਦਬ) : ਫੀਫਾ ਵੱਲੋਂ ਰਸਮੀ ਤੌਰ ਉੱਤੇ ਧਾਰਮਕ ਕਾਰਨਾਂ ਕਰਕੇ ਖਿਡਾਰੀਆਂ ਵੱਲੋਂ ਸਿਰ ਢੱਕ ਕੇ ਖੇਡਣ ਉੱਤੇ ਮੋਹਰ ਲਾ ਦਿੱਤੀ ਗਈ। ਜਿਊਰਿਖ ਵਿੱਚ ਇੰਟਰਨੈਸ਼ਨਲ ਫੁੱਟਬਾਲ ਐਸੋਸੀਏਸ਼ਨ ਬੋਰਡ (ਆਈਐਫਏਬੀ) ਦੀ ਮੀਟਿੰਗ ਵਿੱਚ ਫੀਫਾ ਦੇ ਸਕੱਤਰ ਜਨਰਲ ਜਿਰੋਮ ਵਾਲੱਕੇ ਨੇ ਆਖਿਆ ਕਿ ਇਹ ਫੈਸਲਾ ਕੀਤਾ ਗਿਆ ਹੈ ਕਿ ਖੇਡਣ ਸਮੇਂ ਮਹਿਲਾ ਖਿਡਾਰਨਾਂ ਆਪਣੇ ਸਿਰ ਢਕ ਕੇ ਖੇਡ ਸਕਦੀਆਂ ਹਨ। ਇਸ ਫੈਸਲੇ ਮਗਰੋਂ ਉਨ੍ਹਾਂ ਮੁਸਲਮਾਨ ਖਿਡਾਰਨਾਂ ਨੂੰ ਕਾਫੀ ਰਾਹਤ ਮਿਲੀ ਹੈ ਜਿਹੜੀਆਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਬੁਰਕਾ ਪਾ ਕੇ ਰੱਖਦੀਆਂ ਹਨ ਜਾਂ ਸਿਰ ਕੱਜ ਕੇ ਰਹਿੰਦੀਆਂ ਹਨ। ਹੁਣ ਇਹ ਖਿਡਾਰਨਾਂ ਮੈਚਾਂ ਦੌਰਾਨ ਵੀ ਸਿਰ ਢੱਕ ਕੇ ਰੱਖ ਸਕਣਗੀਆਂ। ਵਾਲੱਕੇ ਨੇ ਇਹ ਵੀ ਆਖਿਆ ਕਿ ਕੈਨੇਡਾ ਦੇ ਸਿੱਖ ਭਾਈਚਾਰੇ ਵੱਲੋਂ ਕੀਤੀ ਗਈ ਬੇਨਤੀ ਉੱਤੇ ਸਿੱਖ ਪੁਰਸ਼ ਖਿਡਾਰੀਆਂ ਨੂੰ ਵੀ ਸਿਰ ਉੱਤੇ ਪਟਕਾ ਜਾਂ ਦਸਤਾਰ ਬੰਨ੍ਹ ਕੇ ਖੇਡਣ ਦੀ ਇਜਾਜ਼ਤ ਹੋਵੇਗੀ।

☛ ਬਾਕੀ ਸਫ਼ਾ 41 'ਤੇ

## 'ਓਲਡ ਮਾਈਨ ਕੋਲ' ਦੇ ਤਲਾਵਾਂ 'ਚ ਦਰਾਰਾਂ

ਐਡਮਿੰਟਨ (ਨਦਬ) : ਅਲਬਰਟਾ ਯੂਨੀਵਰਸਿਟੀ ਵੱਲੋਂ ਨਸ਼ਰ ਕੀਤੀ ਗਈ ਜਾਣਕਾਰੀ ਅਨੁਸਾਰ 'ਓਬਡ ਮਾਈਨ ਕੋਲ' ਦੇ ਤਲਾਵਾਂ ਦੀਆਂ ਪਟੜੀਆਂ ਦਾ ਪ੍ਰਸਾਸ਼ਨ ਵੱਲੋਂ ਨਿਰੀਖਣ ਨਹੀਂ ਕੀਤਾ ਗਿਆ, ਜਿਸ ਕਾਰਨ ਕਈ ਥਾਵਾਂ 'ਤੇ ਇਨ੍ਹਾਂ ਪਟੜੀਆਂ ਵਿੱਚ ਪਾੜ ਪੈ ਗਿਆ ਹੈ ਤੇ ਕਈ ਥਾਵਾਂ 'ਤੇ ਅਜਿਹਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਅਲਬਰਟਾ ਯੂਨੀਵਰਸਿਟੀ ਦੀ ਇਸ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਤਲਾਵਾਂ ਨੂੰ ਡੈਮ ਦੀ ਸ੍ਰੇਣੀ ਵਿੱਚ ਨਹੀਂ ਰੱਖਿਆ ਗਿਆ, ਜਿਸ ਕਾਰਣ ਇਨ੍ਹਾਂ ਦਾ ਉਚਿਤ ਨਿਰੀਖਣ ਨਹੀਂ ਹੋ ਪਾਇਆ। ਇਨ੍ਹਾਂ ਤਲਾਵਾਂ ਦੀ ਉਚਿਤ ਨਿਗਰਾਨੀ ਨਾ ਹੋਣ ਦੀ ਵਜ੍ਹਾ ਕਾਰਣ ਪਿਛਲੇ ਸਾਲ 31 ਅਕਤੂਬਰ ਨੂੰ ਇਕ ਤਲਾਅ ਵਿੱਚ ਵੱਡਾ ਪਾੜ ਪੈ ਗਿਆ ਸੀ ਤੇ ਦੋ ਹੋਰ ਤਲਾਵਾਂ ਵਿੱਚ ਦਰਾਰਾਂ ਪੈ ਗਈਆਂ ਸਨ, ਜਿਸ ਕਾਰਣ ਵੱਡੀ ਮਾਤਰਾ ਵਿੱਚ ਪਾਣੀ ਅਤੇ ਗਾਰੇ ਤੋਂ ਇਲਾਵਾ ਕੋਲੇ ਦੇ ਕਣ ਐਥਬਾਸਕਾ ਦਰਿਆ ਤਕ ਪੁੱਜ ਗਏ ਸਨ, ਜੋ ਕਿ ਇੱਥੋਂ ਪੰਜ ਕਿਲੋਮੀਟਰ ਦੂਰ ਹੈ।

☛ ਬਾਕੀ ਸਫ਼ਾ 41 'ਤੇ


SAHARA INSURANCE GROUP

ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ



Truck Loan Insurance

DEEP GREWAL
204-996-2571

Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance



Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca



Maple DENTAL CLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Dr. Sandeep Dhaliwal
DMD

Cosmetic and preventive Dentistry including:
Cleaning — Crowns & Bridges
Invisalign — Partial & Full Dentures
Fillings — Sports & Night Guards
Root Canals — Teeth Whitening
TMJ — Extractions

Take Home Whitening Kits
with new patient exams & cleaning !

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 8 am to 2 pm

4444-36 Ave NW Edmonton, AB T6L 3S1 780-440-5001 www. mapledentalclinic.ca Email : mapledent@shaw.ca

# ਪੀ.ਸੀ. ਆਗੂਆਂ ਕੋਲ ਨਹੀਂ ਭਵਿੱਖਮੁਖੀ ਤਸਵੀਰ : ਮੇਸਨ



ਐਡਮਿੰਟਨ (ਨਦਬ) ਐਨਡੀਪੀ ਦੇ ਆਗੂ ਬਰਾਇਨ ਮੇਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੀਸੀ ਦੇ ਆਗੂਆਂ ਵੱਲੋਂ ਆਪਣੀ ਮਨ ਮਰਜ਼ੀ ਕੀਤੀ ਜਾ ਰਹੀ ਹੈ। ਉਹ ਲੋਕਾਂ ਨਾਲ ਆਪਣਾ ਰਾਬਤਾ ਗੁਆ ਚੁੱਕੇ ਹਨ ਤੇ ਨਾ ਹੀ ਉਹਨਾਂ ਕੋਲ ਕੋਈ ਭਵਿੱਖਮੁਖੀ ਤਸਵੀਰ ਹੈ। ਮੇਸਨ ਨੇ ਇਹ ਗੱਲਾਂ ਪੀਸੀ ਆਗੂਆਂ ਵੱਲੋਂ ਦਿੱਤੇ ਜਾ ਰਹੇ ਬਿਆਨਾਂ 'ਤੇ ਪ੍ਰਤੀਕਿਰਿਆ ਕਰਦਿਆਂ ਕਹੀਆਂ। ਉਹਨਾਂ ਕਿਹਾ ਕਿ ਇਹ ਸਾਫ਼ ਹੈ ਕਿ ਇਹਨਾਂ ਨੇ ਪਬਲਿਕ ਪ੍ਰੋਗਰਾਮਾਂ ਨੂੰ ਬਿਜ਼ਨਸ ਬਣਾ ਲਿਆ ਹੈ। ਆਇਲ ਸੈਂਡਜ਼ ਕੰਪਨੀਆਂ ਇਸਦੀ ਸਭ ਤੋਂ ਵੱਡੀ ਉਦਾਹਰਣ ਹਨ, ਇਹਨਾਂ ਕੰਪਨੀਆਂ ਨਾਲ ਕੀਤੇ ਗਏ ਸਮਝੌਤਿਆਂ ਵਿੱਚ ਲੋਕਾਂ ਲਈ ਕੁੱਝ ਨਹੀਂ ਹੈ।

ਉਹਨਾਂ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਜਿਸ ਕਾਰਣ ਪਬਲਿਕ ਪ੍ਰੋਗਰਾਮਾਂ 'ਤੇ ਵੱਡੇ ਪੱਧਰ 'ਤੇ ਕੱਟ ਲਾਏ ਜਾ ਰਹੇ ਹਨ। ਟੈਕਸ ਪ੍ਰਣਾਲੀ ਨੂੰ ਸੁਧਾਰਣ ਲਈ ਵੀ ਕੁੱਝ ਨਹੀਂ ਕੀਤਾ ਜਾ ਰਿਹਾ। ਜਦੋਂਕਿ ਇਸ ਖੇਤਰ ਵਿੱਚ ਵੱਡੇ ਪੱਧਰ 'ਤੇ ਸੁਧਾਰਾਂ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਐਨਡੀਪੀ ਵਿਧਾਨ ਸਭਾ ਅਤੇ ਵਿਧਾਨ ਸਭਾ ਤੋਂ ਬਾਹਰ ਲੋਕਾਂ ਦੇ ਸਰੋਕਾਰਾਂ ਬਾਰੇ ਗੱਲ ਕਰਦੀ ਰਹੇਗੀ।

# 'ਮੈਨੂੰ ਗ੍ਰਿਫ਼ਤਾਰ ਕਰ' ਮੇਅਰ ਫੋਰਡ ਨੇ ਪੁਲੀਸ ਚੀਫ ਬਲੇਅਰ ਨੂੰ ਦਿਖਾਈਆਂ ਅੱਖਾਂ



ਟੋਰਾਂਟੋ (ਨਦਬ) : ਟੋਰਾਂਟੋ ਦੇ ਮੇਅਰ ਰੌਬ ਫੋਰਡ ਨੇ ਟੋਰਾਂਟੋ ਪੁਲੀਸ ਚੀਫ ਬਲੇਅਰ ਨੂੰ ਚੇਲੈਂਜ ਕੀਤਾ ਹੈ ਕਿ ਉਹ ਮੈਨੂੰ ਗ੍ਰਿਫਤਾਰ ਕਰਕੇ ਦਿਖਾਏ ਅਤੇ ਉਸਨੇ ਪਿਛਲੇ ਸਾਲ ਵੀਡੀਓ ਵਿਚ ਬੋਲੇ ਗਏ ਸ਼ਬਦਾਂ ਤੋਂ ਵੀ ਮੁਆਫ਼ੀ ਮੰਗਣ ਤੋਂ ਇੰਨਕਾਰ ਕਰ ਦਿਤਾ। ਫੋਰਡ ਨੇ ਪੱਤਰਕਾਰਾਂ ਦਾ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਜੇ ਉਹ ਮੈਨੂੰ ਗ੍ਰਿਫਤਾਰ ਕਰਨਾ ਚਾਹੁੰਦਾ ਹੈ ਤਾਂ ਮੈਨੂੰ ਗ੍ਰਿਫਤਾਰ ਕਰੇ। ਮੈਂ ਕੁਝ ਗਲਤ ਨਹੀਂ ਕੀਤਾ ਜਦ ਕਿ ਉਸਨੇ ਟੈਕਸਦਾਤਾਵਾਂ ਦੇ ਮਿਲੀਅਨ ਡਾਲਰ ਮੇਰੀ ਜਸੂਸੀ ਲਈ ਖਰਚੇ ਹਨ। ਮੈਂ ਚਾਹੁੰਦਾ ਹਾਂ ਕਿ ਉਹ ਸਪੱਸ਼ਟ ਕਰੇ ਕਿ ਹੁਣ ਤੱਕ ਮੇਰੀ ਜਸੂਸੀ ਅਤੇ ਜਿਹੜੇ ਜਹਾਜ ਉਸਨੇ ਕਿਰਾਏ 'ਤੇ ਲਏ ਸਨ, 'ਤੇ ਕਿੰਨਾ ਖਰਚ ਕੀਤਾ ਗਿਆ ਹੈ। ਫੋਰਡ ਨੇ ਇਹ ਪ੍ਰਤੀਕਰਮ ਉਸ ਵੇਲੇ ਦਿਤਾ ਜਦ ਉਸਦਾ ਧਿਆਨ ਪੁਲੀਸ ਚੀਫ ਬਲੇਅਰ ਵਲੋਂ ਦਿਤੀ ਗਈ ਇੰਟਰਵਿਊ ਵੱਲ ਦਿਵਾਇਆ ਗਿਆ ਜਿਸ ਵਿਚ ਬਲੇਅਰ ਨੇ ਕਿਹਾ ਸੀ ਕਿ ਫੋਰਡ ਵਲੋਂ ਵੀਡੀਓ ਵਿਚ ਬੋਲੇ ਗਏ ਸ਼ਬਦਾਂ ਨਾਲ ਮੈਨੂੰ ਬਹੁਤ ਦੁੱਖ ਹੋਇਆ ਹੈ। ਫੋਰਡ ਨੇ ਕਿਹਾ ਕਿ ਮੈਂ ਮੁਆਫ਼ੀ ਨਹੀਂ ਮੰਗਾਗਾ। ਸਗੋਂ ਬਲੇਅਰ ਨੂੰ ਮੇਰੀ ਜਸੂਸੀ ਲਈ ਲੋਕਾਂ ਦਾ ਪੈਸਾ ਫਜ਼ੂਲ ਖਰਚਣ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ।

# ਚੰਦਿਆਂ ਦੇ ਨਾਂ 'ਤੇ ਹੁੰਦੀ ਠੱਗੀ ਤੋਂ ਚੌਕਸ ਕੀਤਾ

ਐਡਮਿੰਟਨ (ਨਦਬ) ਅਲਬਰਟਾ ਕੈਂਸਰ ਫਾਉਂਡੇਸ਼ਨ ਦੇ ਪ੍ਰਬੰਧਕਾਂ ਵੱਲੋਂ ਸੰਭਾਵੀਂ ਚੰਦਾ ਦੇਣ ਵਾਲਿਆਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਬਹੁਤ ਸਾਰੇ ਠੱਗ ਕਿਸਮ ਦੇ ਵਿਅਕਤੀ ਉਨ੍ਹਾਂ ਦੀ ਸੰਸਥਾ ਦੇ ਨਾਂ 'ਤੇ ਚੰਦਾ ਇਕੱਠਾ ਕਰਕੇ ਚੰਦਾ ਦੇਣ ਵਾਲੇ ਭੱਦਰ ਪੁਰਸ਼ਾਂ ਨੂੰ ਲੁੱਟ ਰਹੇ ਹਨ, ਇਸ ਲਈ ਚੰਦਾ ਦੇਣ ਵਾਲੇ ਨੂੰ ਬੇਨਤੀ ਹੈ ਕਿ ਉਹ ਚੰਦਾ ਦੇਣ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਨਿਸਚਿਤ ਕਰ ਲੈਣ ਕਿ ਉਨ੍ਹਾਂ ਵੱਲੋਂ ਦਿੱਤਾ ਧਨ ਸਹੀ ਹੱਥਾਂ ਵਿੱਚ ਜਾਵੇਗਾ ਜਾਂ ਨਹੀਂ। ਪ੍ਰਬੰਧਕਾਂ ਨੇ ਦੱਸਿਆ ਕਿ ਠੱਗਾਂ ਵੱਲੋਂ ਚੰਦਾ ਦੇਣ ਵਾਲਿਆਂ ਨੂੰ ਲੁੱਟਣ ਲਈ ਈਮੇਲਾਂ ਰਾਹੀਂ ਵਿਸ਼ੇਸ਼ ਤਰ੍ਹਾਂ ਦੇ ਸੁਨੇਹੇ ਭੇਜੇ ਜਾਂਦੇ ਹਨ, ਜਿਸ ਕਾਰਣ ਉਤੇਜਨ੍ਹਾ ਵਿੱਚ ਆ ਕੇ ਭੱਦਰ ਪੁਰਸ਼ ਚੰਦਾ ਦਿੰਦੇ ਹਨ। ਸੰਸਥਾ ਦੇ ਵਾਈਸ ਪ੍ਰੈਜ਼ੀਡੈਂਟ ਲੀਨ ਵੈਨ ਹਫਤੇ ਨੇ ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਨੂੰ ਪਹਿਲੀ ਵਾਰੀ ਇਸ ਘਪਲੇ ਦੀ ਜਾਣਕਾਰੀ ਜਨਵਰੀ ਵਿੱਚ ਮਿਲੀ ਤੇ ਉਸ ਤੋਂ ਬਾਅਦ ਲਗਾਤਾਰ ਅਜਿਹੀਆਂ ਰਿਪੋਰਟਾਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਦੁਨੀਆਂ ਦੇ ਹਰ ਕੋਨੇ ਵਿੱਚੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ, ਜਿਨ੍ਹਾਂ 'ਚ ਠੱਗਾਂ ਵੱਲੋਂ ਈਮੇਲ ਕਰਕੇ ਚੰਦਿਆਂ ਦੀ ਮੰਗ ਕੀਤੀ ਜਾਂਦੀ ਹੈ। ਬਹੁਤ ਸਾਰੇ ਲੋਕਾਂ ਨੇ ਸਾਡੇ ਨਾਲ ਇਹ ਜਾਨਣ ਲਈ ਸੰਪਰਕ ਕੀਤਾ ਹੈ ਕਿ ਜਿਹੜੇ ਉਨ੍ਹਾਂ ਨੂੰ ਮੈਸੇਜ ਮਿਲੇ ਹਨ, ਉਹ ਸਹੀ ਹਨ ਜਾਂ ਨਹੀਂ। ਸੰਸਥਾ ਅਜਿਹੇ ਮਾਮਲਿਆਂ ਨੂੰ ਲੈ ਕੇ ਕਾਫ਼ੀ ਗੰਭੀਰ ਹੈ ਤੇ ਉਹ ਮਿਲਣ ਵਾਲੀਆਂ ਸ਼ਿਕਾਇਤਾਂ ਨੂੰ ਕਨੇਡੀਅਨ ਐਂਟੀ ਫਰੌਡ ਸੈਂਟਰ 'ਤੇ ਭੇਜ ਦਿੰਦੀ ਹੈ, ਜਿਨ੍ਹਾਂ ਬਾਰੇ ਅੱਗੇ ਜਾਂਚ ਕੀਤੀ ਜਾਂਦੀ ਹੈ।

# ਓਨਟਾਰੀਓ ਜ਼ਿਮਨੀ ਚੋਣਾਂ: ਲਿਬਰਲਾਂ ਦਾ ਪੱਤਾ ਸਾਫ

ਟੋਰਾਂਟੋ (ਨਦਬ) : ਓਨਟਾਰੀਓ ਵਿਚ ਹੋਈਆਂ ਦੋ ਜ਼ਿਮਨੀ ਚੋਣਾਂ ਦੌਰਾਨ ਦੋਵਾਂ ਵਿਰੋਧੀ ਪਾਰਟੀਆਂ ਨੇ ਲਿਬਰਲਾਂ ਦਾ ਪੱਤਾ ਸਾਫ਼ ਕਰ ਦਿੱਤਾ। ਐਨ.ਡੀ.ਪੀ. ਨੇ ਨਾਇਗਰਾ ਫਾਲਜ਼ ਵਾਲੀ ਸੀਟ ਲਿਬਰਲਾਂ ਤੋਂ ਖੋਹ ਲਈ ਤੇ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਨੇ ਥਾਰਨਹਿੱਲ ਹਲਕੇ ਤੋਂ ਆਪਣੀ ਜਿੱਤ ਦਾ ਝੰਡਾ ਲਹਿਰਾਇਆ। ਨਾਇਗਰਾ ਫਾਲਜ਼ ਤੋਂ ਸਿਟੀ ਕੌਂਸਲਰ ਐਨ. ਡੀ.ਪੀ. ਦੀ ਵੇਅਨ ਗੇਟਸ ਨੇ ਸਾਬਕਾ ਪ੍ਰੋਗਰੈਸਿਵ ਕੰਜ਼ਰਵੇਟਿਵ ਐਮ.ਪੀ.ਪੀ. ਬਾਰਟ ਮੇਵਜ਼ ਨੂੰ ਹਰਾਇਆ ਜਦਕਿ ਪਿਛਲੇ ਦਹਾਕੇ ਤੋਂ ਇਸ ਸੀਟ ਉੱਤੇ ਕਾਬਜ਼ ਲਿਬਰਲ ਫਾਡੀ ਰਹੇ। ਥਾਰਨਹਿੱਲ ਵਿਚ ਮੁਕਾਬਲਾ ਕਾਫੀ ਜ਼ਬਰਦਸਤ ਰਿਹਾ। ਇੱਥੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਗੀਲਾ ਮਾਰਟੋਅ ਨੇ ਜਿੱਤ ਦਰਜ ਕਰਵਾਈ। ਪ੍ਰੀਮੀਅਰ ਕੈਥਲੀਨ ਵਿੰਨ ਨੇ ਜ਼ਿਮਨੀ ਚੋਣਾਂ ਬਾਰੇ ਇਹ ਟਿੱਪਣੀ ਕੀਤੀ ਸੀ ਕਿ ਇਸ ਤਰ੍ਹਾਂ ਦੀਆਂ ਚੋਣਾਂ ਨਾਲ ਲੋਕਾਂ ਨੂੰ ਸਰਕਾਰ ਖ਼ਿਲਾਫ਼ ਆਪਣਾ ਗੁੱਸਾ ਤੇ ਨਾਰਾਜ਼ਗੀ ਕੱਢਣ ਦਾ ਮੌਕਾ ਮਿਲ ਜਾਂਦਾ ਹੈ। ਵਿੰਨ ਨੇ ਆਖਿਆ ਕਿ ਚੋਣਾਂ ਦੇ ਸਿੱਟੇ ਜੋ ਵੀ ਰਹੇ ਹੋਣ ਪਰ ਉਹ ਅਜੇ ਵੀ ਘੱਟ ਗਿਣਤੀ ਸਰਕਾਰ ਦੀ ਅਗਵਾਈ ਕਰ ਰਹੀ ਹੈ ਤੇ ਪ੍ਰੀਮੀਅਰ ਬਣੀ ਰਹੇਗੀ।


## ਕੈਥੋਲਿਕ ਸੋਸ਼ਲ ਸਰਵਿਸ

Catholic Charities
Catholic Social Services
Sign of Hope

### ਮੁਫ਼ਤ ਸੇਵਾ ਕੇਂਦਰ

**ਆਵਾਸੀਆਂ ਨੂੰ ਕੈਥੋਲਿਕ ਸੋਸ਼ਲ ਸਰਵਿਸਜ਼ ਵਲੋਂ 'ਜੀ ਆਇਆਂ ਨੂੰ'**

ਕੈਥੋਲਿਕ ਸੋਸ਼ਲ ਸਰਵਿਸਜ਼ ਵਲੋਂ **ਹਰ ਧਰਮ ਅਤੇ ਸਭਿਆਚਾਰ** ਦੇ ਅਵਾਸੀਆਂ ਲਈ

### ਮੁਫ਼ਤ ਸੇਵਾਵਾਂ

- ਇੰਮੀਗ੍ਰੇਸ਼ਨ ਅਤੇ ਸਪਾਂਸਰਸ਼ਿਪ ਪ੍ਰਤੀ ਜਾਣਕਾਰੀ
- ਕਿਸੇ ਵੀ ਕਿਸਮ ਦੇ ਸਰਕਾਰੀ ਫ਼ਾਰਮ ਭਰਨ ਵਿਚ ਮਦਦ
- ਸਿਹਤ, ਸਿਖਿਆ, ਆਰਥਕ, ਸਮਾਜਕ, ਨੌਕਰੀ ਸਬੰਧੀ ਜਾਣਕਾਰੀ ਅਤੇ ਲੋਕਾਂ ਨਾਲ ਰਾਬਤਾ (ਬੱਚਿਆਂ ਲਈ ਹੋਮਵਰਕ ਕਲੱਬ ਆਦਿ)
- ਅੰਗਰੇਜ਼ੀ ਵਿਚ ਗੱਲਬਾਤ ਕਰਨ ਅਤੇ ਕਨੇਡੀਅਨ ਮਾਹੌਲ ਵਿਚ ਵਿਚਰਨ ਲਈ 'ਐਡਮਿੰਟਨ ਪਬਲਿਕ ਲਾਇਬਰੇਰੀ' ਵਿਚ ਹਰ ਹਫ਼ਤੇ ਹੋਰ ਆਵਾਸੀਆਂ ਨਾਲ ਮਿਲਣ ਤੇ ਤਜ਼ਰਬੇਕਾਰ ਵਲੰਟੀਅਰਜ਼ ਨਾਲ ਅੰਗਰੇਜ਼ੀ ਸਿੱਖਣ ਦਾ ਮੌਕਾ
- ਐਡਮਿੰਟਨ ਵਿਚ ਇਕੋ ਹੀ ਅੰਗਰੇਜ਼ੀ ਟੈਸਟਿੰਗ ਕੇਂਦਰ ਅਤੇ ਮੁਫ਼ਤ ਅੰਗਰੇਜ਼ੀ ਕਲਾਸਾਂ ਵਿਚ ਪੜ੍ਹਨ ਦੀ ਸਹੂਲਤ
- 55 ਸਾਲ ਤੋਂ ਉੱਪਰ ਦੇ ਬਜ਼ੁਰਗਾਂ ਲਈ ਪ੍ਰੋਗਰਾਮ
- ਨਿੱਜੀ ਅਤੇ ਪਰਿਵਾਰਕ ਕੌਂਸਲਿੰਗ (ਤੁਹਾਡੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ)
- ਭਾਈਚਾਰੇ ਦੀ ਲੋੜ ਅਨੁਸਾਰ ਪ੍ਰੋਗਰਾਮ ਤਿਆਰ ਕਰਨ ਦੀ ਸਹੂਲਤ

ਸੇਵਾਵਾਂ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਮਰਾਠੀ, ਤਾਮਿਲ ਅਤੇ ਹੋਰ ਏਸ਼ੀਆਈ ਭਾਸ਼ਾਵਾਂ ਵਿਚ ਉਪਲੱਬਧ ਹਨ।

**ਹੋਰ ਜਾਣਕਾਰੀ ਲਈ ਸੰਪਰਕ ਕਰੋ :-**

**ਰਮਿੰਦਰ ਢੀਂਡਸਾ** **ਸੁਰਿੰਦਰ ਉੱਪਲ**

ਫ਼ੋਨ : 780-424-3545

Raminder.Dhindsa@catholicsocialservices.ab.ca

10709-105 Street, Edmonton, AB, T5H 2X3



## Progressive Peoples Foundation of Edmonton

(An Umbrella organization comprising Punjabi Cultural Association of Edmonton, Maple Leaf Writers Foundation of Edmonton, Punjabi Art Association of Edmonton, Secular Peoples of Edmonton)

Orgnizes

### 3rd International Women's Day

### ਤੀਸਰਾ ਅੰਤਰਾਸ਼ਟਰੀ ਔਰਤ ਦਿਵਸ




**Sunday, March 9, 2014**

**Time : 2 PM**

**Punjabi Cultural Association Hall**
**#101, 9158 – 23**
**Avenue Edmonton**

ਵਿਸ਼ਾ : ਮੌਜੂਦਾ ਪ੍ਰਬੰਧ ਵਿਚ ਔਰਤਾਂ ਦੀ ਹਾਲਤ

**Subject : The current state of women within system**

ਅਸੀਂ ਸਾਰੀਆਂ ਭੈਣਾਂ ਨੂੰ ਅਪੀਲ ਕਰਦੇ ਹਾਂ ਕਿ ਆਓ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਸਮਾਜਕ ਵਿਕਾਸ ਅੰਦਰ ਔਰਤ ਦੇ ਇਤਿਹਾਸਕ ਰੋਲ ਅਤੇ ਅਜੋਕੀਆਂ ਪ੍ਰਸਥਿਤੀਆਂ ਅੰਦਰ ਔਰਤ ਦੀ ਦਸ਼ਾ ਅਤੇ ਦਿਸ਼ਾ ਬਾਰੇ ਮਹੱਤਵਪੂਰਨ ਤੇ ਵਿਚਾਰ-ਵਟਾਂਦਰਾ ਕਰੀਏ।

**ਹੋਰ ਜਾਣਕਾਰੀ ਲਈ ਫ਼ੋਨ ਕਰੋ :**

ਬਖ਼ਸ਼ ਸੰਘਾ : 780-461-7528, ਊਸ਼ਾ ਭੱਚੂ : 780-487-2295, ਜਸਵਿੰਦਰ : 780-233-2795, ਟਿੱਪੀ ਗਿੱਲ : 780-465-4716, ਗੁਰਮੀਤ ਰੰਧਾਵਾ : 780-466-1757, ਅਰਵਿੰਦ ਸੇਖੋਂ : 780-965-9508, ਦਮਨਜੀਤ 587-879-7404, ਪਲਵਿੰਦਰ ਅਠਵਾਲ : 587-988-3466, ਪਰਦੀਪ ਮਾਨ 780-450-2688, ਜਗਜੀਤ ਦਿਓਲ : 780-995-9525

# Progressive Peoples Foundation of Edmonton

(An Umbrella organization comprising Punjabi Cultural Association of Edmonton, Maple Leaf Writers Foundation of Edmonton, Punjabi Art Association of Edmonton, Secular Peoples of Edmonton)

# ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ

(ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਦਾ ਸਾਂਝਾ ਮੰਚ)

**Orgnizes**

**A SEMINAR**

**DEDICATED TO THE MEMORY OF SHAHEED BHAGAT SINGH RAJGURU AND SUKHDEV**



## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸਮਰਪਿਤ ਸੈਮੀਨਾਰ

**Sunday, March 30, 2014 Time : 2 PM**

**Punjabi Cultural Association Hall, #101, 9158 – 23, Avenue Edmonton**

**ਹੋਰ ਜਾਣਕਾਰੀ ਲਈ ਫ਼ੋਨ ਕਰੋ :**

Dalbir Sangione: 780-995-5475, Kirtmeet Kohar: 780-200-5328, Gurwarinder (Sony) Gill: 780-497-8801, Navtej Bains: 780-200-2872, Dr. P.R. Kalia: 780-440-2766, Joginder Randhawa: 780-914-625, Gurcharan Brar: 780-265-3752, Bakhash Sangha: 780-660-7520, Kashmira Badesha: 587-709-3070, Darshan Khaira: 780-984-1208, Rabinder Sra: 780-431-1692, Surinder Deol: 780-239-9038, Jasbir Sangha: 780-461-7528, Varinder Bhachu: 780-297-5301, Gursewak Mann: 587-920-7710, Gurminder Moom: 780-450-2075, Pavitter Dhaliwal: 780-990-3315, Usha Bhachu; 780-200-3078, Parminder Dhaliwal: 780-994-1886, Devinder Sunner: 780-952-7334, Parminder Sooch: 780-297-6105, Harjinder Badesha: 780-265-1920, Navtej Johal: 780-266-2145, Jaswinder Minhas: 587-231-3350, Baljinder Gill: 780-964-6000, Gurmail Dhaliwal: 780-265-6990, Parteek Mann: 780-289-9678

# ਡਰਾਈਵਰਾਂ ਦੀ ਲੋੜ

ਏ.ਕੇ. ਨਿੱਝਰ ਟੱਰਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।



ਸੰਪਰਕ : 780-271-5061

**Email : v.nijjar@yahoo.ca**



ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

# ਰਵੀ ਵਰਮਾ

780-995-4461

Emergency Service 24x7

Free Estimate with Treatment

# GOLDEN ARROW PEST CONTROL INC.



**CALL @ 780 462 6669**

**Specializing in:**

**Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.**

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

**M.S. (Sunny)**

Expert Certified Service Technician

**780 243 6705**

**908-77 AVE NW, Edmonton AB T6P 1M2**

info@goldenarrowpestcontrol.com www.goldenarrowpestcontrol.com

# ਪਬਲਿਕ ਆਟੋ ਬੀਮੇ ਰਾਹੀਂ ਹੀ ਲੁੱਟ ਖ਼ਤਮ ਹੋਵੇਗੀ: ਕਾਮਰੇਡ ਲਿਜ਼

ਬਰੈਂਪਟਨ (ਨਦਬ) ਆਟੋ ਬੀਮੇ ਦੀਆਂ ਲਗਾਤਾਰ ਵਧ ਰਹੀਆਂ ਦਰਾਂ ਅਤੇ ਸੁੰਗੜ ਰਹੀਆਂ ਸਹੂਲਤਾਂ ਵਿਰੁੱਧ ਰੋਸ ਜ਼ਾਹਰ ਕਰਨ ਲਈ ਬਰੈਂਪਟਨ ਵਾਸੀਆਂ ਨੇ ਇੱਥੇ ਜਨਤਕ ਇਕੱਠ ਕੀਤਾ, ਜਿਸ ਨੂੰ ਕਮਿਊਨਿਸਟ ਪਾਰਟੀ ਕੈਨੇਡਾ (ਓਨਟਾਰੀਓ) ਦੀ ਸੂਬਾ ਸਕੱਤਰ ਕਾਮਰੇਡ ਲਿਜ਼ ਰੌਲੀ ਨੇ ਸੰਬੋਧਨ ਕੀਤਾ। ਪਬਲਿਕ ਆਟੋ ਬੀਮੇ ਦੀ ਮੰਗ ਦੇ ਹੱਕ ਵਿਚ ਸਮੁੱਚੇ ਉਹ ਓਨਟਾਰੀਓ ਦੇ ਦੌਰੇ ਦੌਰਾਨ ਆਪਣੇ ਵਿਚਾਰ ਲੋਕਾਂ ਨਾਲ ਸਾਂਝੇ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਨਿੱਜੀ ਬੀਮਾ ਕੰਪਨੀਆਂ ਦੀ ਅੰਨ੍ਹੀ ਲੁੱਟ ਸਦਕਾ ਓਨਟਾਰੀਓ, ਕੈਨੇਡਾ ਦਾ ਆਟੋ ਬੀਮਾ ਪੱਖੋਂ ਸਭ ਤੋਂ ਮਹਿੰਗਾ ਸੂਬਾ ਅਤੇ ਬਰੈਂਪਟਨ ਸਭ ਤੋਂ ਮਹਿੰਗਾ ਸ਼ਹਿਰ ਬਣ ਚੁੱਕਾ ਹੈ। ਇਸ ਦਾ ਸਭ ਤੋਂ ਮੁੱਖ ਕਾਰਨ ਹਰ ਪਾਲਸੀ ਵਿਚ 12% ਦੇ ਸਿੱਧੇ ਲਾਭ ਦਾ ਸ਼ਾਮਲ ਹੋਣਾ ਅਤੇ ਬੀਮਾ ਕੰਪਨੀਆਂ ਦਾ ਹਰ ਸਾਲ ਅਥਾਹ ਵੱਡੇ ਲਾਭ ਇਕੱਤਰ ਕਰਨ ਦੀ ਲਾਲਸਾ ਹੈ।2012 ਵਿਚ ਬੀਮਾ ਕੰਪਨੀਆਂ ਨੇ 4.4 ਅਰਬ ਦਾ ਮੁਨਾਫ਼ਾ ਕੀਤਾ ਜੋ 2011 ਨਾਲੋਂ 24% ਜ਼ਿਆਦਾ ਸੀ। ਲਿਜ਼ ਨੇ ਬੀਮਾ ਕੰਪਨੀਆਂ ਵਲੋਂ ਲਿਬਰਲ, ਪੀਸੀ ਅਤੇ ਐਨ.ਡੀ.ਪੀ. ਨੂੰ ਦਿੱਤੇ ਚੋਣ ਫ਼ੰਡਾਂ ਦੀ ਸੂਚੀ ਵੀ ਸਰੋਤਿਆਂ ਨਾਲ ਸਾਂਝੀ ਕੀਤੀ ਅਤੇ ਇਨ੍ਹਾਂ ਫ਼ੰਡਾਂ ਕਾਰਨ ਹੀ ਇਹ ਪਾਰਟੀਆਂ ਲੋਕਾਂ ਨੂੰ ਇਸ ਲੁੱਟ ਤੋਂ ਮੁਕਤ ਕਰਾਉਣ ਲਈ ਟਾਲ ਮਟੋਲ ਕਰ ਰਹੀਆਂ ਹਨ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਕਿਸੇ ਸਮੇਂ ਐਨ.ਡੀ.ਪੀ. ਪਬਲਿਕ ਆਟੋ ਬੀਮੇ ਦੀ ਮੰਗ ਦੇ ਹੱਕ ਵਿਚ ਰਹੀ ਹੈ ਪਰ ਹੁਣ ਇਸ ਮੰਗ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਈ ਹੈ। ਲਿਜ਼ ਨੇ ਇਸ ਦਲੀਲ ਨੂੰ ਮੁੱਢੋਂ ਰੱਦ ਕੀਤਾ ਕਿ ਬਰੈਂਪਟਨ ਵਿਚ ਆਟੋ ਬੀਮਾ ਦਰਾਂ ਦੇ ਜ਼ਿਆਦਾ ਹੋਣ ਦਾ ਕਾਰਨ ਧੋਖਾ-ਧੜੀਆਂ ਦਾ ਜ਼ਿਆਦਾ ਹੋਣਾ ਹੈ। ਉਨ੍ਹਾਂ ਕਿਹਾ ਜੇਕਰ ਲੰਮੇ ਸਮੇਂ ਤੋਂ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਬੀ.ਸੀ., ਮੈਨੀਟੋਬਾ, ਸੈਸਕੈਚਵਨ ਅਤੇ ਕਿਉਬੈਕ ਵਿਚ ਲਗਾਤਾਰ ਸਸਤੀਆਂ ਦਰਾਂ ਤੇ ਆਟੋ ਬੀਮਾ ਮੁਹੱਈਆ ਕਰਵਾ ਸਕਦੀਆਂ ਹਨ ਤਾਂ ਇਹ ਓਨਟਾਰੀਓ ਵਰਗੇ ਸੂਬੇ ਵਿਚ ਕਿਉਂ ਨਹੀਂ ਹੋ ਸਕਦਾ? ਉਨ੍ਹਾਂ ਬਰੈਂਪਟਨ ਵਾਸੀਆਂ ਨੂੰ ਪਬਲਿਕ ਆਟੋ ਬੀਮੇ ਦੀ ਮੰਗ ਦੀ ਮੁਹਿੰਮ ਦਾ ਹਿੱਸਾ ਬਣਨ ਲਈ ਅਪੀਲ ਕੀਤੀ ਅਤੇ ਆਪਣੇ ਹਲਕੇ ਦੇ ਐਮ.ਪੀ. ਅਤੇ ਐਮ.ਪੀ.ਪੀ. ਨੂੰ ਪੱਤਰ ਜਾਂ ਫੋਨ ਰਾਹੀਂ ਇਸ ਮੰਗ ਤੋਂ ਜਾਣੂ ਕਰਾਉਣ ਲਈ ਬੇਨਤੀ ਕੀਤੀ। ਉਨ੍ਹਾਂ ਇਸ ਮੰਗ ਹਿਤ ਗਠਜੋੜ ਬਣਾਉਣ ਦਾ ਸੱਦਾ




ਵੀ ਦਿੱਤਾ। ਉਨ੍ਹਾਂ ਹਾਰਪਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਰਕਾਰ ਕਨੇਡਾ ਪੋਸਟ ਨੂੰ ਇੰਗਲੈਂਡ ਅਤੇ ਜਰਮਨੀ ਵਾਂਗ ਨਿੱਜੀ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਹਾਰਪਰ ਸਰਕਾਰ ਦੀਆਂ ਚੋਣਾਂ ਸਬੰਧੀ ਅਤੇ ਨਾਗਰਿਕਤਾ ਲੈਣ ਸਬੰਧੀ ਨਵੀਆਂ ਤਬਦੀਲੀਆਂ ਲੋਕਤੰਤਰ ਵਿਰੋਧੀ ਅਤੇ ਨਵੇਂ ਪਰਵਾਸੀਆਂ ਵਿਰੋਧੀ ਹਨ। ਲੋਕਾਂ ਨੂੰ ਸੰਗਠਤ ਹੋ ਕੇ ਇਸ ਲੋਕ ਵਿਰੋਧੀ ਸਰਕਾਰ ਦਾ ਵਿਰੋਧ ਕਰਨਾ ਚਾਹੀਦਾ ਹੈ। ਲਿਜ਼ ਨੇ ਰੁਜ਼ਗਾਰ ਏਜੰਸੀਆਂ ਨੂੰ ਗੈਰ ਕਾਨੂੰਨੀ ਕਰਨ ਅਤੇ ਉਜਰਤਾਂ ਵਧਾਉਣ ਦੀ ਮੰਗ ਵੀ ਕੀਤੀ। ਮੀਟਿੰਗ ਵਿਚ ਡਾ. ਚੰਨਣ ਸਿੰਘ ਚੀਮਾ ਨੇ ਆਪਣੇ ਬੀ.ਸੀ. ਸੂਬੇ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਬੀ.ਸੀ. ਵਿਚ ਸਰਕਾਰੀ ਆਟੋ ਬੀਮਾ ਕਾਰਨ ਬੀਮਾ ਦਰਾਂ ਓਨਟਾਰੀਓ ਮੁਕਾਬਲੇ ਬਹੁਤ ਸਸਤੀਆਂ ਹਨ ਅਤੇ ਉਨ੍ਹਾਂ ਪਬਲਿਕ ਆਟੋ ਬੀਮੇ ਦੀ ਮੰਗ ਦਾ ਸਮਰਥਨ ਕੀਤਾ। ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਕੱਤਰ ਸੁਰਜੀਤ ਸਹੋਤਾ ਨੇ ਵੀ ਲੋਕਾਂ ਨੂੰ ਇਸ ਮੰਗ ਪ੍ਰਤੀ ਸੰਗਠਤ ਹੋਣ ਦਾ ਸੱਦਾ ਦਿਤਾ ਅਤੇ ਸੰਸਥਾ ਦੇ ਸੰਪੂਰਨ ਸਮਰਥਨ ਦਾ ਵਿਸ਼ਵਾਸ ਦਵਾਇਆ। ਵਿਲਫਰਡ ਨੇ ਮੀਟਿੰਗ ਦਾ ਸੰਚਾਲਨ ਕੀਤਾ ਅਤੇ ਹਰਿੰਦਰ ਹੁੰਦਲ ਨੇ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ ਅਤੇ ਛੇਤੀ ਹੀ ਇਸ ਮੰਗ ਸਬੰਧੀ ਅਗਲਾ ਪ੍ਰੋਗਰਾਮ ਨਿਜਮਤ ਕਰਨ ਦਾ ਅਹਿਦ ਕੀਤਾ।

# ਕੌਂਸਲਰ ਅਮਰਜੀਤ ਸੋਹੀ ਸਿਖਿਆ ਤੇ ਐਕਸ਼ਨ ਐਵਾਰਡ ਨਾਲ ਸਨਮਾਨਤ



ਐਡਮਿੰਟਨ (ਨਦਬ) : ਐਡਮਿੰਟਨ ਦੇ ਵੱਖ-ਵੱਖ ਭਾਈਚਾਰਿਆਂ ਵਿਚ ਸਦਭਾਵਨਾ ਅਤੇ ਸਹਿਯੋਗ ਸਥਾਪਤ ਕਰਨ ਲਈ ਕੌਂਸਲਰ ਅਮਰਜੀਤ ਸੋਹੀ ਦਾ ਸਥਾਨਕ ਇੰਟਰਵੇਵ ਸੈਂਟਰ 'ਚ ਸਿਖਿਆ ਅਤੇ ਐਕਸ਼ਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। 2007 ਵਿਚ ਕੌਂਸਲਰ ਬਣੇ ਅਮਰਜੀਤ ਸੋਹੀ ਨੇ ਲਗਾਤਾਰ ਆਪਸੀ ਭਾਈਚਾਰੇ ਅਤੇ ਸਹਿਹੋਂਦ ਲਈ ਸ਼ਲਾਘਾਯੋਗ ਯਤਨ ਕੀਤੇ ਹਨ। ਉਨ੍ਹਾਂ ਦੇ ਇਨ੍ਹਾਂ ਯਤਨਾਂ ਸਦਕਾ ਹੀ ਸਾਰੇ ਭਾਈਚਾਰਿਆਂ ਦਾ ਆਪਸੀ ਤਾਲਮੇਲ ਹੋਰ ਬਿਹਤਰ ਹੋਇਆ ਹੈ। ਇਸੇ ਮਾਣਮੱਤੀ ਪ੍ਰਾਪਤੀ ਕਾਰਨ ਉਨ੍ਹਾਂ ਨੂੰ ਇਹ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਜਿਥੇ ਅਮਰਜੀਤ ਸੋਹੀ ਦੀਆਂ ਕੌਂਸਲਰ ਵਜੋਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਉਥੇ ਨਾਲ ਨਾਲ ਵੱਖ-ਵੱਖ ਭਾਈਚਾਰਿਆਂ ਦੀ ਅਨੇਕਤਾ ਵਿਚ ਏਕਤਾ ਕਾਇਮ ਕਰਨ ਵਿਚ ਉਨ੍ਹਾਂ ਦੇ ਯਤਨਾਂ ਨੂੰ ਹੋਰ ਬੂਰ ਪੈਣ ਦੀ ਉਮੀਦ ਵੀ ਜਾਹਰ ਕੀਤਾ।


Assalamu Alaikum Wa Rahmatullahi Wa Barakatuh

It is with deep sadness that we announce the passing away of

**SAAD MOHAMMAD ALI HAMEED**

Son of Mr. Asad Hameed (Owner of Shafi Tandoori Grill)



(April 14, 1988 - February 19, 2014)

The Chaleeswaan and Dua will be on
On 29 March 2014
at Shafi Tandoori Grill
3444 93 st. Edmonton

Asad Hameed
7804623556 or 7802201085


# ਫ਼ੋਸਟਰ ਕੇਅਰ ਸਿਸਟਮ ਵਿਚ ਕੀਤਾ ਜਾਵੇਗਾ ਸੁਧਾਰ

## ਬੱਚੇ ਦੀ ਮੌਤ 'ਤੇ ਨਾਂ ਅਤੇ ਫ਼ੋਟੋ ਜਨਤਕ ਕਰਨ ਦਾ ਅਧਿਕਾਰ ਹੋਵੇਗਾ



ਐਡਮਿੰਟਨ (ਨਦਬ) ਮਨੁੱਖੀ ਸੇਵਾਵਾਂ ਬਾਰੇ ਮੰਤਰੀ ਮਨਮੀਤ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਲਬਰਟਾ ਸਰਕਾਰ ਵੱਲੋਂ ਯੋਜਨਾ ਹੈ ਕਿ ਅਜਿਹਾ ਕਾਨੂੰਨ ਲਿਆਂਦਾ ਜਾਵੇ ਜਿਸ ਤਹਿਤ ਫੋਸਟਰ ਕੇਅਰ ਵਿੱਚ ਮਰਨ ਵਾਲੇ ਬੱਚਿਆਂ ਦੇ ਮਾਪੇ ਉਨ੍ਹਾਂ ਦੇ ਨਾਂ ਅਤੇ ਫੋਟੋ ਜਨਤਕ ਕਰ ਸਕਣ। ਇਸ ਕਾਨੂੰਨ ਤਹਿਤ ਪਰਿਵਾਰ ਵਾਲੇ ਜਨਤਕ ਤੌਰ 'ਤੇ ਆਪਣੇ ਬੱਚੇ ਬਾਰੇ ਗੱਲ ਕਰ ਸਕਣਗੇ। ਭੁੱਲਰ ਨੇ ਕਿਹਾ ਕਿ ਨਵੇਂ ਕਾਨੂੰਨ ਤਹਿਤ ਇਹ ਮਾਪਿਆਂ ਜਾਂ ਪਰਿਵਾਰ ਵਾਲਿਆਂ ਦੀ ਮਰਜ਼ੀ ਹੋਵੇਗੀ ਕਿ ਉਨ੍ਹਾਂ ਨੇ ਬੱਚੇ ਦਾ ਨਾਂ ਜਨਤਕ ਕਰਨਾ ਹੈ ਜਾਂ ਨਹੀਂ। ਵਲਵੈਟ ਮਾਰਟਿਨ ਜਿਸਦੀ 13 ਸਾਲਾ ਧੀ ਦੀ ਫੋਸਟਰ ਕੇਅਰ ਵਿੱਚ ਮੌਤ ਹੋ ਗਈ ਸੀ, ਨੇ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਇਸ ਕਾਨੂੰਨ ਦਾ ਸਵਾਗਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੇਰੇ ਮੁਤਾਬਕ ਹਰ ਇੱਕ ਨੂੰ ਆਪਣੇ ਪਿਆਰੇ ਬਾਰੇ ਗੱਲ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਇੱਥੇ ਦੱਸਣਯੋਗ ਹੈ ਕਿ ਪਿਛਲੇ ਸਾਲ ਸੂਬਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 1999 ਤੋਂ 2013 ਦਰਮਿਆਨ ਸਰਕਾਰੀ ਕੇਅਰ ਅਧੀਨ 145 ਬੱਚਿਆਂ ਦੀ ਮੌਤ ਹੋਈ ਸੀ। ਇਹ ਅੰਕੜੇ ਜਨਤਕ ਹੋਣ ਨਾਲ ਲੋਕਾਂ ਵਿੱਚ ਤਰਥੱਲੀ ਮਚ ਗਈ ਸੀ। ਇਸ ਗੱਲ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਵੱਲੋਂ ਫੋਸਟਰ ਕੇਅਰ ਸਿਸਟਮ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਇਹ ਫੈਸਲਾ ਕੀਤਾ ਕਿ ਜਿਨ੍ਹਾਂ ਬੱਚਿਆਂ ਦੀ ਮੌਤ ਹੋ ਜਾਂਦੀ ਹੈ, ਉਨ੍ਹਾਂ ਬਾਰੇ ਜਾਣਕਾਰੀ ਨਸ਼ਰ ਕਰਨ 'ਤੇ ਲੱਗਿਆ ਬਿਆਨ ਚੁੱਕ ਦਿੱਤਾ ਜਾਵੇਗਾ। ਇਸ ਲਈ ਵਿਧਾਨ ਸਭਾ ਦੇ ਆਉਣ ਵਾਲੇ ਸੈਸ਼ਨ ਵਿੱਚ ਪ੍ਰਸਤਾਵ ਲਿਆਂਦਾ ਜਾਵੇਗਾ। ਮੰਤਰੀ ਮਨਮੀਤ ਸਿੰਘ ਭੁੱਲਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਸ ਕਾਨੂੰਨ ਨੂੰ ਲੋਕ ਹਿਤੈਸ਼ੀ ਬਣਾਉਣ ਲਈ ਹੋਰ ਵੀ ਉਚੇਚੇ ਕਦਮ ਉਠਾਏ ਜਾਣ।

# ਤਰਕਸ਼ੀਲ ਸੁਸਾਇਟੀ ਨੇ ਮਨਾਇਆ ਔਰਤ ਦਿਵਸ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) : ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ, ਵਲੋਂ ਕਰਵਾਏ ਗਏ ਇਸਤਰੀ ਦਿਵਸ ਸਬੰਧੀ ਸੈਮੀਨਾਰ ਨੂੰ ਭਰਵਾਂ ਹੁੰਗਾਰਾ ਮਿਲਿਆ। ਸੈਮੀਨਾਰ ਵਿਚ ਜ਼ਿਆਦਾਤਰ ਵਕਤਾਵਾਂ ਨੇ ਸਲਾਈਡਾਂ ਰਾਹੀਂ ਅੰਕੜੇ ਵਿਖਾ ਕੇ ਅਪਣੇ ਵਿਚਾਰ ਸਾਂਝੇ ਕੀਤੇ। ਮੁੱਖ ਬੁਲਾਰਿਆਂ ਵਿਚ ਰਮਨਜੀਤ ਕਪੂਰ, ਪ੍ਰੋਫੈਸਰ ਕਮਲਜੀਤ ਢਿਲੋਂ, ਰੂਬੀ ਸਮਰਾ, ਹਰਮੀਤ ਸਮਰਾ, ਕ੍ਰਿਪਾਲ ਬੇਦੀ, ਬਲਵਿੰਦਰ ਬਰਨਾਲਾ, ਅਰੂਜ਼ ਸ਼ਹਿਜਾਦੀ ਅਤੇ ਡਾ ਬਲਜਿੰਦਰ ਸੇਖੋਂ ਸ਼ਾਮਲ ਸਨ। ਸੁਖਚਰਨਜੀਤ ਗਿੱਲ ਅਤੇ ਭਦੌੜ ਮੰਡਲੀ ਨਾਲ ਸਬੰਧਤ, ਨਵਤੇਜ ਅਤੇ ਸੁਖਦੇਵ ਨੇ ਅਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਦਰਸ਼ਕਾਂ ਨੂੰ ਚੰਗੇ ਗੀਤ ਸੁਣਾ ਵਾਹਵਾ ਖੱਟੀ।

ਪ੍ਰੋਗਰਾਮ ਵਿਲੋਡੇਲ ਸੀਨੀਅਰ ਕਲੱਬ ਦੇ ਪ੍ਰਧਾਨ ਸੋਹਨ ਸਿੰਘ ਦੇ ਇਸਤਰੀ ਦਿਵਸ ਨਾਲ ਸਬੰਧਤ ਵਿਚਾਰਾਂ ਨਾਲ ਸ਼ੁਰੂ ਹੋਇਆ। ਰਮਨਜੀਤ ਨੇ ਕਿਹਾ ਕਿ ਔਰਤਾਂ ਨੂੰ ਆਰਥਕ ਹੀ ਨਹੀਂ, ਸਗੋਂ ਸਮਾਜਕ ਅਤੇ ਸਭਿਆਚਾਰਕ ਹੱਕ ਵੀ ਬਰਾਬਰ ਮਿਲਣੇ ਚਾਹੀਦੇ ਹਨ। ਪ੍ਰੋਫੈਸਰ ਕਮਲਜੀਤ ਢਿਲੋਂ ਨੇ ਕਿਹਾ ਕਿ ਔਰਤਾਂ ਨਾਲ ਹੁੰਦੇ ਵਿਤਕਰੇ ਸਬੰਧੀ ਜੋ ਅੰਕੜੇ ਹਨ, ਸਮੱਸਿਆ ਉਸਤੋਂ ਕਿਤੇ ਵੱਡੀ ਹੈ, ਕਿਉਂਕਿ ਸਵਾਲਾਂ ਦਾ ਸਹੀ ਜਵਾਬ ਲਭਣ ਲਈ ਖੋਜੀ ਸਬਰ ਨਹੀਂ ਵਿਖਾਉਂਦੇ ਅਤੇ ਕਿਸੇ ਵੀ ਇਸਤਰੀ ਵਲੋਂ ਪਹਿਲੀ ਵਾਰ ਵਿਚ ਹੀ ਦਿਤੇ ਗਏ ਜਵਾਬ ਨੂੰ ਸਹੀ ਮੰਨ ਆਪਣੇ ਨਤੀਜੇ ਕੱਢ ਲੈਂਦੇ ਹਨ, ਜਦ ਕਿ ਜ਼ਿਅਦਾਤਰ ਹਾਲਤਾਂ ਵਿਚ ਔਰਤਾਂ ਆਪਣੇ ਦੁੱਖ ਕਾਫੀ ਗੱਲਾਂ ਕਰਨ ਤੋਂ ਬਾਅਦ ਹੀ, ਸੁਖਾਲੇ ਮਹੌਲ ਵਿਚ ਦਸਦੀਆਂ ਹਨ, ਜੋ ਅਸਲੀਅਤ ਹੁੰਦੀ ਹੈ।

ਬਲਵਿੰਦਰ ਬਰਨਾਲਾ ਨੇ ਪੰਜਾਬ ਵਿਚ ਜਿਥੇ ਲੜਕੀਆਂ ਨਾਲ ਹੋ ਰਹੇ ਵਿਤਕਰੇ ਸਬੰਧੀ ਜਾਣਕਾਰੀ ਦਿੱਤੀ। ਡਾ. ਬਲਜਿੰਦਰ ਸੇਖੋਂ ਨੇ 'ਔਰਤਾਂ ਦਾ ਸਮਾਜ ਵਿਚ ਸਥਾਨ-ਪਹਿਲਾਂ ਅਤੇ ਹੁਣ' ਵਿਸ਼ੇ ਤੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਔਰਤ ਨਾਲ ਵਿਤਕਰਾ ਤਾਂ ਉਸੇ ਵੇਲੇ ਸ਼ੁਰੂ ਹੋ ਗਿਆ ਸੀ, ਜਦ ਮਨੁੱਖ ਨੇ ਅੱਗ ਬਾਲਣੀ ਸਿੱਖ ਲਈ ਅਤੇ ਪੱਥਰਾਂ ਤੋਂ ਹਥਿਆਰ ਘੱੜ, ਜਾਨਵਰਾਂ ਦਾ ਸ਼ਿਕਾਰ ਕਰਨ ਲੱਗਾ। ਉਸ ਵੇਲੇ ਬੱਚਿਆਂ ਅਤੇ ਔਰਤਾਂ ਦੀ ਸੁਰੱਖਿਆ ਦੀ ਲੋੜ ਤੋਂ ਉਪਜੀ ਘਰ ਨਜ਼ਰਬੰਦੀ, ਸਮਾਜ ਦੇ ਅਗਲੇ ਪੜਾਵਾਂ ਵਿਚ ਪਰਪੱਕ ਹੀ ਹੋਈ ਅਤੇ ਬਹੁਤ ਸਾਰੀਆਂ ਔਰਤਾਂ ਅੱਜ ਵੀ ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਇਸੇ ਸਥਿਤੀ ਵਿਚ ਵਿਚਰ ਰਹੀਆਂ ਹਨ। ਅਰੂਜ਼ ਸ਼ਹਿਯਾਦੀ ਨੇ ਪਾਕਿਸਤਾਨ ਵਿਚ ਔਰਤਾਂ ਦੀ ਸਥਿਤੀ, ਕਿਰਪਾਲ ਬੇਦੀ ਨੇ ਇਸਤਰੀ ਦਿਵਸ ਦੇ ਇਤਿਹਾਸ, ਅਮ੍ਰਿਤ ਢਿਲੋਂ ਨੇ ਔਰਤ ਦਿਵਸ, ਰੁਬੀ ਸਮਰਾ ਨੇ ਔਰਤਾਂ ਦੀ ਸਿਹਤ ਅਤੇ ਹਰਮੀਤ ਸਮਰਾ ਨੇ ਘਰੇਲੂ ਹਿੰਸਾ ਤੇ ਅਪਣੇ ਵਿਚਾਰ ਰੱਖੇ।

ਨਵਤੇਜ ਅਤੇ ਸੁਖਦੇਵ ਨੇ ਸਮੇਂ ਸਮੇਂ ਅਪਣੀ ਸੁਰੀਲੀ ਆਵਾਜ਼ ਵਿਚ ਗੀਤ ਗਾ ਕੇ ਸਰੋਤਿਆਂ ਨੂੰ ਚੰਗੇ ਗੀਤਾਂ ਨਾਲ ਮੋਹ ਲਿਆ। ਸੁਖਚਰਨਜੀਤ ਗਿੱਲ ਦਾ ਗੀਤ, 'ਮੇਰੇ ਦਿਲ ਦੀ ਸਖਣੀ ਮਮਟੀ 'ਤੇ ਕੋਈ ਪਿਆਰ ਦਾ ਦੀਵਾ ਬਾਲ ਗਿਆ' ਪੰਜਾਬ ਵਿਚ ਇਜ਼ਤ ਦੇ ਨਾਂ ਤੇ ਹੁੰਦੇ ਕਤਲਾਂ ਦੀ ਉਘੜਵੀਂ ਤਸਵੀਰ ਛੱਡ ਗਿਆ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਡਾ ਬਲਜਿੰਦਰ ਸਿੰਘ ਸੇਖੋਂ (905 781 1197) ਜਾਂ ਨਿਰਮਲ ਸੰਧੂ (416 835 3450) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


J. Oza & Associates
Immigration Services

Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner

Member of ICCRC & Commis-sioner for Oaths.

ਯੂ.ਐਸ. ਇਲੈਕਸ਼ਨ 2014 | ਨਵੰਬਰ ਵਿਚ ਹੋਣ ਵਾਲੀਆਂ ਆਮ ਚੋਣਾਂ ਲਈ ਵੱਧ-ਚੜ੍ਹ ਕੇ ਹਿੱਸੇਦਾਰੀ ਦਿਖਾ ਰਹੇ ਇੰਡੋ-ਅਮਰੀਕੀ

# ਅਮਰੀਕੀ ਚੋਣਾਂ ਵਿਚ ਭਾਰਤੀ ਮੂਲ ਦੇ 10 ਉਮੀਦਵਾਰ ਮੈਦਾਨ 'ਚ



ਜਿਸ ਤਰ੍ਹਾਂ ਭਾਰਤ ਵਿਚ ਲੋਕ ਸਭਾ ਚੋਣਾਂ ਨੂੰ ਲੈ ਕੇ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਉਸੇ ਤਰ੍ਹਾਂ ਅਮਰੀਕਾ ਵਿਚ ਵੀ ਇਸ ਸਾਲ ਨਵੰਬਰ ਵਿਚ ਹੋਣ ਵਾਲੀਆਂ ਆਮ ਚੋਣਾਂ ਵਿਚ ਇੰਡੋ-ਅਮਰੀਕੀ ਵੱਧ-ਚੜ੍ਹ ਕੇ ਆਪਣੀ ਮੌਜੂਦਗੀ ਦਰਸਾ ਰਹੇ ਹਨ। ਅਮਰੀਕਾ ਦੀਆਂ ਇਨ੍ਹਾਂ ਚੋਣਾਂ ਵਿਚ ਭਾਰਤੀ ਮੂਲ ਦੇ 10 ਉਮੀਦਵਾਰ ਮੈਦਾਨ ਵਿਚ ਨਿੱਤਰਨ ਦਾ ਐਲਾਨ ਕਰ ਚੁੱਕੇ ਹਨ।



### ਏਮੀ ਬੇਰਾ

7ਵੇਂ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਕੈਲੀਫ਼ੋਰਨੀਆ

- ਜਨਮ : 2-3-1965
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਅਮਰੀਕਨ ਫ਼ਜੀਸ਼ੀਅਨ

ਇੰਡੀਆ ਕੁਨੈਕਸ਼ਨ
ਰਾਜਕੋਟ (ਗੁਜਰਾਤ)



### ਕਮਲਾ ਹੈਰਿਸ

ਅਟਾਰਨੀ ਜਨਰਲ, ਡੈਮੋਕ੍ਰੈਟਿਕ, ਕੈਲੀਫ਼ੋਰਨੀਆ

- ਜਨਮ : 20-10- 1964
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਸਿਆਸਤ, ਲੇਖਕ

ਇੰਡੀਆ ਕੁਨੈਕਸ਼ਨ
ਚੇਨਈ (ਤਾਮਿਲਨਾਡੂ)



### ਨੀਲ ਕਸ਼ਕਰੀ

ਗਵਰਨਰ, ਰਿਪਬਲੀਕਨ, ਕੈਲੀਫੋਰਨੀਆ

- ਜਨਮ : 30-6-1973
- ਰਿਹਾਇਸ਼ : ਲਗੂਨਾ ਬੀਚ
- ਪੇਸ਼ਾ : ਬੈਂਕਰ ਸਿਆਸਤ

ਇੰਡੀਆ ਕੁਨੈਕਸ਼ਨ
ਕਸ਼ਮੀਰ (ਜੰਮੂ-ਕਸ਼ਮੀਰ)



### ਰੋ ਖੰਨਾ

17ਵੇਂ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਕੈਲੀਫ਼ੋਰਨੀਆ

- ਜਨਮ : 12-6-1976
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਅਧਿਆਪਕ ਸਿਆਸਤ

ਇੰਡੀਆ ਕੁਨੈਕਸ਼ਨ
ਪੰਜਾਬ



### ਵਨੀਲਾ ਮਾਥੁਰ

17ਵੇਂ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਕੈਲੀਫ਼ੋਰਨੀਆ

- ਜਨਮ : 12-3-1971
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਐਸੋਸੀਏਟ ਪ੍ਰੋਫ਼ੈਸਰ ਸਟੇਨਫੋਰਡ ਯੂਨੀਵਰਸਿਟੀ

ਇੰਡੀਆ ਕੁਨੈਕਸ਼ਨ
ਬੀਕਾਨੇਰ (ਰਾਜਸਥਾਨ)



### ਉਪੇਂਦਰ ਚਿਵੁਕੂਲਾ

12ਵੇਂ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਨਿਊਜਰਸੀ

- ਜਨਮ : 8-10-1950
- ਰਿਹਾਇਸ਼ : ਨਿਊਜਰਸੀ
- ਪੇਸ਼ਾ : ਸਿਆਸਤ

ਇੰਡੀਆ ਕੁਨੈਕਸ਼ਨ
ਨੇਲੌਰ (ਆਂਧਰਾ ਪ੍ਰਦੇਸ਼)



### ਮਾਨਨ ਤ੍ਰਿਵੇਦੀ

6ਵੇਂ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਪੇਨਸਿਲਵਨੀਆ

- ਜਨਮ : ਸਾਲ 1974
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਅਮਰੀਕਨ ਫ਼ੀਜਿਸ਼ੀਅਨ

ਇੰਡੀਆ ਕੁਨੈਕਸ਼ਨ
ਅਹਿਮਦਾਬਾਦ (ਗੁਜਰਾਤ)



### ਅਮਰਦੀਪ ਕਾਲੇਕਾ

ਪਹਿਲੇ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਵਿਸਕਾਂਸਿਨ

- ਜਨਮ : 12-7-1978
- ਰਿਹਾਇਸ਼ : ਵਿਸਕਾਂਸਿਨ
- ਪੇਸ਼ਾ : ਫ਼ਿਲਮ ਮੇਕਰ

ਇੰਡੀਆ ਕੁਨੈਕਸ਼ਨ
ਪਟਿਆਲਾ (ਪੰਜਾਬ)



### ਸਵਾਤੀ ਦਾਂਡੇਕਰ

ਪਹਿਲੇ ਕਾਂਗਰੇਸਨਲ ਡਿਸਟ੍ਰਿਕਟ ਡੈਮੋਕ੍ਰੇਟਿਕ, ਆਈਓਵਾ

- ਜਨਮ : 6-3-1951
- ਰਿਹਾਇਸ਼ : ਕੈਲੀਫ਼ੋਰਨੀਆ
- ਪੇਸ਼ਾ : ਸਿਆਸਤ

ਇੰਡੀਆ ਕੁਨੈਕਸ਼ਨ
ਨਾਗਪੁਰ (ਮਹਾਰਾਸ਼ਟਰ)



### ਮੰਜੂ ਗੋਇਲ

8ਵੇਂ ਕਾਂਗਰੇਸਨਲ ਡਿਸਟ੍ਰਿਕਟ ਰਿਪਬਲੀਕਨ, ਇਲੀਨੋਇਸ

- ਜਨਮ : ਸਾਲ 1971
- ਰਿਹਾਇਸ਼ : ਇਲੀਨੋਇਸ
- ਪੇਸ਼ਾ : ਸਿਆਸਤ

ਇੰਡੀਆ ਕੁਨੈਕਸ਼ਨ
ਉਤਰ ਭਾਰਤ

# ਪੰਜਾਬ ਵਿੱਚ ਜੱਟਾਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਦਾ ਫ਼ੈਸਲਾ

ਚੰਡੀਗੜ੍ਹ (ਨਦਬ) : ਪੰਜਾਬ ਸਰਕਾਰ ਨੇ ਸੂਬੇ ਦੇ ਜੱਟ ਸਿੱਖਾਂ ਤੇ ਜਾਟਾਂ ਨੂੰ ਰਾਖਵੇਂਕਰਨ ਦੀ ਸਹੂਲਤ ਦਿੰਦਿਆਂ ਪੱਛੜੀਆਂ ਸ਼੍ਰੇਣੀਆਂ 'ਚ ਸ਼ਾਮਲ ਕਰਨ ਦਾ ਫੈਸਲਾ ਕਰ ਲਿਆ ਹੈ। ਮੰਤਰੀ ਮੰਡਲ ਦੀ ਹੰਗਾਮੀ ਮੀਟਿੰਗ 'ਚ ਹੋਏ ਇਸ ਫੈਸਲੇ ਦੇ ਨਾਲ ਹੀ ਜਨਰਲ ਜਾਤੀ ਨਾਲ ਸਬੰਧਤ ਆਰਥਕ ਤੌਰ 'ਤੇ ਪਛੜੇ ਪਰਿਵਾਰਾਂ ਲਈ ਵੀ ਰਾਖਵੇਂਕਰਨ ਦੀ ਇੱਕ ਵੱਖਰੀ ਸ਼੍ਰੇਣੀ ਬਣਾਉਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਇਨ੍ਹਾਂ ਵਰਗਾਂ ਨੂੰ ਰਾਖਵਾਂਕਰਨ ਦੇਣ ਲਈ ਇੱਕ ਕਮਿਸ਼ਨ ਦੇ ਗਠਨ ਦਾ ਫੈਸਲਾ ਕੀਤਾ ਹੈ। ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਹੀ ਜੱਟਾਂ ਤੇ ਜਨਰਲ ਜਾਤੀ ਦੇ ਕਮਜ਼ੋਰ ਪਰਿਵਾਰਾਂ ਨੂੰ ਰਾਖਵੇਂਕਰਨ ਦੀ ਪ੍ਰਤੀਸ਼ਤਤਾ ਦਾ ਫੈਸਲਾ ਲਿਆ ਜਾਵੇਗਾ। ਇਸ ਕਮਿਸ਼ਨ ਦੇ ਮੁਖੀ ਹਾਈ ਕੋਰਟ ਦੇ ਸੇਵਾਮੁਕਤ ਜੱਜ ਨੂੰ ਲਗਾਇਆ ਜਾ ਸਕਦਾ ਹੈ।

ਪੰਜਾਬ ਸਰਕਾਰ ਦੇ ਤਾਜ਼ਾ ਫੈਸਲੇ ਮੁਤਾਬਕ ਜੱਟ ਸਿੱਖ ਹੁਣ ਪੱਛੜੀਆਂ ਸ਼੍ਰੇਣੀਆਂ 'ਚ ਸ਼ਾਮਲ ਕਰ ਲਏ ਹਨ। ਇਸ ਮੀਟਿੰਗ ਦੌਰਾਨ ਇਹ ਗੱਲ ਵੀ ਉਠੀ ਕਿ ਜਨਰਲ ਜਾਤੀ ਦੇ ਲੋਕਾਂ ਦੀ ਨਾਰਾਜ਼ਗੀ ਨਾ ਪੱਲੇ ਪੈ ਜਾਵੇ, ਇਸ ਲਈ ਜਨਰਲ ਜਾਤੀ ਦੇ ਆਰਥਕ ਤੌਰ 'ਤੇ ਪੱਛੜੇ ਪਰਿਵਾਰਾਂ ਲਈ ਰਾਖਵੇਂਕਰਨ ਦੀ ਇੱਕ ਵੱਖਰੀ ਸ਼੍ਰੇਣੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਇਨ੍ਹਾਂ ਦੋਹਾਂ ਵਿਸ਼ੇਸ਼ ਵਰਗਾਂ ਨੂੰ ਰਾਖਵਾਂਕਰਨ ਦਿੱਤਾ ਜਾਵੇਗਾ। ਮੰਤਰੀ ਮੰਡਲ ਨੇ ਕੇਂਦਰ ਵਲੋਂ ਪੰਜਾਬ ਦੇ

**ਜਨਰਲ ਵਰਗ ਦੇ ਪਛੜੇ ਪਰਿਵਾਰਾਂ ਨੂੰ ਵੀ ਮਿਲੇਗਾ ਰਾਖਵਾਂਕਰਨ**

ਜੱਟਾਂ ਨੂੰ ਰਾਖਵਾਂਕਰਨ ਨਾ ਦੇਣ ਦੀ ਨਿੰਦਾ ਵੀ ਕੀਤੀ। ਮੰਤਰੀ ਮੰਡਲ ਨੇ ਫੈਸਲਾ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਦੇ ਉਕਤ ਵਰਗਾਂ ਨੂੰ ਵੀ ਜਾਟਾਂ ਵਾਂਗ ਰਾਖਵੇਂਕਰਨ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇ। ਕੇਂਦਰ ਸਰਕਾਰ ਵਲੋਂ ਜਾਟਾਂ ਨੂੰ ਕੇਂਦਰੀ ਵਿਭਾਗਾਂ ਵਿੱਚ ਰਾਖਵਾਂਕਰਨ ਦੇਣ ਲਈ ਪੱਛੜੀਆਂ ਸ਼੍ਰੇਣੀਆਂ 'ਚ ਸ਼ਾਮਲ ਕਰਨ ਦੇ ਫੈਸਲੇ ਤੋਂ ਬਾਅਦ ਰਾਜ ਸਰਕਾਰ ਕਸੂਤੀ ਫਸੀ ਮਹਿਸੂਸ ਕਰ ਰਹੀ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਦਾ ਸਮਾਗਮ ਖ਼ਤਮ ਹੋਣ ਤੋਂ ਬਾਅਦ ਮੀਟਿੰਗ ਕਰਕੇ ਮੰਤਰੀ ਮੰਡਲ ਦੀ ਮੀਟਿੰਗ ਬੁਲਾਉਣਾ ਦਾ ਫੈਸਲਾ ਲਿਆ। ਅਧਿਕਾਰੀਆਂ ਨੂੰ ਰਾਖਵੇਂਕਰਨ ਸਬੰਧੀ ਏਜੰਡਾ ਤਿਆਰ ਕਰਨ ਦੀਆਂ ਤੁਰੰਤ ਹਦਾਇਤਾਂ ਦਿੱਤੀਆਂ ਗਈਆਂ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੱਟ ਮਹਾਂ ਸਭਾ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਵੱਲੋਂ ਰਾਖਵੇਂਕਰਨ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਜਾ ਰਿਹਾ ਸੀ।

# ਕਿਸਾਨ ਖ਼ੁਦਕੁਸ਼ੀਆਂ: ਪੰਜਾਬ ਨੇ ਕੇਂਦਰ ਨੂੰ ਰਿਪੋਰਟ ਵੀ ਨਾ ਭੇਜੀ

ਬਠਿੰਡਾ (ਨਦਬ) : ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਕੇਸ ਕੇਂਦਰ ਸਰਕਾਰ ਨੂੰ ਭੇਜੇ ਹੀ ਨਹੀਂ ਗਏ ਹਨ ਜਦੋਂ ਕਿ ਪੰਜ ਸੂਬਿਆਂ ਨੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ ਵਿੱਤੀ ਪੈਕੇਜ ਵੀ ਪ੍ਰਾਪਤ ਕਰ ਲਏ ਹਨ। ਪੰਜਾਬ ਸਰਕਾਰ ਨੇ ਆਖਰੀ ਵਾਰ ਸਾਲ 2010 ਵਿੱਚ ਕੇਂਦਰ ਸਰਕਾਰ ਨੂੰ ਰਿਪੋਰਟ ਭੇਜੀ ਸੀ, ਜਿਸ ਵਿੱਚ ਖੁਲਾਸਾ ਕੀਤਾ ਗਿਆ ਸੀ ਕਿ ਸੂਬੇ ਵਿੱਚ ਇਸ ਸਾਲ ਦੌਰਾਨ 179 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ, ਜਿਸ 'ਚੋਂ 75 ਫੀਸਦੀ ਕਿਸਾਨਾਂ ਨੇ ਕਰਜ਼ੇ ਕਾਰਨ ਜ਼ਿੰਦਗੀ ਤੋਂ ਹੱਥ ਧੋਏ ਹਨ।

ਕੇਂਦਰੀ ਖੇਤੀ ਮੰਤਰਾਲੇ ਦੀ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਸਾਲ 2010 ਤੋਂ ਮਗਰੋਂ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦਾ ਕੋਈ ਕੇਸ ਕੇਂਦਰ ਸਰਕਾਰ ਨੂੰ ਭੇਜਿਆ ਹੀ ਨਹੀਂ ਹੈ। ਦੇਸ਼ ਦੇ ਪੰਜ ਸੂਬਿਆਂ ਵਿੱਚ ਕਿਸਾਨਾਂ ਵੱਲੋਂ ਕਰਜ਼ੇ ਕਾਰਨ ਖ਼ੁਦਕੁਸ਼ੀ ਦਾ ਰਾਹ ਚੁਣਿਆ ਗਿਆ ਹੈ ਅਤੇ ਛੇਵਾਂ ਸੂਬਾ ਪੰਜਾਬ ਹੈ। ਸਾਲ 2013 ਦੌਰਾਨ ਮਹਾਰਾਸ਼ਟਰ ਵਿੱਚ 407, ਕਰਨਾਟਕ ਵਿੱਚ 23, ਕੇਰਲਾ 'ਚ 11 ਅਤੇ ਆਂਧਰਾ ਪ੍ਰਦੇਸ਼ ਵਿੱਚ 32 ਕਿਸਾਨਾਂ ਨੇ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਕੀਤੀਆਂ। ਸਾਲ 2012 ਵਿੱਚ ਦੇਸ ਭਰ ਵਿੱਚ 943 ਕਿਸਾਨਾਂ ਨੇ ਕਰਜ਼ੇ ਦੇ ਭਾਰ ਕਾਰਨ ਖ਼ੁਦਕੁਸ਼ੀ ਕੀਤੀ ਹੈ। ਦੇਸ ਭਰ ਵਿੱਚ ਸਾਲ 2010 ਵਿੱਚ 2221 ਕਿਸਾਨਾਂ ਅਤੇ ਸਾਲ 2011 ਵਿੱਚ 2371 ਕਿਸਾਨਾਂ ਨੇ ਖੇਤੀ ਸੰਕਟ ਕਾਰਨ ਖ਼ੁਦਕੁਸ਼ੀ ਕੀਤੀ ਹੈ।

ਮਹਾਰਾਸ਼ਟਰ ਵਿੱਚ ਸਾਲ 2010 ਤੋਂ ਹੁਣ ਤੱਕ 2229 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਇਧਰ ਪੰਜਾਬ ਸਰਕਾਰ ਵੱਲੋਂ ਅਜਿਹੇ ਕਿਸਾਨਾਂ ਦੇ ਪਰਿਵਾਰਾਂ ਦੀ ਵਿੱਤੀ ਮਦਦ ਖਾਤਰ ਕਦੇ ਵੀ ਕੇਂਦਰ ਨੂੰ ਕੋਈ ਕੇਸ ਨਹੀਂ ਭੇਜਿਆ ਹੈ। ਮਾਲਵਾ ਪੱਟੀ ਵਿੱਚ ਤਾਂ ਪਿਛਲੇ ਦਿਨਾਂ ਵਿੱਚ ਦਰਜਨਾਂ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪੀੜਤ ਪਰਿਵਾਰਾਂ ਲਈ 66 ਕਰੋੜ ਰੁਪਏ ਦਾ ਬਜਟ ਰੱਖਿਆ ਸੀ ਜੋ ਕਿ ਸਰਕਾਰੀ ਸਰਵੇ ਵਿੱਚ ਆਏ ਕੇਸਾਂ ਵਾਲੇ ਪਰਿਵਾਰਾਂ ਨੂੰ ਵੰਡਿਆ ਜਾਣਾ ਸੀ। ਸਰਕਾਰ ਨੇ ਸਿਰਫ਼ 30 ਕਰੋੜ ਰੁਪਏ ਦੀ ਰਾਸ਼ੀ ਦੀ ਹੀ ਵੰਡ ਕੀਤੀ ਸੀ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਅਤੇ ਖੇਤ ਮਜ਼ਦੂਰ ਯੂਨੀਅਨ ਵੱਲੋਂ 12 ਫਰਵਰੀ ਨੂੰ ਬਠਿੰਡਾ ਵਿੱਚ ਅਣਮਿਥੇ ਸਮੇਂ ਲਈ ਧਰਨਾ ਮਾਰ ਕੇ ਬਾਕੀ ਰਾਸ਼ੀ ਰਿਲ਼ੀਜ਼ ਕਰਾਉਣ ਦੀ ਮੰਗ ਮਨਾ ਲਈ ਸੀ।

ਪੰਜਾਬ ਸਰਕਾਰ ਨੇ ਹਾਲੇ ਵੀ ਪੂਰੀ ਰਾਸ਼ੀ ਨਹੀਂ ਭੇਜੀ ਹੈ। ਬਠਿੰਡਾ ਜ਼ਿਲ੍ਹੇ ਦੇ 405 ਪੀੜਤ ਪਰਿਵਾਰਾਂ ਲਈ 6.14 ਕਰੋੜ ਰੁਪਏ ਦੀ ਰਾਸ਼ੀ ਭੇਜੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ 1.91 ਕਰੋੜ ਰੁਪਏ ਦੀ ਹੋਰ ਰਾਸ਼ੀ ਮੰਗੀ ਹੈ। ਇਹ ਰਾਸ਼ੀ ਹਾਲੇ ਵੰਡੀ ਨਹੀਂ ਗਈ ਹੈ ਕਿਉਂਕਿ 24 ਫਰਵਰੀ ਤੋਂ ਡਿਪਟੀ ਕਮਿਸ਼ਨਰ ਦਫ਼ਤਰਾਂ ਵਿੱਚ ਦਫ਼ਤਰੀ ਸਟਾਫ ਦੀ ਹੜਤਾਲ ਚੱਲ ਰਹੀ ਹੈ। ਕਿਸਾਨ ਯੂਨੀਅਨ ਵੱਲੋਂ 23 ਮਾਰਚ ਨੂੰ ਬਠਿੰਡਾ ਵਿੱਚ 'ਰੰਗ ਦੇ ਬਸੰਤੀ ਰੈਲੀ' ਕਰਨ ਦਾ ਐਲਾਨ ਕੀਤਾ ਗਿਆ ਹੈ। ਕਿਸਾਨ ਧਿਰਾਂ ਦੀ ਮੰਗ ਹੈ ਫੌਰੀ ਇਸ ਰਾਸ਼ੀ ਦੀ ਵੰਡ ਕੀਤੀ ਜਾਵੇ।

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਕੇਰਲਾ ਦੇ ਖ਼ੁਦਕੁਸ਼ੀ ਵਾਲੇ 31 ਜ਼ਿਲ੍ਹਿਆਂ ਵਾਸਤੇ 19-998 ਕਰੋੜ ਰੁਪਏ ਦਾ ਵਿੱਤੀ ਪੈਕੇਜ ਦਿੱਤਾ ਗਿਆ ਸੀ ਤਾਂ ਜੋ ਪੀੜਤ ਪਰਿਵਾਰਾਂ ਦਾ ਮੁੜ ਵਸੇਬਾ ਹੋ ਸਕੇ। ਕੇਂਦਰ ਸਰਕਾਰ ਨੇ ਇਨ੍ਹਾਂ ਸੂਬਿਆਂ ਵਾਸਤੇ ਹੁਣ 2012 13 ਤੋਂ 2016 17 ਤੱਕ ਦੀ 3250 ਕਰੋੜ ਰੁਪਏ ਦੀ ਯੋਜਨਾ ਬਣਾਈ ਹੈ। ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ ਤਾਂ ਸਰਕਾਰੀ ਸਰਵੇ ਕਰਨ ਵਿੱਚ 10 ਵਰ੍ਹੇ ਲਗਾ ਦਿੱਤੇ ਹਨ।

# The biggest mistake at a job interview

Peter Harris

The job of your resume is to convince an employer that you have the skills to do the job and to make them want to meet you in person. It's really at the job interview that you either win the job or lose out to another potential candidate. In a recent survey of over 2,000 employers, nearly half (47%) said that the most common mistake that candidates make in a job interview is having little or no knowledge about the company. In the Internet era, there's just no excuse for this. The best way to win over an employer is to demonstrate what you can do for them specifically.

The only way to successfully do this is to know as much as possible about the job, the company, and the industry in advance. This way you can practice tailoring how you describe your past work experience and accomplishments in a way that is relevant to the employer. "Here's what I have achieved in the past, therefore here is what I can do for you…" Look the employer up online. Read their website. See if they are mentioned in articles on other sites or in news stories. Talk to people in your network who may have company or industry knowledge. Think about what the future of the industry is and what the challenges of the job might be. Be prepared to explain how you can help with those challenges and to demonstrate how your qualifications make you uniquely suited for the job. Employers are always more impressed with candidates who are knowledgeable about their company and who can show why they want to work for them specifically. (Rather than a candidate who is just looking to land a job, any job.)

This same survey also revealed that one third (33%) of employers know within the first 90 seconds of an interview whether or not they will hire someone. First impressions count. (Workopolis has previously discussed the four things that we decide about a person in four seconds.) The most common job interview question And it is in those opening seconds of the job interview that you will certainly be asked the most common question of all. The exact wording may differ, but very early in every job interview, you will be asked some variation of, "So, tell me about yourself." This is not the occasion to tell the story of growing up melancholy in a small town or of your passion for collecting stuffed owls. (Unless the job is at a stuffed owl emporium.) This conversational-sounding, ice-breaking question is your opportunity to start off the interview on a strong note and to powerfully demonstrate how you are the person for the job.

Employers don't only want to know that you can do the job – they also want to know if you will like to do the job. If you are applying for a desk job, but all of your interests are about in being in the field, meeting people face to face, and interacting with large groups, you won't likely be hired. That's because even if you have the skills to actually perform on the job, employers don't want to waste time hiring and training someone who isn't going to be happy and is therefore unlikely to stay very long.

Be relevant,Tell them about yourself in a way that highlights your background and interests so that they make you seem like a natural fit for the role.For example, although I have many interests including travel, literature, and blues music, when the VP of HR for Workopolis asked me to say a little about myself in the interview for this job, I didn't talk about those things. Instead, I said something like: "I am a writer and editor who has really enjoyed working on the Web for over ten years. I love the interactivity of getting to know an audience and building increased engagement with them. I especially love the idea of working for Workopolis, because not only does this mean bringing the latest news and information to a vast audience of Canadians, but it also means having the chance to really help people. Learning to communicate your potential in a resume, winning the job in a tough interview – we can help people with challenges like these, and that has the potential to improve lives. I would love to be a part of that." It's true, I still love being a part of that. It's not that I was lying by not mentioning the other interests, it's just that I chose to focus on what would matter the most to the employer.

Other common interview questions that you can bank on being asked: Why do you want this job? Why did you leave your last job? What is your greatest weakness? Do you have any questions for me? Do your homework,Find out as much as you can about the company, and be prepared to ask smart questions that show your interest. (Asking, "So what does this company do?" is a deal breaker.) Tell the interviewer why you'd be passionate about doing the job as well as why you'd be great at it. The biggest mistake in a job interview is not being prepared, and there's no reason that you can't be ready to answer the questions that you know for sure are coming.

But some of people do not agree to this I just have to say that in too many cases there are recruiters that have no idea of what they are doing. Questions such as "Where do you see yourself in 5 years?", or open discussions such as "tell me about yourself", if I want to play with the recruiter's mind, that is the moment to do it, so it is really manageable, actually if I am on an interview and somebody asks that you say ... ok, use the script 1 for this! , so I don't think those are mistakes, but instead what I would say is a big mistake is do not handle properly the information of the job that you are applying to, or even worse... do not handle correctly the field that you are supposed to work. Recruiters and HR people in general need to understand one very important thing, they cannot play with a job opportunity just because of their very "personal" impression, especially if they are hiring for an area that they don't even know correctly. Let's say that you are about to interview a guy called mr. Einstein, you enter the room and see that his behavior is kind of weird, answers really straight forward --- no room for losing time! , and then you decide to do not hire the guy because of his apparent lack of interest, etc. HR should become more serious in terms of acquisitions.

# Thermal Pollution?

Harpreet singh

This is an important issue because it causes huge amounts of damage to our eco system and every year we lose more and more species because we constantly fail to acknowledge the outcome our actions have on this planet. Pollution is a big issue throughout the world but it also has impacted every one of us in some way. Our planet is changing and so are we. The impact we have on this environment is horrendous. After researching this issue I have come to know the cost for all of us to have electricity. Thermal Pollution is a type of pollution there are many others life Air, Land and Water. These issues are important because they affect us more negatively than positively.

Thermal Pollution is a change in temperature in bodies of water. This causes the overall quality of water to be low. The temperature change is caused by corporations using water from a nearby lake to surround the chemical process to cool it. After the cooling of chemical process, the used water is then returned to the lake. Which at that point it is must hotter which causes the overall quality of water to decrease. This causes there to be more dissolved oxygen in the lake, which puts the water life at risk.The subtle change in temperature of the water can cause a shock to the life in the water. Because the aquatic organisms are used to certain temperature and when the temperature is suddenly changed it causes a shock in the organisms. Just like human body. After factories and plants pour the water they used back into the lakes and rivers. It has a big difference in temperature then the water in the lake therefore causing species to die and resulting in biodiversity loss. The subtle change in temperature is too much for the water life to handle because their bodies are not able to handle temperature change well.

Majority of the heat pollution is caused by factories using the water as a way to cool the chemical processes. Which mostly occur in power plants and industrial firms. Power plants generate electricity by burning fuel and other natural resources to produce energy. When the natural gases are burned they produce heat, that heat turns the water to steam. That steam is used to drive the turbines and causing the turbines to spin thus creating electricity. The key component for this to work is to have access to cold water because it cold water is used to make steam by the heat that is produced when burning natural gases. Therefor these plants have a huge impact on the water life because of these constant changes in temperature of the water. The water that is left is hot water that is poured back into the body water. Industrial firms for things like metal require a source of cold water for the chemical process. After this process that water is returned to the lake or river. The water returned is heat pollution created by chemical processes.How can we stop thermal pollution?

There are several ways to stop factories and plants to pour hot water back into the lakes and rivers. One thing we can all do is simply use less electricity therefore less water would be used to create electricity. Where I was born we didn't have a constant supply of electricity so when I arrived in Canada, It amazed me the fact that there is 24/7 supple of electricity. The people that live in North America have been spoiled because in other parts of the world this would be easy issue to resolve just by using less electricity. However in North America, most things require constant supply of electricity to work. To stop or reduce the impact of Thermal Pollution is that our Government makes a law for every company and factory to simply cool the water before they pour it back into the lake or river. If you require the use of water you also are responsible to return it the way you found it. Companies that fail to do so will simply lose their access to water they require. Another way of reducing the impact is that the power plants and factories pour the water back into the lake at a steady rate which will slowly get the water life used to the temperature change and not cause a shock. This will slow the process down of creating electricity but who said we can't store the heated water in tanks before dumping back into the lake or river. The power plants and factories make enough money to afford facilities that hold the heated water.

Our Government has put laws in place that reduce the impact or at least slow the damage done to the environment so they are aware of the issue but more has to be done to resolve this issue.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਸੁਖਬੀਰ ਦੇ ਸੁਪਨਿਆਂ ਦੇ ਪ੍ਰਾਜੈਕਟ ਬਣੇ 'ਸੁਪਨਾ'



ਸੂਬਾ ਸਰਕਾਰ ਵੱਲੋਂ ਨਿੱਤ ਕਰੋੜਾਂ ਰੁਪਏ ਦੇ ਨਵੇਂ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ ਪਰ ਕਈ ਸਾਲ ਪਹਿਲਾਂ ਰੱਖੇ ਗਏ ਨੀਂਹ ਪੱਥਰਾਂ, ਜਿਨ੍ਹਾਂ ਦੀ ਹੁਣ ਤੱਕ ਸ਼ੁਰੂਆਤ ਵੀ ਨਹੀਂ ਹੋਈ, ਨੂੰ ਵਿਸਾਰ ਦਿੱਤਾ ਗਿਆ ਹੈ। ਅਜਿਹੇ ਹੀ ਅਜਿਹੇ ਰੁਲ ਰਹੇ ਪ੍ਰਾਜੈਕਟਾਂ ਵਿੱਚ ਪਰਸਨਲ ਰੈਪਿਡ ਟਰਾਂਸਪੋਰਟ ਸਿਸਟਮ (ਪੀ.ਆਰ.ਟੀ.ਐਸ), ਸਪੋਰਟਸ ਕੰਪਲੈਕਸ, ਠੋਸ ਕੂੜਾ ਕਰਕਟ ਪ੍ਰਬੰਧ ਪਲਾਂਟ ਅਤੇ ਸੀ.ਸੀ. ਟੀ.ਵੀ. ਕੈਮਰਿਆਂ ਦਾ ਪ੍ਰਾਜੈਕਟ ਤੇ ਹੋਰ ਸ਼ਾਮਲ ਹਨ। ਇਨ੍ਹਾਂ ਪ੍ਰਾਜੈਕਟਾਂ 'ਚੋਂ ਕਈਆਂ ਦੇ ਨੀਂਹ ਪੱਥਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਹੀ ਰੱਖੇ ਗਏ ਸਨ।

ਪੀ.ਆਰ.ਟੀ.ਐਸ. (ਪੌਡ ਪ੍ਰਣਾਲੀ) ਦਾ ਨੀਂਹ ਪੱਥਰ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਸੰਬਰ 2011 ਵਿੱਚ ਰੱਖਿਆ ਗਿਆ ਸੀ। ਨੀਂਹ ਪੱਥਰ ਰੱਖਣ ਸਮੇਂ ਉਪ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀ ਸੁਪਨਿਆਂ ਦੀ ਯੋਜਨਾ 'ਚੋਂ ਇੱਕ ਹੈ। ਇਹ ਯੋਜਨਾ ਸ਼ੁਰੂ ਨਾ ਹੋਣ ਕਾਰਨ ਸੁਪਨਾ ਹੀ ਬਣ ਕੇ ਰਹਿ ਗਈ ਹੈ ਅਤੇ ਇਸਨੂੰ ਹੁਣ ਸਰਕਾਰ ਵੱਲੋਂ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ। ਇਸ ਯੋਜਨਾ ਤਹਿਤ ਹਾਲ ਗੇਟ ਵਿਖੇ ਨੀਂਹ ਪੱਥਰ ਰੱਖਿਆ ਗਿਆ ਸੀ। ਪੌਡ ਪ੍ਰਣਾਲੀ ਲਈ ਸ਼ਹਿਰ ਵਿੱਚ ਥੰਮ੍ਹ ਬਣਾਏ ਜਾਣੇ ਸਨ, ਜਿਨ੍ਹਾਂ 'ਤੇ 200 ਚੁੰਬਕੀ ਪੌਡ ਚਲਾਉਣ ਦੀ ਯੋਜਨਾ ਸੀ। ਇਹ ਪੌਡ ਬਿਨਾਂ ਚਾਲਕ ਛੇ ਸਵਾਰੀਆਂ ਬਿਠਾ ਕੇ ਇੱਕ ਥਾਂ ਤੋਂ ਦੂਜੀ ਥਾਂ ਲੈ ਜਾ ਸਕਦੇ ਸਨ, ਇਸ ਤਹਿਤ ਰੇਲਵੇ ਸਟੇਸ਼ਨ ਅਤੇ ਬੱਸ ਅੱਡੇ ਤੋਂ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾਉਣ ਦੀ ਯੋਜਨਾ ਸੀ। ਦੁਕਾਨਦਾਰਾਂ ਅਤੇ ਵਿਰਾਸਤ ਪ੍ਰੇਮੀਆਂ ਦੇ ਵਿਰੋਧ ਕਾਰਨ ਇਸ ਦਾ ਰੂਟ ਬਦਲ ਦਿੱਤਾ ਗਿਆ। ਸਭ ਕੁਝ ਤੈਅ ਹੋਣ ਮਗਰੋਂ ਇਸ ਦੇ ਦੋ ਵਾਰ ਟੈਂਡਰ ਜਾਰੀ ਕੀਤੇ ਗਏ ਅਤੇ ਦੋਵੇਂ ਵਾਰ ਇੱਕੋ ਹੀ ਕੰਪਨੀ ਨੇ ਟੈਂਡਰ ਲਈ ਬਿਨੈ ਪੱਤਰ ਦਿੱਤਾ ਪਰ ਹੁਣ ਤੱਕ ਇਸ ਕੰਪਨੀ ਨੂੰ ਕੰਮ ਦੀ ਸ਼ੁਰੂਆਤ ਸਬੰਧੀ ਸਹਿਮਤੀ ਪੱਤਰ ਨਹੀਂ ਮਿਲਿਆ ਹੈ। ਇਸ ਤਰ੍ਹਾਂ ਦੇ ਪੌਡ ਲੰਦਨ ਦੇ ਹੀਥਰੋ ਹਵਾਈ ਅੱਡੇ 'ਤੇ ਚੱਲ ਰਹੇ ਹਨ ਅਤੇ ਭਾਰਤ ਵਿੱਚ ਇਸ ਨੂੰ ਪਹਿਲੀ ਵਾਰ ਅੰਮ੍ਰਿਤਸਰ ਵਿਖੇ ਸ਼ੁਰੂ ਕਰਨ ਦੀ ਯੋਜਨਾ ਬਣਾਈ ਗਈ ਸੀ।

ਇਸੇ ਤਰ੍ਹਾਂ ਰਣਜੀਤ ਐਵੇਨਿਊ ਵਿਖੇ ਬਣਨ ਵਾਲੇ ਸਪੋਰਟਸ ਕੰਪਲੈਕਸ ਦਾ ਨੀਂਹ ਪੱਥਰ ਵੀ ਨਵੰਬਰ 2011 ਵਿੱਚ ਸ੍ਰੀ ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਰੱਖਿਆ ਸੀ। ਮਗਰੋਂ ਸ੍ਰੀ ਸਿੱਧੂ ਨਾਲ ਚੱਲ ਰਹੇ ਵਿਵਾਦ ਕਾਰਨ ਇਹ ਯੋਜਨਾ ਠੰਢੇ ਬਸਤੇ ਵਿੱਚ ਪੈ ਗਈ ਅਤੇ ਮੁੜ ਇੱਕ ਵਾਰ ਨਕਸ਼ਿਆਂ ਵਿੱਚ ਸੁਧਾਰ ਕਰਨ ਮਗਰੋਂ ਇਸ ਦਾ ਦੁਬਾਰਾ ਨੀਂਹ ਪੱਥਰ ਰੱਖਿਆ ਗਿਆ। ਹੁਣ ਦੂਜਾ ਨੀਂਹ ਪੱਥਰ ਰੱਖੇ ਨੂੰ ਵੀ ਕਾਫੀ ਸਮਾਂ ਬੀਤ ਗਿਆ ਹੈ ਪਰ ਅਜੇ ਤੱਕ ਸ਼ੁਰੂਆਤ ਨਹੀਂ ਹੋਈ ਹੈ। ਠੋਸ ਕੂੜਾ ਕਰਕਟ ਪ੍ਰਬੰਧ ਪਲਾਂਟ ਲਾਉਣ ਦੀ ਯੋਜਨਾ ਸੱਤ ਸਾਲ ਪਹਿਲਾਂ ਉਲੀਕੀ ਗਈ ਸੀ ਪਰ ਹੁਣ ਤੱਕ ਇਹ ਯੋਜਨਾ ਮੁਕੰਮਲ ਨਹੀਂ ਹੋ ਸਕੀ ਹੈ।

## ਸਿਰਫ਼ 138 ਪਰਵਾਸੀ ਭਾਰਤੀ ਪੰਜਾਬ ਵਿੱਚ ਵੋਟਰ ਬਣੇ

ਪੰਜਾਬ ਵਿੱਚ ਸਿਰਫ਼ 138 ਪਰਵਾਸੀ ਪੰਜਾਬੀ (ਐਨ.ਆਰ.ਆਈ.) ਵੋਟਰ ਬਣੇ ਹਨ ਜਦੋਂਕਿ ਵੱਡੀ ਗਿਣਤੀ ਨੇ ਵੋਟ ਬਣਾਉਣ ਤੋਂ ਪਾਸਾ ਹੀ ਵੱਟਿਆ ਹੈ। ਪਰਵਾਸੀ ਪੰਜਾਬੀ ਆਪੋ ਆਪਣੇ ਉਮੀਦਵਾਰਾਂ ਦੀ ਵੋਟ ਦੀ ਥਾਂ ਨੋਟ ਨਾਲ ਮਦਦ ਤਾਂ ਕਰਦੇ ਹਨ ਪ੍ਰੰਤੂ ਵੋਟ ਬਣਾਉਣ ਵਿੱਚ ਕੋਈ ਰੁਚੀ ਨਹੀਂ ਦਿਖਾਉਂਦੇ। ਚੋਣ ਕਮਿਸ਼ਨ ਨੇ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟਰ ਬਣਨ ਦੀ ਸੁਵਿਧਾ ਦਿੱਤੀ ਹੋਈ ਹੈ ਪ੍ਰੰਤੂ ਇਸ ਦੇ ਬਾਵਜੂਦ ਉਹ ਵੋਟ ਬਣਾਉਣ ਵਿੱਚ ਰੁਚੀ ਨਹੀਂ ਲੈ ਰਹੇ।'

ਚੋਣ ਕਮਿਸ਼ਨ ਦੇ ਵੇਰਵਿਆਂ ਅਨੁਸਾਰ ਦੇਸ਼ ਦੇ 28 ਰਾਜਾਂ 'ਚੋਂ ਸਿਰਫ਼ ਕੇਰਲਾ ਹੀ ਅਜਿਹਾ ਇਕਲੌਤਾ ਰਾਜ ਹੈ ਜਿਥੇ ਸਭ ਤੋਂ ਜਿਆਦਾ 11448 ਐਨ.ਆਰ.ਆਈ. ਵੋਟਰ ਹਨ। ਪੰਜਾਬ ਦੂਸਰੇ ਨੰਬਰ ਤੇ ਹੈ ਜਿਸ ਵਿਚ 138 ਐਨ.ਆਰ.ਆਈ ਵੋਟਰ ਹਨ। ਇਨ੍ਹਾਂ 'ਚੋਂ 89 ਪੁਰਸ਼ ਅਤੇ 49 ਮਹਿਲਾ ਵੋਟਰ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਵਿਦੇਸ਼ਾਂ ਵਿੱਚ ਕਾਫ਼ੀ ਤੂਤੀ ਬੋਲਦੀ ਰਹੀ ਹੈ ਅਤੇ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਉਥੇ ਵੱਡਾ ਹੁੰਗਾਰਾ ਵੀ ਮਿਲਿਆ ਸੀ। ਇਸ ਦੇ ਬਾਵਜੂਦ ਕੋਈ ਐਨ.ਆਰ.ਆਈ. ਉਨ੍ਹਾਂ ਦੀ ਵੋਟ ਪਰਚੀ ਨਾਲ ਮਦਦ ਨਹੀਂ ਕਰ ਸਕਿਆ । ਕੈਨੇਡਾ ਦੇ ਵਸਨੀਕ ਕਮਲਜੀਤ ਸਿੰਘ ਸਿੱਧੂ (ਰਾਈਆ) ਦਾ ਕਹਿਣਾ ਸੀ ਕਿ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟਿੰਗ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸੇ ਕਮੀ ਕਰਕੇ ਪਰਵਾਸੀ ਭਾਰਤੀ ਵੋਟਰ ਨਹੀਂ ਬਣਦੇ।

ਬਠਿੰਡਾ ਜ਼ਿਲ੍ਹੇ ਦੇ 1700 ਪਰਿਵਾਰ ਵਿਦੇਸ਼ਾਂ ਵਿੱਚ ਵਸੇ ਹੋਏ ਹਨ। ਇਨ੍ਹਾਂ ਚੋਂ ਕਿਸੇ ਨੇ ਆਪਣੀ ਵੋਟ ਇੱਧਰ ਪੰਜਾਬ ਵਿੱਚ ਨਹੀਂ ਬਣਵਾਈ। ਪੰਜਾਬ ਦੇ ਦੋਆਬੇ ਖ਼ਿੱਤੇ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵਿੱਚ ਹਨ ਪ੍ਰੰਤੂ ਉਨ੍ਹਾਂ ਵਲੋਂ ਵੀ ਕੋਈ ਰੁਚੀ ਨਹੀਂ ਲਈ ਜਾਂਦੀ ਹੈ। ਸਹਿਕਾਰੀ ਟਰੇਨਿੰਗ ਇੰਸਟੀਚਿਊਟ ਜਲੰਧਰ ਦੇ ਪ੍ਰਿੰਸੀਪਲ ਨਛੱਤਰ ਸਿੰਘ ਦਾ ਕਹਿਣਾ ਸੀ ਕਿ ਕੋਈ ਵੀ ਪਰਵਾਸੀ ਭਾਰਤੀ ਇੱਕ ਵੋਟ ਪਾਉਣ ਖਾਤਰ ਖਰਚਾ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ। ਉਨ੍ਹਾਂ ਆਖਿਆ ਕਿ ਜੇਕਰ ਆਨਲਾਈਨ ਵੋਟਿੰਗ ਦੀ ਵਿਵਸਥਾ ਹੋਵੇ ਤਾਂ ਵੱਡੀ ਗਿਣਤੀ ਵਿੱਚ ਪਰਵਾਸੀ ਭਾਰਤੀ ਵੋਟਰ ਬਣਨਗੇ।

ਚੋਣ ਕਮਿਸ਼ਨ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਦੇਸ਼ ਦੇ 18 ਰਾਜ ਅਜਿਹੇ ਹਨ ਜਿਥੇ ਵੀ ਇੱਕ ਵੀ ਐਨ.ਆਰ.ਆਈ.ਵੋਟਰ ਨਹੀਂ ਹੈ। ਰਾਜਸਥਾਨ ਅਤੇ ਆਂਧਰਾ ਪ੍ਰਦੇਸ਼ ਵਿੱਚ ਸਿਰਫ਼ ਇੱਕ ਇੱਕ ਐਨ. ਆਰ.ਆਈ. ਵੋਟਰ ਹੈ। ਤਾਮਿਲਨਾਡੂ ਵਿੱਚ 112 ਅਤੇ ਗੋਆ ਵਿੱਚ 27 ਪਰਵਾਸੀ ਭਾਰਤੀ ਵੋਟਰ ਹਨ। ਗੁਜਰਾਤ ਵਿੱਚ ਸਿਰਫ਼ 7 ਐਨ. ਆਰ.ਆਈ ਵੋਟਰ ਹਨ। ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਕੋਈ ਪਰਵਾਸੀ ਭਾਰਤੀ ਵੋਟਰ ਨਹੀਂ ਹੈ।

ਕੈਨੇਡਾ ਵਿੱਚ ਕੌਂਸਲਰ ਬਣੇ ਵਿੱਕੀ ਢਿੱਲੋਂ ਦਾ ਕਹਿਣਾ ਹੈ ਕਿ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟ ਬਣਾਉਣ ਦਾ ਹੀ ਹੱਕ ਤਾਂ ਦਿੱਤਾ ਗਿਆ ਹੈ ਪਰ ਵੋਟਿੰਗ ਦੀ ਵਿਵਸਥਾ ਵੀ ਆਨਲਾਈਨ ਹੋਣੀ ਚਾਹੀਦੀ ਹੈ। ਜੇਕਰ ਅਜਿਹਾ ਹੋ ਜਾਵੇ ਤਾਂ ਪਰਵਾਸੀ ਵੋਟਰਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਜਾਵੇਗੀ।

## ਪੁਰਾਣੇ ਨੀਂਹ ਪੱਥਰ ਕੰਮ ਸ਼ੁਰੂ ਹੋਣ ਦੀ ਉਡੀਕ ਵਿੱਚ

ਬਠਿੰਡਾ ਸੰਸਦੀ ਹਲਕੇ ਵਿੱਚ ਨਵੇਂ ਨੀਂਹ ਪੱਥਰ ਲਗਾਤਾਰ ਰੱਖੇ ਜਾ ਰਹੇ ਹਨ ਜਦੋਂ ਕਿ ਪੁਰਾਣੇ ਨੀਂਹ ਪੱਥਰਾਂ ਵਾਲੇ ਕੰਮ ਹਾਲੇ ਤਕ ਸ਼ੁਰੂ ਨਹੀਂ ਹੋਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਜਨਮ ਦਿਨ 'ਤੇ ਬਠਿੰਡਾ ਸ਼ਹਿਰ ਵਿੱਚ 8 ਦਸੰਬਰ 2007 ਨੂੰ ਕੌਮਾਂਤਰੀ ਕ੍ਰਿਕਟ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ ਸੀ। ਗੱਲ ਸਵਾ ਛੇ ਵਰ੍ਹਿਆਂ ਮਗਰੋਂ ਵੀ ਪੱਥਰ ਤੋਂ ਅਗਾਂਹ ਨਹੀਂ ਵੱਧ ਸਕੀ।

ਸ਼ਹਿਰ ਦੇ ਆਦਰਸ਼ ਨਗਰ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸੀਵਰੇਜ ਪ੍ਰਾਜੈਕਟ ਦਾ ਸਾਲ 2008 ਵਿੱਚ ਨੀਂਹ ਪੱਥਰ ਰੱਖਿਆ ਗਿਆ ਸੀ। 15 ਕਰੋੜ ਰੁਪਏ ਦਾ ਇਹ ਪ੍ਰਾਜੈਕਟ ਹਾਲੇ ਤਕ ਸ਼ੁਰੂ ਨਹੀਂ ਹੋ ਸਕਿਆ । ਇਸੇ ਸਾਲ ਸ਼ਹਿਰ ਦੇ ਮੁਲਤਾਨੀਆਂ ਪੁਲ ਨੇੜੇ ਵਾਟਰ ਸਪਲਾਈ ਪ੍ਰਾਜੈਕਟ ਦਾ ਨੀਂਹ ਪੱਥਰ ਮੁੱਖ ਮੰਤਰੀ ਪੰਜਾਬ ਵੱਲੋਂ ਰੱਖਿਆ ਗਿਆ । ਇਸ ਦਾ ਕੰਮ ਇੱਕ ਸਾਲ ਵਿੱਚ ਮੁਕੰਮਲ ਹੋਣਾ ਸੀ ਪਰ ਅੱਜ ਤੱਕ ਇਹ ਅਧੂਰਾ ਹੀ ਹੈ। ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਸਥਾਨਕ ਸਨਅਤੀ ਗਰੋਥ ਸੈਂਟਰ ਵਿੱਚ ਥਾਣਾ ਸਦਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ ਪਰ ਅੱਜ ਤੱਕ ਇਸ 'ਤੇ ਇੱਕ ਇੱਟ ਵੀ ਨਹੀਂ ਲੱਗੀ ਹੈ। ਥਾਣਾ ਸਦਰ ਅਣਸੁਰੱਖਿਅਤ ਐਲਾਨੀ ਇਮਾਰਤ ਵਿੱਚ ਹੀ ਚੱਲ ਰਿਹਾ ਹੈ। ਤਲਵੰਡੀ ਸਾਬੋ ਵਿੱਚ ਸਪੋਰਟਸ ਅਕੈਡਮੀ ਦਾ ਨੀਂਹ ਪੱਥਰ ਰੱਖਿਆ ਗਿਆ, ਇੱਥੇ ਪੁਰਾਣਾ ਗਰਾਊਂਡ ਵੀ ਪੁੱਟ ਦਿੱਤਾ ਗਿਆ ਅਤੇ ਨਵਾਂ ਕੰਪਲੈਕਸ ਵੀ ਨਹੀਂ ਬਣਿਆ । ਮੁੱਖ ਮੰਤਰੀ ਨੇ ਸਾਲ 2008 ਵਿੱਚ ਤਲਵੰਡੀ ਸਾਬੋ ਵਿੱਚ ਦੋ ਕਰੋੜ ਦੀ ਲਾਗਤ ਨਾਲ ਬਣਨ ਵਾਲੇ ਵਿਰਸਾ ਅਤੇ ਸਭਿਆਚਾਰਕ ਕੇਂਦਰ ਦਾ ਨੀਂਹ ਪੱਥਰ ਰੱਖਿਆ ਸੀ ਪਰ ਹੋਂਦ ਵਿੱਚ ਕੁੱਝ ਵੀ ਨਹੀਂ ਆਇਆ। ਬਠਿੰਡਾ ਨਹਿਰ ਨੂੰ ਪੱਕਾ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਉਪ ਮੁੱਖ ਮੰਤਰੀ ਨੇ ਨਵੰਬਰ 2013 ਵਿੱਚ ਰੱਖਿਆ। ਸਰਕਾਰ ਕੋਲ ਇਸ ਪ੍ਰਾਜੈਕਟ ਲਈ ਫੰਡ ਨਹੀਂ ਹਨ ,ਜਿਸ ਕਰਕੇ ਐਸਟੀਮੇਟ ਵੀ ਪਾਸ ਨਹੀਂ ਹੋ ਸਕਿਆ । ਉਪ ਮੁੱਖ ਮੰਤਰੀ ਨੇ 15 ਕਰੋੜ ਦੀ ਲਾਗਤ ਵਾਲੇ ਬਹਿਮਣ ਰਜਬਾਹੇ ਦਾ ਨਵੰਬਰ ਵਿੱਚ ਹੀ ਨੀਂਹ ਪੱਥਰ ਰੱਖਿਆ ਸੀ ਪਰ ਇਹ ਵੀ ਫੰਡਾਂ ਦੀ ਕਮੀ ਦੀ ਭੇਟ ਚੜ੍ਹ ਗਿਆ।

ਅੱਠ ਨਗਰ ਪੰਚਾਇਤਾਂ ਦੇ ਵਿਕਾਸ ਕੰਮਾਂ ਲਈ ਵੀ ਨੀਂਹ ਪੱਥਰ ਤਾਂ ਰੱਖ ਦਿੱਤੇ ਗਏ ਹਨ ਜਦੋਂ ਕਿ ਇਨ੍ਹਾਂ ਪ੍ਰਾਜੈਕਟਾਂ ਲਈ ਕਰਜ਼ਾ ਅਜੇ ਪਾਸ ਨਹੀਂ ਹੋਇਆ। ਬਾਦਲ ਪਰਿਵਾਰ ਵੱਲੋਂ ਇੱਕ ਹਫਤੇ ਤੋਂ ਬਠਿੰਡਾ ਸੰਸਦੀ ਹਲਕੇ ਵਿੱਚ ਨੀਂਹ ਪੱਥਰ ਲਗਾਤਾਰ ਰੱਖੇ ਜਾ ਰਹੇ ਹਨ। ਇੱਕ ਹਫਤੇ ਵਿੱਚ 80 ਨੀਂਹ ਪੱਥਰਾਂ ਅਤੇ ਉਦਘਾਟਨੀ ਪੱਥਰਾਂ ਤੋਂ ਪਰਦੇ ਹਟਾਏ ਗਏ ਹਨ। ਇਸ ਸਬੰਧੀ ਕਾਂਗਰਸ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਜੱਸੀ ਨੇ ਕਿਹਾ ਕਿ ਲੋਕ ਸਮਝਦਾਰ ਹਨ ਅਤੇ ਉਹ ਨੀਂਹ ਪੱਥਰਾਂ ਦੇ ਝਾਂਸੇ ਵਿੱਚ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਅਜਿਹਾ ਕੀਤਾ ਜਾ ਰਿਹਾ ਹੈ ਜਦੋਂ ਕਿ ਪੁਰਾਣੇ ਰੱਖੇ ਪੱਥਰਾਂ ਦੇ ਕੰਮ ਅੱਜ ਤਕ ਸ਼ੁਰੂ ਨਹੀਂ ਹੋਏ।

## ਪੰਜਾਬੀ ਯੂਨੀਵਰਸਿਟੀ ਵੱਲੋਂ 'ਵਿਕੀਪੀਡੀਆ' ਦੀ ਤਰਜ਼ 'ਤੇ 'ਪੰਜਾਬੀਪੀਡੀਆ' ਜਾਰੀ

ਪੰਜਾਬੀ ਯੂਨੀਵਰਸਿਟੀ ਨੇ ਨਵਾਂ ਮੀਲਪੱਥਰ ਗੱਡਦਿਆਂ 'ਵਿਕੀਪੀਡੀਆ' ਦੀ ਤਰਜ਼ 'ਤੇ 'ਪੰਜਾਬੀਪੀਡੀਆ' ਜਾਰੀ ਕੀਤਾ ਹੈ। ਇਹ ਪੰਜਾਬੀ ਭਾਸ਼ਾ ਨਾਲ ਸਬੰਧਤ ਇੰਟਰਨੈੱਟ 'ਤੇ ਪ੍ਰਾਪਤ ਪਹਿਲਾ ਵੱਡਆਕਾਰੀ ਕੋਸ਼ ਹੋਵੇਗਾ। ਇਸ ਵਿਚ 72 ਹਜ਼ਾਰ ਇੰਦਰਾਜ ਪਾਏ ਗਏ ਹਨ ਅਤੇ ਇਹ ਅੰਕੜਾ ਲੱਖਾਂ ਵਿੱਚ ਲਿਜਾਣ ਦਾ ਟੀਚਾ ਹੈ।

ਡਾ. ਦੇਵਿੰਦਰ ਸਿੰਘ ਦੀ ਅਗਵਾਈ ਹੇਠ ਡਾ. ਰਾਜਵਿੰਦਰ ਸਿੰਘ ਢੀਂਡਸਾ, ਚਰਨਜੀਵ ਸਿੰਘ ਅਤੇ ਸੀ.ਪੀ. ਕੰਬੋਜ 'ਤੇ ਆਧਾਰਤ ਟੀਮ ਵੱਲੋਂ ਤਿਆਰ ਕੀਤੇ ਗਏ ਇਸ ਪੰਜਾਬੀਪੀਡੀਆ ਵਿੱਚ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਦੀਆਂ ਪ੍ਰਕਾਸ਼ਨਾਵਾਂ 'ਤੇ ਆਧਾਰਤ ਵਿਸ਼ਵਕੋਸ਼ਾਂ ਦੇ ਇੰਦਰਾਜ ਪਾਏ ਗਏ ਹਨ। ਇਨ੍ਹਾਂ ਵਿੱਚ ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਨਾਲ ਸਬੰਧਤ ਬਾਲ ਵਿਸ਼ਵਕੋਸ਼, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ ਤਕਨੀਕੀ ਸ਼ਬਦਾਵਲੀ ਕੋਸ਼, ਕਾਨੂੰਨ ਨਾਲ ਸਬੰਧਤ ਕਾਨੂੰਨ ਵਿਸ਼ਾ ਕੋਸ਼, ਸਮਾਜ ਵਿਗਿਆਨ ਦਾ ਵਿਸ਼ਾਕੋਸ਼, ਸਿੱਖ ਧਰਮ ਵਿਸ਼ਵਕੋਸ਼, ਖੇਡ ਵਿਸ਼ਾ ਕੋਸ਼, ਰਾਜਨੀਤੀ ਵਿਗਿਆਨ ਵਿਸ਼ਾ ਕੋਸ਼, ਵਾਤਾਵਰਨ ਵਿਸ਼ਾ ਕੋਸ਼, ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼, ਕੰਪਿਊਟਰ ਵਿਗਿਆਨ, ਜੁਗਰਾਫ਼ੀਏ ਦਾ ਵਿਸ਼ਾ ਕੋਸ਼ ਅਤੇ ਸਿੱਖ ਪੰਥ ਵਿਸ਼ਵਕੋਸ਼ ਆਦਿ ਸ਼ਾਮਲ ਹਨ।

ਇਸ ਪ੍ਰਾਜੈਕਟ ਦਾ ਉਦਘਾਟਨ ਕਰਦਿਆਂ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇੰਟਰਨੈੱਟ 'ਤੇ ਉਪਲਬਧ ਸਮੱਗਰੀ ਦੀ ਅਕਾਦਮਿਕ ਭਰੋਸੇਯੋਗਤਾ ਬਰਕਰਾਰ ਰੱਖਣ ਅਤੇ ਪੰਜਾਬੀ ਜ਼ੁਬਾਨ ਵਿੱਚ ਵੱਧ ਤੋਂ ਵੱਧ ਸਮੱਗਰੀ ਮੁਹੱਈਆ ਕਰਵਾਉਣ ਲਈ ਯੂਨੀਵਰਸਿਟੀ ਵੱਲੋਂ ਆਨਲਾਈਨ ਵਿਸ਼ਵਕੋਸ਼ ਦਾ ਇਹ ਇੱਕ ਵਿਆਪਕ ਪ੍ਰਾਜੈਕਟ ਆਰੰਭਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿਚਲੇ 72 ਹਜ਼ਾਰ ਇੰਦਰਾਜਾਂ ਨੂੰ 72 ਲੱਖ ਤੱਕ ਲਿਜਾਇਆ ਜਾਵੇਗਾ। ਇਹ ਵਿਸ਼ਵਕੋਸ਼ ਇੰਟਰਨੈੱਟ 'ਤੇ ਮੁਫ਼ਤ ਉਪਲਬਧ ਹੋਵੇਗਾ। ਇਸ ਵਿਚਲੀ ਸਮੱਗਰੀ ਇੰਦਰਾਜਾਂ ਦੇ ਰੂਪ 'ਚ ਹੋਣ ਕਾਰਨ ਇਸ ਨੂੰ ਗੂਗਲ ਸਰਚ ਇੰਜਣ ਰਾਹੀਂ ਵੀ ਲੱਭਿਆ ਜਾ ਸਕਦਾ ਹੈ। ਪੰਜਾਬੀ ਦੀ ਵੱਧ ਤੋਂ ਵੱਧ ਸਮੱਗਰੀ ਦਾ ਵਿਸ਼ਵ ਪੱਧਰ 'ਤੇ ਫੈਲਾਅ ਕਰਨਾ ਯੂਨੀਵਰਸਿਟੀ ਦਾ ਮੁੱਖ ਮੰਤਵ ਹੈ।

'ਪੰਜਾਬੀਪੀਡੀਆ' ਪ੍ਰਾਜੈਕਟ ਦੇ ਕੋਆਰਡੀਨੇਟਰ ਡਾ. ਦੇਵਿੰਦਰ ਸਿੰਘ ਨੇ ਕਿਹਾ ਕਿ ਇੰਟਰਨੈੱਟ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਗਿਆਨ-ਵਿਗਿਆਨ 'ਤੇ ਨਿਰਭਰ ਹੁੰਦੀ ਜਾ ਰਹੀ ਹੈ। ਇੰਟਰਨੈੱਟ 'ਤੇ ਉਪਲਬਧ ਗੈਰ-ਭਰੋਸੇਯੋਗ ਅਤੇ ਗੈਰ-ਪ੍ਰਵਾਨਤ ਸਮੱਗਰੀ ਗਲਤ ਜਾਣਕਾਰੀ ਮੁਹੱਈਆ ਕਰਵਾ ਰਹੀ ਹੈ ਜਦਕਿ ਪੰਜਾਬੀਪੀਡੀਆ ਪੰਜਾਬੀ ਪਾਠਕਾਂ ਨੂੰ ਹਰੇਕ ਖੇਤਰ ਦੀ ਭਰੋਸੇਯੋਗ ਸਮੱਗਰੀ ਮੁਹੱਈਆ ਕਰਵਾਏਗਾ। ਡਾ. ਰਾਜਵਿੰਦਰ ਸਿੰਘ ਨੇ ਵੀਡੀਓ ਪ੍ਰਸਤੁਤੀ ਰਾਹੀਂ ਪੰਜਾਬੀਪੀਡੀਆ ਦੀ ਵੈੱਬਸਾਈਟ (www.punjabipedia.org) ਨੂੰ ਵਰਤਣ ਬਾਰੇ ਦੱਸਿਆ।

## ਚੰਡੀਗੜ੍ਹ ਤੋਂ ਸਵਿਤਾ ਭੱਟੀ ਤੇ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ 'ਆਪ' ਦੇ ਉਮੀਦਵਾਰ

ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਲਈ 20 ਉਮੀਦਵਾਰਾਂ ਦੀ ਤੀਜੀ ਸੂਚੀ ਦਾ ਐਲਾਨ ਕਰ ਦਿੱਤਾ ਹੈ। ਚੰਡੀਗੜ੍ਹ ਤੋਂ ਹਾਸਰਸ ਕਲਾਕਾਰ ਮਰਹੂਮ ਜਸਪਾਲ ਭੱਟੀ ਦੀ ਪਤਨੀ ਸਵਿਤਾ ਭੱਟੀ ਨੂੰ ਉਮੀਦਵਾਰ ਬਣਾਇਆ ਗਿਆ ਹੈ ਜਦਕਿ ਉੱਤਰ-ਪੂਰਬੀ ਦਿੱਲੀ ਤੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਆਨੰਦ ਕੁਮਾਰ ਨੂੰ ਟਿਕਟ ਦਿੱਤੀ ਗਈ ਹੈ। ਆਪ ਨੇ ਹੁਣ ਤੱਕ 70 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਦੇ ਉੱਤਰ -ਪੱਛਮੀ ਇਲਾਕੇ ਤੋਂ ਆਪ ਨੇ ਸਮਾਜਿਕ ਕਾਰਕੁਨ ਮਹਿੰਦਰ ਸਿੰਘ ਨੂੰ ਟਿਕਟ ਦਿੱਤੀ ਹੈ। ਪਾਰਟੀ ਨੇ ਹੁਣ ਤੱਕ ਦੱਖਣੀ ਦਿੱਲੀ ਅਤੇ ਨਵੀਂ ਦਿੱਲੀ ਸੀਟਾਂ ਨੂੰ ਛੱਡ ਕੇ ਦਿੱਲੀ ਦੀਆਂ ਬਾਕੀ 5 ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਕਰ ਲਈ ਹੈ।



ਇਸੇ ਤਰ੍ਹਾਂ ਲੁਧਿਆਣਾ ਵਿੱਚ ਐਡਵੋਕੇਟ ਐਚ.ਐਸ. ਫੂਲਕਾ ਤੋਂ ਬਾਅਦ ਪੰਜਾਬ ਵਿੱਚ ਇਕ ਹੋਰ ਉਮੀਦਵਾਰ ਦਾ ਐਲਾਨ ਕਰਦਿਆਂ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਨੂੰ ਮੈਦਾਨ ਵਿੱਚ ਉਤਾਰਿਆ ਹੈ। ਪਾਰਟੀ ਵੱਲੋਂ ਐਲਾਨੀਆਂ ਗਈਆਂ ਸੀਟਾਂ ਵਿੱਚੋਂ ਪੰਜਾਬ ਦੀ ਇੱਕ ਪਟਿਆਲਾ ਸੀਟ ਦਾ ਐਲਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਟਿਆਲਾ ਇਲਾਕੇ ਵਿੱਚ ਡਾ. ਧਰਮਵੀਰ ਗਾਂਧੀ 'ਆਪ' ਦੇ ਆਗੂ ਵਜੋਂ ਸਭ ਤੋਂ ਵੱਧ ਚਰਚਿਤ ਹਨ।



ਇਸ ਟਿਕਟ ਲਈ ਇਥੋਂ ਜ਼ਿਲ੍ਹਾ ਕਨਵੀਨਰ ਕੁੰਦਨ ਗੋਗੀਆ ਸਮੇਤ ਦੋ ਦਰਜਨ ਆਗੂਆਂ ਨੇ ਅਰਜ਼ੀਆਂ ਦਿੱਤੀਆਂ ਸਨ ਪਰ ਸ੍ਰੀ ਗਾਂਧੀ ਟਿਕਟ ਹਾਸਲ ਕਰਨ ਵਿੱਚ ਸਫਲ ਰਹੇ। ਉਨ੍ਹਾਂ ਦੇ ਮੈਦਾਨ ਵਿਚ ਆ ਜਾਣ ਨਾਲ ਇਥੇ ਮੁਕਾਬਲਾ ਦਿਲਚਸਪ ਬਣਨ ਦੇ ਆਸਾਰ ਹਨ।


ALBERTA CARPET CENTRE LTD.
FLOOR COVERING CARPET LINO TILES GRANITE SLATE AREA RUGS HARDWOOD & LAMINATE
4238 99 St. Edmonton
GLASS MOSAICS STARTING AT 4.99/SF (4260 SF IN STOCK)
CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT
MILLION DOLLAR INVENTORY REDUCTION SALE
PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)
SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON
MAPLEHARDWOOD 4/4 x 5/8" 3.99 / SF (4,000 SF IN STOCK)
HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE
SUPER BLOWOUT SALE!
CALL BALBIR SINGH JAGGI
780 435 9410
Fax: 780 435 2596


ROCKY'S PIZZA
Phone 780-423-2323
4227 - 23 Ave Edmonton, AB T6L 5Z8
Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday
ROCKY's PIZZA
PACKS A LOT OF PUNCH!!
780 423 2323


Lunch & Dinner Buffet
ALL INDIA
RESTAURANT & SWEETS
780-463-7770 + 4249 - 23 Ave Edmonton, AB T6L 5Z8 + www.allindiarestaurant.ca

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60% Payment Options available

### Western Canada's

Biggest Brokers Team, designed to serve Canadian's with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND
100 YEAR & BEYOND
SMI SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਮਨਿੰਦਰ ਕੌਰ, ਜ਼ੌਸ਼ ਡੈਨੀਅਲ, ਅਮਨ ਖਰੌੜ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominiums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

**PIZZA 99**



ਪਰਮਜੀਤ ਸਿੰਘ ਬਾਠ



Serving for over 16 years

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE    1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।



Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal (780) 297-9165

**EconoLodge** BY CHOICE HOTELS

**Red Deer Econo Lodge Inn & Suites**

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨੈਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

CONSERVATIVE PARTY OF CANADA NOMINATION ELECTIONS 2014

for 2015 Federal Elections



Vote & Support



**Mohinder BANGA**

Running for
Nomination Elections 2014
From Edmonton-Wetaskiwin
as a Member of Parliament (MP)
for Conservative Party of Canada

*Iqbal Mahal @ 780-995-7035, Kashmir Gill @ 780-951-2772*
*or Mohinder Banga @ 780-913-1820*








S&M MEATS
*Quality with Taste*

Takeout
Catering Services Available

ਦਿਲਾਵਰ ਸਿੰਘ ਸਮਰਾ

Open 7 DAYS a Week



Ph : (403) 280-1926

Unit 208, 30
Country Hills Landing
NW Calgary, AB

# ਯਹੀ ਜੀਨੇ ਔਰ ਮਰਨੇ ਕੇ ਬਹਾਨੇ ਹੈਂ...




ਕੈਲਗਰੀ (ਨਦਬ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਦਿਆਂ ਸੁਰਜੀਤ ਸਿੰਘ ਸੀਤਲ 'ਪਨੂੰ' ਨੂੰ ਪ੍ਰਧਾਨਗੀ ਦਾ ਸੱਦਾ ਦਿੱਤਾ। ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹ ਕੇ ਸੁਣਾਈ ਜੋ ਸਭਾ ਵਲੋਂ ਪ੍ਰਵਾਨ ਕੀਤੀ ਗਈ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜੱਸ ਚਾਹਲ ਨੇ ਡਾ. ਮਨਮੋਹਨ ਸਿੰਘ ਬਾਠ ਨੂੰ ਸੱਦਾ ਦਿੱਤਾ, ਜਿਨ੍ਹਾਂ ਮੁਹੰਮਦ ਰਫ਼ੀ ਦਾ ਹਿੰਦੀ ਫ਼ਿਲਮੀ ਗੀਤ ਤਰੱਨਮ ਵਿਚ ਪੇਸ਼ ਕੀਤਾ। ਰਣਜੀਤ ਸਿੰਘ ਮਿਨਹਾਸ ਨੇ ਆਪਣੀ ਕਵਿਤਾ ਰਾਹੀਂ ਭਾਰਤੀ ਸਮਾਜ ਨੂੰ ਚੇਤਨ ਹੋਣ ਦਾ ਸੁਨੇਹਾ ਦਿੱਤਾ। ਮੋਹਸਿਨ ਆਜ਼ਮੀ ਨੇ ਆਪਣੇ ਪਿਤਾ ਦੀ ਲਿਖੀ ਕਿਤਾਬ 'ਇਸਤੇਗਾਸਾ' ਵਿਚੋਂ ਬਹੁਤ ਖ਼ੂਬਸੂਰਤ ਮਰਸਿਆ ਸਾਂਝਾ ਕੀਤਾ। ਹਰਨੇਕ ਸਿੰਘ ਬੱਧਨੀ ਦੀ ਕਵਿਤਾ ਨੇ ਚੰਗਾ ਸਮਾਂ ਆਉਣ ਦੀ ਆਸ ਜਗਾਈ। ਜਗਜੀਤ ਸਿੰਘ ਰਾਹਸੀ ਨੇ ਉਰਦੂ ਦੇ ਕੁਝ ਸ਼ੇਅਰ ਸੁਣਾਏ ਅਤੇ ਮੁਹੰਮਦ ਰਫ਼ੀ ਦਾ ਹਿੰਦੀ ਗੀਤ ਗਾ ਕੇ ਵਾਹ-ਵਾਹ ਲਈ।

ਮੋਹਨ ਸਿੰਘ ਮਿਨਹਾਸ ਨੇ ਅੰਗਰੇਜ਼ੀ ਦਾ ਲੇਖ ਪੜ੍ਹ ਕੇ ਸੁਣਾਇਆ। ਪ੍ਰਭਦੇਵ ਗਿਲ ਹੋਰਾਂ ਪਰਵਾਸੀ ਜ਼ਿੰਦਗੀ ਬਾਰੇ ਚਰਚਾ ਕਰਦਿਆਂ ਦਸਿਆ ਕਿ ਕਿੰਨਾ ਮੁਸ਼ਕਲ ਹੁੰਦਾ ਹੈ ਅਧੇੜ ਉਮਰ ਵਿਚ ਆਏ ਲੋਕਾਂ ਲਈ ਦੋਹਰੀ ਵਤਨ-ਪਰਸਤੀ ਨਿਭਾਉਣਾ। ਸੁਰਜੀਤ ਸਿੰਘ ਸੀਤਲ 'ਪਨੂੰ' ਹੋਰਾਂ ਕੁਝ ਉਰਦੂ ਅਤੇ ਪੰਜਾਬੀ ਰੁਬਾਈਆਂ ਅਤੇ ਪੰਜਾਬੀ ਗ਼ਜ਼ਲ ਸੁਣਾਈ।

ਜੱਸ ਚਾਹਲ ਨੇ ਤਿਲੋਕ ਚੰਦ 'ਮਹਰੂਮ' ਦੀ ਉਰਦੂ ਨਜ਼ਮ ਨਾਲ ਬੁਲਾਰਿਆਂ ਵਿਚ ਹਾਜ਼ਰੀ ਲਵਾਈ
-'ਦਿਨ ਕੋ ਭੀ ਯਹਾਂ ਸ਼ਬ ਕੀ ਸਿਯਾਹੀ ਕਾ ਸਮਾਂ ਹੈ
ਕਹਤੇ ਹੈਂ ਯਹ ਆਰਾਮ ਗਾਹ-ਏ ਨੂਰ ਜਹਾਂ ਹੈ।
ਮੁੱਦਤ ਹੁਈ ਵੋ ਸ਼ਮ੍ਹਾ ਤਹੇ - ਖ਼ਾਕ ਨਿਹਾਂ ਹੈ
ਉਠਤਾ ਮਗਰ ਅਬ ਤਕ ਸਰ-ਏ-ਮਰਕਦ ਸੇ ਧੂਆਂ ਹੈਂ'

ਜਾਵੇਦ ਨਿਜ਼ਾਮੀ ਨੇ ਅਪਣੀਆਂ ਉਰਦੂ ਨਜ਼ਮਾਂ ਸੁਣਾ ਵਾਹ-ਵਾਹ ਲਈ -
'ਉਭਰਤੀ ਡੂਬਤੀ ਹੈਂ ਯਾਦੇਂ
ਕਭੀ ਯਕੀਂ ਕੀ ਤਰਹ ਕਭੀ ਗੁਮਾਂ ਕੀ ਸੂਰਤ।
ਯਹੀ ਜੀਨੇ ਔਰ ਮਰਨੇ ਕੇ ਬਹਾਨੇ ਹੈਂ
ਕਭੀ ਅਮ੍ਰਿਤ ਕੀ ਤਰਹ ਕਭੀ ਜ਼ਹਰ ਕੀ ਮਾਨਿੰਦ'

ਸੁਰਿੰਦਰ ਸਿੰਘ ਢਿੱਲੋਂ ਨੇ ਜਗਜੀਤ ਸਿੰਘ ਦਾ ਗਾਇਆ ਹਿੰਦੀ ਗੀਤ ਗਾ ਕੇ ਸਮਾਂ ਬੰਨ੍ਹ ਦਿੱਤਾ। ਰਾਈਟਰਜ਼ ਫੋਰਮ ਵਲੋਂ ਹਾਜ਼ਰੀਨ ਲਈ ਚਾਹ ਅਤੇ ਸਨੈਕਸ ਦਾ ਢੁਕਵਾਂ ਪ੍ਰਬੰਧ ਕੀਤਾ ਗਿਆ ਸੀ। ਜੱਸ ਚਾਹਲ ਨੇ ਸਭਾ ਵਿਚ ਆਉਣ ਲਈ ਸਭ ਦਾ ਧੰਨਵਾਦ ਕੀਤਾ ਤੇ ਅਗਲੀ ਇਕਤਰਤਾ ਲਈ ਸਾਰਿਆਂ ਨੂੰ ਪਿਆਰ ਭਰਿਆ ਸੱਦਾ ਦਿੱਤਾ।

ਰਾਈਟਰਜ਼ ਫੋਰਮ ਦਾ ਮੁੱਖ ਉਦੇਸ਼ ਕੈਲਗਰੀ ਨਿਵਾਸੀ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਦੇ ਸਾਹਿਤ ਪ੍ਰੇਮੀਆਂ ਤੇ ਲਿਖਾਰੀਆਂ ਨੂੰ ਇਕ ਮੰਚ 'ਤੇ ਇਕੱਠੇ ਕਰਨਾ ਤੇ ਸਾਂਝਾ ਪਲੇਟਫਾਰਮ ਪ੍ਰਦਾਨ ਕਰਨਾ ਹੈ ਜੋ ਜੋੜਵੇਂ ਪੁਲ ਦਾ ਕੰਮ ਕਰੇਗਾ। ਸਾਹਿਤ/ ਅਦਬ ਰਾਹੀਂ ਬਣੀ ਇਹ ਸਾਂਝ, ਮਾਨਵੀ ਤੇ ਅਮਨ ਹਾਮੀ ਤਾਕਤਾਂ ਤੇ ਯਤਨਾਂ ਨੂੰ ਵੀ ਮਜ਼ਬੂਤ ਕਰੇਗੀ ਤੇ ਇਥੋਂ ਦੇ ਜੀਵਣ ਨਾਲ ਵੀ ਸਾਂਝ ਪਾਵੇਗੀ।

ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਹਰ ਮਹੀਨੇ ਪਹਿਲੇ ਸ਼ਨਿੱਚਰਵਾਰ ਕੋਸੋ ਹਾਲ ਹੁੰਦੀ ਹੈ ਜਿਸ ਵਿਚ ਸਾਹਿਤ ਪ੍ਰੇਮੀਆਂ ਤੇ ਸਾਹਿਤਕਾਰਾਂ ਦਾ ਨਿੱਘਾ ਸਵਾਗਤ ਹੈ।

## ਖ਼ਾਲਸਾ ਸਿਰਜਣਾ ਦਿਵਸ ਸਬੰਧੀ ਨਗਰ ਕੀਰਤਨ

ਐਡਮਿੰਟਨ (ਨਦਬ) : ਵਿਸਾਖੀ ਨਗਰ ਕੀਰਤਨ ਕਮੇਟੀ ਐਡਮਿੰਟਨ ਵਲੋਂ ਖ਼ਾਲਸਾ ਸਿਰਜਣਾ ਦਿਵਸ ਨੂੰ ਸਮਰਪਤ ਨਗਰ ਕੀਰਤਨ 18 ਮਈ 2014 (ਵਿਕਟੋਰੀਆ ਡੇਅ ਵੀਕਐਂਡ) ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਪ੍ਰਬੰਧਕ ਨੇ ਇਸ ਨਗਰ ਕੀਰਤਨ ਵਿਚ ਪਹੁੰਚਣ ਲਈ ਸੰਗਤ ਨੂੰ ਅਪੀਲ ਕਰਦਿਆਂ ਦੱਸਿਆ ਕਿ ਨਗਰ ਕੀਰਤਨ ਗੁਰਦੁਆਰਾ ਮਿਲਵੁੱਡਜ਼ ਸਾਹਿਬ ਤੋਂ ਸਵੇਰ ਸਮੇਂ ਆਰੰਭ ਹੋਵੇਗਾ ਤੇ ਇਸ ਦੀ ਸਮਾਪਤੀ ਸ਼ਾਮ ਨੂੰ 5 ਵਜੇ ਇਸੇ ਅਸਥਾਨ 'ਤੇ ਹੋਵੇਗੀ। ਖ਼ਾਲਸੇ ਦੇ ਸਿਰਜਣ ਦਿਵਸ ਸਬੰਧੀ ਹੀ 19 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਕਿਹਾ ਕਿ ਜਿਨ੍ਹਾਂ ਨੇ ਵੀ ਅੰਮ੍ਰਿਤ ਛਕਣਾ ਹੈ, ਉਹ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਕਮੇਟੀ ਪਾਸ ਆਪਣੇ ਨਾਮ ਦਰਜ ਕਰਵਾਉਣ। ਲੋੜੀਂਦੇ ਕਰਾਰ ਗੁਰਦੁਆਰਾ ਸਾਹਿਬ ਤੋਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹੋਰ ਜਾਣਕਾਰੀ ਲਈ ਸਕੱਤਰ ਕਰਨੈਲ ਸਿੰਘ ਭੰਮਰਾ ਨਾਲ 780-990-6166 ਅਤੇ ਚੇਅਰਮੈਨ ਗੁਰਚਰਨ ਸਿੰਘ ਸੰਘਾ ਨਾਲ 780-462-0292 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਸਾਹਿਤਕ ਰੰਗ ਬਿਖੇਰਿਆ




ਕੈਲਗਰੀ (ਨਦਬ) ਪੰਜਾਬੀ ਲਿਖਾਰੀ ਸਭਾ ਦੀ ਮੀਟਿਗ ਕੋਸੋ ਦੇ ਦਫ਼ਤਰ ਵਿਚ ਹਰੀਪਾਲ ਦੀ ਪ੍ਰਧਾਨਗੀ ਹੇਠ ਹੋਈ। ਖ਼ਰਾਬ ਮੌਸਮ ਹੋਣ ਦੇ ਬਾਵਜੂਦ ਲੋਕੀਂ ਵਹੀਰਾਂ ਘੱਤ ਕੇ ਪਹੁੰਚੇ। ਜਨਰਲ ਸਕੱਤਰ ਸੁੱਖਪਾਲ ਪਰਮਾਰ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ 19 ਅਪ੍ਰੈਲ ਨੂੰ ਬੱਚਿਆਂ ਦੇ ਪੰਜਬੀ ਬੋਲਣ ਦੇ ਹੋ ਰਹੇ ਮੁਕਾਬਲਿਆਂ ਬਾਰੇ ਦੱਸਿਆ। ਲਿਖਾਰੀ ਸਭਾ ਸਕੱਤਰ ਬਲਵੀਰ ਗੋਰਾ ਦੇ ਪਿਤਾ ਕਰਤਾਰ ਸਿੰਘ ਕੁਲਾਰ ਦੇ ਇਸ ਦੁਨੀਆ ਤੋਂ ਅਚਾਨਕ ਵਿਛੋੜਾ ਦੇ ਜਾਣ 'ਤੇ ਸ਼ੋਕ ਮਤਾ ਪਾਇਆ। ਕੈਲਗਰੀ ਦੀ ਫੇਰੀ 'ਤੇ ਆਏ ਡਾ. ਸੰਪੂਰਨ ਸਿੰਘ ਚਾਨੀਆ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ। ਲੋਕ ਸੱਥ ਰੇਡੀਉ ਦੇ ਸੰਚਾਲਕ ਡੈਨ ਸਿੱਧੂ ਪ੍ਰਧਾਨਗੀ ਮੰਡਲ ਮੰਡਲ ਵਿਚ ਹਾਜ਼ਰ ਸਨ। ਸਿੱਧੂ ਨੇ 23 ਮਾਰਚ ਨੂੰ ਭਗਤ ਸਿੰਘ 'ਤੇ ਖੇਡੇ ਜਾ ਰਹੇ ਨਾਟਕ ਬਾਰੇ ਜਾਣਕਾਰੀ ਦਿੱਤੀ। ਡਾ. ਸੰਪੂਰਨ ਸਿੰਘ, ਰਣਜੀਤ (ਸੋਮਾ) ਮਿਨਹਾਸ, ਜੋਗਿੰਦਰ ਸੰਘਾ, ਬਲਜਿੰਦਰ ਸੰਘਾ, ਜਸਵੀਰ ਸਹੋਤਾ, ਮਹਿੰਦਰਪਾਲ ਸਿੰਘ ਪਾਲ, ਰਣਜੀਤ ਲਾਡੀ, ਹਰਨੇਕ ਬੰਧਨੀ, ਅਵਿਨਾਸ਼ ਅਵੀ, ਅਵਿਨੰਦਰ ਨੂਰ, ਗੁਰਚਰਨ ਹੇਅਰ, ਬੀਜਾ ਰਾਮ, ਸਰੂਪ ਮੰਡੇਰ, ਜਗਵੰਤ ਗਿੱਲ, ਜੋਰਾਵਰ ਬਾਂਸਲ, ਤਰਲੋਚਨ ਸੈਂਭੀ ਅਤੇ ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਨ੍ਹਾਂ ਤੋਂ ਇਲਾਵਾ ਸਭਾ ਵਿਚ ਹਰਭਜਨ ਸਿੰਘ ਬੱਲ, ਪਵਨਦੀਪ ਕੌਰ ਬਾਂਸਲ, ਮਨਜੀਤ ਸਿੰਘ ਵੀ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਵਲੋਂ ਪ੍ਰੋਗਰਾਮਾਂ ਦੀ ਰੂਪ-ਰੇਖਾ ਤਿਆਰ

ਬਰੈਂਪਟਨ: (ਨਦਬ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਦੀ ਕਾਰਜਕਰਨੀ ਦੀ ਬੈਠਕ ਦੌਰਾਨ ਸੁਸਾਇਟੀ ਵਲੋਂ ਇਸ ਸਾਲ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ ਅਤੇ ਮੁੱਖ ਪ੍ਰੋਗਰਾਮਾਂ ਦੀਆਂ ਤਰੀਕਾਂ ਵੀ ਨਿਸ਼ਚਤ ਕੀਤੀਆਂ ਗਈਆਂ। ਮੀਟਿੰਗ ਵਿਚ ਸਾਮਜਕ ਮੁੱਦਿਆਂ 'ਤੇ ਚਰਚਾ ਵੀ ਹੋਈ। ਪਹਿਲਾ ਪ੍ਰੋਗਰਾਮ 2 ਮਾਰਚ ਨੂੰ ਇਸਤਰੀ ਦਿਵਸ ਨੂੰ ਸਮਰਪਤ ਰਿਹਾ। ਇਸ 6 ਅਪ੍ਰੈਲ ਨੂੰ ਦੂਜਾ ਪ੍ਰੋਗਰਾਮ ਸਾਊਥ ਫਲੈਚਰ ਸਪੋਰਟਸ ਕੰਪਲੈਕਸ ਵਿਚ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਸ਼ਹੀਦੀ ਨੂੰ ਯਾਦ ਕਰਦਿਆਂ, ਉਨ੍ਹਾਂ ਦੇ ਸੁਪਨਿਆਂ ਵਾਲੇ ਸਮਾਜ ਦੀ ਸਿਰਜਣਾ ਵੱਲ ਵਧਣ ਲਈ, ਕੀ ਕਰਨਾ ਚਾਹੀਦਾ ਹੈ, ਬਾਰੇ ਸੇਧਤ ਰਹੇਗਾ। ਗਰਮੀਆਂ ਦੇ ਦਿਨਾਂ ਵਿਚ ਤਰਕਸ਼ੀਲ ਸੁਸਾਇਟੀ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਰਹੇ ਸਾਥੀਆਂ ਦਾ ਧੰਨਵਾਦ ਕਰਨ ਲਈ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ ਹੈ, ਜੋ 24 ਜੁਲਾਈ ਨੂੰ ਕੀਤੀ ਜਾਣੀ ਹੈ। ਸੁਸਾਇਟੀ ਵਲੋਂ ਕਰਵਾਏ ਜਾਂਦੇ ਸਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਲ ਕਲਾਕਾਰਾਂ ਅਤੇ ਵਿੱਤੀ ਸਹਾਇਤਾ ਦੇਣ ਵਾਲੇ ਵਪਾਰਕ ਅਦਾਰਿਆਂ ਨਾਲ ਸਬੰਧਤ ਸਾਥੀਆਂ ਨੂੰ ਖਾਸ ਕਰ ਕੇ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ। ਵਹਿਮਾਂ ਭਰਮਾਂ ਅਤੇ ਹੋਰ ਸਮਾਜਕ ਮੁੱਦਿਆਂ, ਜੋ ਲੋਕਾਂ ਨੂੰ ਵਿੱਤੀ ਮੁਸ਼ਕਲਾਂ ਵਿਚ ਪਾ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਅੜਿਕਾ ਬਣਦੇ ਹਨ, ਬਾਰੇ ਚੇਤਨਾ ਲਿਆਉਣ ਹਿਤ, ਪੀਅਰਸਨ ਥੀਏਟਰ ਵਿਚ 24 ਅਗਸਤ ਨੂੰ ਨਾਟਕ ਮੇਲਾ ਕਰਵਾਇਆ ਜਾਵੇਗਾ, ਜਿਸ ਵਿਚ ਉੱਚ ਪੱਧਰ ਦੇ ਨਾਟਕਾਂ ਤੋਂ ਇਲਾਵਾ ਅਗਾਂਹ ਵਧੂ ਗੀਤ ਸੰਗੀਤ ਵੀ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ ਸਮੇਂ ਸਮੇਂ ਪੰਜਾਬੀ ਭਾਈਚਾਰੇ ਵਿਚ ਉਠਦੇ ਸਮਾਜਕ ਮਸਲਿਆਂ 'ਤੇ ਵਿਚਾਰ ਕਰਨ ਲਈ ਲੋੜ ਅਨੁਸਾਰ ਪ੍ਰੋਗਰਾਮ ਉਲੀਕਣ ਦਾ ਫ਼ੈਸਲਾ ਵੀ ਕਾਰਜਕਰਨੀ ਵਲੋਂ ਲਿਆ ਗਿਆ। ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਲਈ ਕਮੇਟੀਆਂ ਦਾ ਵੀ ਗਠਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੀ ਕਾਰਜਕਰਨੀ ਨੂੰ ਸਹੀ ਸੇਧ ਦੇਣ ਅਤੇ ਮੈਂਬਰਾਂ ਵਲੋਂ ਵੱਖ ਵੱਖ ਮੁੱਦਿਆਂ ਪ੍ਰਤੀ ਸਹੀ ਸੋਚ ਅਪਣਾਉਣ ਹਿਤ ਵਿਚਾਰ ਵਟਾਂਦਰਾ ਕਰਨ ਲਈ ਸਮੇਂ ਸਮੇਂ ਸਾਰੇ ਮੈਂਬਰਾਂ ਦੀਆਂ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਰਹਿਣਗੀਆਂ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਡਾ. ਬਲਜਿੰਦਰ ਸਿੰਘ ਸੇਖੋਂ (905-781-1197) ਜਾਂ ਨਛੱਤਰ ਵਿਦੇਸ਼ਾ (647-267-3397) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅਰਪਨ ਲਿਖਾਰੀ ਸਭਾ ਦੀ ਮੀਟਿੰਗ 'ਚ ਸਾਹਿਤਕ ਵਿਚਾਰਾਂ ਹੋਈਆਂ

ਕੈਲਗਰੀ (ਨਦਬ) : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਹੀਨਾਵਾਰ ਇਕੱਤਰਤਾ ਵਿਚ ਭਾਰਤ ਤੋਂ ਪਹੁੰਚੇ ਹਰਨੇਕ ਸਿੰਘ ਬੱਧਨੀ ਨੇ ਅਜੋਕੇ ਪੰਜਾਬ ਦੇ ਹਾਲਾਤ ਨੂੰ ਬਿਆਨ ਕਰਦੀ ਗ਼ਜ਼ਲ ਪੇਸ਼ ਕੀਤੀ। ਸਰੂਪ ਸਿੰਘ ਮੰਡੇਰ ਨੇ 'ਚਮਕੌਰ ਦੀ ਗੜ੍ਹੀ' ਨਾਮੀ ਕਵਿਤਾ ਕਵੀਸ਼ਰੀ ਰੰਗ 'ਚ ਸੁਣਾਈ। ਜਗਵੰਤ ਗਿੱਲ ਨੇ ਦੋ ਕਵਿਤਾਵਾਂ ਨਾਲ ਹਾਜ਼ਰੀ ਲੁਆਈ। ਕੁਲਦੀਪ ਕੌਰ ਘਟੌੜਾ ਨੇ ਵੀ ਕਵਿਤਾ ਸੁਣਾਈ। ਖਾਲਸਾ ਢਾਡੀ ਜਥਾ ਕੈਲਗਰੀ ਨੇ ਭਾਈ ਜਗਰਾਜ ਸਿੰਘ ਦੀ ਲਿਖੀ ਕਵਿਤਾ 'ਪੱਗ ਦੀ ਸ਼ਾਨ' ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਪਾਕਿਸਤਾਨੀ ਕਵੀ ਅਕਰਮ ਪਾਸਾ ਨੇ 'ਇਕਲੌਤਾ ਪੰਜਾਬ' ਨਾਮ ਕਵਿਤਾ ਸੁਣਾ ਕੇ ਸਾਂਝੇ ਪੰਜਾਬ ਵਾਲੇ ਪਿਆਰ ਦੀ ਭਾਵਨਾ ਪੇਸ਼ ਕੀਤੀ। ਇਨ੍ਹਾਂ ਤੋਂ ਬਾਅਦ ਮਨਜੋਤ ਗਿੱਲ ਨੇ ਕਵਿਤਾ ਅਤੇ ਕੇਸਰ ਸਿੰਘ ਨੀਰ ਨੇ ਕਾਲੇ ਸਮਿਆਂ ਦੇ ਦੌਰ ਦੀ ਗ਼ਜ਼ਲ ਪੇਸ਼ ਕੀਤੀ। ਤਲਵੀਰ ਸਿੰਘ ਸ਼ੇਰਗਿੱਲ ਤੇ ਸੁਰਜੀਤ ਸਿੰਘ ਪਨੂੰ ਨੇ ਵੀ ਆਪੋ-ਆਪਣੀਆਂ ਰਚਨਾਵਾਂ ਸੁਣਾਈਆਂ। ਡਾ. ਹਰਭਜਨ ਸਿੰਘ ਢਿੱਲੋਂ ਅਤੇ ਇਕਲਬਾਲ ਖ਼ਾਨ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲੀ।



# ਮਾਰੂਤੀ ਦੇ 148 ਮੁਲਾਜ਼ਮ ਡੇਢ ਸਾਲ ਤੋਂ ਜੇਲ੍ਹ 'ਚ ਬੰਦ



ਗੁੜਗਾਓਂ (ਦਯਾ ਆਰੀਆ) : ਦੋ ਲਾਈਨਾਂ ਵਿਚ ਤੁਰੇ ਜਾਂਦੇ ਕੋਈ 20-25 ਜਣੇ, ਮਾਰੂਤੀ ਸੁਜ਼ੂਕੀ ਵਰਕਰਜ਼ ਯੂਨੀਅਨ ਦਾ ਇਕ ਵੱਡਾ ਸਾਰਾ ਬੈਨਰ, ਨੇੜਿਉਂ ਲੰਘਦੀਆਂ ਕਾਰਾਂ ਵਿਚੋਂ ਸਵਾਲੀਆ ਨਜ਼ਰਾਂ ਨਾਲ ਦੇਖਦੇ ਡਰਾਈਵਰ। ਕੁਝ ਇਸੇ ਤਰ੍ਹਾਂ ਦਾ ਦ੍ਰਿਸ਼ ਦੇਖਣ ਨੂੰ ਮਿਲਿਆ ਜਦੋਂ ਮੈਂ ਗੁੜਗਾਉਂ ਪਹੁੰਚੀ ਮਾਰੂਤੀ ਦੇ ਬਰਖ਼ਾਸਤ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪੈਦਲ ਯਾਤਰਾ ਵਿਚ। ਅਕਤੂਬਰ 2011 ਵਿਚ ਇਨ੍ਹਾਂ ਮੁਲਾਜ਼ਮਾਂ ਨੇ ਜਦੋਂ ਮਾਰੂਤੀ ਦੇ ਮਾਨੇਸਰ ਪਲਾਂਟ ਵਿਚ ਹੜਤਾਲ ਕੀਤੀ ਸੀ ਤਾਂ ਹਰ ਥਾਂ ਇਨ੍ਹਾਂ ਦੀ ਚਰਚਾ ਸੀ। ਹੌਸਲਾ ਅਜਿਹਾ ਸੀ ਕਿ ਪਲਾਂਟ ਦੇ ਅੰਦਰ ਹੀ ਮਜ਼ਦੂਰ ਇਕ ਮਹੀਨੇ ਤਕ ਹੜਤਾਲ 'ਤੇ ਬੈਠੇ ਰਹੇ ਸਨ। ਪਰ ਫਿਰ ਜੁਲਾਈ 2012 ਵਿਚ ਪਲਾਂਟ 'ਚ ਹਿੰਸਕ ਝੜਪਾਂ ਹੋਈਆਂ, ਜਿਨ੍ਹਾਂ ਵਿਚ ਇਕ ਮੈਨੇਜਰ ਦੀ ਮੌਤ ਹੋ ਗਈ। ਇਨ੍ਹਾਂ ਦੋਸ਼ਾਂ ਵਿਚ 148 ਮੁਲਾਜ਼ਮ ਗ੍ਰਿਫ਼ਤਾਰ ਹੋ ਗਏ ਅਤੇ 2300 ਬਰਖ਼ਾਤ ਕਰ ਦਿੱਤੇ ਗਏ।

ਮੁਕੱਦਮਾ ਚਲ ਰਿਹਾ ਹੈ, ਗ੍ਰਿਫ਼ਤਾਰ ਹੋਏ ਮੁਲਾਜ਼ਮਾਂ ਦੀ ਪਿਛਲੇ ਡੇਢ ਸਾਲ ਵਿਚ ਜ਼ਮਾਨਤ ਨਹੀਂ ਹੋਈ ਅਤੇ ਬਰਖ਼ਾਸਤ ਹੋਏ ਲੋਕਾਂ ਦਾ ਕਹਿਣਾ ਹੈ ਕਿ ਹੁਣ ਗੁੜਗਾਉਂ-ਮਾਨੇਸਰ ਇਲਾਕੇ ਵਿਚ ਗੱਡੀਆਂ ਅਤੇ ਉਨ੍ਹਾਂ ਦੇ ਕਲਪੁਰਜੇ ਬਣਾਉਣ ਵਾਲੀਆਂ ਕੰਪਨੀਆਂ ਉਨ੍ਹਾਂ ਨੂੰ ਨੌਕਰੀ ਨਹੀਂ ਦਿੰਦੀਆਂ।

ਸੁਨੀਲ ਵੀ ਬੇਰੁਜ਼ਗਾਰ ਹੋਏ, ਹੁਣ ਪਿਛਲੇ ਡੇਢ ਸਾਲ ਤੋਂ ਗ੍ਰਿਫ਼ਤਾਰ ਮੁਲਾਜ਼ਮਾਂ ਦੇ ਕੇਸ ਲੜ ਰਹੇ ਹਨ ਅਤੇ ਕੰਪਨੀ ਤੇ ਸਰਕਾਰ ਨਾਲ ਗੱਲਬਾਤ ਦੀ ਕੋਸ਼ਿਸ਼ ਵਿਚ ਪ੍ਰਦਰਸ਼ਨ ਕਰਦੇ ਰਹੇ ਹਨ। ਉਹ ਕਹਿੰਦੇ ਹਨ, ''ਕੋਈ ਇਹ ਨਹੀਂ ਸਮਝਦਾ ਕਿ ਮਜ਼ਦੂਰ ਕੋਈ ਅਜਿਹਾ ਕੰਮ ਨਹੀਂ ਕਰੇਗਾ ਜਿਸ ਨਾਲ ਉਹ ਸੜਕਾਂ 'ਤੇ ਆ ਜਾਵੇ ਅਤੇ ਉਸ ਦੇ ਪਰਿਵਾਰ ਦੀ ਬੁਰੀ ਹਾਲਤ ਹੋ ਜਾਵੇ।''




## ਕੁਝ ਵੀ ਨਹੀਂ ਬਦਲਿਆ?

ਪਿਛਲੇ ਡੇਢ ਸਾਲ ਵਿਚ ਘੱਟ ਹੋਏ ਮਾਰੂਤੀ ਦੇ ਮਜ਼ਦੂਰ ਅੰਦੋਲਨ ਨੇ ਉਸ ਤੋਂ ਪਹਿਲਾਂ ਇਲਾਕੇ ਵਿਚ ਬਹੁਤ ਅਸਰ ਪਾਇਆ ਸੀ, ਉਨ੍ਹਾਂ ਦੇ ਸਮਰਥਨ ਵਿਚ ਪਹਿਲੀ ਵਾਰ ਇਲਾਕੇ ਦੀਆਂ ਦਸ ਤੋਂ ਜ਼ਿਆਦਾ ਕੰਪਨੀਆਂ ਦੀਆਂ ਮਜ਼ਦੂਰ ਜਥੇਬੰਦੀਆਂ ਇਕੱਠੀਆਂ ਇਕ ਦਿਨ ਦੀ ਹੜਤਾਲ 'ਤੇ ਸਨ। ਮਾਰੂਤੀ ਦੇ ਵੱਖ-ਵੱਖ ਪਲਾਂਟਾਂ ਦੇ ਮਜ਼ਦੂਰ ਵੀ ਸਮਰਥਨ ਵਿਚ ਨਾਲ ਖੜੇ ਹੋਏ ਸਨ। ਸਾਲ 2009 ਵਿਚ ਸਪੇਅਰ ਪਾਰਟ ਬਣਾਉਣ ਵਾਲੀ ਰਿਕੋ ਕੰਪਨੀ ਵਿਚ ਮਜ਼ਦੂਰ ਜਥੇਬੰਦੀ ਦੀ ਨਾਕਾਮ ਹੜਤਾਲ ਤੋਂ ਬਾਅਦ ਮਾਰੂਤੀ ਦੇ ਮੁਲਾਜ਼ਮਾਂ ਨੇ ਅਚਾਨਕ ਇਲਾਕੇ ਦੀ ਫ਼ਿਜ਼ਾ ਬਦਲ ਦਿੱਤੀ ਸੀ।

ਹੁਣ ਹਵਾ ਨੇ ਫਿਰ ਆਪਣਾ ਰੁਖ਼ ਮੋੜ ਲਿਆ ਹੈ, ਅਮਿਤ ਨੇ 'ਬਦਲਦੇ ਪ੍ਰੋਡਕਸ਼ਨ ਪ੍ਰੋਸੈਸਿਜ਼ ਦਾ ਮਜ਼ਦੂਰਾਂ 'ਤੇ ਅਸਰ' ਵਿਸ਼ੇ 'ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਖੋਜ ਕਾਰਜ ਕੀਤਾ ਹੈ। ਅਮਿਤ ਕਹਿੰਦੇ ਹਨ, ''ਮਾਰੂਤੀ ਦੀ ਮਜ਼ਦੂਰ ਜਥੇਬੰਦੀ ਨੇ ਪਹਿਲੀ ਵਾਰ ਇਲਾਕੇ ਵਿਚ ਸਥਾਈ ਅਤੇ ਠੇਕੇ 'ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਨਾਲ ਲਿਆ। ਕੰਮ ਦੇ ਵਧੀਆ ਹਾਲਾਤ ਦੀ ਮੰਗ ਕੀਤੀ ਅਤੇ ਯੂਨੀਅਨ ਬਣਾਉਣ ਦੇ ਹੱਕ ਲਈ ਆਵਾਜ਼ ਬੁਲੰਦ ਕੀਤੀ ਪਰ ਜੁਲਾਈ ਦੀ ਹਿੰਸਾ ਤੋਂ ਬਾਅਦ ਉਨ੍ਹਾਂ ਦੀ ਤਾਕਤ ਟੁੱਟ ਗਈ ਹੈ ਕਿਉਂਕਿ ਇਸ ਘਟਨਾ ਨੇ ਮਜ਼ਦੂਰਾਂ ਨੂੰ ਸਿੱਧਾ ਕੰਪਨੀ ਦੇ ਸਾਹਮਣੇ ਖੜਾ ਕਰ ਦਿੱਤਾ। ਮੁਕਾਬਲੇ ਦੇ ਇਸ ਮੌਕੇ ਬਾਕੀ ਕੰਪਨੀਆਂ ਦੀਆਂ ਜਥੇਬੰਦੀਆਂ ਸਮਰਥਨ ਤੋਂ ਪਿਛੇ ਹੱਟ ਗਈਆਂ।''

## ਠੇਕਾ ਮਜ਼ਦੂਰ

ਅਮਿਤ ਮੁਤਾਬਕ ਪਿਛਲੇ ਡੇਢ ਸਾਲ ਵਿਚ ਮਾਰੂਤੀ ਅਤੇ ਹੌਂਡਾ ਵਰਗੀਆਂ ਵੱਡੀਆਂ ਕੰਪਨੀਆਂ ਨੇ ਪੱਕੇ ਮਜ਼ਦੂਰਾਂ ਦੀਆਂ ਤਨਖ਼ਾਹਾਂ ਤਾਂ ਵਧਾਈਆਂ ਪਰ ਇਸ ਨੇ ਮਜ਼ਦੂਰਾਂ ਨੂੰ ਹੋਰ ਵੰਡਿਆ। ਇਕ ਪਾਸੇ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ ਵਾਲੇ ਥੋੜ੍ਹੇ ਜਹੇ ਪੱਕੇ ਮੁਲਾਜ਼ਮ ਅਤੇ ਦੂਜੇ ਪਾਸੇ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ ਵਾਲੇ ਅਸਥਾਈ ਮਜ਼ਦੂਰ। ਯੂਨੀਅਨ ਬਣਾਉਣ ਦਾ ਅਧਿਕਾਰ ਸਿਰਫ਼ ਪੱਕੇ ਮੁਲਾਜ਼ਮਾਂ ਨੂੰ ਹੀ ਹੁੰਦਾ ਹੈ। ਨਾਲ ਹੀ ਕੰਮ ਦੇ ਹਾਲਾਤ ਵੀ ਨਹੀਂ ਬਦਲੇ। ਬਸ ਫਰਕ ਐਨਾ ਹੀ ਹੈ ਕਿ ਠੇਕਾ ਮਜ਼ਦੂਰ ਹੁਣ ਠੇਕੇਦਾਰ ਨਹੀਂ ਕੰਪਨੀ ਨਿਯੁਕਤ ਕਰਦੀ ਹੈ। ਅਮਿਤ ਅਨੁਸਾਰ ਜਦੋਂ ਤਕ ਸਥਾਈ ਅਤੇ ਠੇਕਾ ਮਜ਼ਦੂਰ ਇਕੱਠੇ ਨਹੀਂ ਹੁੰਦੇ, ਕੋਈ ਅੰਦੋਲਨ ਬਦਲਾਅ ਨਹੀਂ ਲਿਆ ਸਕੇਗਾ। ਮਾਰੂਤੀ ਵਿਚ ਸੁਨੀਲ ਦੀ ਨੌਕਰੀ ਪੱਕੀ ਸੀ, ਠੇਕਾ ਮਜ਼ਦੂਰਾਂ ਲਈ ਆਵਾਜ਼ ਉਠਾਉਣ ਵਿਚ ਉਹ ਵੀ ਸ਼ਾਮਲ ਸੀ, ਜਿਹੜੇ 2300 ਜਣਿਆਂ ਦੀ ਨੌਕਰੀ ਗਈ, ਉਨ੍ਹਾਂ ਵਿਚੋਂ 1800 ਠੇਕੇ 'ਤੇ ਸਨ, ਹੁਣ ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ। ਅਸਥਾਈ ਨੌਕਰੀ ਵਾਲੇ ਗੁਮਨਾਮ ਹੋ ਗਏ।




## ਸ਼ਹਿਰ ਦੀ ਲੜਾਈ



ਓਮਪਤੀ ਦਾ ਬੇਟਾ ਜੀਆ ਲਾਲ ਵੀ ਮਾਰੂਤੀ ਵਿਚ ਪੱਕੀ ਨੌਕਰੀ ਕਰ ਰਿਹਾ ਸੀ, ਹੁਣ ਉਹ ਜੁਲਾਈ ਦੀ ਹਿੰਸਾ ਦੇ ਦੋਸ਼ ਵਿਚ ਜੇਲ੍ਹ ਵਿਚ ਹੈ। ਹਰਿਆਣਾ ਦੇ ਢੱਕਲ ਦੀ ਰਹਿਣ ਵਾਲੀ ਓਮਪਤੀ ਆਪਣੇ ਵਰਗੇ ਹੋਰ ਪਰਿਵਾਰਾਂ ਨਾਲ ਕੈਥਲ ਤੋਂ ਦਿੱਲੀ ਦੀ ਪੈਦਲ ਯਾਤਰਾ ਕਰ ਰਹੀ ਹੈ। ਪੈਦਲ ਯਾਤਰਾ ਹੁਣ ਦਿੱਲੀ ਪਹੁੰਚ ਰਹੀ ਹੈ। ਕੈਥਲ ਉਹ ਸ਼ਹਿਰ ਹੈ ਜਿਥੇ ਹਰਿਆਣਾ ਦੇ ਉਦਯੋਗ ਮੰਤਰੀ ਦਾ ਘਰ ਹੈ ਅਤੇ ਦਿੱਲੀ ਉਹ ਸ਼ਹਿਰ ਹੈ ਜਿਥੇ ਦੇਸ਼ ਦੀ ਸਰਕਾਰ ਕੰਮ ਕਰਦੀ ਹੈ। ਇਨ੍ਹਾਂ ਪੈਦਲ ਯਾਤਰੀਆਂ ਨੂੰ ਉਮੀਦ ਹੈ ਚੋਣਾਂ ਤੋਂ ਠੀਕ ਪਹਿਲਾਂ ਸਰਕਾਰ ਤਕ ਉਨ੍ਹਾਂ ਦੀ ਆਵਾਜ਼ ਪਹੁੰਚ ਜਾਵੇਗੀ। ਓਮਪਤੀ ਕਹਿੰਦੀ ਹੈ, ''ਬਸ ਮੇਰਾ ਬੇਟਾ ਜੇਲ੍ਹ ਤੋਂ ਬਾਹਰ ਆ ਜਾਵੇ, ਅਸੀਂ ਮਜ਼ਦੂਰੀ ਕਰਵਾ ਲਵਾਂਗੇ, ਵਾਪਸ ਸ਼ਹਿਰ ਨਹੀਂ ਭੇਜਾਂਗੇ ਹੋਰ ਕੁਝ ਨਹੀਂ ਚਾਹੀਦਾ।'' ਓਮਪਤੀ ਦਾ ਪਤੀ ਅਤੇ ਛੋਟਾ ਬੇਟਾ ਦਿਹਾੜੀਦਾਰ ਹਨ। ਹਰਿਆਣਾ ਦੇ ਢੱਕਲ ਪਿੰਡ ਦੀ ਰਹਿਣ ਵਾਲੀ ਓਮਪਤੀ ਦੇ ਘਰ ਵਿਚ ਜੀਆ ਲਾਲ ਦੀ ਪਤਨੀ ਅਤੇ ਉਸ ਦਾ ਦੋ ਸਾਲ ਦਾ ਬੱਚਾ ਵੀ ਹੈ। ਬੇਟੇ ਨੂੰ ਜੇਲ੍ਹ ਵਿਚ ਆ ਕੇ ਮਿਲਣ ਦਾ ਖਰਚ ਝੱਲਣ ਲਈ ਹੁਣ ਪੈਸੇ ਨਹੀਂ ਹਨ। ਉਹ ਕਹਿੰਦੀ ਹੈ, ''ਪਿੰਡ ਤੋਂ ਸ਼ਹਿਰ ਪਹੁੰਚਣ ਦੀ ਲੜਾਈ ਜਿੱਤ ਲਈ ਪਰ ਸ਼ਹਿਰ ਦੀ ਆਪਣੀ ਲੜਾਈ ਹਾਰ ਗਿਆ, ਹੁਣ ਤਾਂ ਉਸ ਨੂੰ ਪਰਤਣਾ ਹੀ ਹੋਵੇਗਾ।''

ਬੀ.ਬੀ.ਸੀ. ਤੋਂ ਧੰਨਵਾਦ ਸਹਿਤ

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
■ INDIVIDUAL TAX RETURNS
■ INCORPORATION OF COMPANIES
■ PAYROLL, T4 SLIPS
■ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34

Kapil Sharma

ਨਵੀਂ ਦੁਨੀਆ

## ਸੰਪਾਦਕੀ

# ਇਕ ਦਿਨ ਦਾ ਬਾਦਸ਼ਾਹ ਆਮ ਆਦਮੀ

ਚੋਣ ਮਿਤੀਆਂ ਦੇ ਐਲਾਨ ਦੇ ਨਾਲ ਹੀ ਭਾਰਤ ਵਿਚ ਚੋਣ ਮੈਦਾਨ ਪੂਰੀ ਤਰ੍ਹਾਂ ਤਿਆਰ ਹੋ ਗਿਆ ਹੈ। ਭੁਖਮਰੀ ਵੱਲ ਵਧਦੇ ਭਾਰਤ ਦੀ ਤਕਦੀਰ ਬਦਲਣ ਦੇ ਦਾਅਵੇ ਅੱਜ-ਕੱਲ੍ਹ ਬੜੇ ਜ਼ੋਰ-ਸ਼ੋਰ ਨਾਲ ਕੀਤੇ ਜਾ ਰਹੇ ਹਨ। ਅਗਲੀ ਸਰਕਾਰ ਬਣਾਉਣ ਦੀਆਂ ਤਿਆਰੀਆਂ ਵਿਚ ਜੁਟੀਆਂ ਪ੍ਰਮੁੱਖ ਸਿਆਸੀ ਧਿਰਾਂ ਨੇ ਆਪੋ-ਆਪਣੇ ਚੋਣ ਵਾਅਦਿਆਂ ਦੀਆਂ ਹੱਟੀਆਂ ਅਤੇ ਸ਼ੋਅ-ਰੂਮ ਜ਼ਰੂਰ ਸਜ਼ਾ ਲਏ ਹਨ ਤੇ ਤਰੀਕੇ ਇਨ੍ਹਾਂ ਦੇ ਵੀ ਪੂਰੀ ਤਰ੍ਹਾਂ ਬਾਜ਼ਾਰੀ ਹੀ ਹਨ। ਇਹ ਭਾਰਤੀ ਅਵਾਮ ਵਿਚ ਜਾਗਰੂਕਤਾ ਦੀ ਭਾਰੀ ਕਮੀ ਹੀ ਕਹੀ ਜਾਵੇਗੀ ਕਿ ਉਹਨੇ ਅੰਗਰੇਜ਼ ਹੁਕਮਰਾਨਾਂ ਤੋਂ ਆਜ਼ਾਦੀ ਤੋਂ ਬਾਅਦ ਹੁਣ ਤੱਕ ਅਜਿਹੇ ਲੋਕਾਂ ਨੂੰ ਹੀ ਆਪਣੇ ਸਿਰਾਂ ’ਤੇ ਬਿਠਾਈ ਰੱਖਿਆ ਹੈ, ਜਿਨ੍ਹਾਂ ਨੇ ਦੇਖਦਿਆਂ ਦੇਖਦਿਆਂ ਹੀ ਸਿਆਸਤ ਦਾ ਪੂਰੀ ਤਰ੍ਹਾਂ ਬਾਜ਼ਾਰੀਕਰਨ ਕਰ ਦਿੱਤਾ ਹੈ। ਭਾਰਤੀ ਬਾਜ਼ਾਰ ਕੋਲ ਜੇਕਰ ਬੱਚਿਆਂ ਦੀ ਭੁੱਖ ਦਾ ਇਲਾਜ ਮਿੰਟਾਂ ਵਿਚ ਮੈਗੀ ਦੇ ਤਿਆਰ ਹੋਣ ਵਿਚ ਹੈ ਤਾਂ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਸਣੇ ਪ੍ਰਮੁੱਖ ਸਿਆਸੀ ਧਿਰਾਂ ਇਹਦਾ ਇਲਾਜ ਦੋ ਜਾਂ ਤਿੰਨ ਰੁਪਏ ਕਿਲੋ ਅਨਾਜ ਦੇਣ ਦੇ ਚੋਣ ਵਾਅਦਿਆਂ ਵਿਚੋਂ ਲਭ ਰਹੀਆਂ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਦੇਖਣ ਵਾਲੇ ਭਾਰਤੀ ਅਵਾਮ ਨੂੰ ਸੁਪਨੇ ਵੇਚ ਰਹੇ ਹਨ। ਸੁਪਨਿਆਂ ਦੀਆਂ ਇਹ ਮਸਨੂਈ ਰੌਸ਼ਨੀਆਂ ਆਮ ਭਾਰਤੀ ਬੰਦੇ ਦੀਆਂ ਅੱਖਾਂ ਨੂੰ ਅੰਧਰਾਤੇ ਦਾ ਰੋਗ ਲਾ ਰਹੀਆਂ ਹਨ। ਭਾਰਤ ਦੇ ਆਮ ਆਦਮੀ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ ਪਰ ਹੱਦ ਹੈ ਵੋਟਾਂ ਦੇ ਮਦਾਰੀਆਂ ਦੀ ਕਿ ਜਿਸ ਆਮ ਆਦਮੀ ਦੇ ਨਾਂਅ ’ਤੇ ਉਹ ਸਿਆਸਤ ਦੀ ਸਤਰੰਜ ਵਿਛਾਈ ਬੈਠੇ ਹਨ, ਉਹ ਆਮ ਆਦਮੀ ਉਨ੍ਹਾਂ ਦੇ ਭਾਸ਼ਣਾਂ ਵਿਚ ਤਾਂ ਹੈ ਪਰ ਅਸਲੀਅਤ ਵਿਚ ਕਿਤੇ ਵੀ ਨਹੀਂ ਹੈ। ਅਜੀਬ, ਦਿਲਚਸਪ ਅਤੇ ਦੁਖਦਾਇਕ ਦ੍ਰਿਸ਼ ਇਹ ਵੀ ਹੈ ਕਿ ਕੁਝ ‘ਖਾਸ ਆਦਮੀ’ ਆਮ ਆਦਮੀ ਦੇ ਨਾਂਅ ’ਤੇ ਵੋਟਾਂ-ਵੋਟਾਂ ਖੇਡ ਰਹੇ ਹਨ।

ਭਰਮਾਊ ਐਲਾਨਾਂ, ਬਿਆਨਾਂ ਦੀ ਮ੍ਰਿਗ ਤ੍ਰਿਸ਼ਨਾ ਵਿਚ ਫਸੇ ਆਮ ਭਾਰਤੀਆਂ ਦੀ ਅਸਲ ਸਥਿਤੀ ਤਾਂ ਬਿਆਨ ਕਰਨੀ ਵੀ ਔਖੀ ਹੈ। ਇਨ੍ਹਾਂ ਕੋਲੋਂ ਤਾਂ ਮਨੁੱਖਾਂ ਵਾਂਗ ਜਿਉਣ ਦਾ ਹੱਕ ਵੀ ਖੋਹ ਲਿਆ ਗਿਆ ਹੈ। ਇਹ ਜ਼ਿੰਦਗੀ ਦੀਆਂ ਬਿਲਕੁਲ ਬੁਨਿਆਦੀ ਲੋੜਾਂ ਤੋਂ ਵੀ ਹਰ ਪਾਸਿਉਂ ਮਹਿਰੂਮ ਹਨ। ਕਿਧਰੇ ਕੋਈ ਸੁਣਵਾਈ ਵੀ ਨਹੀਂ ਹੈ। ਸਿਆਸਤਦਾਨਾਂ ਨੂੰ ਇਨ੍ਹਾਂ ਦੀ ਯਾਦ ਸਿਰਫ਼ ਵੋਟਾਂ ਵਾਲੇ ਦਿਨਾਂ ਦੌਰਾਨ ਹੀ ਆਉਂਦੀ ਹੈ ਤੇ ਹਰ ਵਾਰ ਵਾਅਦਿਆਂ ਦੀਆਂ ਬੇੜੀਆਂ ਵਿਚ ਚਾੜ੍ਹ ਕੇ ਇਨ੍ਹਾਂ ਨੂੰ ਝੂਟੇ ਦੇ ਦਿੱਤੇ ਜਾਂਦੇ ਹਨ ਅਤੇ ਚੋਣਾਂ ਲੰਘਦਿਆਂ ਹੀ ਇਨ੍ਹਾਂ ਦੀਆਂ ਬੇੜੀਆਂ ਵਿਚ ਉਹੀ ਪੁਰਾਣੇ ਵੱਟੇ ਸੁੱਟ ਦਿੱਤੇ ਜਾਂਦੇ ਹਨ। ਇਕ ਵੋਟ ਪਰਚੀ ਹੀ ਇਨ੍ਹਾਂ ਦੀ ਹੈਸੀਅਤ ਹੈ।

ਦਰਅਸਲ ਭਾਰਤ ਦੇ ਕਿਰਤੀ ਵਰਗ ਕੋਲ ਉਹਦੇ ਅਧਿਕਾਰ ਦੇ ਨਾਂਅ ’ਤੇ ਇਹੀ ਕੁਝ ਹੈ। ਉਹਦੀ ਵੋਟ ਪਰਚੀ ਉਹਨੂੰ ਇਕ ਦਿਨ ਦਾ ਸ਼ਹਿਨਸ਼ਾਹ ਬਣਾਉਂਦੀ ਹੈ ਤੇ ਪੀਲੇ/ ਨੀਲੇ ਕਾਰਡ ਉਹਦੇ ਵਰਤਮਾਨ ਅਤੇ ਭਵਿੱਖ ਨੂੰ ਪਿਲੱਤਣ ਤੋਂ ਬਿਨਾਂ ਕੁਝ ਨਹੀਂ ਦਿੰਦੇ। ਇਨ੍ਹਾਂ ਹਾਲਤਾਂ ਨੂੰ ਇਕਦਮ ਉਲਟਾ ਦੇਣ ਦੀ ਜ਼ਰੂਰਤ ਹੈ। ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਕਿਰਤੀਆਂ ਦੇ ਸੰਘਰਸ਼ ਪੜ੍ਹਨ-ਸੁਣਨ ਵਿਚ ਆਉਂਦੇ ਤਾਂ ਹਨ ਪਰ ਇਨ੍ਹਾਂ ਵਿਚਾਲੇ ਤਾਲਮੇਲ ਅਤੇ ਇਕਸਾਰਤਾ ਦੀ ਵੱਡੀ ਘਾਟ ਕਾਰਣ ਆਮ ਤੌਰ ’ਤੇ ਨਤੀਜੇ ਕਿਰਤੀਆਂ ਦੇ ਹੱਕ ਵਿਚ ਨਹੀਂ ਨਿਕਲਦੇ। ਵਿਸ਼ਵੀਕਰਨ ਦੇ ਦਬਾਅ ਹੇਠ ਉਦਾਰਵਾਦੀ ਨੀਤੀਆਂ ਲਾਗੂ ਕਰਵਾਉਣ ਵਿਚ ਜੁੱਟੀਆਂ ਹੋਈਆਂ ਸਾਡੀਆਂ ਸਰਕਾਰਾਂ ਦਾ ਰਵੱਈਆ ਕਿਰਤੀਆਂ ਦੇ ਸੰਘਰਸ਼ਾਂ ਨੂੰ ਕੁਚਲਣ ਦੇ ਦਮਨਕਾਰੀ ਤਰੀਕਿਆਂ ਵੱਲ ਹੀ ਸੇਧਤ ਰਿਹਾ ਹੈ ਤੇ ਰਹਿਣਾ ਹੈ।

ਪਰ ਇਨ੍ਹਾਂ ਬਦਤਰ ਹਾਲਤਾਂ ਦੇ ਬਾਵਜੂਦ ਮੁਲਕ ਦੇ ਕਿਸੇ ਵੀ ਹਿੱਸੇ ’ਚੋਂ ਉਠਦੀ ਹੱਕ-ਸੱਚ ਦੀ ਆਵਾਜ਼ ਵਿਚ ਆਪਣੀ ਆਵਾਜ਼ ਮਿਲਾਂਉਦਿਆਂ ਅਸੀਂ ਕਹਿਣਾ ਇਹ ਚਾਹੁੰਦੇ ਹਾਂ ਕਿ ਠੀਕ ਹੈ ਅੱਜ ਭਾਰਤ ਦਾ ਆਮ ਜਨ ਹਰ ਖੇਤਰ ਵਿਚ ਹੀ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਹੈ। ਹਰ ਵਰਗ ਦੀਆਂ ਆਪੋ ਆਪਣੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਹਨ ਪਰ ਭਾਰਤੀ ਅਵਾਮ ਦੇ ਇਹ ਵਰਗ ਵੱਖ ਵੱਖ ਹੁੰਦੇ ਹੋਏ ਵੀ ਵੱਖ ਕਰਕੇ ਨਹੀਂ ਦੇਖੇ ਜਾ ਸਕਦੇ। ਜਿੱਥੇ ਪਿੰਡਾਂ ਦੇ ਮਜ਼ਦੂਰਾਂ ਵਿਚ ਕੰਮ ਕਰਦੀਆਂ ਜਥੇਬੰਦੀਆਂ ਨੂੰ ਆਪਣੇ ਹੱਕਾਂ ਦੀ ਲੜਾਈ ਲਈ ਇਕ ਸਾਂਝੇ ਮੰਚ ’ਤੇ ਆਉਣਾ ਪਵੇਗਾ ਉੱਥੇ ਭਾਰਤ ਦੇ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਦੁਕਾਨਦਾਰ, ਮੁਲਾਜ਼ਮ, ਗੱਲ ਕੀ, ਹਰ ਵਰਗ ਨੂੰ ਹੀ ਸਾਂਝੇ ਸੰਘਰਸ਼ਾਂ ਵਿਚ ਪੈਣਾ ਹੀ ਪਵੇਗਾ। ਆਪਣੀ ਹੋਂਦ ਹੀ ਨਹੀਂ ਸਗੋਂ ਭਾਰਤ ਨੂੰ ਮੁੜ ਗੁਲਾਮੀ ਵੱਲ ਵਧਣ ਤੋਂ ਰੋਕਣ ਲਈ ਜਨ-ਸਮੂਹਾਂ ਦਾ ਵਿਸ਼ਾਲ ਜਥੇਬੰਦਕ ਏਕਤਾ ਵਿਚ ਪਰੋਇਆ ਜਾਣਾ ਹੀ ਜਿੱਤ ਦੀ ਗਾਰੰਟੀ ਹੋ ਸਕਦਾ ਹੈ। ਇਕ ਗੱਲ ਹੋਰ ਬੜੀ ਸਾਫ਼ ਹੈ ਕਿ ਜਿਸ ਸਾਂਝੇ ਮੁਹਾਜ ਦੀ ਗੱਲ ਅਸੀਂ ਕਰ ਰਹੇ ਹਾਂ ਉਹ ਚੋਣ ਮੁਹਾਜ ਕਤੱਈ ਨਾ ਹੋਵੇ। ਭਾਰਤ ਨੂੰ ਹੁਣ ਸੰਸਦ ਤੋਂ ਬਾਹਰ ਸੜਕਾਂ ’ਤੇ ਹੋਣ ਵਾਲੇ ਸਾਂਝੇ ਸੰਘਰਸ਼ਾਂ ਨੇ ਹੀ ਬਚਾਅ ਸਕਣਾ ਹੈ ਤੇ ਇਹਦੇ ਵਿਚ ਸਭ ਤੋਂ ਵੱਡੀ ਭੂਮਿਕਾ ਲਿਸ਼ਕਦੇ-ਪੁਸ਼ਕਦੇ ਭਾਰਤ ਵਿਚੋਂ ਛੇਕ ਦਿੱਤੇ ਗਏ ਉਸ ਕਿਰਤੀ ਵਰਗ ਨੇ ਹੀ ਨਿਭਾਉਣੀ ਹੈ, ਜਿਹਦਾ ਇਸ ਧਰਤੀ ਦੀ ਹਰ ਸ਼ੈਅ ’ਤੇ ਪਹਿਲਾ ਹੱਕ ਹੈ। ਹਾਸ਼ੀਏ ’ਤੇ ਬੈਠੇ ਇਸ ਆਮ ਆਦਮੀ ਦੀ ਏਕਤਾ ਨੇ ਹੀ ਦੁਨੀਆ ਦੀ ਤਕਦੀਰ ਬਦਲਨੀ ਹੈ।

# ਸ਼ਹੀਦ ਭਗਤ ਸਿੰਘ ਦੀ ਮਹਾਨ ਕੁਰਬਾਨੀ ਦੀ ਪ੍ਰਸੰਗਿਕਤਾ



ਸਰਬਜੀਤ ਗਿੱਲ
+91-98143-64723

23 ਮਾਰਚ ਦਾ ਦਿਨ, ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦਾ ਦਿਨ, ਪੂਰੇ ਦੇਸ਼ ’ਚ ਮਨਾਇਆ ਜਾਂਦਾ ਹੈ। ਇਸ ਦਿਨ ਅੰਗਰੇਜ ਸਾਮਰਾਜ ਨੇ ਸਾਜ਼ਿਸ਼ ਤਹਿਤ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੇ ਤਖ਼ਤੇ ’ਤੇ ਚੜ੍ਹਾ ਦਿੱਤਾ ਸੀ। ਸਾਮਰਾਜੀ ਲੁਟੇਰਿਆਂ ਦੀਆਂ ਨੀਤੀਆਂ ’ਤੇ ਚੱਲਣ ਵਾਲੀਆਂ ਪਾਰਟੀਆਂ ਦੇ ਆਗੂ ਵੀ ਇਸ ਦਿਨ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਂ ਹੇਠ ਮਗਰਮੱਛ ਦੇ ਹੰਝੂ ਵਹਾਉਂਦੇ ਨਹੀਂ ਥੱਕਦੇ। ਸ਼ਹੀਦਾਂ ਦੇ ਪਦ ਚਿੰਨਾਂ ’ਤੇ ਚੱਲਣ ਦਾ ਐਲਾਨ ਵੀ ਕਰਦੇ ਹਨ ਪਰ ਦਿਨ ਬੀਤਣ ਬਾਅਦ ਉਹਨਾਂ ਸਾਮਰਾਜੀਆਂ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੰਦੇ ਹਨ, ਜਿਨ੍ਹਾਂ ਦਾ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਰੋਧ ਕੀਤਾ ਸੀ। ਦੇਸ਼ ਦੀਆਂ ਸੰਸਦੀ ਚੋਣਾਂ ਕੁੱਝ ਹੀ ਸਮੇਂ ਤੱਕ ਦਸਤਕ ਦੇਣ ਜਾ ਰਹੀਆ ਹਨ। ਇਨ੍ਹਾਂ ਚੋਣਾ ਦੌਰਾਨ ਹਾਕਮ ਜਮਾਤਾਂ ਦੀ ਕਿਸੇ ਵੀ ਪਾਰਟੀ ਵਲੋਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਪਣਾਉਣ ਦਾ ਨਾ ਤਾਂ ਪਹਿਲਾਂ ਕਦੇ ਐਲਾਨ ਕੀਤਾ ਸੀ ਅਤੇ ਨਾ ਹੀ ਅੱਗੋ ਕਰਨ ਦੀ ਆਸ ਕੀਤੀ ਜਾ ਸਕਦੀ ਹੈ, ਕਿਉਂਕਿ ਸਾਡੇ ਦੇਸ਼ ਦੇ ਹਾਕਮਾਂ ਨੂੰ ਲੋਕਾਂ ਦਾ ਫਿਕਰ ਘੱਟ ਅਤੇ ਸਾਮਰਾਜੀਆਂ ਦਾ ਫਿਕਰ ਵਧੇਰੇ ਰਹਿੰਦਾ ਹੈ।



ਦੇਸ਼ ਦੇ ਕੁਦਰਤੀ ਸਾਧਨ ਜਲ, ਜੰਗਲ ਅਤੇ ਜ਼ਮੀਨ ’ਤੇ ਹੌਲੀ ਹੌਲੀ ਸਾਮਰਾਜੀ ਕੰਪਨੀਆਂ ਕਾਬਜ਼ ਹੋ ਰਹੀਆ ਹਨ। ਜਿਸ ਦੇਸ਼ ’ਚੋਂ ਭਗਤ ਸਿੰਘ ਵਰਗੇ ਹਜ਼ਾਰਾਂ ਸੂਰਬੀਰਾਂ ਨੇ ਕੁਰਬਾਨੀ ਕਰਕੇ ਸਾਮਰਜੀਆਂ ਨੂੰ ਬਾਹਰ ਕੱਢਣ ਦਾ ਉੱਦਮ ਕੀਤਾ ਸੀ, ਉਸ ਦੇਸ਼ ਨੂੰ ਅਜੋਕੇ ਹਾਕਮ ਮੁੜ ਸਾਮਰਾਜੀ ਕੰਪਨੀਆਂ ਦੇ ਹਵਾਲੇ ਕਰਦੇ ਜਾ ਰਹੇ ਹਨ। ਅਜਿਹੇ ਹਾਲਾਤ ’ਚ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ, ਰਾਹੁਲ ਜਾਂ ਮੋਦੀ ਸਮੇਤ ਚਾਹੇ ਕੋਈ ਹੋਰ ਵੀ ਬਣ ਜਾਵੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਫਰਕ ਸਿਰਫ ਕੇਂਦਰ ਸਰਕਾਰ ਬਣਾਉਣ ਵਾਲੀ ਹਾਕਮ ਧਿਰ ਦੀ ਨੀਤੀ ਨਾਲ ਹੀ ਪੈਂਦਾ ਹੈ। ਇਹ ਨੀਤੀਆਂ ਲੋਕ ਪੱਖ ਹੋਣਗੀਆਂ ਤਾਂ ਲੋਕਾਂ ਦਾ ਭਲਾ ਹੋ ਸਕਦਾ ਹੈ ਅਤੇ ਜੇ ਇਹ ਨੀਤੀਆਂ ਸਾਮਰਾਜ ਪੱਖੀ ਹੋਣਗੀਆਂ ਤਾਂ ਸਾਮਰਾਜੀ ਦੇਸ਼ਾਂ ਨੇ ਸਾਡੇ ਦੇਸ਼ ਨੂੰ ਲੁੱਟਣ ਤੋਂ ਸਿਵਾ ਹੋਰ ਕੁੱਝ ਨਹੀਂ ਕਰਨਾ। ਮੁਨਾਫ਼ਾ ਹੀ ਇਨ੍ਹਾਂ ਸਾਮਰਾਜੀਆਂ ਦਾ ਉਦੇਸ਼ ਹੈ। ਮੁਨਾਫ਼ੇ ਲਈ ਇਨ੍ਹਾਂ ਨੂੰ ਮਨੁੱਖਤਾ ਦਾ ਘਾਣ ਵੀ ਕਰਨਾ ਪੈ ਜਾਵੇ, ਇਨ੍ਹਾਂ ਲਈ ਇਹ ਬਹੁਤ ਹੀ ਛੋਟੀ ਜਿਹੀ ਗੱਲ ਹੈ। ਸ਼ਹੀਦ ਭਗਤ ਸਿੰਘ ਨੇ ਮਹਿਜ਼ 23 ਸਾਲ ਦੀ ਉੱਮਰ ’ਚ ਹੀ ਸਾਮਰਾਜ ਦੀਆਂ ਕਰਤੂਤਾਂ ਨੂੰ ਜਾਣ ਲਿਆ ਸੀ। ਇਹ ਕਰਤੂਤਾਂ ਹੁਣ ਦੇ ਸਮੇਂ ਦੌਰਾਨ ਬਹੁਤ ਹੀ ਤਿੱਖੇ ਰੂਪ ’ਚ ਸਾਹਮਣੇ ਆ ਰਹੀਆ ਹਨ। ਸ਼ਹੀਦ ਭਗਤ ਸਿੰਘ ਨੇ ਸਿਰਫ ਇਨਕਲਾਬ ਜਿੰਦਾਬਾਦ ਦਾ ਨਾਅਰਾ ਹੀ ਬੁਲੰਦ ਨਹੀਂ ਕੀਤਾ ਸਗੋਂ ਸਮਾਰਜਵਾਦ ਮੁਰਦਾਬਾਦ ਦਾ ਨਾਅਰਾ ਵੀ ਨਾਲ ਹੀ ਬੁਲੰਦ ਕੀਤਾ ਸੀ। ਸਮਾਰਾਜ ਦੇ ਮੁਰਦਾਬਾਦ ’ਚੋਂ ਹੀ ਇਨਕਲਾਬ ਨੇ ਨਿਕਲਣਾ ਹੁੰਦਾ ਹੈ। ਸਾਮਰਾਜ ਦੇ ਦਫ਼ਨ ਤੋਂ ਬਿਨ੍ਹਾਂ ਆਏ ਇਨਕਲਾਬ ਦਾ ਸਰੂਪ ਸਮਾਜਵਾਦੀ ਨਹੀਂ ਹੋ ਸਕਦਾ। ਅਜਿਹੇ ਹਲਾਤ ’ਚ ਹੀ ਭਗਤ ਸਿੰਘ ਨੇ ਸਮਾਜਵਾਦ ਨੂੰ ਨਾਲ ਜੋੜਦਿਆਂ ਆਪਣੀ ਜਥੇਬੰਦੀ ਦੇ ਨਾਂ ’ਚ ‘ਸਮਾਜਵਾਦੀ’ ਸ਼ਬਦ ਨੂੰ ਸ਼ਾਮਲ ਕਰ ਦਿੱਤਾ ਸੀ। ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕ ਐਸੋਸੀਏਸ਼ਨ ਦੇ ਦਸੰਬਰ 1929 ਨੂੰ ਲਾਹੌਰ ਕਾਂਗਰਸ ’ਚ ਵੰਡੇ ਗਏ ਮੈਨੀਫੈਸਟੋ ’ਚ ਸ਼ਹੀਦ ਭਗਤ ਸਿੰਘ ਦੇ ਸਾਥੀ ਭਗਵਤੀ ਚਰਨ ਵੋਹਰਾ ਲਿਖਦੇ ਹਨ ‘ਭਾਰਤ ਸਾਮਰਾਜਵਾਦ ਦੇ ਜੂਲੇ ਹੇਠ ਪਿਸ ਰਿਹਾ ਹੈ। ਇਸ ਦੇ ਕਰੋੜਾਂ ਲੋਕ ਅੱਜ ਅਗਿਆਨਤਾ ਅਤੇ ਗਰੀਬੀ ਦੇ ਸ਼ਿਕਾਰ ਹੋ ਰਹੇ ਹਨ। ਭਾਰਤ ਦੀ ਬਹੁਤ ਵੱਡੀ ਗਿਣਤੀ, ਜੋ ਕਿਰਤੀਆਂ, ਕਿਸਾਨਾਂ ਦੀ ਹੈ, ਉਨ੍ਹਾਂ ਨੂੰ ਵਿਦੇਸ਼ੀ ਦਾਬੇ ਅਤੇ ਆਰਥਿਕ ਲੁੱਟ ਨੇ ਹੱਥਲ ਕਰ ਦਿੱਤਾ ਹੈ। ਭਾਰਤੀ ਕਿਰਤੀ ਵਰਗ ਦੀ ਹਾਲਤ ਅੱਜ ਅਤਿ ਗੰਭੀਰ ਹੈ। ਉਸ ਨੂੰ ਦੋਹਰੇ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਵਿਦੇਸ਼ੀ ਪੂੰਜੀਵਾਦ ਦਾ ਇੱਕ ਪਾਸੇ ਤੋਂ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਜੇ ਪਾਸੇ ਤੋਂ ਖਤਰਾ ਹੈ। ਭਾਰਤੀ ਪੂੰਜਵਾਦ, ਵਿਦੇਸ਼ੀ ਪੂੰਜੀਵਾਦ ਨਾਲ ਹਰ ਰੋਜ਼ ਵਧੇਰੇ ਗੱਠਜੋੜ ਕਰ ਰਿਹਾ ਹੈ।’ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ’ਚ ਵੀ ਮਨੁੱਖਤਾ ਨੂੰ ਅਹਿਮ ਮੰਨਦੇ ਹੋਏ ਅੰਗਰੇਜ਼ ਸਾਮਰਾਜ ਦਾ ਡਟ ਕੇ ਵਿਰੋਧ ਕਰਦੇ ਹੋਏ ਲਿਖਦੇ ਹਨ ਕਿ ‘ਸਾਡੇ ਵਿਚੋਂ ਵੀ ਕਈ ਅਜਿਹੇ ਹਨ ਜੋ ਆਪਣੇ ਆਲਸ ਤੇ ਨਿਕੰਮੇਪਣ ਨੂੰ ਅੰਤਰਰਾਸ਼ਟਵਾਦ ਦੇ ਬੁਰਕੇ ’ਚ ਛਪਾਉਂਦੇ ਹਨ। ਜੇ ਉਨ੍ਹਾਂ ਨੂੰ ਸੇਵਾ ਲਈ ਕਹੋ ਤਾਂ ਉਹ ਜਵਾਬ ਦੇਣਗੇ, “ਜਨਾਬ, ਅਸੀਂ ਤਾਂ ਕੌਮਾਂਤਰੀਵਾਦੀ ਹਾਂ ਅਤੇ ਅਸੀਂ ਕੌਮਾਂਤਰੀ ਭਾਈਚਾਰੇ ਵਿਚ ਵਿਸ਼ਵਾਸ਼ ਰੱਖਦੇ ਹਾਂ। ਇਸ ਤਰ੍ਹਾਂ ਅੰਗਰੇਜ਼ ਵੀ ਸਾਡੇ ਭਰਾ ਹਨ, ਫਿਰ ਉਨ੍ਹਾਂ ਨਾਲ ਲੜਾਈ ਕਾਹਦੀ ?” ਕਿੱਡਾ ਨੇਕ ਖਿਆਲ ਹੈ ਤੇ ਕਿੰਨੀ ਖ਼ੂਬਸੂਰਤ ਗੱਲ ਹੈ! ਪਰ ਉਹ ਇਸ ਦੇ ਅਸਲੀ ਭਾਵ ਨੂੰ ਨਹੀਂ ਸਮਝਦੇ। ਮਨੁੱਖੀ ਭਾਈਚਾਰੇ ਦਾ ਅਸੂਲ ਮੰਗ ਕਰਦਾ ਹੈ ਕਿ ਇੱਕ ਆਦਮੀ ਦੇ ਹੱਥੋਂ ਦੂਜੇ ਆਦਮੀ ਅਤੇ ਇੱਕ ਕੌਮ ਹੱਥੋਂ ਦੂਜੀ ਕੌਮ ਦੀ ਲੁੱਟ ਖਸੁੱਟ ਦਾ ਅੰਤ ਕਰ ਦਿੱਤਾ ਜਾਵੇ। ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਗੈਰ ਹਰ ਇੱਕ ਨੂੰ ਤਰੱਕੀ ਦੇ ਇਕੋ ਜਿਹੇ ਮੌਕੇ ਦਿੱਤੇ ਜਾਣ। ਪਰ ਅੰਗਰੇਜ਼ ਰਾਜ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਉਲਟ ਕੰਮ ਕਰ ਰਿਹਾ ਹੈ ਅਤੇ ਇਹ ਸਾਡੇ ਕਿਸੇ ਕੰਮ ਦਾ ਨਹੀਂ ਹੈ।”

ਸਾਮਰਾਜ ਦੇ ਖਿਲਾਫ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਹਰ ਤਰ੍ਹਾਂ ਦੀ ਜੰਗ ਲੜ ਰਹੇ ਸਨ ਅਤੇ ਕੋਈ ਵੀ ਮੌਕਾ ਨਹੀਂ ਗਵਾ ਰਹੇ ਸਨ, ਜਿਸ ਦੀ ਮਿਸਾਲ 24 ਜਨਵਰੀ 1930 ਨੂੰ ਲੈਨਿਨ ਦਿਵਸ ਦੇ ਮੌਕੇ ’ਤੇ ਤੀਜੀ ਇੰਟਰਨੈਸ਼ਨਲ ਨੂੰ ਭੇਜੀ ਗਈ ਇੱਕ ਤਾਰ ਤੋਂ ਮਿਲਦੀ ਹੈ। ਜਿਸ ਬਾਰੇ ਪ੍ਰੋ. ਜਗਮੋਹਣ ਸਿੰਘ ਵਲੋਂ ਸੰਪਾਦਿਤ ਕਿਤਾਬ ‘ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ’ ’ਚ ਲਿਖਿਆ ਗਿਆ ਹੈ ਕਿ ਇਸ ਦਿਨ ਲਾਹੌਰ ਸਾਜ਼ਿਸ਼ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਕਰਾਂਤੀਕਾਰੀ ਆਪਣੇ ਸਿਰਾਂ ’ਤੇ ਲਾਲ ਰੁਮਾਲ ਬੰਨ੍ਹ ਕੇ ਅਦਾਲਤ ’ਚ ਆਏ ਸਨ। ਉਹ ਕਾਕੋਰੀ ਦੇ ਗੀਤ ਗਾਉਂਦੇ ਰਹੇ। ਮੈਜਿਸਟਰੇਟ ਦੇ ਆਉਣ ’ਤੇ ਉਨ੍ਹਾਂ ਸਮਾਜਵਾਦੀ ਇਨਕਲਾਬ ਜਿੰਦਾਬਾਦ, ਕਮਿਊਨਿਸਟ ਇੰਟਰਨੈਸ਼ਨਲ ਜਿੰਦਾਬਾਦ, ਲੈਨਿਨ ਜਿੰਦਾਬਾਦ, ਪਰੋਲਤਾਰੀ ਜਮਾਤ ਜਿੰਦਾਬਾਦ ਅਤੇ ਸਮਾਰਜਵਾਦ ਮੁਰਦਾਬਾਦ ਦੇ ਨਾਅਰੇ ਬੁਲੰਦ ਕੀਤੇ ਅਤੇ ਭੇਜੀ ਗਈ ਤਾਰ ’ਚ ਇਉਂ ਲਿਖਿਆ ‘ਲੈਨਿਨ ਦਿਵਸ ਦੇ ਮੌਕੇ ’ਤੇ ਅਸੀਂ ਸੋਵੀਅਤ ਰੂਸ ਵਿਚ ਹੋ ਰਹੇ ਮਹਾਨ ਤਜ਼ਰਬੇ ਅਤੇ ਸਾਥੀ ਲੈਨਿਨ ਦੀ ਸਫਲਤਾ ਨੂੰ ਅੱਗੇ ਵਧਾਉਣ ਅਤੇ ਇਸ ਦੀ ਜਿੱਤ ਵਾਸਤੇ ਆਪਣੀਆਂ ਦਿਲੀ ਵਧਾਈਆਂ ਭੇਜਦੇ ਹਾਂ। ਸੰਸਾਰ ਇਨਕਲਾਬੀ ਲਹਿਰ ਨਾਲ ਅਸੀਂ ਆਪਣੇ ਆਪ ਨੂੰ ਜੋੜਨਾ ਚਾਹੁੰਦੇ ਹਾਂ। ਮਜ਼ਦੂਰਾਂ ਦੇ ਰਾਜ ਦੀ ਜੈ ਹੋਵੇ। ਸਰਮਾਏਦਾਰੀ ਦੀ ਖੈ ਹੋਵੇ। ਸਾਮਰਾਜਵਾਦ ਮੁਰਦਾਬਾਦ।”

☛ ਬਾਕੀ ਸਫ਼ਾ 21 ’ਤੇ

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ ‘ਨਵੀਂ ਦੁਨੀਆ’ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮੂਰਤੀਆਂ ਦੀ ਰਾਜਨੀਤੀ

ਸੁਨੀਲ ਕੁਮਾਰ

ਮੂਰਤੀ ਪੂਜਾ ਭਾਰਤ ਵਿਚ ਨਵੀਂ ਗੱਲ ਨਹੀਂ ਹੈ, ਇਥੇ ਕਈ ਕਰੋੜ ਦੇਵੀ ਦੇਵਤਿਆਂ ਨੂੰ ਮੂਰਤੀਆਂ ਬਣਾ ਕੇ ਪੂਜਿਆ ਜਾਂਦਾ ਹੈ। ਇਨਸਾਨਾਂ ਨੂੰ ਰੱਬ ਬਣਾ ਦਿੱਤਾ ਜਾਂਦਾ ਹੈ, ਇਥੋਂ ਤਕ ਕਿ ਮੂਰਤੀ ਵਿਰੋਧੀ ਲੋਕਾਂ ਨੂੰ ਮੂਰਤੀ ਬਣਾ ਕੇ ਪੂਜਿਆ ਜਾਣ ਲਗਦਾ ਹੈ। ਜਿਵੇਂ ਕਿ ਬੁੱਧ ਨੂੰ ਭਗਵਾਨ ਬਣਾ ਦਿੱਤਾ ਗਿਆ, ਉਨ੍ਹਾਂ ਦੀ ਪੂਜਾ ਹੋਣ ਲੱਗੀ। ਜ਼ਿਕਰਯੋਗ ਹੈ ਕਿ ਬੁੱਧ ਮੂਰਤੀ ਪੂਜਾ ਦੇ ਵਿਰੋਧ ਵਿਚ ਸਨ ਪਰ ਅੱਜ ਉਹ ਖ਼ੁਦ ਮੂਰਤੀ ਬਣ ਕੇ ਬੈਠ ਗਏ ਹਨ। ਇਸੇ ਤਰ੍ਹਾਂ ਭਗਤ ਸਿੰਘ ਜਿਹੜੇ ਕਿ ਖ਼ੁਦ ਨੂੰ ਨਾਸਤਿਕ ਮੰਨਦੇ ਸਨ, ਉਨ੍ਹਾਂ ਨੂੰ ਵੀ ਹਿੰਦੂਤਵ ਬ੍ਰਿਗੇਡ ਅਤੇ ਸ਼ਾਸਕ ਵਰਗ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਗਤ ਸਿੰਘ ਨੇ ਜਿਸ ਤਰ੍ਹਾਂ ਦੇ ਸ਼ੋਸ਼ਣਕਾਰੀ ਪਾਰਲੀਮੈਂਟ ਦਾ ਵਿਰੋਧ ਕੀਤਾ ਸੀ, ਉਸੇ ਤਰ੍ਹਾਂ ਦੀ ਸ਼ੋਸ਼ਣਕਾਰੀ ਪਾਰਲੀਮੈਂਟ ਵਿਚ ਉਨ੍ਹਾਂ ਦੀ ਮੂਰਤੀ ਸਥਾਪਤ ਕਰ ਦਿੱਤੀ ਗਈ ਹੈ। ਜਿਸ ਆਯੋਧਿਆ ਵਿਚ ਮੰਦਰ ਅਤੇ ਮੂਰਤੀਆਂ ਦੀ ਪੂਜਾ ਕਰਨ ਵਾਲਾ ਕੋਈ ਨਹੀਂ ਹੈ, ਉਥੇ ਰਾਮ ਮੰਦਰ ਬਣਾਉਣ ਲਈ ਦੋ ਭਾਈਚਾਰਿਆਂ ਅੰਦਰ ਐਨਾ ਜ਼ਹਿਰ ਭਰ ਦਿੱਤਾ ਗਿਆ ਕਿ ਪਤਾ ਨਹੀਂ ਕਿੰਨੇ ਹੀ ਲੋਕਾਂ ਦਾ ਖ਼ੂਨ ਡੁਲ੍ਹਿਆ ਅਤੇ ਡੋਲ੍ਹਿਆ ਜਾ ਰਿਹਾ ਹੈ ਅਤੇ ਜਾਂਦਾ ਰਹੇਗਾ, ਕਿਹਾ ਨਹੀਂ ਜਾ ਸਕਦਾ।

ਅੱਜਕਲ੍ਹ ਭਾਰਤ ਵਿਚ ਮੂਰਤੀ ਨਿਰਮਾਣ ਦਾ ਕੰਮ ਚਲਿਆ ਹੋਇਆ ਹੈ। ਜਿਵੇਂ ਦੇਸ਼ ਸਿਖਿਆ, ਸਿਹਤ, ਰੁਜ਼ਗਾਰ ਆਦਿ ਦੀਆਂ ਸਮੱਸਿਆਵਾਂ ਤੋਂ ਮੁਕਤ ਹੋ ਚੁੱਕਿਆ ਹੋਵੇ। ਗੁਜ਼ਰਾਤ ਵਿਚ 'ਸਟੈਚਿਊ ਆਫ਼ ਯੂਨਿਟੀ' 182 ਮੀਟਰ (597 ਫੁੱਟ) ਉਚੀ ਮੂਰਤੀ ( ਦੁਨੀਆ ਦੀ ਸਭ ਤੋਂ ਉਚੀ ਮੂਰਤੀ), ਬਿਹਾਰ ਦੇ ਚੰਪਾਰਣ ਜ਼ਿਲ੍ਹੇ ਵਿਚ ਜਾਨਕੀ ਨਗਰ ਵਿਚ ਰਾਮ ਦੀ 405 ਫੁੱਟ ਉਚੀ ਮੂਰਤੀ (ਦੁਨੀਆ ਦਾ ਸਭ ਤੋਂ ਉਚਾ ਹਿੰਦੂ ਮੰਦਰ), ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿਚ 268 ਏਕੜ ਜ਼ਮੀਨ 'ਤੇ 220 ਫੁੱਟ ਉਚੀ ਤਾਂਬੇ ਦੀ ਬੁੱਧ ਮੂਰਤੀ ਬਣਾਈ ਜਾ ਰਹੀ ਹੈ। ਯਾਨੀ ਅੱਜਕਲ੍ਹ ਭਾਰਤ ਵਿਚ ਸਭ ਕੁਝ 'ਉਚਾ' ਕਰਨ ਦਾ ਸੰਕਲਪ ਲੈ ਲਿਆ ਗਿਆ ਹੈ। ਜਿਵੇਂ ਕਿ ਮੋਦੀ ਨੇ 31 ਅਕਤੂਰ 2013 ਨੂੰ ਨਰਮਦਾ ਦੇ ਕੰਢੇ 'ਤੇ 'ਸਟੈਚਿਊ ਆਫ਼ ਯੂਨਿਟੀ' (ਸਰਦਾਰ ਵਲੱਭ ਭਾਈ ਪਟੇਲ ਦੀ ਮੂਰਤੀ) ਦਾ ਨੀਂਹ ਪੱਥਰ ਰੱਖਦੇ ਹੋਏ ਕਿਹਾ ਸੀ ਕਿ ਭਾਰਤ ਨੂੰ ਉਤਮ ਬਣਾਉਣ ਲਈ ਏਕਤਾ ਦੀ ਸ਼ਕਤੀ ਨਾਲ ਜੋੜਨ ਦੀ ਇਹ ਮੁਹਿੰਮ ਇਕ ਨਵੀਂ ਇਤਿਹਾਸਕ ਘਟਨਾ ਹੈ।

ਮੋਦੀ ਆਪਣੇ ਭਾਸ਼ਣਾਂ ਵਿਚ ਕਹਿੰਦੇ ਰਹੇ ਹਨ ਕਿ ਦੁਨੀਆ ਦੀ ਸਭ ਤੋਂ ਉਚੀ 'ਸਟੈਚਿਊ ਆਫ਼ ਲਿਬਰਟੀ' 93 ਮੀਟਰ (ਜੋ ਕਿ ਇਤਿਹਾਸਕ ਗ਼ਲਤੀ ਵੀ ਹੈ, ਉਹ ਅਕਸਰ ਹੀ ਕਹਿੰਦੇ ਹਨ, ਸਟੈਚਿਊ ਆਫ਼ ਲਿਬਰਟੀ ਤੋਂ ਉਚੀਆਂ ਦੋ ਮੂਰਤੀਆਂ ਹਨ - 1. ਸਪ੍ਰਿੰਗ ਟੈਂਪਲ ਬੁੱਧਾ 153 ਮੀਟਰ, 2. ਜਾਪਾਨ ਵਿਚ ਬੁੱਧ ਦੀ ਮੂਰਤੀ 120 ਮੀਟਰ) ਤੋਂ ਉਚੀ ਲੋਹ ਪੁਰਸ਼ ਦੀ 'ਸਟੈਚਿਊ ਆਫ਼ ਯੂਨਿਟੀ' ਪੂਰੀ ਦੁਨੀਆ ਦੀ ਸਭ ਤੋਂ ਉਚੀ ਮੂਰਤੀ ਹੋਵੇਗੀ। ਕੀ ਅਸੀਂ 'ਸਟੈਚਿਊ ਆਫ਼ ਯੂਨਿਟੀ' ਬਣਾ ਕੇ ਅਮਰੀਕਾ (ਸਟੈਚਿਊ ਆਫ਼ ਲਿਬਰਟੀ 93 ਮੀਟਰ) ਤੋਂ ਦੋਗੁਣਾ ਤਾਕਤਵਰ ਹੋਣ ਵਾਲੇ ਹਾਂ (ਜਿਹੜਾ ਕਿ ਸਾਡੇ ਮੰਤਰੀਆਂ ਦੇ ਕਪੜੇ ਤਕ ਲੁਹਾ ਕੇ ਚੈਕਿੰਗ ਕਰਦਾ ਹੈ ਅਤੇ ਸਾਡੇ ਰਾਜਦੂਤਾਂ ਨੂੰ ਜਦੋਂ ਚਾਹੇ ਹੱਥਕੜੀ ਲਾ ਕੇ ਜੇਲ੍ਹ ਵਿਚ ਸੁੱਟ ਸਕਦਾ ਹੈ); ਬੈਲਜੀਅਮ ਸਥਿਤ 39.6 ਮੀਟਰ ਉਚੀ 'ਕ੍ਰਾਈਸਟ ਦਾ ਰੀਡੀਮਰ' ਤੋਂ ਅਸੀਂ ਪੰਜ ਗੁਣਾਂ (ਬੈਲਜੀਅਮ ਦੀ ਜਨਸੰਖਿਆ ਕਰੋੜ ਵਿਚ ਹੈ ਅਤੇ ਉਹ ਭਾਰਤ ਨੂੰ ਕਰਜ਼ਾ/ ਸਹਾਇਤਾ ਦਿੰਦਾ ਹੈ) ਜਾਂ ਰੂਸ ਦੇ 'ਦ ਮਰਦਲੈਂਡ ਕਾਲਸ' ਜੋ ਕਿ 85 ਮੀਟਰ ਉਚਾ ਹੈ, ਤੋਂ ਦੋਗੁਣਾਂ ਤਾਕਤਵਰ ਹੋਣ ਵਾਲੇ ਹਾਂ (ਜਿਸ 'ਤੇ ਭਾਰਤ ਰੱਖਿਆ ਲਈ ਨਿਰਭਰ ਰਹਿੰਦਾ ਹੈ)?

ਇਨ੍ਹਾਂ ਮੂਰਤੀਆਂ ਨੂੰ ਲੈ ਕੇ ਕਿਤੇ ਵੀ ਅਜਿਹਾ ਰੌਲ਼ਾ ਸੁਣਾਈ ਨਹੀਂ ਦੇ ਰਿਹਾ, ਜਿਸ ਤਰ੍ਹਾਂ ਕਿ ਮਾਇਆਵਤੀ ਦੇ ਸਮੇਂ ਸੁਣਾਈ ਦੇ ਰਿਹਾ ਸੀ ਕਿ ਦੇਸ਼ ਦੀ ਜਨਤਾ ਨੂੰ ਪਾਰਕ-ਮੂਰਤੀਆਂ ਦੀ ਥਾਂ ਸਿਖਿਆ, ਸਿਹਤ ਅਤੇ ਰੋਟੀ ਦੀ ਜ਼ਰੂਰਤ ਹੈ। ਇਸ ਵਾਰ ਰੌਲ਼ਾ ਇਸ ਗੱਲ ਨੂੰ ਲੈ ਹੋ ਰਿਹਾ ਹੈ ਕਿ ਪਟੇਲ ਦੀ ਵਾਰਿਸ ਕਾਂਗਰਸ ਹੈ ਜਾਂ ਭਾਜਪਾ? ਭਾਜਪਾ ਦਾ ਦਾਅਵਾ ਹੈ ਕਿ 'ਲੋਹ ਪੁਰਸ਼' ਪਟੇਲ ਨੇ 565 ਰਿਆਸਤਾਂ ਨੂੰ ਭਾਰਤ ਵਿਚ ਮਿਲਾਇਆ ਸੀ, ਜੋ ਕਿ ਭਾਜਪਾ ਦੇ ਵਿਸ਼ਾਲ ਭਾਰਤ ਦੇ ਸੁਪਨਿਆਂ ਨਾਲ ਮਿਲਦਾ ਹੈ; ਦੂਜੇ ਪਾਸੇ ਕਾਂਗਰਸ ਦਾ ਕਹਿਣਾ ਹੈ ਕਿ 'ਲੋਹ ਪੁਰਸ਼' ਕਾਂਗਰਸ ਵਿਚ ਸਨ ਅਤੇ ਉਨ੍ਹਾਂ ਨੇ ਭਾਜਪਾ ਦੀ ਜਨਣੀ ਆਰ.ਐਸ.ਐਸ. ਨੂੰ ਫਿਰਕਾਪ੍ਰਸਤ ਮੰਨ ਕੇ ਪਾਬੰਦੀ ਲਾਈ ਸੀ। ਕੇਂਦਰੀ ਮੰਤਰੀ ਬੇਨੀ ਪ੍ਰਸਾਦ ਵਰਮਾ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ''ਲੋਹਾ ਮੰਤਰੀ ਹੈ ਬੇਨੀ ਪ੍ਰਸਾਦ ਵਰਮਾ ਅਤੇ ਲੋਹਾ ਬਣ ਰਹੇ ਹਨ ਮੋਦੀ। ਸਰਦਾਰ ਪਟੇਲ ਦੇ ਵੰਸਜ਼ ਹਨ ਬੇਨੀ ਪ੍ਰਸਾਦ ਵਰਮਾ ਅਤੇ ਸਰਦਾਰ ਪਟੇਲ ਦੀ ਮੂਰਤੀ ਬਣਾ ਰਹੇ ਹਨ ਮੋਦੀ। ਇਹ ਵੋਟ ਲਈ ਨਹੀਂ ਚਲੇਗਾ।'' ਮੂਰਤੀ ਦੀ ਪੂਰੀ ਲੜਾਈ ਵਾਰਿਸ ਬਣਨ ਦੀ ਲੜਾਈ ਵਿਚ ਬਦਲ ਗਈ ਹੈ। ਮੂਰਤੀ ਦੇ ਬਹਾਨੇ ਲੋਕਾਂ ਤੋਂ ਸੱਚਾਈ ਨੂੰ ਛੁਪਾਇਆ ਜਾ ਰਿਹਾ ਹੈ, ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ ਅਤੇ ਸੈਰ ਸਪਾਟੇ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਗੁਜਰਾਤ ਸਰਕਾਰ ਦੇ 10 ਸਾਲ ਪੂਰੇ ਹੋਣ ਮੌਕੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸੁਪਨਮਈ ਯੋਜਨਾ 'ਸਟੈਚਿਊ ਆਫ਼ ਯੂਨਿਟੀ' ਦਾ ਐਲਾਨ ਕੀਤਾ ਸੀ। ਇਸ ਤਹਿਤ ਸਰਦਾਰ ਵਲੱਭ ਭਾਈ ਪਟੇਲ ਦੀ 182 ਮੀਟਰ ਉਚੀ ਮੂਰਤੀ ਨਰਮਦਾ ਜ਼ਿਲ੍ਹੇ ਵਿਚ ਨਰਮਦਾ ਨਦੀਂ ਦੇ ਅੰਦਰ ਟਾਪੂ ਖੇਤਰ ਵਿਚ ਸਥਾਪਤ ਕੀਤੀ ਜਾਵੇਗੀ। ਇਸ ਲਈ ਵਖਰੇ ਤੌਰ 'ਤੇ ਫ਼ੰਡ ਨਿਰਧਾਰਤ ਕੀਤਾ ਗਿਆ ਹੈ, ਜਿਸ ਨਾਲ ਦੁਨੀਆ ਭਰ ਵਿਚ ਮੀਡੀਆ ਰਾਹੀਂ ਇਸ ਮੂਰਤੀ ਦਾ ਪ੍ਰਚਾਰ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਗੁਜਰਾਤ ਵਿਚ ਪਹਿਲਾਂ ਤੋਂ ਹੀ ਨਰਮਦਾ ਬੰਨ੍ਹ (122 ਮੀਟਰ ਉਚਾ) ਕਾਰਨ ਲੱਖਾਂ ਲੋਕਾਂ ਦਾ ਉਜਾੜਾ ਹੋ ਚੁੱਕਾ ਹੈ, ਜੋ ਅੱਜ ਤਕ ਉਜਾੜੇ ਦੀ ਲੜਾਈ ਲੜ ਰਹੇ ਹਨ। ਮੇਧਾ ਪਾਟੇਕਰ ਨੇ ਇਸ ਨੂੰ ਬੰਨ੍ਹ ਦੀ ਉਚਾਈ ਵਧਾਉਣ ਦੀ ਸਾਜ਼ਸ਼ ਦੱਸਿਆ ਹੈ। ਉਸ ਦਾ ਕਹਿਣਾ ਹੈ ਕਿ ਲਗਾਤਾਰ ਵੱਧਦੀ ਬਿਜਲੀ ਦੀ ਭੁੱਖ ਨੇ ਇਸ ਬੰਨ੍ਹ ਨੂੰ ਬਟਵਾਰੇ ਦਾ ਬੰਨ੍ਹ ਬਣਾ ਦਿੱਤਾ ਹੈ। ਉਚੀ ਮੂਰਤੀ ਦੇ ਬਹਾਨੇ ਬੰਨ੍ਹ ਦੀ ਉਚਾਈ ਵੀ 122 ਮੀਟਰ ਤੋਂ ਵਧਾ ਕੇ 138 ਮੀਟਰ ਤਕ ਲਜਾਈ ਜਾਵੇਗੀ, ਜਿਸ ਨਾਲ ਪਾਣੀ ਦੀ ਸਪਲਾਈ ਵਧ ਜਾਵੇਗੀ ਅਤੇ ਬਿਜਲੀ ਦਾ ਉਤਪਾਦਨ ਵੀ। ਇਸ ਕਾਰਨ ਇਕ ਵਾਰ ਫਿਰ ਵੱਡੀ ਗਿਣਤੀ ਵਿਚ ਆਦਿਵਾਸੀ ਆਪਣੇ ਘਰਾਂ ਤੋਂ ਉਜਾੜੇ ਜਾਣਗੇ।

ਏਫਿਲ ਟਾਵਰ ਦੀ ਤਰਜ਼ 'ਤੇ ਇਸ ਮੂਰਤੀ ਦੇ ਅੰਦਰ 500 ਫੁੱਟ ਤਕ ਇਕ ਡੈੱਕ ਦਾ ਨਿਰਮਾਣ ਕੀਤਾ ਜਾਵੇਗਾ, ਜਿਸ 'ਤੇ 200 ਲੋਕ ਇਕੱਠੇ ਚੜ੍ਹ ਕੇ 12 ਵਰਗ ਕਿਲੋਮੀਟਰ ਤਕ ਫੈਲੇ ਸਰਦਾਰ ਸਰੋਵਰ ਨੂੰ ਦੇਖ ਕੇ ਅੱਖਾਂ ਨੂੰ ਠੰਢਕ ਪਹੁੰਚਾ ਸਕਣਗੇ ਅਤੇ ਇਹ ਭੁੱਲ ਜਾਣਗੇ ਕਿ ਇਸ ਮੂਰਤੀ ਨੇ ਲੱਖਾਂ ਲੋਕਾਂ ਨੂੰ ਉਜੜਨ 'ਤੇ ਮਜਬੂਰ ਕੀਤਾ ਹੈ। ਤਿੰਨ ਸਾਲਾਂ ਦੇ ਅੰਦਰ ਇਥੇ ਹੋਟਲ, ਪਾਰਕਾਂ, ਰੈਸਟੋਰੈਂਟ, ਅੰਡਰਵਾਟਰ ਅੰਯੂਜਮੈਂਟ ਪਾਰਕ, ਥੀਮ ਪਾਰਕ ਅਤੇ ਪਬ ਬਣਾਏ ਜਾਣਗੇ, ਜਿਸ ਨਾਲ ਸੈਲਾਨੀਆਂ ਨੂੰ ਅਕਰਸ਼ਿਤ ਕੀਤਾ ਜਾ ਸਕੇ।

ਮੋਦੀ ਦੀ ਇਸ ਡ੍ਰੀਮ ਯੋਜਨਾ ਵੱਲ ਸਪੱਸ਼ਟਤਾ ਉਨ੍ਹਾਂ ਦੇ 15 ਦਸੰਬਰ 2013 ਨੂੰ ਉਤਰਾਖੰਡ ਵਿਚ ਦਿੱਤੇ ਗਏ ਭਾਸ਼ਣ ਤੋਂ ਹੁੰਦੀ ਹੈ। ਉਹ ਕਹਿੰਦੇ ਹਨ ਕਿ ''ਸੂਬੇ ਦੀ ਆਰਥਕ ਹਾਲਤ ਨੂੰ ਸੁਧਾਰਨ ਲਈ ਟੂਰਿਜ਼ਮ ਨੂੰ ਵਧਾਉਣਾ ਹੋਵੇਗਾ। ਪੂਰੇ ਵਿਸ਼ਵ ਵਿਚ ਟੂਰਿਜ਼ਮ ਉਦਯੋਗ ਸਭ ਤੋਂ ਤੇਜ਼ ਰਫ਼ਤਾਰ ਨਾਲ ਵੱਧਣ ਵਾਲੇ ਉਦਯੋਗ ਵਿਚ ਸ਼ਾਮਲ ਹੈ। ਟੂਰਿਜ਼ਮ ਵਿਚ 3 ਖਰਬ ਡਾਲਰ ਵਪਾਰ ਦੀ ਸੰਭਾਵਨਾ ਹੈ। ਪ੍ਰਮਾਤਮਾ ਦੇ ਨਾਮ 'ਤੇ ਉਤਰਾਖੰਡ ਲੱਖਾਂ ਲੋਕਾਂ ਨੂੰ ਅਕਰਸ਼ਿਤ ਕਰ ਸਕਦਾ ਹੈ, 'ਟੇਰੇਰਿਜ਼ਮ ਡਿਵਾਈਡਸ, ਟੂਰਿਜ਼ਮ ਯੂਨਾਈਟਸ'।'' ਮੋਦੀ ਟੂਰਿਜ਼ਮ ਉਦਯੋਗ ਨੂੰ ਵਧਾ ਕੇ ਦੇਸ਼ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ। ਗੋਆ ਦੇ ਲੋਕਾਂ ਦੀ ਦੁਰਦਸ਼ਾ ਕਿਸੇ ਤੋਂ ਲੁੱਕੀ ਨਹੀਂ ਹੈ, ਜੋ ਕਿ ਇਕ ਸੈਲਾਨੀ ਕੇਂਦਰ ਦੇ ਤੌਰ 'ਤੇ ਹੀ ਮਸ਼ਹੂਰ ਹੈ।

ਇਥੇ ਲੱਖਾਂ ਵਿਦੇਸ਼ੀ ਸੈਲਾਨੀ ਹਰ ਸਾਲ ਆਉਂਦੇ ਹਨ। ਗੋਆ ਦੀ ਸਥਾਨਕ ਜਨਤਾ ਯਾਨੀ ਔਰਤਾਂ ਅਤੇ ਲੜਕੀਆਂ ਨੂੰ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਨੰਗਾ ਹੋ ਕੇ ਨੱਚਣਾ ਪੈਂਦਾ ਹੈ। ਸੈਲਾਨੀਆਂ ਦੀ ਮਾਲਿਸ਼ ਕਰਨੀ ਪੈਂਦੀ ਹੈ। ਉਤਰਾਖੰਡ ਦੀ ਕੇਦਾਰ ਘਾਟੀ ਵਿਚ ਈਸ਼ਵਰ ਦੇ ਨਾਮ 'ਤੇ ਜੂਨ 2013 ਵਿਚ ਮਨੁੱਖ ਵਲੋਂ ਲਿਆਂਦੀ ਤਬਾਹੀ ਕਿਸੇ ਤੋਂ ਲੁਕੀ ਨਹੀਂ ਹੈ, ਜਿਸ ਵਿਚ 20 ਹਜ਼ਾਰ ਲੋਕ ਮਾਰੇ ਗਏ। ਇਕੋ ਵਾਰ ਕਈ ਪਿੰਡ ਅਨਾਥ/ਵਿਧਵਾ ਹੋ ਗਏ। ਕੀ ਮੋਦੀ ਅਜਿਹਾ ਹੀ ਵਿਕਾਸ ਕਰਨਾ ਚਾਹੁੰਦੇ ਹਨ, ਜਿਥੇ ਪੇਟ ਦੀ ਅੱਗ ਬੁਝਾਉਣ ਲਈ ਔਰਤਾਂ ਅਤੇ ਬੱਚੀਆਂ ਨੂੰ ਨੰਗਾ ਹੋ ਕੇ ਨੱਚਣਾ ਪਵੇ। ਪਿੰਡਾਂ ਦੇ ਪਿੰਡ, ਪਰਿਵਾਰਾਂ ਦੇ ਪਰਿਵਾਰ ਇਕੋ ਵਾਰ ਮਾਰੇ ਜਾਣ। ਲਾਸ਼ਾਂ ਸੜਦੀਆਂ ਰਹਿਣ, ਬੱਚੇ ਅਨਾਥ ਹੋ ਜਾਣ। ਕੀ ਅਜਿਹਾ ਹੀ ਟੂਰਿਜ਼ਮ ਅਤੇ ਵਿਕਾਸ ਚਾਹੀਦਾ ਹੈ ਉਨ੍ਹਾਂ ਨੂੰ?

**'ਰਨ ਫਾਰ ਯੂਨਿਟੀ'**

ਸਰਦਾਰ ਵਲੱਭ ਭਾਈ ਪਟੇਲ ਦੇ 63ਵੇਂ ਜਨਮ ਦਿਨ ਮੌਕੇ 15 ਦਸੰਬਰ ਨੂੰ 'ਰਨ ਫ਼ਾਰ ਯੂਨਿਟੀ' ਦਾ ਆਯੋਜਨ 565 ਥਾਵਾਂ 'ਤੇ ਕੀਤਾ ਗਿਆ। 'ਇਹ ਇਸ ਲਈ ਕੀਤਾ ਗਿਆ ਕਿਉਂਕਿ ਪਟੇਲ ਨੇ 565 ਰਿਆਸਤਾਂ ਨੂੰ ਭਾਰਤ ਵਿਚ ਮਿਲਾਇਆ ਸੀ। ਇਸ ਆਯੋਜਨ ਨੂੰ ਬੜੋਦਰਾ ਜ਼ਿਲ੍ਹੇ ਵਿਚ ਹਰੀ ਝੰਡੀ ਦਿਖਾਉਂਦੇ ਹੋਏ ਨਰਿੰਦਰ ਮੋਦੀ ਨੇ ਕਿਹਾ ਕਿ ''ਸਰਦਾਰ ਪਟੇਲ ਨੇ ਰਾਸ਼ਟਰ ਨੂੰ ਇਕਜੁੱਟ ਕਰਨ ਵਿਚ ਆਪਣਾ ਜੀਵਨ ਸਮਰਪਤ ਕਰ ਦਿੱਤਾ। ਉਨ੍ਹਾਂ ਨੇ ਸੁਤੰਤਰਾ ਸੰਗਰਾਮ ਨਾਲ ਆਮ ਲੋਕਾਂ ਨੂੰ ਜੋੜਿਆ, ਦੇਸ਼ ਦੀ ਬਸਤੀਵਾਦੀ ਮਾਨਸਿਕਤਾ ਤੋਂ ਮੁਕਤੀ ਦਿਵਾਉਣ ਦਾ ਯਤਨ ਕੀਤਾ। ਦੇਸ਼ ਨੂੰ ਵੰਡਣ ਦੀ ਮਾਨਸਿਕਤਾ ਨੂੰ ਬਦਲਿਆ ਅਤੇ ਦੇਸ਼ ਨੂੰ ਇਕਜੁੱਟ ਕੀਤਾ।''

ਅਸੀਂ ਮੋਦੀ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਮੋਦੀ ਨੇ ਇਸ ਵਿਚੋਂ ਕਿਹੜੇ ਨਕਸ਼ੇ ਕਦਮਾਂ ਨੂੰ ਅਪਨਾਇਆ ਹੈ? ਤੁਸੀਂ ਤਾਂ ਬਸਤੀਵਾਦੀ ਮਾਨਸਿਕਤਾ ਨੂੰ ਅਪਨਾ ਰਹੇ ਹੋ ਅਤੇ ਉਸ ਨੂੰ ਉਤਸ਼ਾਹਤ ਕਰ ਰਹੇ ਹੋ। ਆਪਣੇ 'ਸਟੈਚਿਊ ਆਫ਼ ਯੂਨਿਟੀ' ਨੂੰ ਬਣਾਉਣ ਲਈ ਜਿਸ ਟਰਨਰ ਕੰਸਟ੍ਰਕਸ਼ਨ ਕੰਪਨੀ ਨੂੰ ਠੇਕਾ ਦਿੱਤਾ ਗਿਆ ਹੈ, ਉਹ ਦੁਨੀਆ ਦੇ ਜਾਲਮ ਦੇਸ਼ ਅਮਰੀਕਾ ਦੀ ਕੰਪਨੀ ਹੈ। ਇਸੇ ਦੇਸ਼ ਦੀ ਨਕਲ ਕਰ ਕੇ ਸਟੈਚਿਊ ਬਣਾ ਕੇ ਤੁਸੀਂ 'ਉਤਮ' ਹੋਣਾ ਚਾਹੁੰਦੇ ਹੋ। ਤੁਸੀਂ ਪਟੇਲ ਨੂੰ ਆਮ ਲੋਕਾਂ ਨਾਲ ਜੋੜਨ ਦੀ ਗੱਲ ਕਰ ਰਹੇ ਹੋ 'ਸਾਹਬ', ਧਿਆਨ ਦਿਓ ਤੁਸੀਂ ਤਾਂ ਆਪਣੇ ਲੋਕਾਂ ਨੂੰ ਉਜਾੜ ਰਹੇ ਹੋ। ਉਨ੍ਹਾਂ ਨੂੰ ਆਪਣੀ ਜ਼ਮੀਨ ਤੋਂ, ਸਭਿਅਤਾ ਤੋਂ ਬੇਦਖ਼ਲ ਕਰ ਰਹੇ ਹੋ। ਤੁਹਾਡੇ 'ਸਿਰਮੌਰ' ਬਣਨ ਦੇ ਡਰ ਨਾਲ ਇਕ ਵਰਗ, ਇਕ ਵਿਸ਼ੇਸ਼ ਭਾਈਚਾਰਾ ਡਰਿਆ ਹੋਇਆ ਹੈ। ਤੁਸੀਂ ਜਿਸ ਉਦਯੋਗ ਨੂੰ ਵਧਾਉਣ ਦੀ ਗੱਲ ਕਰ ਰਹੇ ਹੋ, ਉਸ ਵਿਚ ਤੁਹਾਡੀ ਸਭਿਅਤਾ ਦਾ ਕੀ ਹੋਵੇਗਾ। ਦੇਸ਼ ਦੀਆਂ ਮਾਵਾਂ-ਭੈਣਾਂ ਨਾਲ ਕੀ ਹੋਵੇਗਾ, ਤੁਸੀਂ ਕਦੇ ਸੋਚਿਆ ਹੈ? ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਦਿੱਲੀ ਵਿਚ 'ਰਨ ਫ਼ਾਰ ਯੂਨਿਟੀ' ਸਮੇਂ ਕਿਹਾ ਕਿ ਜੇਕਰ ਜਨਤਾ ਨੇ ਮੋਦੀ ਨੂੰ 10 ਸਾਲ ਲਈ ਪ੍ਰਧਾਨ ਮੰਤਰੀ ਬਣਾਇਆ ਤਾਂ ਭਾਰਤ ਮਹਾ ਸ਼ਕਤੀ ਬਣ ਜਾਵੇਗਾ। ਸਿੰਘ ਜੀ! ਕੀ ਮੋਦੀ ਦੇ 10 ਦੇ ਸ਼ਾਸ਼ਨਕਾਲ ਵਿਚ ਗੁਜਰਾਤ ਭਾਰਤ ਦਾ ਮੋਹਰੀ ਸੂਬਾ ਬਣ ਗਿਆ ਹੈ? ਜੇਕਰ ਗੁਜਰਾਤ ਮੋਹਰੀ ਸੂਬਾ ਬਣ ਗਿਆ ਹੁੰਦਾ ਤਾਂ ਪੱਛਮੀ ਗੁਜਰਾਤ ਦੀ ਰਹਿਣ ਵਾਲੀ ਸੋਨਲ ਨੂੰ ਦੋ ਵਾਰ ਪੈਸੇ ਲਈ ਸਰੋਗੇਸੀ (ਕਿਰਾਏ ਦੀ ਕੁੱਖ) ਤੋਂ ਬੱਚੇ ਪੈਦਾ ਨਹੀਂ ਕਰਨੇ ਪੈਂਦੇ (ਬੀ.ਬੀ.ਸੀ. ਹਿੰਦੀ.ਕਾਮ, 29 ਜੁਲਾਈ 2011)। ਮੋਹਰੀ ਸੂਬਾ ਹੁੰਦਾ ਤਾਂ ਗੁਜਰਾਤ ਦੇ ਜਿਸ ਨਰਮਦਾ ਜ਼ਿਲ੍ਹੇ ਵਿਚ ਜਨਤਾ ਦਾ 2500 ਕਰੋੜ ਰੁਪਏ ਖ਼ਰਚ ਕਰ ਕੇ ਸਟੈਚਿਊ ਬਣਾਇਆ ਜਾ ਰਿਹਾ ਹੈ ਉਸੇ 5,90,297 ਦੀ ਜਨ ਸੰਖਿਆ ਵਾਲੇ ਜ਼ਿਲ੍ਹੇ ਵਿਚ ਕੁਲ ਹਾਇਰ ਸੈਕੰਡਰੀ ਸਕੂਲਾਂ ਦੀ ਗਿਣਤੀ ਕੇਵਲ 27 ਹੈ, ਹਸਪਤਾਲ ਤਾਂ ਸਿਰਫ਼ ਦੋ ਹੀ ਹਨ। ਜੇਕਰ ਇਸ ਪੈਸੇ ਨੂੰ ਉਥੋਂ ਦੇ ਲੋਕਾਂ 'ਤੇ ਖ਼ਰਚ ਕਰ ਦਿੱਤਾ ਜਾਂਦਾ ਤਾਂ ਸਚਮੁਚ ਸਿਖਿਆ, ਸਿਹਤ ਦੇ ਮਾਮਲੇ ਵਿਚ ਗੁਜਰਾਤ ਦੁਨੀਆ ਦੀਆਂ ਸਭ ਤੋਂ ਵਧੀਆ ਥਾਵਾਂ ਵਿਚੋਂ ਗਿਣਿਆ ਜਾ ਸਕਦਾ ਸੀ। ਪਰ ਸਿੰਘ ਜੀ! ਤੁਹਾਨੂੰ ਲੋਕਾਂ ਨੂੰ ਤਾਂ ਨਾਮ ਅਤੇ ਸੱਤਾ ਚਾਹੀਦੀ ਹੈ। ਜਨਤਾ ਜਾਂ ਵਿਕਾਸ ਨਾਲ ਤੁਹਾਡਾ ਕੋਈ ਸਰੋਕਾਰ ਨਹੀਂ ਹੈ।

2500 ਕਰੋੜ ਰੁਪਏ ਨਾਲ ਭਾਰਤ ਵਿਚ 100-100 ਕਰੋੜ ਰੁਪਏ ਲਾ ਕੇ 25 ਹਸਪਤਾਲ ਬਣਾ ਦਿੱਤੇ ਜਾਂਦੇ ਤਾਂ ਹਰ ਸਾਲ ਲੱਖਾਂ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਸੀ ਜਾਂ ਐਨੇ ਪੈਸੇ ਲਾ ਕੇ ਸਕੂਲ, ਕਾਲਜ ਖੋਲ੍ਹੇ ਜਾਂਦੇ ਤਾਂ ਸਿਖਿਆ ਦੇ ਪੱਧਰ ਵਿਚ ਸੁਧਾਰ ਹੁੰਦਾ। ਕਈ ਡਾਕਟਰ, ਇੰਜੀਨੀਅਰ ਪੈਦਾ ਕੀਤੇ ਜਾ ਸਕਦੇ ਸਨ। ਭਾਰਤ ਵਿਚ ਮੂਰਤੀਆਂ ਨੂੰ ਲੈ ਕੇ ਇਕ ਖਾਸ ਤਰ੍ਹਾਂ ਦੀ ਰਾਜਨੀਤੀ ਹੋ ਰਹੀ ਹੈ। ਮੂਰਤੀਆਂ ਵਿਚ ਜਨਤਾ ਨੂੰ ਉਲਝਾ ਕੇ ਅਤੇ ਝੂਠੀ ਸ਼੍ਰੇਟਠਤਾ ਦਿਖਾ ਕੇ ਟੂਰਿਜ਼ਮ ਨੂੰ ਵਧਾਇਆ ਜਾ ਰਿਹਾ ਹੈ। ਉਦਯੋਗਾਂ ਦੀ ਥਾਂ ਮੂਰਤੀ ਸਥਾਪਨਾ ਕੀਤੀ ਜਾ ਰਹੀ ਹੈ। 'ਬਹੁਤ ਉਚਾ, ਉਤਮ' ਇਹ ਸਭ ਸੁਣਾ ਕੇ ਲੋਕਾਂ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਕੋਈ ਗੱਲ ਨਹੀਂ ਜੇਕਰ ਖਾਣ ਲਈ ਕੁਝ ਨਹੀਂ ਹੈ ਤਾਂ ਕੋਈ ਗੱਲ ਨਹੀਂ, ਅਸੀ ਹਾਂ ਤਾਂ 'ਉਤਮ' ਅਤੇ 'ਤਾਕਤਵਰ'। ਪਰ ਸੱਚ ਇਹ ਹੈ ਕਿ ਸਾਨੂੰ ਜਿੰਨੀ ਉਚਾਈ ਦਿਖਾਈ ਜਾ ਰਹੀ ਹੈ, ਅਸੀਂ ਉਨੇ ਹੀ ਹੇਠਾਂ ਵੱਲ ਜਾ ਰਹੇ ਹਾਂ। ਮੂਰਤੀ ਨਿਰਮਾਣ 'ਤੇ ਇਸ ਕੋਨੇ ਤੋਂ ਉਸ ਕੋਨੇ ਤਕ ਜੋ ਪੈਸਾ ਖ਼ਰਚ ਕੀਤਾ ਜਾ ਰਿਹਾ ਹੈ, ਉਸ ਨੂੰ ਭਾਰਤ ਦੀ ਆਮ ਜਨਤਾ ਲਈ ਰੁਜ਼ਗਾਰ, ਸਿਖਿਆ, ਸਿਹਤ 'ਤੇ ਖ਼ਰਚ ਕੀਤੇ ਜਾਣ ਦੀ ਜ਼ਰੂਰਤ ਹੈ।

ਧੁਖ਼ਦਾ ਕਾਲਮ

# ਲੋਕ- ਚਿੰਤਨ ਤੇ ਸੰਘਰਸ਼- ਇਸ ਤੋਂ ਬਿਨਾ ਹੁਣ ਹੋਰ ਕੋਈ ਚਾਰਾ ਨਹੀਂ

ਸੁਸ਼ੀਲ ਦੁਸਾਂਝ +91-97813-60066

ਜਿਸ ਦਿਨ ਫੂਲਨ ਦੇਵੀ ਦਾ ਕਤਲ ਹੋਇਆ ਉਸ ਦਿਨ ਮੈਂ ਟੀ.ਵੀ. 'ਤੇ ਇਹ ਖ਼ਬਰ ਸੁਣਨ ਵਿਚ ਖੁਭਿਆ ਹੋਇਆ ਸੀ ਕਿ ਮੇਰਾ ਤਿੰਨ ਕੁ ਵਰ੍ਹਿਆਂ ਦਾ ਬੇਟਾ ਫੈਸ਼ਨ ਚੈਨਲ ਲਾਉਣ ਦੀ ਜ਼ਿੱਦ ਕਰਨ ਲੱਗਾ। ਮੈਂ ਫੂਲਨ ਦੇਵੀ ਅਤੇ ਉਸਦੇ ਕਤਲ ਨਾਲ ਸਬੰਧਤ ਜਾਣਕਾਰੀ ਸੁਣਨ ਲਈ ਉਤਸਕ ਸੀ ਪਰ ਬੇਟੇ ਨੇ ਵਾਰ-ਵਾਰ ਫੈਸ਼ਨ ਚੈਨਲ ਲਾਉਣ ਦੀ ਹੀ ਜ਼ਿੱਦ ਕੀਤੀ। ਮੈਂ ਉਸਨੂੰ ਥੋੜ੍ਹਾ ਝਿੜਕਣ ਦੇ ਅੰਦਾਜ਼ ਵਿਚ ਪੁਛਿਆ, 'ਤੂੰ ਫੈਸ਼ਨ ਚੈਨਲ 'ਤੇ ਕੀ ਦੇਖਣੈ ?' ਉਸ ਬੜੀ ਮਾਸੂਮੀਅਤ ਨਾਲ ਤੋਤਲੀ ਆਵਾਜ਼ ਵਿਚ ਜੁਆਬ ਦਿੱਤਾ, 'ਪਾਪਾ, ਮੈਂ ਆਂਟੀ ਦੇਖੂੰਗਾ।' ਮੈਂ ਥੋੜ੍ਹਾ ਹੋਰ ਤਲਖ਼ੀ ਨਾਲ ਪੁਛਿਆ, 'ਤੂੰ ਆਂਟੀ ਦਾ ਕੀ ਦੇਖਣਾ ?' ਉਸ ਹੋਰ ਵੀ ਮਾਸੂਮੀਅਤ ਨਾਲ ਜੋ ਜੁਆਬ ਦਿੱਤਾ, ਉਸਦਾ ਜ਼ਿਕਰ ਮੈਂ ਇੱਥੇ ਨਹੀਂ ਕਰ ਸਕਾਂਗਾ। ਉਸਦੇ ਜੁਆਬ ਤੋਂ ਮੈਂ ਦੰਗ ਰਹਿ ਗਿਆ। ਸਿਰਫ 3 ਕੁ ਸਾਲ ਦੇ ਬੱਚੇ ਦੇ ਮਨ 'ਤੇ ਫੈਸ਼ਨ ਚੈਨਲ ਨੇ ਏਨਾ ਡੂੰਘਾ ਅਸਰ ਪਾ ਦਿੱਤਾ ਸੀ ਕਿ ਉਹ ਕੈਟਵਾਕ ਕਰਦੀਆਂ ਲਗਭਗ ਨਿਰਵਸਤਰ ਮਾਡਲਾਂ ਨੂੰ ਦੇਖਣਾ ਚਾਹੁੰਦਾ ਸੀ। ਅੱਜ ਮੇਰਾ ਬੇਟਾ 15 ਸਾਲ ਦਾ ਹੈ ਤੇ ਉਕਤ ਘਟਨਾ ਦਾ ਜ਼ਿਕਰ ਮੈਂ ਇਸ ਕਰਕੇ ਕੀਤਾ ਹੈ ਕਿਉਂਕਿ ਪਿੱਛੇ ਜਿਹੇ ਇਕ ਮਿਊਜ਼ਕ ਐਲਬਮ 'ਚਟਨੀ' ਦਾ ਵੀਡੀਓ ਆਇਆ ਜਿਸ ਵਿਚ ਇਕ 6 ਸਾਲ ਦੇ ਬੱਚੇ ਨੂੰ ਮਾਡਲ ਲੜਕੀ ਦੀ ਸਕਰਟ ਚੁੱਕਦਿਆਂ ਦਿਖਾਇਆ ਗਿਆ ਹੈ।

ਇਸ ਤੋਂ ਕੋਈ ਸ਼ਾਇਦ ਹੀ ਮੁਨਕਰ ਹੋਵੇ ਕਿ ਸੰਗੀਤ ਜ਼ਿੰਦਗੀ ਦੀ ਬੁਨਿਆਦ ਹੈ। ਜਨਮ ਤੋਂ ਲੈ ਕੇ ਆਖਰੀ ਸਾਹ ਤੱਕ ਸੰਗੀਤ ਅੰਗ-ਸੰਗ ਰਹਿੰਦਾ ਹੈ। ਸਰੀਰ ਅੰਦਰ ਵੱਸਦੀ ਰੂਹ ਦਾ ਅਸਲ ਨਾਂਅ ਸੰਗੀਤ ਹੀ ਹੈ। ਸੰਗੀਤ ਤੋਂ ਬਿਨਾਂ ਕਦੇ ਜੀਵਨ ਦੀ ਕਲਪਨਾ ਕਰਕੇ ਦੇਖਣਾ। ਪਰ ਨਵੇਂ ਦੌਰ ਵਿਚ ਸੰਗੀਤ ਰਾਹੀਂ ਵੀ ਕੋਈ ਚੀਜ਼ ਮੰਡੀ ਵਿਚ ਆਉਂਦੀ ਹੈ ਤਾਂ ਉਹ ਫੈਸ਼ਨ ਹੋ ਜਾਇਆ ਕਰਦੀ ਹੈ। ਜਿੱਥੇ 'ਫ਼ੈਸ਼ਨ ਟੂਲ' ਹੋ ਗਿਆ ਹੈ ਤਾਂ ਸਾਫ਼ ਹੈ ਕਿ ਜੀਵਨ ਵਿਚੋਂ ਰੂਹ ਨੂੰ ਮਾਰ ਦੇਣ ਦੀ ਤਿਆਰੀ ਹੈ। ਜਿਸ ਕਿਸਮ ਦਾ ਗੀਤ-ਸੰਗੀਤ ਅੱਜ ਪਰੋਸਿਆ ਜਾ ਰਿਹਾ ਹੈ, ਉਹ ਗੀਤ-ਸੰਗੀਤ ਨਹੀਂ ਸ਼ੋਰ ਹੈ। ਸ਼ੋਰ ਸ਼ਾਂਤੀ ਦਾ ਦੁਸ਼ਮਣ ਹੋਇਆ ਕਰਦਾ ਹੈ। ਸਕੂਨ ਦੇਣ ਵਾਲਾ ਸੰਗੀਤ ਮੰਡੀ ਦੇ ਸੌਦਾਗਰਾਂ ਨੇ ਮਾਨਸਿਕ ਤਣਾਅ ਦਾ ਜ਼ਰੀਆ ਬਣਾ ਦਿੱਤਾ ਹੈ। ਤੇਜ਼-ਤਿੱਖੇ ਅਤੇ ਸ਼ੋਰੀਲੇ ਸੰਗੀਤ 'ਤੇ ਥਿਰਕਦੇ ਨੌਜਵਾਨਾਂ ਦੀ ਖ਼ੁਸ਼ੀ ਅਸਥਾਈ ਹੈ। ਇਸ ਤਰ੍ਹਾਂ ਦਾ ਸੰਗੀਤ ਵਕਤੀ ਮਜ਼ਾ ਹੀ ਦੇ ਸਕਦਾ ਹੈ। ਸੰਗੀਤ ਦੀਆਂ ਇਸ ਤਰ੍ਹਾਂ ਦੀਆਂ ਮਹਿਫਲਾਂ 'ਮਾਣ ਕੇ' ਦੇਰ ਰਾਤੀਂ ਘਰ ਪਹੁੰਚਦੇ ਨੌਜਵਾਨ ਸਵੇਰੇ ਸਿਰ ਫੜ ਕੇ ਬੈਠੇ ਦਿਖਾਈ ਦਿੰਦੇ ਹਨ। ਕੀ ਉਸਨੂੰ ਸੰਗੀਤ ਕਿਹਾ ਜਾ ਸਕਦਾ ਹੈ ਜੋ ਸਿਰ ਦੀ ਪੀੜ ਦਾ ਕਾਰਣ ਬਣੇ ?

ਹਰ ਰੋਜ਼ ਆਉਂਦੀਆਂ ਮਿਊਜ਼ਿਕ ਐਲਬਮਾਂ ਦੀਆਂ ਵੀਡੀਓਜ਼ ਨੈਤਿਕ ਕਦਰਾਂ-ਕੀਮਤਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ। ਇਨ੍ਹਾਂ ਨੇ ਸੰਗੀਤ ਨੂੰ ਕੰਨ ਰਸੀ ਦੀ ਥਾਂ ਕਾਮੁਕ ਅੱਖ ਰਸੀ ਬਣਾ ਧਰਿਆ ਹੈ। ਅਸ਼ਲੀਲਤਾ ਦੇ ਨਵੇਂ ਤੋਂ ਨਵੇਂ ਰਿਕਾਰਡ ਬਣਾਏ ਜਾ ਰਹੇ ਹਨ। ਪੈਸਾ ਬਣਾਉਣ ਦੀ ਕਾਹਲ ਵਿਚ ਮਿਊਜ਼ਕ ਐਲਬਮਾਂ ਦੇ ਨਿਰਮਾਤਾ, ਨਿਰਦੇਸ਼ਕ ਅਤੇ ਗਾਇਕ ਹਰ ਜਾਇਜ਼ ਨਾਜਾਇਜ਼ ਹੀਲਾ ਵਰਤਣ ਵਿਚ ਲੱਗੇ ਹੋਏ ਹਨ। ਸੰਗ-ਸ਼ਰਮ ਅਤੇ ਹਯਾ ਗੁਜ਼ਰੇ ਜ਼ਮਾਨੇ ਦੇ ਸ਼ਬਦ ਹੋ ਗਏ ਹਨ।

ਦਰਅਸਲ, ਬਾਜ਼ਾਰ ਨਾਲੋਂ ਸ਼ਾਤਿਰ ਬਹਿਰੂਪੀਆ ਕੋਈ ਨਹੀਂ ਹੈ। ਇਹ ਬਾਜ਼ਾਰ ਦੀ ਸ਼ਾਤਰਾਨਾ ਘੁਸਪੈਠ ਹੀ ਹੈ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਇਹ ਕਦੋਂ ਸਾਡੇ ਧੁਰ ਅੰਦਰ ਤੀਕ ਪ੍ਰਵੇਸ਼ ਕਰ ਜਾਂਦਾ ਹੈ। ਅਸੀਂ ਅਚੇਤ ਹੀ ਬਾਜ਼ਾਰ ਵਲੋਂ ਸੰਚਾਲਿਤ ਹੋਣ ਲੱਗਦੇ ਹਾਂ। ਸਾਡਾ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਪਚਰਣ, ਬੋਲਣ-ਚਾਲਣ, ਸੁਨਣ-ਸੁਣਾਉਣ ਗੱਲ ਕੀ ਹਰ ਚੀਜ਼ ਬਾਜ਼ਾਰ ਚਲਾਉਂਦਾ ਹੈ। ਅਸੀਂ-ਤੁਸੀਂ ਸਾਰੇ ਇਸੇ ਹੋਣੀ ਦਾ ਸ਼ਿਕਾਰ ਹਾਂ। ਆਪਣਾ ਰਿਮੋਟ ਬਾਜ਼ਾਰ ਦੇ ਹੱਥ ਹੈ। ਇਹ ਬਾਜ਼ਾਰ ਦਾ ਦਖਲ ਨਹੀਂ ਸਗੋਂ ਸਾਡੇ 'ਤੇ ਕਬਜ਼ਾ ਹੈ।

ਅੱਜ ਬਾਜ਼ਾਰ ਨੇ ਹਰ ਖੇਤਰ ਵਿਚ ਬੱਚਿਆਂ ਨੂੰ ਮਾਲ ਵੇਚਣ ਲਈ ਆਪਣਾ ਪਹਿਲਾ ਹਥਿਆਰ ਬਣਾ ਲਿਆ ਹੈ। ਟੀ.ਵੀ. 'ਤੇ ਆਉਂਦਿਆਂ ਇਸ਼ਤਿਹਾਰਾਂ ਵਿਚ ਬਹੁਤੀਆਂ ਕੰਪਨੀਆਂ ਦਾ ਮਾਲ ਬੱਚੇ ਹੀ ਵੇਚਦੇ ਨਜ਼ਰ ਆ ਰਹੇ ਹਨ। ਇਹ ਮਾਡਲ ਬੱਚੇ ਸਿਰ਼ਫ ਬੱਚਿਆਂ ਨਾਲ ਸਬੰਧਤ ਮਾਲ ਹੀ ਨਹੀਂ ਵੇਚਦੇ ਸਗੋਂ ਮਾਪੇ ਕੀ ਖਰੀਦਣ, ਇਹ ਵੀ ਤੈਅ ਕਰਕੇ ਦਿੰਦੇ ਹਨ। ਇਸੇ ਦਾ ਅਸਰ ਹੈ ਕਿ ਬਹੁਤਿਆਂ ਘਰਾਂ ਵਿਚ ਅੱਜਕੱਲ੍ਹ ਬੱਚੇ ਹੀ ਤੈਅ ਕਰਦੇ ਹਨ ਕਿ ਘਰ ਵਿਚ ਕਿਹੜਾ ਸਾਬਣ, ਟੁੱਥਪੇਸਟ ਜਾਂ ਕੋਈ ਹੋਰ ਚੀਜ਼ ਆਉਣੀ ਚਾਹੀਦੀ ਹੈ।

ਇਹ ਕਲੰਕ ਭਾਰਤੀ ਹਕੂਮਤ ਦਾ ਮੂੰਹ ਚਿੜਾਉਂਦਾ ਹੈ ਪਰ ਬਾਜ਼ਾਰ ਨੇ ਸਰਕਾਰਾਂ ਨੂੰ ਹੀ ਆਪਣੇ ਹੱਥ ਕਰ ਲਿਆ ਹੈ ਤਾਂ ਕੀ ਹੋ ਸਕਦਾ ਹੈ ? ਹੋ ਤਾਂ ਸਕਦਾ ਹੈ, ਲੋਕ-ਚਿੰਤਾ ਵਿਚੋਂ ਚਿੰਤਨ ਨਿਕਲੇ ਤੇ ਚਿੰਤਨ ਵਿਚੋਂ ਵਿਸ਼ਾਲ ਜਨਤਕ ਸੰਘਰਸ਼। ਮਿੱਤਰੋ ਇਸ ਤੋਂ ਬਿਨਾ ਹੁਣ ਹੋਰ ਕੋਈ ਚਾਰਾ ਨਹੀਂ।

ਜਨਤਾ ਕਾ ਲਹੂ ਫ਼ੌਜੋਂ ਸੇ ਮਿਲਾ, ਫ਼ੌਜੋਂ ਕਾ ਲਹੂ ਜਨਤਾ ਸੇ ਮਿਲਾ

# 1857 ਦੇ ਗ਼ਦਰ ਨਾਲ ਜੁੜੀ ਅਜਨਾਲਾ ਦੇ ਕਾਲਿਆਂ ਵਾਲੇ ਖੂਹ ਦੀ ਲਹੂ ਭਿੱਜੀ ਦਾਸਤਾਨ

ਭੁਪਿੰਦਰ ਸਿੰਘ ਸੰਧੂ
+91-98153-94623



1857 ਦਾ ਵਰ੍ਹਾ ਭਾਰਤੀ ਇਤਿਹਾਸ ਅਤੇ ਭਾਰਤੀ ਲੋਕਾਂ ਦੀ ਯਾਦਦਾਸ਼ਤ ਵਿੱਚ ਉਸ ਵਰ੍ਹੇ ਦੇ ਤੌਰ ‘ਤੇ ਸੁਰੱਖਿਅਤ ਸਾਂਭਿਆ ਪਿਆ ਹੈ। ਜਿਸ ਵਰ੍ਹੇ ਅੰਗਰੇਜ਼ਾਂ ਦੀ ਹਕੂਮਤ ਨੂੰ ਦੇਸ਼ ਵਾਸੀਆਂ ਵੱਲੋਂ ਗੰਭੀਰ ਚੁਣੌਤੀ ਤੇ ਹਲੂਣਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਚੱਲੇ ਰਾਸ਼ਟਰੀ ਅੰਦੋਲਨਾਂ ਨੂੰ ਪ੍ਰੇਰਨਾ ਤੇ ਰਵਾਇਤਾਂ ਭਰਪੂਰ ਨੈਤਿਕ ਸਮੱਗਰੀ ਹਾਸਲ ਹੋਈ। ਪੰਜਾਬ, ਰਾਜਪੂਤਾਨਾ, ਮਹਾਂਰਾਸ਼ਟਰ, ਬੰਗਾਲ, ਬਿਹਾਰ, ਹੈਦਰਾਬਾਦ ਦੇ ਕਬਾਇਲੀ ਇਲਾਕਿਆਂ ਵਿੱਚ ਫੈਲੇ ਲੋਕ-ਵਿਦਰੋਹ ਕਾਰਨ ਹੀ ਦੇਸ਼ ਵਿੱਚ ਅੰਗਰੇਜ਼ ਰਾਜ ਵਿਰੁੱਧ ਵਿਸ਼ਾਲ ਸੈਨਿਕ ਗ਼ਦਰ ਤੇ ਸਥਾਨਕ ਵਿਦਰੋਹ ਹੋਏ। ਇਹ ਉਸ ਸਮੇਂ ਦੇ ਕੁਸ਼ਾਸਨ ਵਿਰੁੱਧ ਸਭ ਤੋਂ ਵੱਡਾ ਮੁਕਤੀ ਦਾ ਸੰਘਰਸ਼ ਸੀ।

ਅੰਮ੍ਰਿਤਸਰ ਜ਼ਿਲ੍ਹੇ ਦਾ ਅਜਨਾਲਾ ਕਸਬਾ ਆਪਣੀ ਬੁੱਕਲ ਵਿੱਚ 1857 ਦੇ ਆਜ਼ਾਦੀ ਸੰਗਰਾਮ ਨਾਲ ਜੁੜੀ ਇੱਕ ਕਰੂਰਤਾ ਭਰੀ ਦਰਦਨਾਕ ਕਹਾਣੀ ਸੰਭਾਲੀ ਬੈਠਾ ਹੈ। 31 ਜੁਲਾਈ ਅਤੇ 1 ਅਗਸਤ 1857 ਨੂੰ ਵਾਪਰੇ ਇਸ ਹੌਲਨਾਕ ਤੇ ਦਰਦਵਿੰਨੇ ਸਾਕੇ ਵਿੱਚ ਲਾਹੌਰ ਦੀ ਸਾਂਈ ਮੀਆਂ ਮੀਰ ਛਾਉਣੀ ਦੀ 26 ਨੰਬਰ ਲਾਈਟ ਇਨਫੈਂਟਰੀ ਵਿੱਚ ਦੋ ਅੰਗਰੇਜ਼ ਅਫ਼ਸਰਾਂ ਦੇ ਕਤਲ ਹੋਣ ਪਿਛੋਂ 24 ਘੰਟਿਆਂ ਵਿੱਚ 650 ਦੇ ਕਰੀਬ ਭਾਰਤੀ ਫ਼ੌਜੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ ਜੋ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋ ਰਹੇ ਫ਼ੌਜੀ ਸੈਨਿਕਾਂ ਦੀ ਬਗ਼ਾਵਤ ਦਾ ਹਿੱਸਾ ਬਣਨ ਲਈ ਦਰਿਆ ਬੈਰਕਾਂ ਛੱਡਣ ਪਿੱਛੋਂ ਰਾਵੀ ਦੇ ਕੰਢੇ-ਕੰਢੇ ਤੁਰਦੇ ਅਗਲੇ ਟਿਕਾਣੇ ਦਿੱਲੀ-ਮੇਰਠ ਵੱਲ ਵਧ ਰਹੇ ਸਨ।

ਅਜਨਾਲਾ ਤੋਂ ਕੁਝ ਮੀਲ ਦੂਰ ਦਰਿਆ ਦੇ ਪੱਤਣ ‘ਤੇ ਇਨ੍ਹਾਂ ਨੂੰ ਫੜਨ ਲਈ ਖ਼ੂਨੀ ਸੰਘਰਸ਼ ਹੋਇਆ, ਜਿਸ ਵਿੱਚ ਇੱਕ ਸੌ ਪੰਜਾਹ ਤੋਂ ਵਧੇਰੇ ਫ਼ੌਜੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਜੋ ਦਰਿਆ ਦੇ ਤੇਜ਼ ਵਹਾਅ ਵਿੱਚ ਵਹਿ ਗਏ। ਉਨ੍ਹਾਂ ਦੇ ਲਹੂ ਨਾਲ ਰਾਵੀ ਦੇ ਪਾਣੀ ਦਾ ਰੰਗ ਲਾਲ ਹੋ ਗਿਆ। ਇਸ ਮੌਕੇ 282 ਸੈਨਿਕਾਂ ਨੂੰ ਫੜ ਕੇ ਰੱਸਿਆਂ ਨਾਲ ਨੂੜ ਕੇ ਥਾਣਾ ਅਜਨਾਲਾ ਵਿਖੇ ਲਿਆਂਦਾ ਗਿਆ। ਤੇਜ਼ ਬਾਰਸ਼ ਅਤੇ ਫ਼ਾਂਸੀਆਂ ਲਈ ਰੱਸਿਆਂ ਦਾ ਪ੍ਰਬੰਧ ਨਾ ਹੋਣ ਕਾਰਨ ਤੁਰੰਤ ਫ਼ਾਂਸੀ ਦੇਣ ਦੇ ਕਾਰਨਾਮੇ ਨੂੰ ਰੋਕ ਕੇ ਅਗਲੇ ਦਿਨ ‘ਤੇ ਪਾ ਦਿੱਤਾ ਗਿਆ। ਅਗਲੇ ਦਿਨ ਬਕਰੀਦ ਵਾਲੇ ਦਿਨ ਡੀ.ਸੀ. ਅੰਮ੍ਰਿਤਸਰ ਫਰੈਡਰਿਕ ਕੂਪਰ ਖ਼ੁਦ ਥਾਣੇ ਮੂਹਰੇ ਕੁਰਸੀ ਡਾਹ ਕੇ ਬੈਠ ਗਿਆ। ਉਸ ਨੇ ਇਨ੍ਹਾਂ ਸੈਨਿਕਾਂ ਨੂੰ ਕਤਲ ਕਰਕੇ ਈਦ ਮਨਾਈ। ਇਸ ਸਜ਼ਾ ਨੂੰ ਲੋਕਾਂ ਸਾਹਮਣੇ ਦੇਣ ਅਤੇ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਪਾਉਣ ਲਈ ਮੁਨਿਆਦੀ ਕਰਵਾਈ ਗਈ।

ਰਾਤ ਨੂੰ ਭੁੱਖਣ ਭਾਣੇ ਇਨ੍ਹਾਂ ਸੈਨਿਕਾਂ ਨੂੰ ਠਾਣੇ ਦੇ ਨਜ਼ਦੀਕ ਸਰਕਾਰ ਨੂੰ ਮਾਮਲਾ (ਟੈਕਸ) ਨਾ ਦੇਣ ਵਾਲੇ ਕਿਸਾਨਾਂ ਨੂੰ ਕੈਦ ਕਰਨ ਵਾਲੀਆਂ ਕੋਠੜੀਆਂ/ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ, ਜਿਨ੍ਹਾਂ ਦੇ ਬੂਹੇ ‘ਤੇ ਬਾਰੀਆਂ ਨੂੰ ਗਿੱਲੀ ਮਿੱਟੀ ਲਾ ਕੇ ਚੰਗੀ ਤਰ੍ਹਾਂ ਬੰਦ ਕਰ ਦਿੱਤਾ ਗਿਆ, ਜਿੱਥੇ ਉਹ ਸਾਰੀ ਰਾਤ ਪਾਣੀ ਨੂੰ ਤਰਸਦੇ ਤੇ ਤੜਫਦੇ ਰਹੇ। ਸਵੇਰੇ ਸਜ਼ਾ ਲਈ ਇਨ੍ਹਾਂ ਨੂੰ ਕੱਢਿਆ ਗਿਆ ਅਤੇ ਦਸ-ਦਸ ਦੀਆਂ ਟੋਲੀਆਂ ਬਣਾ ਕੇ ਗੋਲੀਆਂ ਮਾਰੀਆਂ ਗਈਆਂ। ਇੰਜ 237 ਨੂੰ ਗੋਲੀਆਂ ਨਾਲ ਕਤਲ ਕਰ ਦਿੱਤਾ ਗਿਆ। 45 ਸੈਨਿਕ ਅਤਿ ਦੀ ਗਰਮੀ ਨਾ ਸਹਾਰਦੇ ਹੋਏ ਦਮ ਤੋੜ ਗਏ। ਇਨ੍ਹਾਂ ਸਾਰੇ ਕਤਲ ਹੋਏ ਸਿਪਾਹੀਆਂ ਨੂੰ ਧੂਹ ਕੇ ਠਾਣੇ ਦੇ ਸਾਹਮਣੇ ਖੂਹ ਵਿੱਚ ਸੁੱਟ ਦਿੱਤਾ ਗਿਆ ਤੇ ਉਪਰ ਮਿੱਟੀ ਤੇ ਲੂਣ ਪਾ ਕੇ ਖੂਹ ਪੂਰ ਦਿੱਤਾ ਗਿਆ। ਇਸੇ ਤਰ੍ਹਾਂ 66 ਦੇ ਕਰੀਬ ਹੋਰ ਸਿਪਾਹੀਆਂ ਨੂੰ ਵੱਖ ਵੱਖ ਪਿੰਡਾਂ ਤੋਂ ਫੜ ਕੇ ਲਾਹੌਰ ਲਿਜਾ ਕੇ ਤੋਪਾਂ ਅੱਗੇ ਬੰਨ ਕੇ ਰੂੰ ਦੇ ਤੂੰਬਿਆਂ ਵਾਂਗ ਉਡਾ ਦਿੱਤਾ ਗਿਆ।

ਇਹ ਕਤਲ ਹੋਣ ਵਾਲੇ ਬਹਾਦਰ ਭਾਰਤੀ ਸਿਪਾਹੀ, ਜੋ ਅੰਗਰੇਜ਼ ਰਾਜ ਦੀ ਈਸਟ ਇੰਡੀਆ ਕੰਪਨੀ ਦੇ ਲੋਟੂ ਨਿਜ਼ਾਮ ਅਤੇ ਭਾਰਤੀਆਂ ਤੇ ਕੀਤੇ ਜਾ ਰਹੇ ਬੇਕਿਰਕ ਤਸ਼ੱਦਦ ਤੋਂ ਤੰਗ ਆ ਕੇ ਵਿਦਰੋਹ ਕਰ ਬੈਠੇ ਸਨ ਅਤੇ ਦੇਸ਼ ਦੀਆਂ ਹੋਰ ਛਾਉਣੀਆਂ ਵਿੱਚ ਬਗ਼ਾਵਤ ਕਰਨ ਵਾਲੇ ਸੈਨਿਕਾਂ ਨਾਲ ਮਿਲ ਕੇ ਕੰਪਨੀ ਰਾਜ ਤੋਂ ਦੇਸ਼ ਵਾਸੀਆਂ ਨੂੰ ਛੁਟਕਾਰਾ ਦਿਵਾਉਣ ਲਈ ਆਪਾ ਵਾਰਨ ਤੁਰੇ ਸਨ। ਅਜਨਾਲਾ ਵਿਖੇ ਜੋ ਇਨ੍ਹਾਂ ਸਿਪਾਹੀਆਂ ਨਾਲ ਵਾਪਰਿਆ, ਉਹ ਜਿੱਥੇ ਈਸਟ ਇੰਡੀਆ ਕੰਪਨੀ ਰਾਜ ਦੇ ਅਫ਼ਸਰਾਂ ਦੀ ਭਾਰਤੀਆਂ ਵਿਰੋਧੀ ਕਰੂਰਤਾ ਭਰੀ ਸੋਚ ਤੇ ਨੀਤੀ ਦਰਸਾਉਂਦਾ ਇੱਕ ਦਿਲ ਦਹਿਲਾਉਣ ਵਾਲਾ ਕਾਂਡ ਹੈ, ਉੱਥੇ ਇੱਕ ਇਤਿਹਾਸਕ ਦਸਤਾਵੇਜ਼ ਵੀ ਹੈ, ਜੋ ਇਹ ਦਰਸਾਉਂਦਾ ਹੈ ਕਿ ਅੰਗਰੇਜ਼ ਰਾਜ ਦਾ ਸਾਡੇ ਦੇਸ਼ ਵਾਸੀਆਂ ਨਾਲ ਵਤੀਰਾ ਕਿੰਨਾ ਅਨਿਆਂ ਭਰਿਆ ਸੀ।

ਅੰਗਰੇਜ਼ ਫ਼ੌਜ ਦੇ ਭਾਰਤੀ ਸੈਨਿਕਾਂ ਦੀਆਂ ਆਪਣੀਆਂ ਸ਼ਿਕਾਇਤਾਂ ਸਨ ਜੋ ਵਿਦੇਸ਼ੀ ਰਾਜ ਦੀ ਭਾੜੇ ਦੀ ਫ਼ੌਜ ਦੀ ਸਥਿਤੀ ਵਿੱਚੋਂ ਪੈਦਾ ਹੋਈਆਂ ਸਨ। ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕੀਤੀ ਜਾਂਦੀ ਸੀ। ਉਨ੍ਹਾਂ ਦੀ ਯੋਗਤਾ ਤੇ ਅਨੁਭਵ ਨੂੰ ਛਿੱਕੇ ਟੰਗ ਕੇ ਹਰ ਤਰ੍ਹਾਂ ਨਾਲ ਹੀਣੇ ਮੰਨਿਆ ਜਾਂਦਾ ਸੀ। ਇੱਕ ਸ਼੍ਰੇਣੀ ਦੇ ਤੌਰ ‘ਤੇ ਇਹ ਸੈਨਿਕ ਭਾਰਤ ਦੇ ਗ਼ਰੀਬ ਕਿਸਾਨਾਂ-ਮਜਦੂਰਾਂ ਦੇ ਸਪੁੱਤਰ ਸਨ ਜੋ ਪਿੰਡਾਂ-ਸ਼ਹਿਰਾਂ ਦੀਆਂ ਆਪਣੀਆਂ ਪਰਿਵਾਰਕ ਬਿਪਤਾਵਾਂ ਤੋਂ ਭਲੀਭਾਂਤ ਵਾਕਫ਼ ਸਨ। ਇਸ ਲਈ ਘੱਟ ਤਨਖ਼ਾਹ, ਅਪਮਾਨ, ਸ਼ੋਸ਼ਣ, ਸੂਰ-ਗਾਂ ਦੀ ਚਰਬੀ ਵਾਲੇ ਕਾਰਤੂਸਾਂ ਨੂੰ ਮੂੰਹ ਨਾਲ ਖੋਲ੍ਹਣ ਦੀਆਂ ਹਦਾਇਤਾਂ ਕਰ ਕੇ ਇਨ੍ਹਾਂ ਬਗ਼ਾਵਤ ਦਾ ਰਾਹ ਅਪਣਾਇਆ ਸੀ।

ਗਰਭਅਵਸਥਾ ਵਿੱਚ ਮਾਂ ਦੀ ਕੁੱਖ ਨਾਲ ਜੁੜੇ ਬੱਚੇ ਵਾਂਗ ਭਾਰਤ ਦੇ ਲੋਕਾਂ ਨਾਲ ਜੁੜੇ ਇਨ੍ਹਾਂ ਸੈਨਿਕਾਂ ਦਾ 10 ਮਈ 1857 ਨੂੰ ਮੇਰਠ ਤੋਂ ਆਰੰਭ ਹੋਇਆ ਸੈਨਿਕ ਵਿਦਰੋਹ ਦੇਸ਼ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਿਆ। ਇਹ ਵਿਦਰੋਹ ਅੰਗਰੇਜ਼ ਰਾਜ ਦੇ ਭਾਰਤ ਵਿੱਚ ਵਤੀਰੇ ਦਾ ਹੀ ਪ੍ਰਤੀਬਿੰਬ ਸੀ। ਅਜਨਾਲਾ ਵਿਖੇ ਜੋ ਵਿਵਹਾਰ ਇਨ੍ਹਾਂ ਸੈਨਿਕਾਂ ਨਾਲ ਹੋਇਆ, ਉਹ ਇਹ ਦਰਸਾਉਂਦਾ ਹੈ ਕਿ ਪੰਜਾਬ 1857 ਦੇ ਗਦਰ ਮੌਕੇ ਗ਼ੈਰਹਾਜ਼ਰ ਨਹੀਂ ਸੀ। ਕੁਝ ਝੋਲੀ-ਚੁੱਕਾਂ ਨੂੰ ਛੱਡ ਕੇ ਆਮ ਪੰਜਾਬੀਆਂ ਦੀ ਅੱਖਾਂ ਵਿੱਚ ਵਿਰੋਧ ਤੇ ਕਰੋਧ ਦੀ ਲਾਲੀ ਸੀ ਤੇ ਉਹ ਇਸ ਰਾਜ ਨੂੰ ਨਫ਼ਰਤ ਕਰਦੇ ਸਨ। ਇਹ ਸਾਕਾ ਇਹ ਵੀ ਝੂਠਲਾਉਂਦਾ ਹੈ ਕਿ 1857 ਵਿੱਚ ਪੰਜਾਬੀਆਂ ਨੇ ਅੰਗਰੇਜ਼ ਦਾ ਸਾਥ ਦਿੱਤਾ ਸੀ।

ਅਜਨਾਲਾ ਵਿਖੇ ਕਤਲ ਹੋਏ ਇਹ ਯੋਧੇ ਪੰਜਾਬ ਦੇ ਉਤਰ ਪ੍ਰਦੇਸ਼ ਨਾਲ ਲਗਦੇ ਪੂਰਬ ਇਲਾਕੇ ਦੇ ਵਸਨੀਕ ਸਨ, ਜਿਨ੍ਹਾਂ ਵਿਚੋਂ ਬਹੁਤੇ ਹਿੰਦੂ ਤੇ ਕੁਝ ਮੁਸਲਮਾਨ ਸਨ। ਡੀ.ਸੀ. ਫਰੈਡਰਿਕ ਕੂਪਰ ਨੇ ਇਨ੍ਹਾਂ ਨੂੰ ਕਤਲ ਕਰਨ ਲਈ ਪੰਜਾਬੀ ਤੇ ਸਿੱਖ ਸਿਪਾਹੀਆਂ ਨੂੰ ਵਰਤਿਆ ਤੇ ਨਾਂਹ ਕਰਨ ਦੀ ਸੂਰਤ ਵਿਚ ਇਨ੍ਹਾ ਦੇ ਨਾਲ ਹੀ ਕਤਲ ਕਰਨ ਦੀ ਧਮਕੀ ਦਿੱਤੀ ਸੀ। ਇੰਜ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵੀ ਕੀਤਾ ਗਿਆ ਕਿ ਕਤਲ ਕਰਾਉਣ ਲਈ ਹੋਰ ਕੌਮਾਂ ਨਾਲ ਸਬੰਧਤ ਸਿਪਾਹੀਆਂ ਨੂੰ ਵਰਤਿਆ ਗਿਆ ਤੇ ਨਫ਼ਰਤ ਪੈਦਾ ਕਰਨ ਦੀ ਵੱਡੀ ਚਾਲ ਖੇਡੀ ਗਈ।

ਪਰ ਇਸ ਸਭ ਕੁਝ ਦੇ ਬਾਵਜੂਦ ਵੀ ਇਸ ਵਰ੍ਹੇ ਭਾਰਤੀ ਲੋਕਾਂ ਦਾ ਏਕਾ ਤੇ ਸਾਂਝ ਵੇਖਣ ਵਾਲੀ ਸੀ। ਰਾਜਪੂਤ, ਬ੍ਰਾਹਮਣ, ਮੁਸਲਮਾਨ, ਮਰਾਠੇ ਸਭ ਇਕੱਠੇ ਹੋ ਗਏ ਸਨ। ਥਾਮਸ ਲੋਵੇ ਲਿਖਦਾ ਹੈ ਕਿ ਗਾਂ ਮਾਰਨ ਵਾਲੇ, ਗਾਂ ਪੂਜਣ ਵਾਲੇ, ਸੂਰ ਤੋਂ ਨਫ਼ਰਤ ਕਰਨ ਵਾਲੇ, ਸੂਰ ਖਾਣ ਵਾਲੇ, ਲਾਇਲਾਹ ਮੁਹੰਮਦ ਰਸੂਲ ਦੀਆਂ ਅਜਾਨਾਂ ਦੇਣ ਵਾਲੇ ਅਤੇ ਬ੍ਰਹਮ ਦੇ ਰਹੱਸ ਦੀਆਂ ਗੱਲ ਕਰਨ ਵਾਲੇ ਸਭ ਦੇ ਸਭ ਮਿਲ ਕੇ ਅੰਗਰੇਜ਼ ਰਾਜ ਵਿਰੁਧ ਵਿਦਰੋਹ ਕਰ ਰਹੇ ਸਨ, ਜਿਸ ਨਾਲ ਇਹ ਬਗ਼ਾਵਤ ਇਕ ਰਾਸ਼ਟਰੀ ਬਗ਼ਾਵਤ ਬਣ ਗਈ ਸੀ।

ਇਸੇ ਤਰ੍ਹਾਂ ਫਰੈਡਰਿਕ ਕੂਪਰ ਲਿਖਦਾ ਹੈ ਕਿ 30 ਜੁਲਾਈ 1857 ਨੂੰ 500 ਤੋਂ ਵੱਧ ਸੂਰਮੇ ਅਜਨਾਲਾ ਤੋਂ ਛੇ ਮੀਲ ਦੂਰ ਰਾਵੀ ਕੰਢੇ ਬੈਠੇ ਸਨ, ਜੋ ਲਾਹੌਰ ਛਾਉਣੀ ਤੋਂ ਭੱਜ ਆਏ ਸਨ। ਇਨ੍ਹਾਂ ਨੂੰ ਅਸੀਂ ਰਾਵੀ ਕੰਢੇ ਘੇਰ ਲਿਆ। ਇਨ੍ਹਾਂ ਵਿਚੋਂ ਰਾਵੀ ਕੰਢੇ ਗ੍ਰਿਫ਼ਤਾਰੀ ਮੌਕੇ ਵਿਰੋਧ ਕਰਦੇ ਇਕ ਸੌ ਪੰਜਾਹ ਤੋਂ ਵਧੇਰੇ ਗੋਲੀਆਂ ਨਾਲ ਮਾਰੇ ਗਏ। 35 ਕੁ ਹੋਰ ਝੜੱਪਾਂ ਵਿਚ ਮਾਰੇ ਗਏ। 237 ਨੂੰ ਦਸ-ਦਸ ਦੀਆਂ ਟੋਲੀਆਂ ਬਣਾ ਕੇ ਗੋਲੀਆਂ ਨਾਲ ਮਾਰ ਦਿੱਤਾ ਗਿਆ ਤੇ 45 ਦੇ ਕਰੀਬ ਦਮ ਘੁੱਟਣ ਨਾਲ ਮਰ ਗਏ। ਇਨ੍ਹਾਂ 282 ਲਾਸ਼ਾਂ ਨੂੰ ਧੂਹ ਕੇ ਨੇੜਲੇ ਇਕ ਖੂਹ ਵਿਚ ਸੁੱਟ ਦਿੱਤਾ ਗਿਆ ਤੇ ਉਤੇ ਮਿੱਟੀ ਪਾ ਦਿੱਤੀ ਗਈ, ਕਿਉਂਕਿ ਜੇਕਰ ਇਨ੍ਹਾਂ ਦਾ ਸਸਕਾਰ ਹਿੰਦੂ ਰੀਤਾਂ ਅਨੁਸਾਰ ਕੀਤਾ ਜਾਂਦਾ ਤਾਂ 3-4 ਹਜ਼ਾਰ ਮਣ ਲੱਕੜ ਚਾਹੀਦੀ ਸੀ। ਇਸ ਲਈ ਸੌਖਾ ਤਰੀਕਾ ਲੱਭਿਆ ਗਿਆ।

ਪਿਛਲੇ ਕੁਝ ਦਿਨਾਂ ਤੋਂ ਜਦੋਂ ਇਸ ਖੂਹ ਵਿੱਚੋਂ ਇਨ੍ਹਾਂ ਫ਼ੌਜੀਆਂ ਦੇ ਕੰਕਾਲ, ਹੱਡੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਤਾਂ 157 ਸਾਲਾਂ ਬਾਅਦ ਇਸ ਦਰਦਨਾਕ ਸਾਕੇ ਦੀ ਚਰਚਾ ਫਿਰ ਦੇਸ਼ ਵਿਦੇਸ਼ ਵਿਚ ਹੋ ਰਹੀ ਹੈ। ਦੁਨੀਆਂ ਜਾਣ ਰਹੀ ਹੈ ਕਿ ਇਹ ਕਿੱਡੀ ਵੱਡੀ ਬੇਇਨਸਾਫ਼ੀ ਸੀ ਕਿ ਦੋ ਅੰਗਰੇਜ਼ ਅਫ਼ਸਰਾਂ ਦੇ ਕਤਲ ਦੇ ਇਲਜ਼ਾਮ ਵਿੱਚ 650 ਦੇ ਕਰੀਬ ਸੈਨਿਕਾਂ ਨੂੰ 24 ਘੰਟਿਆਂ ਵਿਚ ਮਾਰ ਦਿੱਤਾ ਗਿਆ ਸੀ।

ਇਹ ਰੂਹਾਂ ਅੱਜ ਦੇਸ਼ ਦੀ ਆਜ਼ਾਦੀ ਲਈ ਲੜਨ ਦਾ ਸੁਨੇਹਾ ਦੇ ਰਹੀਆਂ ਹਨ। ਅੰਗਰੇਜ਼ ਰਾਜ ਦੇ ਅਨਿਆਂ ਤੇ ਸੱਭਿਅਤਾ ਦਾ ਪਾਜ ਉਧੇੜ ਰਹੀਆਂ ਹਨ ਅਤੇ ਅੰਗਰੇਜ਼ਾਂ ਦਾ ਸਾਥ ਦੇਣ ਵਾਲੇ ਗ਼ੱਦਾਰਾਂ ਨੂੰ ਲਾਹਨਤਾਂ ਪਾ ਰਹੀਆਂ ਹਨ ਕਿ ਆਪਣੇ ਭਰਾਵਾਂ ਦੇ ਖ਼ੂਨ ਵਿੱਚ ਨਹਾਉਣ ਵਾਲੇ ਹਮੇਸ਼ਾਂ ਲਾਹਨਤ ਦੇ ਪਾਤਰ ਹੀ ਹੋਇਆ ਕਰਦੇ ਹਨ। ਭਾਰਤ ਸਰਕਾਰ ਨੂੰ ਇਹ ਮਸਲਾ ਪਾਕਿਸਤਾਨ ਦੀ ਸਰਕਾਰ ਨਾਲ ਉਠਾ ਕੇ ਮੀਆਂ ਮੀਰ ਛਾਉਣੀ ਤੋਂ ਇਨ੍ਹਾਂ ਬਾਬਤ ਰਿਕਾਰਡ ਹਾਸਲ ਕਰਨਾ ਚਾਹੀਦਾ ਹੈ।

ਸਰਕਾਰ ਨੂੰ ਇੱਥੇ ਇੱਕ ਰਾਸ਼ਟਰੀ ਸਮਾਰਕ ਉਸਾਰਨ ਲਈ 5 ਏਕੜ ਜ਼ਮੀਨ ਦੇਣੀ ਚਾਹੀਦੀ ਹੈ ਤਾਂ ਕਿ ਦੂਰ ਦੁਰੇਡਿਆਂ ਤੋਂ ਲੋਕ ਆ ਕੇ ਇਸ ਦੂਜੇ ਜਲ੍ਹਿਆਂਵਾਲੇ ਬਾਗ ਦੇ ਵੀ ਦਰਸ਼ਨ ਕਰ ਸਕਣ। ਸ਼ਹੀਦਾਂ ਦੀਆਂ ਅਸਥੀਆਂ ਨੂੰ ਸੰਭਾਲਣ ਲਈ ਮਿਊਜ਼ੀਅਮ ਦੀ ਵੀ ਤੁਰੰਤ ਲੋੜ ਮਹਿਸੂਸ ਹੋ ਰਹੀ ਹੈ। ਇਹ ਰਾਸ਼ਟਰ ਦਾ ਸਰਮਾਇਆ ਹੈ, ਇਸ ਵੱਲ ਤਵੱਜੋਂ ਦੇਣੀ ਸਰਕਾਰਾਂ ਦਾ ਮੁੱਢਲਾ ਫਰਜ਼ ਹੈ। ਜਿਸ ਤਰ੍ਹਾਂ ਸਾਰਾ ਦੇਸ਼ ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਸੁਭਾਸ਼ ਚੰਦਰ ਬੋਸ ਆਦਿ ਨੂੰ ਯਾਦ ਕਰਦਾ ਹੈ, ਇਹ ਸ਼ਹੀਦ ਵੀ ਸਾਡੇ ਸਾਰੇ ਦੇਸ਼ ਦੇ ਸਾਂਝੇ ਹਨ। ਇਨ੍ਹਾਂ ‘ਤੇ ਮਾਣ ਕਰੀਏ, ਇਨ੍ਹਾਂ ਨੂੰ ਯਾਦ ਕਰੀਏ।

‘ਮਾਰੇ ਗਏ ਨੇ ਸਰਵ ਸ੍ਰੇਸ਼ਟ ਸੂਰੇ,
ਦੱਬ ਦਿੱਤੇ ਗਏ ਨੇ ਉਹ
ਚੁੱਪ-ਚੁਪੀਤੇ, ਇਕ ਰੋਹੀ ਬੀਆਬਾਨ ਦੇ ਅੰਦਰ
ਹੰਝੂ ਕੋਈ ਨਹੀਂ ਵਗੇ ਉਨ੍ਹਾਂ ਦੀ ਖ਼ਾਤਰ
ਬੇਗ਼ਾਨੇ ਹੱਥਾਂ ਨੇ ਪੁਚਾ ਦਿੱਤਾ ਕਬਰਾਂ ਦੇ ਅੰਦਰ
ਕੋਈ ਸਮਾਧ ਨਹੀਂ, ਕੋਈ ਚੌਂਕ ਨਹੀਂ,
ਕੋਈ ਸਲੀਬ ਨਹੀਂ, ਕੋਈ ਲੇਖ ਨਹੀਂ
ਜੋ ਦਸ ਸਕੇ ਉਨ੍ਹਾਂ ਦੇ ਗੌਰਵਸ਼ਾਲੀ ਨਾਮ’

(ਵੀ.ਐਨ. ਫਿਗਨਰ)



ਖੂਹ ਵਿੱਚੋਂ ਫ਼ੌਜੀਆਂ ਦੇ ਪਿੰਜਰ ਕੱਢਣ ਦਾ ਦ੍ਰਿਸ਼



ਸ਼ਹੀਦ ਫ਼ੌਜੀਆਂ ਦੇ ਕੰਕਾਲਾਂ ਦਾ ਢੇਰ

ਇਕ ਨਿੱਕੀ ਜਿਹੀ ਜ਼ਿੰਦ, ਸਿਰਫ਼ ਇਕ ਸਾਲ ਦੋ ਮਹੀਨੇ ਦੀ ਨੰਨ੍ਹੀ ਛਾਂ, ਜਿਸ ਦਾ ਕੋਈ ਕਸੂਰ ਨਹੀਂ ਸੀ, ਉਸ ਨੇ ਤਾਂ ਅਜੇ ਰੁਜ਼ਗਾਰ ਨਹੀਂ ਮੰਗਿਆ ਸੀ। ਸਰਕਾਰ ਵਿਰੁੱਧ ਕੋਈ ਨਾਹਰਾ ਨਹੀਂ ਲਾਇਆ ਸੀ, ਉਸ ਤੋਂ ਪੰਜਾਬ ਸਰਕਾਰ ਦੀ 'ਲਾਡਲੀ ਫ਼ੌਜ' (ਪੁਲੀਸ) ਨੇ ਕੜਕਦੀ ਠੰਢ ਵਿਚ ਚਾਰ ਫਰਵਰੀ ਨੂੰ ਰਜਾਈ ਖੋਹ ਲਈ ਤੇ ਉਸ ਨੂੰ ਯਖ਼ ਠੰਢ ਵਿਚ ਤੜਪ-ਤੜਪ ਕੇ ਮਰਨ ਲਈ ਮਜਬੂਰ ਕਰ ਦਿੱਤਾ।




ਬਠਿੰਡਾ ਵਿਖੇ ਪੰਜਾਬ ਪੁਲੀਸ ਦੇ ਜੁਲਮ ਦਾ ਸ਼ਿਕਾਰ ਹੋਈ ਨੰਨ੍ਹੀ ਬੱਚੀ 'ਰੂਥ' ਦੇ ਨਾਂ –

# ਬੜੇ ਹੀ ਜਾਲਮਾਨਾ ਢੰਗ ਨਾਲ ਕੁਚਲੇ ਜਾ ਰਹੇ ਨੇ 'ਆਜ਼ਾਦ ਭਾਰਤ' ਦੇ ਸੰਵਿਧਾਨਕ ਬੁਨਿਆਦੀ ਹੱਕ

ਮੱਖਣ ਕੁਹਾੜ
+91-95013-65522
makhansinghkohar@gmail.com



ਬੜੇ ਹੀ ਜਾਲਮਾਨਾ ਢੰਗ ਨਾਲ ਅਜਾਦ ਭਾਰਤ ਦੇ ਨਾਗਰਿਕਾ ਦੇ ਸਵਿਧਾਨਕ, ਬੁਨਿਆਦੀ ਜਮਹੂਰੀ ਹੱਕ ਕੁਚਲੇ ਜਾ ਰਹੇ ਹਨ। ਖਾਸ ਕਰਕੇ ਆਪਣੀਆਂ ਹੱਕੀ ਮੰਗਾਂ ਲਈ ਸਾਝੇਂ ਤੌਰ 'ਤੇ ਜਦੋ-ਜਹਿਦ ਕਰਨ ਵਾਲਿਸਾਂ 'ਤੇ ਬਹੁਤ ਹੀ ਕਹਿਰ ਢਾਇਆ ਜਾ ਰਿਹਾ ਹੈ। ਸਰਕਾਰੀ ਜ਼ਬਰ ਵੱਧ ਰਿਹਾ ਹੈ। ਕੈਸੀ ਵਡੰਬਨਾਂ ਹੈ ਕਿ ਜੋ ਲੋਕ ਸਰਕਾਰ ਤੋਂ ਬਾਹਰ ਹੋਣ 'ਤੇ ਸਰਕਾਰੀ ਜ਼ਬਰ ਦਾ ਖੁਦ ਸ਼ਿਕਾਰ ਹੁੰਦੇ ਹਨ, ਉਹੀ ਲੋਕ ਸੱਤਾ 'ਤੇ ਕਾਬਜ਼ ਹੋਣ ਉਪਰੰਤ ਜ਼ਾਲਮਾਨਾ ਰੂਪ ਧਾਰ ਲੈਂਦੇ ਹਨ।

ਜ਼ੁਲਮ ਮੁਗਲਾਂ ਨੇ ਵੀ ਬੜੇ ਕੀਤੇ ਤੇ ਅੰਗਰੇਜ਼ਾਂ ਅਤੇ ਹਿਟਲਰ ਨੇ ਵੀ। ਉਨ੍ਹਾਂ ਜੁਲਮ ਦੀ ਕੋਈ ਹੱਦ ਨਹੀਂ ਸੀ ਰਹਿਣ ਦਿੱਤੀ। ਹਿਟਲਰ ਨੇ ਬੇਗੁਨਾਹ ਯਹੂਦੀਆਂ ਨੂੰ ਅੱਗ ਦੇ ਚੈਂਬਰਾਂ ਵਿਚ ਸੁੱਟ ਕੇ ਜਿਉਂਦਿਆਂ ਨੂੰ ਸਾੜਿਆ ਸੀ। ਅੰਗਰੇਜ਼ਾਂ ਨੇ ਲੱਖਾਂ ਬੇਗੁਨਾਹਾਂ ਨੂੰ ਜਲ੍ਹਿਆਂ ਵਾਲੇ ਬਾਗ਼ ਤੇ ਹੋਰ ਅਨੇਕਾਂ ਥਾਈਂ ਗੋਲੀਆਂ ਨਾਲ ਭੁੰਨਿਆਂ, ਫਾਂਸੀਆਂ ਦਿੱਤੀਆਂ ਤੇ ਜੇਲ੍ਹੀਂ ਡੱਕਿਆ। ਐਪਰ ਪੰਜਾਬ ਵੱਲੋਂ ਕੀਤੇ ਜ਼ੁਲਮਾਂ ਨੇ ਮੁਗ਼ਲਾਂ ਵੱਲੋਂ ਕੀਤੇ ਜ਼ੁਲਮਾਂ ਨੂੰ ਮੁੜ ਚੇਤੇ ਕਰਵਾ ਦਿੱਤਾ ਹੈ। ਮੁਗ਼ਲਾਂ ਨੇ ਬਿਨਾਂ ਕਿਸੇ ਵੀ ਕਸੂਰ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਲੋਹ 'ਤੇ ਬਿਠਾ ਕੇ ਸਿਰ ਤਪਦੀ ਰੇਤ ਪਾ ਕੇ ਸ਼ਹੀਦ ਕੀਤਾ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦਾ ਸ਼ਰ੍ਹੇਆਮ ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਧੜ ਤੋਂ ਅਲੱਗ ਕਰ ਦਿੱਤਾ ਸੀ। ਗੁਰੂ ਜੀ ਸਿਰਫ਼ ਮਾਨਵੀ ਜਮਹੂਰੀ ਹੱਕਾਂ ਦੀ ਰਾਖੀ ਦੀ ਗੁਹਾਰ ਹੀ ਤਾਂ ਲਾ ਜਾ ਰਹੇ ਸਨ। ਮੁਗ਼ਲਾਂ ਨੇ ਅਨੇਕਾਂ ਬੇਗੁਨਾਹ ਲੋਕਾਂ ਨੂੰ ਉਬਲਦੀਆਂ ਦੇਗਾਂ 'ਚ ਉਬਾਲਿਆ, ਪੁੱਠੀਆਂ ਖੱਲਾਂ ਲਾਹੀਆਂ, ਚਰਖੜੀਆਂ 'ਤੇ ਚਾੜਿਆ, ਬੰਦ-ਬੰਦ ਕੱਟਿਆ ਤੇ ਮਾਵਾਂ ਤੋਂ ਉਨ੍ਹਾਂ ਦੀ ਗੋਦ 'ਚੋਂ ਬੱਚੇ ਖੋਹ ਕੇ ਉਨ੍ਹਾਂ ਦੇ ਸਾਹਮਣੇ ਨੇਜਿਆਂ 'ਤੇ ਟੰਗੇ। ਬੰਦਾ ਬਹਾਦਰ ਦੇ ਬੇਟੇ 'ਅਜੇ' ਦਾ ਦਿਲ ਪਿਓ ਦੇ ਸਾਹਮਣੇ ਉਸ ਦੇ ਸੀਨੇ 'ਚੋਂ ਕੱਢ ਕੇ (ਤੜਪਦਾ, ਫੜਕਦਾ ਦਿਲ) ਬੰਦਾ ਬਹਾਦਰ ਦੇ ਮੂੰਹ 'ਚ ਪਾਇਆ ਗਿਆ। ਹੱਕ-ਸੱਚ ਦੀ ਗੱਲ ਕਰਨ ਵਾਲਿਆਂ 'ਤੇ ਅਨੇਕਾਂ-ਅਨੇਕਾਂ ਜ਼ੁਲਮ ਢਾਏ। ਪਰ ਜਮ-ਹੂਰੀ ਢੰਗ ਨਾਲ ਹੱਕ ਮੰਗਣ ਵਾਲੇ ਡਰੇ ਨਹੀਂ, ਬਲਕਿ ਉਨ੍ਹਾਂ ਦਾ ਕਾਫ਼ਲਾ ਹੋਰ ਵਡਡਾ ਹੁੰਦਾ ਗਿਆ। ਮੁਗਲਾਂ ਦਾ ਇਹ ਜ਼ੁਲਮ ਹੀ ਉਨ੍ਹਾਂ ਦੇ ਖਾਤਮੇ ਦਾ ਕਾਰਨ ਬਣਿਆਂ।

ਭਲਾ ਬੱਚਿਆਂ ਦਾ ਕੀ ਕਸੂਰ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਜਦ ਨੀਂਹਾਂ 'ਚ ਚਿਣਿਆ ਸੀ ਤਾਂ ਧਰਤੀ ਕੰਬ ਉਠੀ ਸੀ ਅਤੇ ਸਾਰੇ ਪਾਸੇ ਹਾਹਾਕਾਰ ਮੱਚੀ ਗਈ ਸੀ। ਜ਼ੁਲਮ ਦੀ ਇੰਤਹਾਂ ਸੀ, ਕਿਸੇ ਨੇ ਉਸ ਨੂੰ ਚੰਗਾ ਨਹੀਂ ਸੀ ਕਿਹਾ। ਏਹੋ ਹਾਲ 5 ਫ਼ਰਵਰੀ 2014 ਨੂੰ ਬਠਿੰਡਾ 'ਚ ਬੱਚੀ ਰੂਥ ਤੋਂ ਰਜਾਈ ਖੋਹ ਕੇ ਠੰਢ 'ਚ ਮਾਰਨ ਨਾਲ ਕੀਤਾ ਗਿਆ। ਜੁਲਮ ਕਰਨ ਵਾਲਿਆਂ ਦੇ ਜੁਲਮ ਦੀ ਜੇ ਕੋਈ ਸੀਮਾ ਨਹੀਂ ਹੁੰਦੀ ਤਾਂ ਜੁਲਮ ਦਾ ਟਾਕਰਾ ਕਰਨ ਵਾਲਿਆਂ ਦੀ ਕਤਾਰ ਵੀ ਕਦੇ ਨਹੀਂ ਮੁਕਦੀ। ਬਠਿੰਡਾ ਵਿਖੇ ਹੱਕ ਮੰਗਦੇ ਬੜੇ ਹੀ ਸ਼ਾਂਤਮਈ ਢੰਗ ਨਾਲ ਰੋਸ ਦਾ ਮੁਜਾਹਰਾ ਕਰ ਰਹੇ ਈ.ਜੀ.ਐਸ. ਅਧਿਆਪਕਾਂ 'ਤੇ ਪੁਲੀਸ ਜੁਲਮ ਭਾਵੇਂ ਕੋਈ ਨਵਾਂ ਵਰਤਾਰਾ ਨਹੀਂ ਸੀ ਪਰ ਜਿਸ ਢੰਗ ਨਾਲ ਐਨਾ ਜੁਲਮ ਢਾਹਿਆ ਗਿਆ, ਉਹ ਇਕ ਨਵੀਂ ਮਿਸਾਲ ਬਣ ਗਿਆ ਹੈ। ਏਥੋਂ ਤੀਕ ਪੰਜਾਬ ਸਰਕਾਰ ਤੇ ਉਸਦਾ ਪ੍ਰਸ਼ਾਸਨ ਗਰਕ ਜਾਵੇਗਾ, ਐਨੀਆਂ ਨੀਵਾਣਾਂ ਤਕ ਚਲਾ ਜਾਵੇਗਾ, ਐਸਾ ਕਿਆਸ ਨਹੀਂ ਸੀ। ਇਕ ਨਿੱਕੀ ਜਿਹੀ ਜ਼ਿੰਦ, ਸਿਰਫ਼ ਇਕ ਸਾਲ ਦੋ ਮਹੀਨੇ ਦੀ ਨੰਨ੍ਹੀ ਛਾਂ, ਜਿਸ ਦਾ ਕੋਈ ਕਸੂਰ ਨਹੀਂ ਸੀ, ਉਸ ਨੇ ਤਾਂ ਅਜੇ ਰੁਜ਼ਗਾਰ ਨਹੀਂ ਮੰਗਿਆ ਸੀ। ਸਰਕਾਰ ਵਿਰੁੱਧ ਕੋਈ ਨਾਹਰਾ ਨਹੀਂ ਲਾਇਆ ਸੀ, ਉਸ ਤੋਂ ਪੰਜਾਬ ਸਰਕਾਰ ਦੀ 'ਲਾਡਲੀ ਫ਼ੌਜ' (ਪੁਲੀਸ) ਨੇ ਕੜਕਦੀ ਠੰਢ ਵਿਚ 4 ਫਰਵਰੀ ਨੂੰ ਰਜਾਈ ਖੋਹ ਲਈ ਤੇ ਉਸ ਨੂੰ ਯਖ਼ ਠੰਢ ਵਿਚ ਤੜਪ-ਤੜਪ ਕੇ ਮਰਨ ਲਈ ਮਜਬੂਰ ਕਰ ਦਿੱਤਾ। ਕੋਹ-ਕੋਹ ਕੇ ਮਾਰਿਆ ਉਸ ਨੰਨ੍ਹੀ ਜਿਹੀ ਜ਼ਿੰਦ ਨੂੰ।

ਧਰਨੇ 'ਤੇ ਬੈਠਣਾ, ਰੋਸ ਜਾਹਰ ਕਰਨਾ ਭਾਰਤ ਦੇ ਲੋਕਾਂ ਦਾ ਬੁਨਿਆਦੀ ਹੱਕ ਹੈ। ਸੰਵਿਧਾਨ ਏਸ ਗੱਲ ਦੀ ਇਜ਼ਾਜਤ ਦੇਂਦਾ ਹੈ ਕਿ ਤੁਸੀਂ ਆਪਣੀ ਗੱਲ ਨੂੰ ਸਰਕਾਰ ਤਕ ਪਹੁੰਚਾਹਉਣ ਲਈ ਕੋਈ ਰੋਸ ਰੈਲੀ, ਧਰਨਾ, ਮੁਜਾਹਰਾ, ਹੜਤਾਲ, ਭੁੱਖ ਹੜਤਾਲ, ਮਰਨ ਵਰਤ ਆਦਿ ਕੁਝ ਵੀ ਕਰ ਸਕਦੇ ਹੋ, ਇਕੱਲਿਆ ਵੀ ਤੇ ਸਮੂਹਿਕ ਤੌਰ 'ਤੇ ਵੀ। ਸਮੂਹਕ ਸੌਦੇਬਾਜ਼ੀ ਦੀ ਸ਼ਕਤੀ (Bargaioning Power) ਹਾਸਲ ਕਰਨਾ ਲੋਕਾਂ



ਦਾ ਬੁਨਿਆਦੀ ਅਧਿਕਾਰ ਹੈ। ਮਹਾਤਮਾ ਗਾਂਧੀ ਨੇ ਏਸ ਹੱਕ ਦੀ ਵਾਰ-ਵਾਰ ਵਰਤੋਂ ਕੀਤੀ ਸੀ। ਉਦੋਂ ਅੰਗਰੇਜ਼ ਸਾਮਰਾਜੀ ਵਿਦੇਸ਼ੀ ਹਕੂਮਤ ਸੀ ਤੇ ਉਹ ਐਸੇ ਰੋਸ ਮੁਜਾਹਰੇ/ਹੜਤਾਲਾਂ ਕਰਨ 'ਤੇ ਪਾਬੰਦੀਆਂ ਲਾਉਂਦੀ ਸੀ। ਸਾਨੂੰ ਕੋਈ ਵੀ ਜਮਹੂਰੀ ਹੱਕ ਨਹੀਂ ਮਿਲਦਾ ਸੀ। ਜਲ੍ਹਿਆਂ ਵਾਲੇ ਬਾਗ ਵਿਚ ਪੁਰ ਅਮਨ ਰੋਸ ਰੈਲੀ ਕਰ ਰਹੇ ਲੋਕਾਂ 'ਤੇ ਜਦ ਜਨਰਲ ਡਾਇਰ ਨੇ ਗੋਲੀ ਚਲਾਈ ਤਦ ਸਾਰੀ ਧਰਤ ਕੰਬ ਉਠੀ ਸੀ। ਮਨੁੱਖਤਾ ਦਾ ਘਾਣ ਹੋਇਆ ਸੀ। ਮਾਨਵੀ ਹੱਕ ਪੈਰਾਂ ਹੇਠ ਕੁਚਲੇ ਗਏ ਸਨ। ਹੱਕ ਮੰਗਦੇ ਹਜ਼ਾਰਾਂ, ਲੱਖਾਂ ਲੋਕਾਂ ਨੂੰ ਫਾਂਸੀਆਂ ਤੇ ਉਮਰ ਕੈਦਾਂ, ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਬੰਦ ਕਰਕੇ ਅਨੇਕਾ ਤਰ੍ਹਾਂ ਦੇ ਤਸੀਹੇ ਦਿਤੇ ਗਏ ਸਨ। ਪਰ ਭਾਰਤੀ ਲੋਕ ਇਹ ਸਾਰਾ ਕੁਝ ਸਹਿਨ ਕਰ ਰਹੇ ਸਨ ਅਤੇ ਜੁਲਮ ਸਹਿਣ ਵਾਲਿਆਂ ਦੀ ਕਤਾਰ ਹੋਰ ਲੰਮੀ ਕਰੀ ਜਾ ਰਹੇ ਸਨ। ਇਸ ਆਸ ਵਿੱਚ ਕਿ ਅੰਗਰੇਜ਼ ਹਕੂਮਤ ਨੂੰ ਦੇਸ਼ ਨਿਕਾਲਾ ਦੇਣ ਨਾਲ ਸਭ ਠੀਕ ਹੋ ਜਾਵੇਗਾ। ਅਖ਼ੀਰ ਹੋਇਆ ਵੀ ਇਵੇਂ ਹੀ। ਜਾਲਮ ਦੀ ਤਲਵਾਰ ਤਾਂ ਖੁੰਡੀ ਹੋ ਗਈ ਪਰ ਜੁਲਮ ਦਾ ਟਾਕਰਾ ਕਰਨ ਵਾਲਿਆਂ ਦੀ ਕਤਾਰ ਨਹੀਂ ਸੀ ਮੁੱਕੀ। ਅੰਗਰੇਜ਼ਾਂ ਨੂੰ ਦੇਸ਼ ਛੱਡ ਕੇ ਜਾਣਾ ਪਿਆ।

ਪਰ ਅੱਜ ਤਾਂ ਦੇਸ਼ ਆਜ਼ਾਦ ਹੈ। ਫਿਰ ਸਾਡੇ ਤੋਂ 'ਸਾਡੀ ਹਕੂਮਤ' ਵੱਲੋਂ ਸਾਡੇ ਜਮਹੂਰੀ ਹੱਕ ਕਿਉਂ ਖੋਹੇ ਜਾ ਰਹੇ ਹਨ? ਮੁਜਾਹਰਾ ਕਰਦਿਆਂ ਨੂੰ ਕੁੱਟਣਾ, ਪੁਲੀਸ ਤੋਂ ਅਥਰੂ ਗੈਸ ਦੇ ਗੋਲੇ ਸੁਟਾਉਣਾ, ਮੁਜਾਹਰ-ਕਾਰੀਆਂ 'ਤੇ ਗੋਲੀ ਚਲਾਉਣਾ ਆਮ ਜਿਹੀ ਗੱਲ ਹੋ ਗਈ ਹੈ। ਪੰਜਾਬ ਵਿਚ ਕਾਂਗਰਸ ਦੀ ਹਕੂਮਤ ਹੋਵੇ ਜਾਂ ਅਕਾਲੀ-ਭਾਜਪਾ ਦੀ ਇਹ ਜਾਲਮਾਨਾ ਵਰਤਾਰਾ ਲਗ-ਾਤਾਰ ਵਧਦਾ ਹੀ ਜਾ ਰਿਹਾ ਹੈ। ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ। ਮਹਿੰਗਾਈ ਵੱਧ ਰਹੀ ਹੈ। ਰਿਸ਼ਵਤਖੋਰੀ, ਬੇ-ਇਨਸਾਫ਼ੀ, ਨਸ਼ਾਖੋਰੀ, ਆਦਿ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੋਈ ਗੱਲ ਨਹੀਂ ਸੁਣਦਾ। ਲੋਕ ਮਜਬੂਰ ਹੋ ਕੇ ਆਪਣੀ ਗੱਲ ਲੋਕਾਂ ਦੀ ਕਚਹਿਰੀ ਵਿਚ ਲਿਜਾਣ ਲਈ ਸਰਕਾਰ ਵਿਰੁੱਧ ਸਮੂਹਿਕ ਰੋਸ ਪ੍ਰਗਟਾਵਾ ਕਰਦੇ ਹਨ। ਅਧਿਆਪਕ, ਡਾਕਟਰ, ਨਰਸਾਂ, ਕਾਮੇ, ਕਿਸਾਨ, ਵਿਦਿਆਰਥੀ, ਔਰਤਾਂ, ਮਰਦ, ਗੱਲ ਕੀ ਹਰ ਕੋਈ ਦੁਖੀ ਹੈ। ਦੁੱਖ ਕੋਈ ਸੁਣਦਾ ਨਹੀਂ ਤੇ ਉਹ ਆਜ਼ਾਦ ਭਾਰਤ ਦੇ ਸੰਵਿਧਾਨ ਦੁਆਰਾ ਮਿਲੇ ਮੌਲਿਕ ਅਧਿਕਾਰਾਂ ਦੀ ਵਰਤੋਂ ਕਰਦੇ ਹਨ। ਸਰਕਾਰ ਵਲੋਂ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਕਰਦੇ ਕਿਰਤੀ ਕਾਮਿਆ ਨੂੰ ਪੁਲੀਸ ਦੀਆਂ ਡਾਂਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਦੀਆਂ ਧੀਆਂ ਸੜਕਾਂ 'ਤੇ ਨਿਤ ਪੁਲੀਸ ਤੋਂ ਗੁੱਤਾਂ ਪੁਟਾਉਂਦੀਆਂ ਹਨ। ਪਰ ਸਰਕਾਰ ਨੂੰ ਕੋਈ ਸ਼ਰਮ ਨਹੀਂ ਆਉਂਦੀ। ਨੰਨ੍ਹੀ ਛਾਂ ਦਾ ਪ੍ਰਚਾਰ ਕਰਨ ਵਾਲੀਆਂ ਆਗੂ ਵੀ ਸਭ ਕੁਝ ਵੇਖ, ਸੁਣ ਪੜ੍ਹ ਕੇ ਖਾਮੋਸ਼ ਹੋ ਜਾਂਦੀਆਂ ਹਨ।

ਹੈਰਾਨੀ ਤਾਂ ਏਸ ਗੱਲ ਦੀ ਹੈ ਕਿ ਕਾਂਗਰਸ ਤਾਂ ਜੁਲਮ ਕਰਨ ਵਿਚ ਮੋਹਰੀ ਹੈ ਹੀ ਸੀ, ਜੋ ਡਾਂਗ ਅਮਰਿੰਦਰ ਸਿੰਘ ਵੇਲੇ ਬੀ.ਟੀ. ਦੀਆਂ ਡਾਂਗਾਂ ਵਾਂਗ ਅੰ-ਦੋਲਨਕਾਰੀਆਂ 'ਤੇ ਵਰ੍ਹਦੀ ਸੀ, ਉਸ ਦੀ ਮਿਸਾਲ ਕਿਧਰੇ ਨਹੀਂ ਸੀ ਪਰ ਉਹ ਅਕਾਲੀ-ਬਾਦਲ ਸਰਕਾਰ ਜੋ ਜੈਤੋਂ ਦੇ ਮੋਰਚੇ, ਗੁਰੂ ਕਾ ਬਾਗ ਮੋਰਚਾ, ਪੰਜਾਬੀ ਸੂਬੇ ਮੋਰਚੇ, ਐਮਰਜੈਂਸੀ ਵਿਰੁੱਧ ਮੋਰਚੇ ਤੇ ਹੋਰ ਬੇਇਨਸਾਫ਼ੀਆਂ ਵਿਰੁੱਧ ਲੜਦੇ ਬੀ.ਟੀ. ਦੀਆਂ ਡਾਂਗਾਂ ਖਾਂਦੇ, ਜੇਲ੍ਹਾਂ ਭਰਦੇ ਸਨ ਉਹ ਅੱਜ ਆਪ ਹੀ ਐਨਾ ਜੁਲਮ ਕਰਨਗੇ ਇਹ ਤਾਂ ਕਦੇ ਸੋਚਿਆ ਹੀ ਨਹੀਂ ਸੀ। ਈ.ਜੀ.ਐਸ. ਅਧਿਆਪਕ ਕੀਤੇ ਵਾਅਦੇ ਮੁਤਾਬਕ ਨੌਕਰੀ ਦੀ ਮੰਗ ਕਰ ਰਹੇ ਸਨ। ਇਨ੍ਹਾਂ ਦੀ ਇਕ ਵਾਰਸ ਕਿਰਨਜੀਤ ਕੌਰ ਨੂੰ ਕਪੂਰਥਲੇ ਪੁਲੀਸ ਨੇ ਅੱਗ ਲਾ ਕੇ ਸੜਨ ਲਈ ਮਜਬੂਰ ਕਰ ਦਿੱਤਾ। ਫੇਰ ਇਕ ਹੋਰ ਅਧਿਆਪਕ ਨੂੰ ਬੇਰੁਜ਼ਗਾਰੀ ਦੀ ਮਾਰ ਨਾ ਸਹਿੰਦਿਆਂ ਮਰਨ ਲਈ ਮਜਬੂਰ ਕੀਤਾ ਸੀ, ਉਹੀ ਅੱਜ ਬਠਿੰਡੇ ਟੈਂਕੀ ਹੇਠਾਂ ਧਰਨੇ 'ਤੇ ਬੈਠੇ ਸਨ। ਉਨ੍ਹਾਂ ਤੋਂ ਰਜਾਈਆਂ ਤੇ ਸਾਰੇ ਕਪੜੇ ਖੋਹ ਲਏ ਗਏ। ਟੈਂਟ ਪੁੱਟ ਛੱਡੇ। ਸ਼ਹਿਰ ਦੇ ਸਾਰੇ ਟੈਂਟ ਹਾਊਸ ਵਾਲਿਆਂ ਨੂੰ ਇਨ੍ਹਾਂ ਅਧਿਆਪਕਾਂ ਨੂੰ ਕੋਈ ਰਜਾਈਆਂ ਜਾਂ ਟੈਂਟ ਦਰੀਆਂ, ਕਪੜੇ ਆਦਿ ਨਾ ਦੇਣ ਦੇ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤੇ। ਇਕ ਮਾਂ (ਕਿਰਨਜੀਤ) ਤਰਲੇ ਮਾਰਦੀ ਰਹੀ ਕਿ ਉਸ ਦੇ ਕੋਲ ਸਿਰਫ਼ ਇਕ ਸਾਲ ਦੀ ਬੱਚੀ ਹੈ, ਠੰਢ 'ਚ ਮਰ ਜਾਵੇਗੀ, ਤਰਸ ਕਰੋ। ਪਰ 4 ਫ਼ਰਵਰੀ ਦੀ ਰਾਤ ਨੂੰ ਪੰਜਾਬ ਦੀ ਅਕਾਲੀ ਸਰਕਾਰ ਦੀ ਪੁਲੀਸ ਨੇ ਕੋਈ ਤਰਸ ਨਹੀਂ ਕੀਤਾ। ਅਖ਼ੀਰ 5 ਫ਼ਰਵਰੀ 2014 ਨੂੰ ਉਹੀ ਹੋਇਆ, ਮਾਸੂਮ ਧੀ 'ਰੂਥ' ਠੰਢ ਦੀ ਮਾਰ ਨਾ ਸਹਾਰ ਸਕੀ ਤੇ ਪੰਜਾਬ ਸਰਕਾਰ ਦੇ ਜੁਲਮ ਦਾ ਸ਼ਿਕਾਰ ਹੋ ਗਈ।

ਜੇ ਅੱਜ ਬਾਬਾ ਨਾਨਕ ਵੀ ਹੁੰਦਾ ਤਾਂ ਉਹ ਨਵੇਂ 'ਬਾਬਰਾਂ' ਨੂੰ ਇਹ ਜ਼ਰੂਰ ਆਖਦਾ ''ਐਨੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ?'' ਪਰ ਅੱਜ ਉਸ ਨਾਨਕ ਦਾ ਨਾਮ ਲੈ ਕੇ ਰਾਜ ਕਰਨ ਵਾਲੇ ਤਾਂ ਏਸ ਥਾਂ ਖੜ ਗਏ ਹਨ :- ''ਮਸਾਂ ਹੀ ਰਾਜ ਮਿਲਿਐ ਗੁਰੂ ਜੀ 'ਸਿੱਖ' ਨੂੰ ਤੇਰੀ ਕ੍ਰਿਪਾ ਨਾਲ, ਮੁਖਾਲਿਫ਼ ਜੋ ਤੁਰੂ ਕੁਚਲਾਂਗੇ ਉਸ ਨੂੰ 'ਲਖ-ਪਤਾਂ' ਵਾਂਗੂੰ।'' ਸੱਚਮੁਚ ਅੱਜ ਸੋਚਣ ਦੀ ਘੜੀ ਹੈ ਕਿ ਇਸ ਜ਼ੁਲਮ ਦਾ ਕਿਵੇਂ ਟਾਕਰਾ ਕੀਤਾ ਜਾਵੇ। ਆ-ਪਣੇ ਜਮਹੂਰੀ ਹੱਕ ਕਿਵੇਂ ਬਚਾਏ ਜਾਣ, ਕਿਵੇਂ ਆਪਣੇ ਹੱਕਾਂ ਦੀ ਰਾਖੀ ਕੀਤੀ ਜਾਵੇ, ਕਿਵੇਂ ਆਪਣੀਆਂ ਮੰਗਾ ਮੰਨਵਾਈਆਂ ਜਾਣ, ਕਿਵੇਂ ਅੱਜ ਦੇ ਔਰਗਜ਼ੇਬਾਂ ਵਿਰੁੱਧ ਫਿਰ ਤੋਂ ਜ਼ਫ਼ਰਨਾਮਾਂ ਲਿਖਿਆ ਜਾਵੇ। ਸਿਰਫ਼ ਪੰਜਾਬ ਪੁਲੀਸ ਹੀ ਨਹੀਂ ਹੁਣ ਤਾਂ ਹਾਕਮੀ ਪਾਰਟੀ ਦੇ ਕਰਿੰਦੇ ਵੀ ਖ਼ੁਦ ਡਾਂਗਾਂ ਫੜ ਕੇ ਪੁਰ ਅਮਨ ਅੰਦੋਲਨਕਾਰੀਆਂ ਨੂੰ ਕੁੱਟਣ ਲੱਗ ਪੈਂਦੇ ਨੇ, ਗੁੱਤਾਂ ਪੁਟਦੇ, ਪੱਗਾ ਲਾਉਂਦੇ, ਜੂੜੇ ਪੁਟਦੇ, ਪਤ ਰੋਲਦੇ, ਨੰਨੀਆਂ ਛਾਵਾਂ ਦੇ ਚਪੇੜਾਂ ਮਾਰਦੇ ਹਨ, ਗੰਦੀਆਂ ਅਸ਼ਲੀਲ ਹਰਕਤਾਂ ਕਰਦੇ ਤੇ ਗਾਲਾਂ ਕੱਢਦੇ ਹਨ। ਕੀ ਹੱਕਾਂ ਲਈ ਅੰਦੋਲਨ ਕਰਨਾ ਗੁਨਾਹ ਹੈ। ਸੋਚਣ ਦੀ ਘੜੀ ਹੈ। ਜ਼ੁਲਮ ਦਾ ਟਾਕਰਾ ਕਰਨ ਲਈ 'ਇਕੋ ਇਕ ਠੀਕ ਰਾਹ – ਏਕੇ ਤੇ ਸੰਘਰਸ਼ ਦਾ' ਜੋ ਸੰਸਾਰ ਵਿਆਪੀ ਅਟੱਲ ਸੱਚਾ ਨਾਅਰਾ ਅਪਣਾਉਣਾ ਪਵੇਗਾ। ਏਸ 'ਧਰੂ' ਸੋਚ ਦਾ ਆਸਰਾ ਲਏ ਬਿਨਾ ਨਹੀਂ ਸਰਨਾ, ਜਿਊਣਾ ਹੈ ਤਾਂ ਮਰਨਾ ਸਿਖੋ, ਕਦਮ-ਕਦਮ 'ਤੇ ਲੜਨਾ ਸਿੱਖੋ।




**ਸਿਹਤ ਦੇ ਖੇਤਰ ਵਿਚ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਹਿੰਦੁਸਤਾਨ ਦੇ ਪਛੜੇ ਹੋਏ ਸੂਬਿਆਂ ਤੋਂ ਵੀ ਮਾੜੀ ਹੈ। ਪੰਜਾਬ ਦੇ ਸਿਹਤ ਵਿਭਾਗ ਦੀ ਰਾਜਨੀਤੀ ਅਖ਼ਬਾਰਾਂ ਵਿਚ ਆਮ ਹੀ ਚਰਚਾ 'ਚ ਰਹਿੰਦੀ ਹੈ। ਅਕਾਲੀ-ਭਾਜਪਾ ਸਰਕਾਰ ਵੇਲੇ ਤੋਂ ਇਹ ਮਹਿਕਮਾ ਭਾਜਪਾ ਕੋਲ ਹੈ, ਜਿਸ ਨੂੰ ਪਾਰਟੀ ਦੀ ਅੰਦਰੂੰਨੀ ਖ਼ਾਨਾਜੰਗੀ ਨੇ ਨਕਾਰਾ ਕਰ ਕੇ ਰੱਖ ਦਿੱਤਾ ਹੈ। ਪੰਜਾਬ ਦੇ ਖਾਂਦੇ-ਪੀਂਦੇ ਘਰਾਂ ਦੇ ਲੋਕ ਆਪਣਾ ਇਲਾਜ ਪ੍ਰਾਈਵੇਟ ਹਸਪਤਾਲਾਂ ਵਿਚ ਕਰਵਾ ਲੈਂਦੇ ਹਨ, ਗ਼ਰੀਬ ਤੇ ਅਣਪੜ੍ਹ ਲੋਕਾਂ ਦਾ ਇਲਾਜ ਹੁਣ ਟੂਣੇ-ਟਾਮਣਾ ਰਾਹੀਂ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਪਿੰਡਾਂ ਵਿਚ ਸਾਧਾਰਨ ਬੁਖ਼ਾਰ ਨਾਲ ਵੀ ਲੋਕ ਮਰ ਰਹੇ ਹਨ ਤੇ ਸਾਧਾਰਨ ਛੂਤ ਦੇ ਰੋਗ ਵੀ ਪਿੰਡਾਂ ਵਿਚ ਮਹਾਂਮਾਰੀ ਵਾਂਗ ਹੱਲਾ ਬੋਲਦੇ ਹਨ। ਬਹੁਤ ਸਾਰੇ ਪਿੰਡ ਅਜਿਹੇ ਹਨ ਜਿਨ੍ਹਾਂ ਵਿਚ ਕੋਈ ਖ਼ਾਸ ਤਰ੍ਹਾਂ ਦੇ ਮਰੀਜ਼ ਕਾਫ਼ੀ ਗਿਣਤੀ ਵਿਚ ਹਨ। ਇਨ੍ਹਾਂ ਪਿੰਡਾਂ ਨੂੰ ਲੈ ਕੇ ਰਿਪੋਰਟਾਂ ਆਮ ਹੀ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਪਰ ਸਰਕਾਰ ਵਲੋਂ ਇਨ੍ਹਾਂ ਪਿੰਡਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਅਜਿਹਾ ਹੀ ਇਕ ਪਿੰਡ ਹੈ ਅਰਨੇਟੂ। ਇਸ ਪਿੰਡ ਵਿਚ ਅਪੰਗ ਵਿਅਕਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਮਹਿਕਮੇ ਦਾ ਪਿੰਡ ਵੱਲ ਕੋਈ ਧਿਆਨ ਨਹੀਂ। ਇਸ ਪਿੰਡ ਦੀਆਂ ਹਾਲਤਾਂ ਅਤੇ ਇਸ ਨਾਲ ਜੁੜੇ ਵੱਖ-ਵੱਖ ਤੱਥਾਂ 'ਤੇ ਚਾਨਣਾ ਪਾ ਰਹੀ ਹੈ ਜਗਤਾਰ ਸਾਲਮ ਦੀ ਇਹ ਵਿਸ਼ੇਸ਼ ਰਿਪੋਰਟ।**

# ਪੰਜਾਬ ਵਾਇਆ ਅਰਨੇਟੂ

ਜਗਤਾਰ ਸਾਲਮ
+91-97804-70386
jagtar.saalam@rediffmail.com



ਅਖ਼ਬਾਰਾਂ ਵਿਚ ਅਕਸਰ ਅਜਿਹੀਆਂ ਖ਼ਬਰਾਂ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚ ਜ਼ਿਕਰ ਹੁੰਦਾ ਹੈ ਕਿ ਫਲਾਣੇ ਪਿੰਡ ਵਿਚ ਡੇਂਗੂ ਬਹੁਤ ਜ਼ਿਆਦਾ ਫੈਲਿਆ ਹੋਇਆ ਹੈ ਤੇ ਫਲਾਣੇ ਪਿੰਡ ਵਿਚ ਕੈਂਸਰ ਦੇ ਮਰੀਜ਼ ਬਹੁਤ ਜ਼ਿਆਦਾ ਹਨ। ਇਨ੍ਹਾਂ ਬਿਮਾਰੀਆਂ ਦੇ ਫੈਲਾਅ ਕਰ ਕੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਮਹਾਂਮਾਰੀ ਵਰਗੇ ਹਾਲਾਤ ਬਣੇ ਹੋਏ ਹਨ। ਪਿੰਡਾਂ ਵਿਚ ਜਿਨ੍ਹਾਂ ਘਰਾਂ ਕੋਲ ਜ਼ਮੀਨ ਹੁੰਦੀ ਹੈ, ਉਸ ਘਰ ਦੇ ਜੀਅ ਤਾਂ ਆਪਣਾ ਇਲਾਜ ਕਰਵਾ ਲੈਂਦੇ ਹਨ ਪਰ ਜਿਨ੍ਹਾਂ ਪਰਿਵਾਰਾਂ ਕੋਲ ਜ਼ਮੀਨ ਨਹੀਂ ਹੁੰਦੀ, ਉਨ੍ਹਾਂ ਪਰਿਵਾਰਾਂ ਦੇ ਮਰੀਜ਼ ਅੱਡੀਆਂ ਰਗੜ-ਰਗੜ ਕੇ ਮਰ ਰਹੇ ਹਨ ਜਾਂ ਮਰਦੇ ਹਨ। ਸਰਕਾਰ ਅਤੇ ਸਰਕਾਰ ਦੇ ਸਿਹਤ ਵਿਭਾਗ ਨੇ ਇਸ ਮਾਮਲੇ ਵਿਚ ਅੱਖਾਂ ਬੰਦ ਕੀਤੀਆਂ ਹੋਈਆਂ ਹਨ। ਏਦਾਂ ਜਾਪਦਾ ਹੈ ਜਿਵੇਂ ਸਰਕਾਰ ਦੇ ਸਿਹਤ ਅਧਿਕਾਰੀ ਖ਼ਬਰਾਂ ਦਾ ਖੰਡਨ ਕਰਨ ਦੀ ਹੀ ਤਨਖ਼ਾਹ ਲੈਂਦੇ ਹੋਣ। ਜਦੋਂ ਕਿਸੇ ਪੱਤਰਕਾਰ ਦੁਆਰਾ ਕਿਸੇ ਪਿੰਡ ਵਿਚ ਫੈਲੀ ਮਹਾਂਮਾਰੀ ਦੀ ਰਿਪੋਰਟ ਛਾਪੀ ਜਾਂਦੀ ਹੈ ਤਾਂ ਅਧਿਕਾਰੀ ਹਰਕਤ ਵਿਚ ਆ ਜਾਂਦੇ ਹਨ। ਪਿੰਡ ਦਾ ਦੌਰਾ ਕਰਨ ਤੋਂ ਬਾਅਦ ਕਹਿੰਦੇ ਹਨ ਕਿ ਰਿਪੋਰਟ ਵਿਚ ਪੱਤਰਕਾਰ ਦੁਆਰਾ ਦਿੱਤੇ ਗਏ ਤੱਥ ਝੂਠੇ ਹਨ। ਏਦਾਂ ਜਾਪਦਾ ਹੈ ਜਿਵੇਂ ਪੰਜਾਬ ਸਰਕਾਰ ਨੂੰ ਕਿਸੇ ਦੂਸਰੇ ਸੂਬੇ ਦੇ ਲੋਕ ਚੁਣਦੇ ਹੋਣ, ਜਿਵੇਂ ਸਿਆਸੀ ਆਗੂਆਂ ਨੂੰ ਪੰਜਾਬੀਆਂ ਦੀ ਲੋੜ ਹੀ ਨਾ ਹੋਵੇ। ਜੇ ਹਾਲਾਤ ਏਦਾਂ ਹੀ ਬਣੇ ਰਹੇ ਤਾਂ ਪੰਜਾਬ ਨਸ਼ੇੜੀਆਂ ਅਤੇ ਮਰੀਜ਼ਾਂ ਦਾ ਸੂਬਾ ਬਣ ਕੇ ਰਹਿ ਜਾਵੇਗਾ। ਇੱਥੇ ਤੰਦਰੁਸਤ ਬੰਦਾ ਲੱਭਣਾ ਮੁਸ਼ਕਲ ਹੋ ਜਾਵੇਗਾ। ਪਿੰਡਾਂ ਵਿਚ ਇਹ ਮਹਾਂਮਾਰੀਆਂ ਕਿਉਂ ਫੈਲ ਰਹੀਆਂ ਹਨ, ਇਸ ਪਿੱਛੇ ਬਹੁਤ ਸਾਰੇ ਕਾਰਨ ਹਨ। ਪੰਜਾਬ ਦਾ ਪੌਣ-ਪਾਣੀ ਪੂਰੀ ਤਰ੍ਹਾਂ ਦੂਸ਼ਤ ਹੋ ਚੁੱਕਿਆ ਹੈ। ਪੰਜਾਬ ਵਿਚ ਦੁੱਧ, ਘਿਓ, ਮਠਿਆਈਆਂ ਆਦਿ ਨਕਲੀ ਵਿਕ ਰਹੀਆਂ ਹਨ। ਨਸ਼ਿਆਂ ਦੀ ਪੰਜਾਬ ਵਿਚ ਭੋਰਾ ਤੋਟ ਨਹੀਂ, ਭਾਂਤ-ਭਾਂਤ ਦੇ ਨਸ਼ੇ ਭਾਂਤ-ਭਾਂਤ ਦੀਆਂ ਬਿਮਾਰੀਆਂ ਫੈਲਾਅ ਰਹੇ ਹਨ। ਖਾਦ ਤੇ ਸਪਰੇਆਂ ਨੇ ਧਰਤੀ ਹੇਠਲੇ ਪਾਣੀ ਤੇ ਧਰਤੀ ਦੇ ਸੀਨੇ 'ਚੋਂ ਉਗਦੇ ਅਨਾਜ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਪੰਜਾਬ ਵਿਚ ਦਲਿਤ ਸ਼੍ਰੇਣੀਆਂ ਨਾਲ ਜੁੜੇ ਬਹੁਤ ਸਾਰੇ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਪੰਜਾਬ ਦੇ ਸਿਹਤ ਵਿਭਾਗ ਦੀ ਹਾਲਤ ਖਸਤਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਕਰ ਕੇ ਪੰਜਾਬ ਮਰੀਜ਼ਾਂ ਦੀ ਰਾਜਧਾਨੀ ਬਣਿਆ ਹੋਇਆ ਹੈ। ਪਰ ਇਨ੍ਹਾਂ ਸਾਰੇ ਕਾਰਨਾਂ ਪਿੱਛੇ ਸਿੱਧੇ ਤੌਰ 'ਤੇ ਸਰਕਾਰ ਜ਼ਿੰਮੇਵਾਰ ਹੈ। ਸਰਕਾਰ ਨੂੰ ਲੋਕਾਂ ਦੇ ਦੁੱਖ-ਦਰਦਾਂ ਦੀ ਕੋਈ ਫ਼ਿਕਰ ਨਹੀਂ। ਹਰ ਸਾਲ ਸ਼ਰਾਬ ਦੇ ਫੈਕਟਰੀ ਮਾਲਕਾਂ ਤੋਂ ਰੁਪਏ ਲੈ ਕੇ ਕਬੱਡੀ ਕੱਪ ਕਰਵਾਉਣ ਵਾਲੀ ਸਰਕਾਰ ਇਹ ਸਾਬਤ ਕਰਨ 'ਤੇ ਲੱਗੀ ਹੋਈ ਹੈ ਕਿ ਪੰਜਾਬ ਦੇ ਲੋਕਾਂ ਅਤੇ ਪੰਜਾਬ ਦੀ ਧਰਤੀ ਨੂੰ ਕੋਈ ਮਰਜ਼ ਹੀ ਨਹੀਂ ਹੈ, ਜਦੋਂਕਿ ਹਰ ਪਾਸੇ ਮਾਹੌਲ ਨਿਰਾਸ਼ ਕਰਨ ਵਾਲਾ ਹੈ।

ਪਿਛਲੇ ਦਿਨੀਂ ਮੈਂ ਅਜਿਹੇ ਹੀ ਮਹਾਂਮਾਰੀ ਦੇ ਸ਼ਿਕਾਰ ਪਿੰਡ ਅਰਨੇਟੂ ਗਿਆ, ਇੱਥੋਂ ਦੇ ਲੋਕਾਂ ਦੀ ਹਾਲਤ ਦਿਲ ਦਹਿਲਾਉਣ ਵਾਲੀ ਹੈ। ਅਪੰਗਤਾ ਨੇ ਇੱਥੋਂ ਬਹੁਤ ਸਾਰੇ ਬੱਚੇ, ਬਜ਼ੁਰਗਾਂ ਅਤੇ ਨੌਜਵਾਨਾਂ ਤੋਂ ਜ਼ਿੰਦਗੀ ਖੋਹ ਲਈ ਹੈ। ਅਜਿਹੇ ਲੋਕ ਸਿਰਫ਼ ਵਕਤ ਨੂੰ ਧੱਕਾ ਦੇ ਰਹੇ ਹਨ। ਇਨ੍ਹਾਂ ਦੀ ਚੀਕ ਪੰਜਾਬ ਦੀ ਖੁਸ਼ਹਾਲੀ ਦੇ ਸ਼ੋਰ 'ਚ ਗੁੰਮ ਗਈ ਹੈ। ਇੱਥੇ ਅਸੀਂ ਇਸ ਪਿੰਡ ਦੇ ਲੋਕਾਂ ਦੀ ਹੋਣੀ 'ਤੇ ਵੱਖ-ਵੱਖ ਨਜ਼ਰੀਏ ਤੋਂ ਵਿਸਥਾਰ ਸਹਿਤ ਚਾਨਣਾ ਪਾਵਾਂਗੇ।

## ਅਪੰਗਤਾ ਦਾ ਸ਼ਿਕਾਰ ਪਿੰਡ ਅਰਨੇਟੂ



ਅਰਨੇਟੂ ਪਿੰਡ ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਬਲਾਕ ਵਿਚ ਪੈਂਦਾ ਹੈ। ਇਹ ਪਿੰਡ ਹਰਿਆਣੇ ਨਾਲ ਲੱਗਦੀ ਸਰਹੱਦ 'ਤੇ ਸਥਿਤ ਹੈ। ਪਿੰਡ ਵਿਚ ਲਗਭਗ 1350 ਵੋਟਾਂ ਹਨ। ਘੱਗਰ ਦਰਿਆ ਇਸ ਪਿੰਡ ਨਾਲ ਖਹਿ ਕੇ ਲੰਘਦਾ ਹੈ। ਇਸ ਪਿੰਡ ਦਾ ਦੁਖਾਂਤ ਇਹ ਹੈ ਕਿ ਇੱਥੇ ਅਪੰਗਤਾਂ ਨੇ ਬਹੁਤ ਸਾਰੇ ਬੱਚਿਆਂ, ਬਜ਼ੁਰਗਾਂ ਅਤੇ ਨੌਜਵਾਨਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਪਿਛਲੇ ਕਈ ਸਾਲਾਂ ਤੋਂ ਇਲਾਕੇ ਵਿਚ ਇਸ ਗੱਲ ਦੀ ਚਰਚਾ ਹੈ ਕਿ ਇਸ ਪਿੰਡ ਵਿਚ ਅਪੰਗ ਲੋਕ ਔਸਤਨ ਗਿਣਤੀ ਤੋਂ ਬਹੁਤ ਜ਼ਿਆਦਾ ਹਨ। ਪਿੰਡ ਦੀ ਹਰ ਇਕ ਗਲੀ ਵਿਚ ਆਉਂਦੇ-ਜਾਂਦੇ ਤੁਹਾਨੂੰ ਅਪੰਗ ਬੱਚਾ ਜਾਂ ਨੌਜਵਾਨ ਨਜ਼ਰੀਂ ਪਵੇਗਾ। ਕਈ ਘਰ ਅਜਿਹੇ ਵੀ ਹਨ, ਜਿੱਥੇ ਇਕ ਹੀ ਪਰਿਵਾਰ ਵਿਚ ਦੋ ਅਪੰਗ ਜਾਂ ਕਮਜ਼ੋਰ ਦਿਮਾਗ ਵਾਲੇ ਬੱਚੇ ਹਨ। ਪਿੰਡ ਵਾਸੀਆਂ ਨਾਲ ਗੱਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਪ੍ਰਸ਼ਾਸਨ ਨੂੰ ਇਸ ਗੱਲ ਦੀ ਸਪਸ਼ਟ ਜਾਣਕਾਰੀ ਹੈ ਕਿ ਇਸ ਪਿੰਡ ਵਿਚ ਅਪੰਗਤਾ ਵੱਡੀ ਪੱਧਰ 'ਤੇ ਫੈਲੀ ਹੋਈ ਹੈ। ਇੱਕ ਦੋ ਵਾਰ ਮਹਿਰਾਂ ਦੀ ਟੀਮ ਵੀ ਪਿੰਡ ਵਿਚ ਆਈ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਲੋਕਾਂ ਨਾਲ ਗੱਲ ਕਰਦਿਆਂ ਸਾਫ਼ ਜਾਪਦਾ ਹੈ ਕਿ ਲੋਕਾਂ ਦਾ ਪੰਜਾਬ ਦੇ ਸਿਹਤ ਵਿਭਾਗ ਜਾਂ ਸਰਕਾਰ ਤੋਂ ਬਿਲਕੁੱਲ ਹੀ ਵਿਸ਼ਵਾਸ ਉੱਠ ਚੁੱਕਿਆ ਹੈ। ਇਸ ਪਿੰਡ ਵਿਚ ਗੰਧੀਲਾ ਅਤੇ ਬਾਜ਼ੀਗਰ ਭਾਈਚਾਰੇ ਦੇ ਲੋਕ ਵਸਦੇ ਹਨ। ਆਰਥਕ ਤੌਰ 'ਤੇ ਇਹ ਪਛੜੇ ਹੋਏ ਲੋਕ ਹਨ, ਦਿਹਾੜੀ-ਦੱਪਾ ਕਰ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਲਾਜ ਕਰਵਾਉਣ ਲਈ ਇਨ੍ਹਾਂ ਕੋਲ ਧਨ ਨਹੀਂ ਹੈ। ਮਜਬੂਰੀਵਸ ਅੱਡੀਆਂ ਰਗੜ ਕੇ ਮਰ ਰਹੇ ਹਨ। ਇਸ ਪਿੰਡ ਦੀ 60 ਸਾਲਾ ਬਜ਼ੁਰਗ ਸ਼ੀਲਾ ਦੇਵੀ ਨੇ ਦੱਸਿਆ ਕਿ ਮੇਰੇ ਚਾਰ ਬੱਚੇ ਹਨ। ਚਾਰਾਂ ਵਿਚੋਂ ਦੋ ਅਪੰਗ ਹਨ। ਉਸ ਨੇ ਦੱਸਿਆ ਕਿ ਉਸ ਦੀ ਵੱਡੀ ਲੜਕੀ 35 ਸਾਲਾ ਗਿੰਦੋ ਬਚਪਨ ਤੋਂ ਹੀ ਅਪੰਗਤਾ ਦਾ ਸ਼ਿਕਾਰ ਹੈ, ਉਸ ਦਾ ਦਿਮਾਗ਼ ਵੀ ਕੰਮ ਨਹੀਂ ਕਰਦਾ ਤੇ ਉਸ ਦੀਆਂ ਦੋਵੇਂ ਬਾਹਵਾਂ ਵੀ ਸੁੰਗੜੀਆਂ ਹੋਈਆਂ ਹਨ। ਇਸ ਤਰ੍ਹਾਂ ਦੀ ਹਾਲਤ ਉਸ ਦੇ 30 ਸਾਲਾ ਪੁੱਤਰ ਦੀ ਹੈ, ਉਸ ਦਾ ਦਿਮਾਗ, ਅੱਖਾਂ ਅਤੇ ਲੱਤਾਂ ਘੱਟ ਕੰਮ ਕਰਦੀਆਂ ਹਨ। ਜ਼ੁਬਾਨ ਵੀ ਸਾਫ਼ ਨਹੀਂ ਹੈ। ਇਲਾਜ ਬਾਰੇ ਦੱਸਦਿਆਂ ਉਸ ਨੇ ਕਿਹਾ ਕਿ ਸਾਡਾ ਪਰਿਵਾਰ ਬਹੁਤ ਗ਼ਰੀਬ ਹੈ। ਅਸੀਂ ਦਿਹਾੜੀ ਕਰ ਕੇ ਗੁਜ਼ਾਰਾ ਕਰਨ ਵਾਲੇ ਲੋਕ ਹਾਂ। ਇਸ ਲਈ ਅਸੀਂ ਬਹੁਤਾ ਇਲਾਜ ਕਰਵਾ ਵੀ ਨਹੀਂ ਸਕੇ, ਪਰ ਫੇਰ ਵੀ ਅਸੀਂ ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਦੋਵੇਂ ਬੱਚਿਆਂ ਨੂੰ ਲੈ ਕੇ ਹਸਪਤਾਲਾਂ ਵਿਚ ਕਾਫ਼ੀ ਧੱਕੇ ਖਾਧੇ ਪਰ ਬੱਚਿਆਂ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ। ਇਸ ਦੇ ਉਲਟ ਇਲਾਜ ਕਰਵਾਉਣ ਦੇ ਚੱਕਰ ਵਿਚ ਖਰਚੇ ਗਏ ਧਨ ਕਾਰਨ ਪਰਿਵਾਰ ਦੀ ਆਰਥਕ ਹਾਲਤ ਹੋਰ ਵੀ ਬਦਤਰ ਹੋ ਗਈ। ਥਕ ਹਾਰ ਕੇ ਅਸੀਂ ਇਲਾਜ ਦਾ ਖਹਿੜਾ ਛੱਡ ਦਿੱਤਾ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਸਰਕਾਰ ਵਲੋਂ ਉਨ੍ਹਾਂ ਦੀ ਕੋਈ ਸਹਾਇਤਾ ਕੀਤੀ ਗਈ ਹੈ ਜਾਂ ਨਹੀਂ ਤਾਂ ਉਸ ਨੇ ਕਿਹਾ ਕਿ ਸਰਕਾਰ ਨੇ ਹੋਰ ਸਹਾਇਤਾ ਤਾਂ ਕੀ ਕਰਨੀ ਸੀ ਸਗੋਂ ਉਨ੍ਹਾਂ ਦੀ ਧੀ ਅਤੇ ਪੁੱਤਰ ਨੂੰ ਹੁਣ ਤਕ ਅਪੰਗ ਵਿਅਕਤੀਆਂ ਨੂੰ ਮਿਲਣ ਵਾਲੀਆਂ ਪੈਨਸ਼ਨਾਂ ਵੀ ਨਹੀਂ ਲੱਗੀਆਂ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER
Phone:780 463 2886

ਇਸ ਤਰ੍ਹਾਂ ਹੀ ਸੁਰਜੀਤ ਰਾਮ ਨੇ ਆਪਣੀ ਦੁੱਖ ਭਰੀ ਕਥਾ ਸੁਣਾਉਂਦਿਆਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਸ ਦੀ ਲੱਤ ਦੀ ਨਾੜੀ ਬਲੌਕ ਹੋ ਗਈ ਸੀ, ਪੀਜੀਆਈ ਚੰਡੀਗੜ੍ਹ ਵਿਚ ਲਗਾਤਾਰ ਛੇ ਸਾਲ ਉਸ ਦਾ ਇਲਾਜ ਚੱਲਿਆ। ਅੰਤ ਵਿਚ ਲੱਤ ਕੱਟਣੀ ਪਈ। ਇਲਾਜ ਉੱਤੇ ਉਸ ਦਾ ਤਿੰਨ-ਚਾਰ ਲੱਖ ਰੁਪਇਆ ਖਰਚ ਆਇਆ। ਸਰਕਾਰ ਵਲੋਂ ਉਸ ਦੀ ਕੋਈ ਸਹਾਇਤਾ ਨਹੀਂ ਕੀਤੀ ਗਈ, ਭਾਵੇਂ ਉਹ ਅਰਜ਼ੀਆਂ ਲੈ ਕੇ ਸਰਕਾਰੀ ਦਫ਼ਤਰਾਂ ਵਿਚ ਧੱਕੇ ਖਾਂਦਾ ਰਿਹਾ। ਹੁਣ ਉਸ ਨੂੰ ਮਹੀਨੇ ਬਾਅਦ ਢਾਈ ਸੌ ਰੁਪਏ ਅੰਗਹੀਣ ਪੈਨਸ਼ਨ ਦੇ ਮਿਲਦੇ ਹਨ। ਉਸ ਦਾ ਕਹਿਣਾ ਹੈ ਕਿ ਮੈਂ ਪਹਿਲਾਂ ਦਿਹਾੜੀ ਕਰ ਕੇ ਗੁਜ਼ਾਰਾ ਕਰ ਲੈਂਦਾ ਸੀ ਪਰ ਹੁਣ ਦਿਹਾੜੀ ਕਰਨ ਦੇ ਵੀ ਯੋਗ ਨਹੀਂ ਰਿਹਾ। ਪਿੰਡ ਦੇ ਇਕ ਹੋਰ ਵਸਨੀਕ ਅਮਰਜੀਤ ਰਾਮ ਜੋ ਕਿ ਦਿਹਾੜੀ-ਦੱਪਾ ਕਰ ਕੇ ਆਪਣਾ ਵਕਤ ਲੰਘਾ ਰਿਹਾ ਹੈ, ਨੇ ਆਪਣੀ ਅੱਠ ਸਾਲਾਂ ਦੀ ਲੜਕੀ ਅੰਜੂ ਬਾਰੇ ਦੱਸਿਆ ਕਿ ਉਹ ਦਿਮਾਗੀ ਅਪੰਗਤਾ ਦਾ ਸ਼ਿਕਾਰ ਹੈ। ਦਿਮਾਗੀ ਕਮਜ਼ੋਰੀ ਜਾਂ ਅਪੰਗਤਾ ਕਾਰਨ ਉਸ ਦਾ ਸਰੀਰਕ ਸੰਤੁਲਨ ਵੀ ਦਿਨ ਪ੍ਰਤੀ ਦਿਨ ਡਗਮਗਾ ਰਿਹਾ ਹੈ। ਉਸ ਨੇ ਕਿਹਾ ਕਿ ਭਾਵੇਂ ਅਸੀਂ ਲੜਕੀ ਦਾ ਇਲਾਜ ਕਰਵਾਉਣ ਲਈ ਭੱਜ-ਦੌੜ ਕਰ ਰਹੇ ਹਾਂ ਪਰ ਸਾਡੀ ਆਸ ਟੁੱਟ ਚੁੱਕੀ ਹੈ। ਪਿੰਡ ਵਿਚ ਇਸ ਨਾਲ ਮਿਲਦੀ-ਜੁਲਦੀ ਕਈ ਪਰਿਵਾਰਾਂ ਦੀ ਦਾਸਤਾਨ ਹੈ। ਮੈਂ ਅਜਿਹੇ ਪੰਦਰ੍ਹਾਂ ਪਰਿਵਾਰਾਂ ਨੂੰ ਮਿਲਿਆ ਜਿਨ੍ਹਾਂ ਨੇ ਆਪਣੀ ਦੁੱਖ ਭਰੀ ਕਥਾ ਸੁਣਾਈ। ਪਿੰਡ ਵਿਚ ਬੱਚੇ ਜ਼ਿਆਦਾ ਦਿਮਾਗੀ ਅਪੰਗਤਾ ਦੇ ਸ਼ਿਕਾਰ ਸਨ। ਨੌਜਵਾਨ ਜ਼ਿਆਦਾਤਰ ਲੱਤਾਂ ਅਤੇ ਬਾਹਾਂ ਤੋਂ ਅਪੰਗ ਸਨ। ਪਿੰਡ ਦੀ ਸਰਪੰਚ ਪੱਪੀ ਦੇਵੀ ਨੇ ਦੱਸਿਆ ਕਿ ਅਪੰਗਤਾ ਤੋਂ ਬਿਨਾਂ ਇੱਥੇ ਪੀਲੀਆ, ਕੈਂਸਰ ਅਤੇ ਟੀ.ਬੀ. ਦੇ ਵੀ ਕੁਝ ਮਰੀਜ਼ ਹਨ। ਇਸ ਤੋਂ ਇਲਾਵਾ ਜੋੜਾਂ ਦੇ ਦਰਦ ਦੇ ਬਹੁਤ ਸਾਰੇ ਮਰੀਜ਼ ਹਨ।

## ਗ਼ਰੀਬ ਪਰਿਵਾਰ, ਸਰਕਾਰ ਦੀ ਮਾਰ





ਇਲਾਕੇ ਵਿਚ ਇਹ ਇੱਕੋ-ਇੱਕ ਅਜਿਹਾ ਪਿੰਡ ਹੈ ਜਿੱਥੇ ਸਿਰਫ਼ ਬਾਜ਼ੀਗਰ ਅਤੇ ਗੰਧੀਲਾ ਬਰਾਦਰੀ ਦੇ ਲੋਕ ਰਹਿੰਦੇ ਹਨ। ਇਸ ਪਿੰਡ ਵਿਚ ਕੁਝ ਘਰ ਕੰਬੋਜਾਂ ਦੇ ਵੀ ਹਨ, ਪਰ ਇਹ ਘਰ ਪਿੰਡ ਤੋਂ ਬਾਹਰ ਡੇਰਿਆਂ ਵਿਚ ਰਹਿੰਦੇ ਹਨ, ਇਨ੍ਹਾਂ ਕੋਲ ਜ਼ਮੀਨ ਵੀ ਹੈ। ਪਿੰਡ ਵਿਚ ਸਿਰਫ਼ ਗੰਧੀਲਾ ਅਤੇ ਬਾਜ਼ੀਗਰ ਬਰਾਦਰੀ ਦੇ ਲੋਕ ਵਸਦੇ ਹਨ। ਇਨ੍ਹਾਂ ਕੋਲ ਪੱਕੇ ਆਰਥਕ ਵਸੀਲੇ ਨਹੀਂ ਹਨ। ਇਹ ਦਿਹਾੜੀ ਕਰ ਕੇ ਖਾਣ ਵਾਲੇ ਸਾਧਾਰਨ ਅਤੇ ਅਣਪੜ੍ਹ ਲੋਕ ਹਨ। ਨਾ ਇਹ ਲੋਕ ਸਰਕਾਰੀ ਦਫ਼ਤਰਾਂ ਦੇ ਟਿਕਾਣੇ ਜਾਣਦੇ ਹਨ ਤੇ ਨਾ ਹੀ ਸਿਆਸੀ ਆਗੂਆਂ ਦੇ ਨਾਂ। ਸ਼ਾਇਦ ਇਹੀ ਕਾਰਨ ਹੈ ਕਿ ਇਸ ਪਿੰਡ ਦੀ ਸਾਰ ਲੈਣ ਵਾਲਾ ਕੋਈ ਨਹੀਂ। ਪਿੰਡ ਦੀ ਸਰਪੰਚ ਦਾ ਕਹਿਣਾ ਹੈ ਕਿ ਸਿਆਸੀ ਆਗੂ ਇੱਥੇ ਸਿਰਫ਼ ਵੋਟਾਂ ਵੇਲੇ ਆਉਂਦੇ ਹਨ ਤੇ ਜਿੱਤਣ ਤੋਂ ਬਾਅਦ ਮੁੜ ਮੂੰਹ ਨਹੀਂ ਦਿਖਾਉਂਦੇ। ਜ਼ਿਕਰਯੋਗ ਹੈ ਕਿ ਇਹ ਪਿੰਡ ਸ਼ੁਤਰਾਣਾ ਹਲਕੇ ਵਿਚ ਪੈਂਦਾ ਹੈ, ਲੋਕਾਂ ਨੇ ਇੱਥੋਂ ਦੀ ਵਿਧਾਇਕ ਬੀਬੀ ਵਨਿੰਦਰ ਕੌਰ ਲੂੰਬਾ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਜਿੱਤਣ ਤੋਂ ਬਾਅਦ ਉਹ ਸਿਰਫ਼ ਇਕ ਜਾਂ ਦੋ ਵਾਰ ਸਰਸਰੀ ਤੌਰ 'ਤੇ ਪਿੰਡ ਵਿਚ ਆਈ ਹੈ। ਹੁਣ ਤਕ ਜਨਤਕ ਤੌਰ 'ਤੇ ਉਨ੍ਹਾਂ ਨੇ ਵੋਟਾਂ ਪਾਉਣ ਬਦਲੇ ਪਿੰਡ ਵਾਸੀਆਂ ਦਾ ਧੰਨਵਾਦ ਤਕ ਨਹੀਂ ਕੀਤਾ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਇੱਥੋਂ ਦੇ ਗ਼ਰੀਬ ਲੋਕਾਂ ਦੀ ਵੋਟਾਂ ਤੋਂ ਬਗੈਰ ਉਨ੍ਹਾਂ ਨੂੰ ਕੋਈ ਜ਼ਰੂਰਤ ਨਹੀਂ ਪੈਂਦੀ। ਜਦੋਂ ਵਨਿੰਦਰ ਕੌਰ ਲੂੰਬਾ ਨਾਲ ਇਸ ਸਬੰਧੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਦਾ ਫੋਨ ਹਰ ਵਾਰ ਕਿਸੇ ਹੋਰ ਵਿਅਕਤੀ ਦੁਆਰਾ ਉਠਾਇਆ ਗਿਆ, ਜਿਸ ਦੇ ਚੱਲਦਿਆਂ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ।

ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਰਕਾਰ ਜਾਣਬੁੱਝ ਕੇ ਇਨ੍ਹਾਂ ਲੋਕਾਂ ਨਾਲ ਵਿਤਕਰਾ ਕਰ ਰਹੀ ਹੈ। ਜੇ ਇਸ ਦੀ ਥਾਂ 'ਤੇ ਖਾਂਦੇ-ਪੀਂਦੇ ਘਰਾਂ ਦਾ ਜਾਂ ਉੱਚ ਜਾਤੀ ਨਾਲ ਸਬੰਧਤ ਕੋਈ ਹੋਰ ਪਿੰਡ ਹੁੰਦਾ ਤਾਂ ਸੰਭਵ ਸੀ ਕਿ ਇਸ ਪਿੰਡ 'ਤੇ ਸਰਕਾਰ ਦੀ ਨਜ਼ਰ ਪੈ ਜਾਂਦੀ।

ਇਸ ਮਹਾਂਮਾਰੀ ਸਬੰਧੀ ਜਦੋਂ ਸ਼ੁਤਰਾਣਾ ਤੋਂ ਐਸ ਐਮ ਓ ਸੁਖਚਰਨ ਸਿੰਘ ਬਰਾੜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਵਿਚ ਫੈਲੀ ਇਸ ਮਹਾਂਮਾਰੀ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਜਦੋਂ ਬਿਮਾਰੀ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਪਿੰਡ ਵਿਚ ਸਫ਼ਾਈ ਦਾ ਮੰਦਾ ਹਾਲ ਹੈ ਜਿਸ ਕਾਰਨ ਇੱਥੋਂ ਦੇ ਲੋਕ ਦੂਸਰੇ ਪਿੰਡਾਂ ਦੇ ਮੁਕਾਬਲੇ ਜ਼ਿਆਦਾ ਬਿਮਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਪੰਗਤਾ ਦੇ ਮਾਮਲੇ ਵਿਚ ਪ੍ਰਦੂਸ਼ਤ ਪਾਣੀ ਸਿੱਧੇ ਤੌਰ 'ਤੇ ਇੱਕੋ-ਇੱਕ ਕਾਰਨ ਨਹੀਂ ਹੈ। ਇਸ ਪਿੱਛੇ ਹੋਰ ਵੀ ਕਾਰਨ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਇਸ ਪਿੰਡ ਵਿਚ ਵਿਭਾਗ ਵਲੋਂ ਉਚੇਚਾ ਧਿਆਨ ਦਿੱਤਾ ਜਾਵੇਗਾ ਤੇ ਇੱਥੋਂ ਦੇ ਲੋਕਾਂ ਨੂੰ ਬਿਮਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ।

## ਘੱਗਰ ਦਾ ਪ੍ਰਦੂਸ਼ਤ ਪਾਣੀ

ਘੱਗਰ ਦਰਿਆ ਅਰਨੇਟੂ ਨਾਲ ਬਿਲਕੁਲ ਖਹਿ ਕੇ ਲੰਘਦਾ ਹੈ ਜਿਵੇਂ ਇਹ ਦੋਵੇਂ ਜੁੜਵੇਂ ਭਰਾ ਹੋਣ। ਪਰ ਹੁਣ ਅਰਨੇਟੂ ਵਾਸੀਆਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਘੱਗਰ ਦੇ ਗੰਦੇ ਤੇ ਕੈਮੀਕਲਾਂ ਵਾਲੇ ਪਾਣੀ ਨੇ ਉਨ੍ਹਾਂ ਨੂੰ ਅਪੰਗ ਬਣਾ ਕੇ ਰੱਖ ਦਿੱਤਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜਦ ਤੋਂ ਘੱਗਰ ਵਿਚ ਕੈਮੀਕਲਾਂ ਵਾਲਾ ਗੰਦਾ ਪਾਣੀ ਆਉਣਾ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਪਿੰਡ ਵਿਚ ਬਿਮਾਰੀਆਂ ਦਾ ਪ੍ਰਕੋਪ ਵਧਿਆ ਹੈ। ਉਨ੍ਹਾਂ ਕਿਹਾ ਕਿ ਘੱਗਰ ਦਾ ਗੰਦਾ ਪਾਣੀ ਧਰਤੀ ਹੇਠਲੇ ਪਾਣੀ ਵਿਚ ਜਾ ਰਲਦਾ ਹੈ ਜਿਸ ਕਾਰਨ ਧਰਤੀ ਹੇਠਲਾ ਪਾਣੀ ਪੂਰੀ ਤਰ੍ਹਾਂ ਪ੍ਰਦੂਸ਼ਤ ਹੋ ਚੁੱਕਿਆ ਹੈ।

ਪਿੰਡ ਦੀ ਸਰਪੰਚ ਨੇ ਦੱਸਿਆ ਕਿ ਇੱਥੋਂ ਦੇ ਲੋਕ ਗ਼ਰੀਬ ਅਤੇ ਦਿਹਾੜੀਦਾਰ ਹੋਣ ਕਾਰਨ ਨਾ ਤਾਂ ਘਰ ਵਿਚ ਘਰੇਲੂ ਵਰਤੋਂ ਲਈ ਵਾਟਰ ਫਿਲਟਰ ਲਗਵਾ ਸਕਦੇ ਹਨ ਤੇ ਨਾ ਹੀ ਇੰਨੇ ਡੂੰਘੇ ਬੋਰ ਕਰਵਾ ਸਕਦੇ ਹਨ, ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਤੋਂ ਬਚਿਆ ਜਾ ਸਕੇ। ਜ਼ਿਕਰਯੋਗ ਹੈ ਕਿ ਹੈ ਕਿ



ਘੱਗਰ ਵਿਚ ਬਹੁਤ ਸਾਰੀਆਂ ਫੈਕਟਰੀਆਂ ਅਤੇ ਨਾਲਿਆਂ ਦਾ ਗੰਦਾ ਪਾਣੀ ਡਿੱਗਦਾ ਹੈ, ਜਿਸ ਕਾਰਨ ਇਸ ਦਰਿਆ ਵਿਚ ਮੀਂਹ ਦੇ ਪਾਣੀ ਤੋਂ ਬਾਅਦ ਸਾਰਾ ਸਾਲ ਕੈਮੀਕਲਾਂ ਵਾਲਾ ਪਾਣੀ ਵਗਦਾ ਹੈ। ਸਰਪੰਚ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਇੱਥੇ ਮਾਹਰਾਂ ਦੀ ਟੀਮ ਨੇ ਆ ਕੇ ਪਾਣੀ ਚੈੱਕ ਕੀਤਾ ਸੀ, ਚੈੱਕ ਕਰਨ ਤੋਂ ਬਾਅਦ ਸਾਹਮਣੇ ਆਇਆ ਕਿ ਇਹ ਪਾਣੀ ਨਾ ਸਿਰਫ਼ ਬੰਦਿਆਂ ਲਈ ਸਗੋਂ ਪਸ਼ੂਆਂ ਲਈ ਵੀ ਘਾਤਕ ਹੈ। ਪਿੰਡ ਵਾਸੀਆਂ ਦੀ ਮੰਗ ਹੈ ਕਿ ਇਸ ਪਿੰਡ ਵਿਚ ਸਰਕਾਰ ਕੋਈ ਅਜਿਹਾ ਹੀਲੇ ਕਰੇ ਜਿਸ ਨਾਲ ਪਿੰਡ ਦੇ ਲੋਕਾਂ ਨੂੰ ਸਾਫ਼ ਪਾਣੀ ਪੀਣ ਨੂੰ ਮਿਲ ਸਕੇ ਤਾਂ ਜੋ ਇਸ ਪਿੰਡ ਵਿਚ ਬਿਮਾਰੀਆਂ ਦਾ ਪ੍ਰਕੋਪ ਕੁਝ ਘੱਟ ਸਕੇ। ਇਸ ਤੋਂ ਇਲਾਵਾ ਜਦੋਂ ਬਾਰਸ਼ਾਂ ਮੌਕੇ ਹੜ੍ਹ ਆਉਂਦਾ ਹੈ ਤਾਂ ਘੱਗਰ ਦਰਿਆ ਦਾ ਪਾਣੀ ਪਿੰਡ ਦੇ ਘਰਾਂ ਵਿਚ ਵੜ ਜਾਂਦਾ ਹੈ। ਕਈ-ਕਈ ਦਿਨ ਗੰਦੇ ਪਾਣੀ ਨਾਲ ਗਲੀਆਂ ਭਰੀਆਂ ਰਹਿੰਦੀਆਂ ਹਨ। ਇਸ ਨਾਲ ਵੀ ਪਿੰਡ ਵਿਚ ਬਿਮਾਰੀਆਂ ਫੈਲਦੀਆਂ ਹਨ।

ਸਫ਼ਾ 16 ਦੀ ਬਾਕੀ

## ਸ਼ਹੀਦ ਭਗਤ ਸਿੰਘ...

ਸ਼ਹੀਦ ਭਗਤ ਸਿੰਘ ਦਾ ਬਿੰਬ ਕੁੱਝ ਲੋਕ ਧਾਰਮਿਕ ਅਤੇ ਕੁੱਝ ਲੋਕ ਬੰਬਾਂ, ਪਿਸਤੌਲਾਂ ਵਾਲਾ ਬਣਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹਨ। ਧਾਰਮਿਕ ਬਿੰਬ ਬਣਾਉਣ ਵਾਲਿਆਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਜ਼ਰੂਰ ਪੜ੍ਹ ਲੈਣੀਆ ਚਾਹੀਦੀਆ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਿਸੇ ਸ਼ਖ਼ਸ਼ੀਅਤ ਨੂੰ ਉਸ ਨਜ਼ਰੀਏ ਨਾਲ ਹੀ ਵਾਚਣਾ ਚਾਹੀਦਾ ਹੈ, ਜਿਹੜੀ ਉਸ ਦੀ ਕਰਮ ਭੂਮੀ ਹੋਵੇ। ਸ਼ਹੀਦ ਭਗਤ ਸਿੰਘ ਦੀ ਕਰਮ ਭੂਮੀ ਧਾਰਮਿਕ ਨਹੀਂ ਸੀ ਸਗੋਂ ਰਾਜਨੀਤਕ ਸੀ। ਇਨਕਲਾਬ ਜ਼ਿੰਦਾਬਾਦ ਅਤੇ ਸਾਮਰਜਵਾਦ ਮੁਰਦਾਬਾਦ ਦੀ ਰਾਜਨੀਤੀ ਹੀ ਉਨ੍ਹਾਂ ਦੀ ਕੇਂਦਰੀ ਰਾਜਨੀਤੀ ਸੀ। ਇਸ ਦੇ ਬਾਵਜੂਦ ਵੀ ਭਗਤ ਸਿੰਘ ਨੇ ਦੂਜੀਆਂ ਲਹਿਰਾਂ ਦੀਆਂ ਚੰਗਿਆ ਗੱਲਾਂ ਦਾ ਪ੍ਰਭਾਵ ਜਰੂਰ ਕਬੂਲਿਆਂ ਸੀ। ਪ੍ਰੰਤੂ ਕੇਂਦਰ 'ਚ ਉਨ੍ਹਾਂ ਨੇ ਆਪਣੀ ਲੋਕ ਪੱਖੀ ਅਤੇ ਮਨੁੱਖਤਾ ਵਾਦੀ ਰਾਜਨੀਤੀ ਨੂੰ ਹੀ ਰੱਖਿਆ ਸੀ। ਬੰਬਾਂ, ਪਿਸਤੌਲਾਂ ਦੇ ਸਬੰਧ 'ਚ ਵੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਬੀ. ਕੇ ਦੱਤ ਨੇ ਇਨਕਲਾਬ ਦੇ ਸ਼ਬਦ ਬਾਰੇ ਲਿਖਦਿਆ ਕਿਹਾ ਕਿ 'ਇਸ ਲਫਜ਼ ਦਾ ਇੱਕ ਸ਼ਬਦ-ਕੋਸ਼ ਵਾਲਾ ਮਤਲਬ ਵੀ ਹੈ ਪਰ ਇਸ ਦੇ ਸਿਰਫ ਸ਼ਬਦ-ਕੋਸ਼ ਵਾਲੇ ਅਰਥ ਨੂੰ ਲੈਣਾ ਹੀ ਕਾਫੀ ਨਹੀਂ, ਇਸ ਲਫਜ਼ ਨਾਲ ਉਨ੍ਹਾਂ ਲੋਕਾਂ ਦੀਆਂ ਜਿਹੜੇ ਇਸ ਨੂੰ ਪੇਸ਼ ਕਰਦੇ ਹਨ, ਕੁੱਝ ਖਾਸ ਹਕੀਕਤਾਂ ਸਬੰਧਤ ਹੁੰਦੀਆ ਹਨ। ਸਾਡੀਆਂ, ਇਨਕਲਾਬ ਪਸੰਦਾਂ ਦੀਆਂ, ਨਜ਼ਰਾਂ ਵਿਚ ਇਹ ਇੱਕ ਪਾਕ ਅਤੇ ਇੱਜ਼ਤਯੋਗ ਲਫਜ਼ ਹੈ। ਅਸੀਂ ਅਦਾਲਤ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ, ਉਸ ਪਾਕ ਲਫਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ ਕਰ ਦਿੱਤਾ ਸੀ। ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ ? ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਚੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ ਬੰਬਾਂ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲਾਂ ਤਾਂ ਕਦੀ ਕਦਾਈ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣ ਜਾਂਦੇ ਹਨ ਪਰ ਮੁਕੰਮਲ ਇਨਕਲਾਬ ਨਹੀਂ ਕਹਿਲਾ ਸਕਦੇ।'

'ਇਨਕਲਾਬ' ਨੂੰ ਹੋਰ ਸਪਸ਼ਟ ਕਰਦਿਆਂ ਲਿਖਿਆ ਹੈ ਕਿ 'ਇਨਕਲਾਬ ਤੋਂ ਸਾਡਾ ਭਾਵ ਸਪਸ਼ਟ ਹੈ। ਇਸ ਸਦੀ ਵਿਚ ਇਸ ਦੇ ਸਿਰਫ ਇਕ ਹੀ ਮਤਲਬ ਹੋ ਸਕਦੇ ਹਨ: ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ। ਅਸਲ ਵਿਚ ਇਹ ਹੈ 'ਇਨਕਲਾਬ'। ਬਾਕੀ ਸਭ ਬਗ਼ਾਵਤਾਂ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਆਂਦ ਨੂੰ ਹੀ ਅੱਗੇ ਤਰੋਦੀਆਂ ਹਨ। ਕਿਸੇ ਵੀ ਹੱਦ ਤੱਕ ਲੋਕਾਂ ਨਾਲ ਜਾਂ ਉਨ੍ਹਾਂ ਦੇ ਉਦੇਸ਼ ਲਈ ਦਿਖਾਈ ਹਮਦਰਦੀ, ਜਨਤਾ ਤੋਂ ਅਸਲੀਅਤ ਨੂੰ ਛੁਪਾ ਨਹੀਂ ਸਕਦੀ, ਉਹ ਛਲਾਵੇ ਨੂੰ ਪਛਾਣਦੇ ਹਨ। ਭਾਰਤ ਵਿਚ ਵੀ, ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ, ਕੁੱਝ ਨਹੀਂ ਚਾਹੁੰਦੇ ਹਾਂ। ਭਾਰਤੀ ਕਿਰਤੀ ਨੇ, ਭਾਰਤ ਅੰਦਰ ਸਾਮਰਾਜਵਾਦੀ ਅਤੇ ਉਨ੍ਹਾਂ ਦੇ ਮਦਦਗਾਰ ਨੂੰ, ਜੋ ਕਿ ਉਸ ਆਰਥਿਕ ਸਿਸਟਮ, ਜਿਸ ਦੀਆਂ ਜੜ੍ਹਾਂ ਲੁੱਟ 'ਤੇ ਅਧਰਿਤ ਹਨ, ਦੇ ਪੈਰੋਕਾਰ ਹਨ, ਹਟਾ ਕੇ ਅੱਗੇ ਆਉਣਾ ਹੈ। ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ। ਬੁਰਾਈਆਂ, ਇੱਕ ਹਿਤ ਦੇ ਸਮੂਹ ਵਾਂਗ ਹੈ, ਜੋ ਇੱਕ ਦੂਜੇ ਦੀ ਥਾਂ ਲੈਣ ਨੂੰ ਤਿਆਰ ਹਨ।

ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇਕੋ ਇੱਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ। ਹਰ ਵਿਚਾਰ ਦੇ ਕੌਮਵਾਦੀ, ਇੱਕ ਉਦੇਸ਼ 'ਤੇ ਸਹਿਮਤ ਹਨ ਕਿ ਸਾਮਰਾਜਵਾਦੀਆਂ ਤੋਂ ਆਜ਼ਾਦੀ ਪ੍ਰਾਪਤੀ। ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦੀ ਲਹਿਰ ਦੀ ਚਾਲਕ ਸ਼ਕਤੀ ਬਾਗੀ ਜਨਤਾ ਹੈ ਅਤੇ ਉਨ੍ਹਾਂ ਦੇ ਜੁਝਾਰੂ ਜਨਤਕ ਐਕਸ਼ਨਾਂ ਰਾਹੀਂ ਹੀ ਕਾਮਯਾਬੀ ਪ੍ਰਾਪਤ ਹੋਣੀ ਹੈ। ਕਿਉਂਕਿ ਇਸ ਲਈ ਸੌਖੀ ਤਰ੍ਹਾਂ ਹੀਲਾ ਨਹੀਂ ਹੋ ਸਕਦਾ, ਇਸ ਕਰਕੇ ਆਪਣੇ ਆਪ ਨਾਲ ਛਲਾਵਾ ਕਰਕੇ ਉਸ ਪਾਸੇ ਲਪਕਦੇ ਹਨ, ਜਿਸਨੂੰ ਉਹ ਆਰਜ਼ੀ ਇਲਾਜ਼, ਪਰ ਝਟਪਟ ਅਤੇ ਪ੍ਰਭਾਵਸ਼ਾਲੀ ਸਮਝਦੇ ਹਨ। ਯਾਨੀ ਕਿ ਚੰਦ ਸੈਂਕੜੇ ਦ੍ਰਿੜ੍ਹ ਆਦਰਸ਼ਵਾਦੀ ਕੌਮ ਪ੍ਰਸਤਾਂ ਦੀ ਹਥਿਆਰਬੰਦ ਮੁਖ਼ਾਲਫਤ ਰਾਹੀਂ ਵਿਦੇਸ਼ੀ ਰਾਜ ਨੂੰ ਉਲਟਾ ਕੇ ਰਿਆਸਤ ਨੂੰ ਸਮਾਜਵਾਦੀ ਲੀਹਾਂ 'ਤੇ ਮੁੜ ਸੰਗਿਠਤ ਕਰਨਾ। ਉਨ੍ਹਾਂ ਨੂੰ ਵਕਤ ਦੀ ਅਸੀਲਅਤ ਵਿਚ ਝਾਕਣਾ ਚਾਹੀਦਾ ਹੈ। ਹਥਿਆਰ ਜਿਆਦਾ ਗਿਣਤੀ ਵਿਚ ਪ੍ਰਾਪਤ ਨਹੀਂ ਹਨ ਅਤੇ ਜੁਝਾਰੂ ਲੋਕਾਂ ਤੋਂ ਵੱਖਰੇ ਹੋ ਕੇ ਅਨਟਰੇਂਡ ਗੁਰੱਪ ਦੀ ਬਗ਼ਾਵਤ ਅੱਜ ਦੇ ਯੁੱਗ ਵਿਚ ਸਫਲਤਾ ਦਾ ਕੋਈ ਮੌਕਾ ਨਹੀਂ ਹੈ। ਕੌਮਪ੍ਰਸਤਾਂ ਦੇ ਕਾਮਯਾਬ ਹੋਣ ਲਈ, ਉਨ੍ਹਾਂ ਨੂੰ ਕੌਮ ਨੂੰ ਹਰਕਤ ਵਿਚ ਲਿਆਉਣਾ ਚਾਹੀਦਾ ਹੈ। ਅਤੇ ਬਗ਼ਾਵਤ ਲਈ ਖੜ੍ਹੇ ਕਰਨਾ ਚਾਹੀਦਾ ਹੈ। ਕੌਮ, ਕਾਂਗਰਸ ਦੇ ਲਾਊਡ ਸਪੀਕਰ ਨਹੀਂ ਹੈ, ਸਗੋਂ ਮਜ਼ਦੂਰ ਕਿਸਾਨ ਹਨ, ਜਿਹੜੇ ਭਾਰਤ ਦੀ 95 ਫੀਸਦੀ ਵਸੋਂ ਹਨ। ਕੌਮ ਆਪਣੇ ਆਪ ਨੂੰ ਕੌਮੀਕਰਨ ਦੇ ਯਕੀਨ 'ਤੇ ਹੀ ਹਰਕਤ ਵਿਚ ਲਿਆਏਗੀ, ਯਾਨੀ ਕਿ ਸਾਮਰਾਜਵਾਦੀ ਪੂੰਜੀਪਤੀ ਦੀ ਗੁਲਾਮੀ ਤੋਂ ਮੁਕਤੀ ਦੇ ਯਕੀਨ ਦਿਵਾਉਣ 'ਤੇ। ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕਿਰਤੀ ਇਨਕਲਾਬ ਦੇ ਸਿਵਾਏ, ਨਾ ਕਿਸੇ ਹੋਰ ਇਨਕਲਾਬ ਦੀ ਇੱਛਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਉਹ ਕਾਮਯਾਬ ਹੋ ਸਕਦਾ ਹੈ।'

ਦੇਸ਼ ਦੀਆਂ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਵੱਖ-ਵੱਖ ਪਾਰਟੀਆਂ ਵਲੋਂ ਚਿਹਰੇ ਬਦਲਣ ਦੀਆਂ ਕਵਾਇਦਾਂ ਆਰੰਭ ਕਰ ਦਿੱਤੀਆ ਗਈਆ ਹਨ ਪਰ ਕਿਸੇ ਨੇ ਨੀਤੀਆਂ ਬਦਲਣ ਦੀ ਹਾਲੇ ਤੱਕ ਗੱਲ ਨਹੀਂ ਕੀਤੀ। ਸਾਮਰਾਜੀ ਦੇਸ਼ਾਂ ਵਲੋਂ ਸੰਚਾਲਿਤ ਨੀਤੀਆਂ ਨੂੰ ਹੋਰ ਤੇਜ਼ੀ ਨਾਲ ਲਾਗੂ ਕਰਨ ਦੇ ਯਤਨ ਪਹਿਲਾਂ ਵੀ ਅਤੇ ਹੁਣ ਵੀ ਕੀਤੇ ਜਾਣਗੇ। ਇਨ੍ਹਾਂ ਬੁਰਜ਼ੂਆ ਪਾਰਟੀਆਂ ਦਾ ਕਿਰਦਾਰ ਪਹਿਲਾਂ ਵੀ ਕਈ ਵਾਰ ਆਪਸ 'ਚ ਇਕੱਠੇ ਹੋਣ ਦਾ ਰਿਹਾ ਹੈ। ਲੋੜ ਪੈਣ 'ਤੇ ਇਹ ਪਾਰਟੀਆਂ ਇਕੱਠੀਆਂ ਹੋ ਜਾਂਦੀਆ ਹਨ ਪਰ ਲੋਕਾਂ ਨੂੰ ਇਕੱਠੇ ਹੋ ਕੇ ਇਨ੍ਹਾਂ ਸਾਮਰਾਜੀ ਨੀਤੀਆਂ ਨੂੰ ਲਾਗੂ ਕਰਨ ਵਾਲੀਆਂ ਪਾਰਟੀਆਂ ਖਿਲਾਫ ਲੜਨਾ ਹੀ ਪੈਣਾ ਹੈ। ਇਹ ਲੜਾਈ ਉਸ ਵੇਲੇ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਬੰਦ ਨਹੀਂ ਹੋ ਜਾਂਦੀ। ਸ਼ਹੀਦ ਭਗਤ ਸਿੰਘ ਨੇ ਆਪਣਾ ਸਮਾਰਜ ਵਿਰੋਧੀ ਨਿਸ਼ਾਨਾ ਮਿਥ ਕੇ ਸ਼ਹੀਦੀ ਤੋਂ ਪਹਿਲਾ ਕਿਹਾ ਸੀ ਕਿ 'ਮੇਰੀ ਦਲੇਰੀ ਭਰੇ ਢੰਗ ਨਾਲ ਹੱਸਦਿਆਂ ਹੱਸਦਿਆਂ ਫ਼ਾਂਸੀ ਚੜ੍ਹਨ ਦੀ ਸੂਰਤ ਵਿਚ ਹਿੰਦੋਸਤਾਨੀ ਮਾਂਵਾਂ ਆਪਣਿਆਂ ਬੱਚਿਆਂ ਦੇ ਭਗਤ ਸਿੰਘ ਬਨਣ ਦੀ ਆਰਜੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵੱਧ ਜਾਏਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨ ਤਾਕਤਾਂ ਦੇ ਵਸ ਦੀ ਗੱਲ ਨਹੀਂ ਰਹੇਗੀ।' ਆਓ, ਦੇਸ਼ ਦੇ ਖਣਿਜ ਪਦਾਰਥਾਂ, ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣ ਲਈ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਉਕਤ ਵਿਚਾਰਾਂ 'ਤੇ ਪਹਿਰਾ ਦਿੰਦੇ ਹੋਏ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਂਦੇ ਹੋਏ ਸਾਮਰਾਜਵਾਦ ਵਿਰੋਧੀ ਜੰਗ ਨੂੰ ਹੋਰ ਤੇਜ਼ ਕਰੀਏ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 45

# ਏਨੇ ਅੰਤ ਤੂੰ ਜ਼ਾਲਮਾ ਕਿਉਂ ਲੈਂਦਾ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

ਸਮਾਜ ਵਿਗਿਆਨ ਨੇ ਸਾਨੂੰ ਦੋ ਤਰ੍ਹਾਂ ਦੇ ਸਮਾਜਾਂ ਨਾਲ ਵਾਕਫ਼ ਕਰਵਾਇਆ। ਇਨ੍ਹਾਂ ਦਾ ਆਧਾਰ ਪ੍ਰਧਾਨਤਾ ਹੈ। ਪਹਿਲਾ ਹੈ ਔਰਤ ਪ੍ਰਧਾਨ ਸਮਾਜ ਤੇ ਦੂਸਰਾ ਮਰਦ ਪ੍ਰਧਾਨ ਸਮਾਜ। ਕਬੀਲਾਈ ਸਮਾਜਾਂ ਦਾ ਅਧਿਐਨ ਕਰਨ ਉਪਰੰਤ ਸਮਾਜ ਸ਼ਾਸਤਰੀਆਂ ਨੇ ਔਰਤ ਮਰਦ ਪ੍ਰਧਾਨ ਤੋਂ ਮਰਦ ਪ੍ਰਧਾਨ ਸਮਾਜ ਦੇ ਪਰਿਵਰਤਨ ਦਾ ਕਾਰਨ ਆਰਥਕ ਦੱਸਿਆ ਹੈ। ਪਹਿਲਾਂ ਪਹਿਲ ਔਰਤ ਘਰ ਵਿਚ ਰਹਿੰਦੀ ਸੀ ਤੇ ਮਰਦ ਸ਼ਿਕਾਰ ਕਰਨ ਜਾਂਦਾ। ਆਪਣੀ ਜੈਵਿਕ ਲੋੜ ਕਾਰਨ ਬੱਚੇ ਪੈਦਾ ਕਰਨ ਲਈ ਔਰਤ ਨੂੰ ਘਰ ਵਿਚ ਰਹਿਣ ਦੀ ਮਜਬੂਰੀ ਵੀ ਸੀ। ਇਸੇ ਲਈ ਇਹ ਵੀ ਕਿਹਾ ਜਾਂਦਾ ਹੈ ਕਿ ਅੰਨ ਉਗਾਉਣ ਦੀ ਕਲਾ ਦਾ ਵਿਕਾਸ ਔਰਤ ਨੇ ਹੀ ਕੀਤਾ। ਘਰ ਨੂੰ ਸਜਾ ਕੇ ਸੁਹਜਮਈ ਬਣਾਉਣਾ ਵੀ ਉਸ ਦੇ ਹਿੱਸੇ ਆਇਆ। ਪਰ ਸਮਾਂ ਬੀਤਣ ਨਾਲ ਮਰਦ ਨੇ ਕੁਦਰਤੀ ਮਿਲੀ ਸਰੀਰਕ ਤਾਕਤ ਦੇ ਆਧਾਰ 'ਤੇ ਘਰੇਲੂ ਆਰਥਕਤਾ ਉੱਪਰ ਆਪਣਾ ਕਬਜ਼ਾ ਕਰ ਲਿਆ। ਜਾਇਦਾਦੀ ਰਿਸ਼ਤੇ ਪੈਦਾ ਹੋਣ ਨਾਲ ਜਾਇਦਾਦ ਦਾ ਵਾਰਸ ਮਰਦ ਨੂੰ ਬਣਾਇਆ ਗਿਆ। ਇਉਂ ਵਾਰਸ ਲਈ ਮੁੰਡੇ ਦੀ ਕਾਮਨਾ ਨੇ ਕਾਨੂੰਨੀ ਦਰਜਾ ਵੀ ਹਾਸਲ ਕਰ ਲਿਆ। ਔਰਤ ਆਰਥਕਤਾ ਵਿਚੋਂ ਛੇਕਿਆਂ ਬਰਾਬਰ ਹੋ ਗਈ। ਹੁਣ ਤਾਂ ਉਸ ਨੂੰ ਮੁੰਡਾ ਜੰਮ ਕੇ ਨਾ ਦੇਣ ਬਦਲੇ ਸੌਂਕਣ ਵੀ ਬਰਦਾਸ਼ਤ ਕਰਨੀ ਪੈਂਦੀ। ਕਈ ਵਾਰ ਉਹ ਘਰ ਵਿਚ ਵਸੇ ਰਹਿਣ ਲਈ ਆਪ ਹੱਥੀਂ ਆਪਣੀ ਭੈਣ ਨੂੰ ਸੌਂਕਣ ਬਣਾ ਕੇ ਲਿਆਉਂਦੀ। ਇਹ ਸਾਰਾ ਕੁਝ ਔਰਤ ਦੇ, ਦਰਜੇ ਦੇ ਨਿਘਾਰ ਦੀ ਅਲਾਮਤ ਹੀ ਹੈ। ਹੁਣ ਸਾਇੰਸ ਨੇ ਇਹ ਦੱਸ ਦਿੱਤਾ ਹੈ ਕਿ ਮੁੰਡਾ ਪੈਦਾ ਕਰਨਾ ਜਾਂ ਨਾ ਕਰਨਾ ਔਰਤ ਦੇ ਵੱਸ ਵਿਚ ਨਹੀਂ। ਇਹ ਮਰਦ ਦੇ ਸਪਰਮਾਂ ਉੱਪਰ ਨਿਰਭਰ ਹੈ। ਪਰ ਅੱਜ ਵੀ ਅਗਿਆਨੀ ਖੇਤਰਾਂ ਵਿਚ ਮਰਦ, ਮਰਦ ਹੀ ਹੈ। ਅਜਿਹੀਆਂ ਸਥਿਤੀਆਂ ਨੇ ਇਤਿਹਾਸ ਵਿਚ ਅਰਬਾਂ-ਖਰਬਾਂ ਔਰਤਾਂ ਦੀ ਮਾਨਸਿਕਤਾ ਨੂੰ ਦੁਖਾਂਤ ਵੱਲ ਧੱਕਿਆ ਹੈ। ਅਜੋਕੇ ਬਰਾਬਰੀ ਦੇ ਯੁੱਗ ਵਿਚ ਜੇ ਮੁੰਡਾ ਨਾ ਜੰਮਣ ਦਾ ਦੰਡ ਸੌਂਕਣ ਹੈ ਜਾਂ ਤਲਾਕ, ਤਾਂ ਉਸ ਸਮੇਂ ਬਾਰੇ ਤਾਂ ਕਲਪਨਾ ਹੀ ਕੀਤੀ ਜਾ ਸਕਦੀ ਜਦੋਂ ਦੇ (ਜਾਗੀਰਦਾਰੀ ਸਮੇਂ ਦੇ) ਗੀਤ ਸਾਨੂੰ ਮਿਲਦੇ ਹਨ। ਸਮਾਜ ਦੀਆਂ ਨਜ਼ਰਾਂ ਤੋਂ ਔਰਤ ਨੂੰ ਡੇਗਣਾ ਹੋਵੇ ਤਾਂ ਔਰਤ ਦੇ ਚਰਿੱਤਰ ਉੱਪਰ ਪਏ ਚਿੱਕੜ ਦੇ ਕੁਝ ਛਿੱਟੇ ਹੀ ਕਾਫ਼ੀ ਹਨ।

ਯਥਾਰਥਕ ਜੀਵਨ ਵਿਚ ਔਰਤ ਭਾਵੇਂ ਕੁਝ ਨਹੀਂ ਬੋਲਦੀ ਪਰ ਗੀਤਾਂ ਵਿਚ ਉਹ ਆਪਣੇ ਮਨ ਦਾ ਉਬਾਲ ਜ਼ਰੂਰ ਕੱਢਦੀ ਹੈ। ਇੱਥੇ ਇਕ ਗੱਲ ਹੋਰ ਜਾਨਣੀ ਜ਼ਰੂਰੀ ਹੈ ਕਿ ਜਿਨ੍ਹਾਂ ਵਰਗਾਂ/ਜਾਤਾਂ ਵਿਚ ਜਾਇਦਾਦ ਵਧੇਰੇ ਨਹੀਂ ਅਤੇ ਔਰਤ ਘਰ ਦੀ ਆਰਥਕਤਾ ਵਿਚ ਪੂਰੀ ਭਾਈਵਾਲ ਹੈ, ਉਥੇ ਮਰਦ ਆਪਣੇ ਸਦੀਆਂ ਦੇ ਕਾਨੂੰਨਾਂ ਨਾਲ ਭਾਵੇਂ ਔਰਤ ਨੂੰ ਦਬਾ ਲਏ ਪਰ ਉਹ ਬੋਲ-ਬਾਣੀ ਵਿਚ ਇੱਟ ਦਾ ਜਵਾਬ ਪੱਥਰ ਨਾਲ ਵੀ ਦਿੰਦੀ ਹੈ। ਭਾਵੇਂ ਅੰਤ ਵਿਚ ਉਸ ਨੂੰ ਨਿਉਣਾ ਪੈਂਦਾ ਹੈ। ਪਰ ਲੋਕ-ਗੀਤਾਂ ਵਿਚ ਜੋ ਉਸ ਦੀ ਰਚਨਾ ਹੈ, ਉਹ ਮਰਦ ਦੀ ਬਣਾਈ ਕਾਰ ਦਾ ਉਲੰਘਣ ਵੀ ਕਰਦੀ ਹੈ। ਇੱਥੇ ਮੈਂ ਇਕ ਅਜਿਹੇ ਗੀਤ ਬਾਰੇ ਚਰਚਾ ਕਰ ਰਿਹਾ ਹਾਂ ਜਿਸ ਵਿਚ ਮਰਦ ਪ੍ਰਧਾਨਤਾ ਦੇ ਸ਼ੱਕ 'ਤੇ ਔਰਤ ਦਾ ਅਖੀਰ 'ਤੇ ਜਵਾਬੀ ਹਮਲਾ ਸਾਹਮਣੇ ਆਉਂਦਾ ਹੈ।

ਮਰਦ ਬਾਹਰੋਂ ਆਉਂਦਾ ਹੀ ਪਹਿਲਾਂ ਔਰਤ ਦੇ ਚਰਿੱਤਰ ਦੀ ਜਾਂਚ ਕਰਦਾ ਹੈ। ਘਰ ਦੀਆਂ ਵਸਤਾਂ ਦੀ ਉਸ ਨੂੰ ਏਨੀ ਚਿੰਤਾ ਨਹੀਂ ਹੁੰਦੀ। ਗੀਤ ਅਚਾਨਕ ਸ਼ੁਰੂ ਹੋ ਜਾਂਦਾ ਹੈ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ
ਨੀ ਵਿਹੜੇ ਜੁੱਤੀ ਨੀ ਗੋਰੀਏ ਕਿਨ ਲਾਹੀ।

ਮਰਦ ਕਿੰਨੀ ਬਾਰੀਕੀ ਨਾਲ ਘਰ ਦੀ ਛਾਣ-ਬੀਣ ਕਰਦਾ ਹੈ, ਇਹ ਇਕ ਔਰਤ ਹੀ ਸਮਝ ਸਕਦੀ ਹੈ। ਪਹਿਲੀ ਨਜ਼ਰ ਪਈ ਜੁੱਤੀ 'ਤੇ। ਮਰਦ ਅਨੁਸਾਰ ਇਹ ਜੁੱਤੀ ਕਿਸੇ ਬਗਾਨੇ ਮਰਦ ਦੀ ਹੀ ਹੋ ਸਕਦੀ ਹੈ। ਇਹ ਘਰ ਦੇ ਜੀਆਂ ਦੀ ਵੀ ਹੋ ਸਕਦੀ ਹੈ, ਇਸ ਪਾਸੇ ਉਸ ਦੀ ਸੋਚ ਕੰਮ ਹੀ ਨਹੀਂ ਕਰਦੀ। ਔਰਤ ਨੂੰ ਦਬਾਉਣ ਲਈ ਵੀ ਅਜਿਹੀ ਛਾਣ-ਬੀਣ ਕਰਨੀ ਜ਼ਰੂਰੀ ਸਮਝੀ ਜਾਂਦੀ ਹੈ। ਔਰਤ ਬਚਾਅ (ਡਿਫੈਂਸ) 'ਤੇ ਆ ਜਾਂਦੀ ਹੈ ਤੇ ਮਰਦ ਸ਼ੁਰੂ ਤੋਂ ਹੀ ਹਮਲਾਵਰ (ਓਫੈਂਸ) 'ਤੇ ਰਹਿੰਦਾ ਹੈ।

ਭੈਣ ਲਗਦੀ ਆ ਤੇਰੀ,
ਵੇ ਨਣਦ ਲਗਦੀ ਆ ਮੇਰੀ,
ਵੇ ਵਿਹੜੇ ਜੁੱਤੀ ਵੇ ਜਾਲਮਾਂ ਓਨ ਲਾਹੀ।

'ਜ਼ਾਲਮਾ' ਸ਼ਬਦ ਵੀ ਡਿਫੈਂਸ ਦਾ ਹੀ ਸੂਚਕ ਹੈ। ਔਰਤ ਘਰ ਦੇ ਜੀਆਂ ਨੂੰ ਵਿਚ ਲਿਆ ਕੇ ਢਾਲ ਵਾਂਗ ਵਰਤਦੀ ਹੈ। ਪਹਿਲਾਂ ਉਸ ਨੇ ਨਣਾਨ ਨੂੰ ਵਰਤਿਆ ਹੈ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,
ਨੀ ਏਨਾ ਸੁਰਮਾ ਨੀ ਗੋਰੀਏ ਕਿਉਂ ਪਾਇਆ।
ਭਾਬੋ ਲੱਗਦੀ ਆ ਤੇਰੀ
ਵੇ ਜਠਾਣੀ ਲੱਗਦੀ ਆ ਮੇਰੀ
ਵੇ ਓਹਦੀ ਰੀਸੇ ਵੇ ਜਾਲਮਾ ਮੈਂ ਪਾਇਆ।

ਦੂਜਾ ਰਿਸ਼ਤਾ ਜੋ ਢਾਲ ਬਣਿਆ ਹੈ ਉਹ ਹੈ ਜਠਾਣੀ ਦਾ। ਪਤੀ ਨੇ ਔਰਤ ਨੂੰ ਵੱਖ ਕਰ ਲਿਆ ਹੈ, ਜਦ ਕਿ ਉਹ ਸਾਰਿਆਂ ਨੂੰ ਵਿਚ ਲਿਆ ਕੇ ਆਪਣੀ ਧਿਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਪਤੀ ਦੀ ਸੂਈ ਇਕੋ ਥਾਂ ਟਿਕੀ ਹੋਈ ਹੈ ਕਿ ਉਸ ਦੀ ਪਤਨੀ ਕਿਸੇ ਓਪਰੇ ਮਰਦ ਨੂੰ ਦਿਖਾਉਣ ਲਈ ਹਾਰ-ਸ਼ਿੰਗਾਰ ਕਰ ਰਹੀ ਹੈ। ਉਹ ਆਪਣੇ ਸੁਹਜ ਅਨੁਸਾਰ ਵੀ ਬਣ-ਫਬ ਸਕਦੀ ਹੈ ਜਾਂ ਆਪਣੇ ਪਤੀ ਲਈ ਸ਼ਿੰਗਾਰ ਕਰ ਸਕਦੀ ਹੈ। ਇਸ ਗੱਲ ਦੀ ਕੋਈ ਗੁੰਜਾਇਸ਼ ਨਹੀਂ ਛੱਡੀ ਜਾ ਰਹੀ। ਪਤੀ ਇਸ ਤੱਥ ਨੂੰ ਪਰਵਾਨ ਨਹੀਂ ਕਰਨਾ ਚਾਹੁੰਦਾ ਕਿ ਸਦੀਆਂ ਤੋਂ ਨਹੀਂ ਹਜ਼ਾਰਾਂ ਸਾਲਾਂ ਤੋਂ ਔਰਤ ਘਰ ਵਿਚ ਰਹਿ ਕੇ ਹਾਰ-ਸ਼ਿੰਗਾਰ ਕਰਦੀ ਆਈ ਹੈ। ਮਰਦ ਲਈ ਸ਼ਿੰਗਾਰ ਕਰਨਾ ਤਾਂ ਇਕ ਪੱਖ ਹੈ। ਫਿਰ ਪਤੀ ਆਪ ਕਹਿ ਕੇ ਵੀ ਤਾਂ ਅਜਿਹੇ ਸ਼ਿੰਗਾਰ ਰਾਹੀਂ ਔਰਤ ਵਿਚੋਂ ਸੁਹਜ ਲੱਭਦਾ ਰਿਹਾ ਹੈ। ਫਿਰ ਸੁਰਮਾ ਪਾਉਣਾ ਤਾਂ ਸੋਲ੍ਹਾਂ ਸ਼ਿੰਗਾਰਾਂ ਵਿਚੋਂ ਇਕ ਸ਼ਿੰਗਾਰ ਹੈ। ਇੱਥੇ ਸ਼ਰੀਕਾ ਵੀ ਹੈ। ਜੇ ਜਠਾਣੀ (ਵੱਡੀ) ਇਕ ਗੱਲ ਕਰੇਗੀ ਤਾਂ ਦੂਜੀ ਕਿਉਂ ਪਿੱਛੇ ਰਹੇਗੀ। ਪਰ ਸ਼ੱਕ ਨਹੀਂ ਮੁੱਕ ਸਕਦਾ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,
ਨੀ ਏਨੀ ਦਾਤਣ ਨੀ ਗੋਰੀਏ ਕਿਉਂ ਕੀਤੀ।
ਭਾਬੋ ਲੱਗਦੀਆ ਤੇਰੀ,
ਵੇ ਜਠਾਣੀ ਲਗਦੀਆਂ ਮੇਰੀ।
ਵੇ ਓਹਦੀ ਰੀਸੇ ਵੇ ਜ਼ਾਲਮਾ ਮੈਂ ਕੀਤੀ।

ਜੁੱਤੀ ਦੀ ਸ਼ੱਕ ਤੋਂ ਬਾਅਦ ਸ਼ੱਕ ਸ਼ਿੰਗਾਰ ਉੱਪਰ ਆ ਕੇ ਅਟਕ ਗਿਆ ਹੈ। ਇਉਂ ਗੀਤ ਵਿਚ ਸ਼ਿੰਗਾਰਾਂ ਦਾ ਦੂਹਰਾ ਤਾਂ ਹੋਣਾ ਹੀ ਸੀ। ਜਿਹੜੀ ਗੱਲ ਡਿਫੈਂਸ ਨੂੰ ਕਾਰਗਰ ਬਣਾਉਣ ਲਈ ਵਰਤੀ ਗਈ ਹੈ ਉਹ ਇਹ ਕਿ ਜਿਸ ਕਿਸੇ ਹੋਰ ਨੇ ਉਸ ਵਰਗਾ ਕੁਝ ਕੀਤਾ ਹੈ, ਉਹ ਪਤੀ ਦੀ ਵੀ ਕੁਝ ਲੱਗਦੀ ਹੈ। ਭਰਜਾਈ। ਜੇ ਭਰਜਾਈ ਸ਼ਿੰਗਾਰ ਕਰ ਸਕਦੀ ਹੈ ਤਾਂ ਉਹ ਕਿਉਂ ਨਹੀਂ ਕਰ ਸਕਦੀ? ਤਰਕ ਜਾਇਜ਼ ਹੈ, ਪਰ ਜੇ ਨਾ ਮੰਨਣਾ ਹੋਵੇ ਤਾਂ ਸਕਤਾ ਕੋਈ ਹੋਰ ਬਹਾਨਾ ਪਾ ਕੇ ਅਗਲੇ 'ਤੇ ਝਪਟ ਸਕਦਾ ਹੈ। ਸ਼ੇਰ ਵਲੋਂ ਪਾਣੀ ਪੀਂਦੇ ਲੇਲੇ ਨੂੰ ਖਾਣ ਵਾਂਗ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ
ਨੀ ਏਨੀ ਪੱਟੀ ਕਿਉਂ ਗੋਰੀਏ ਚਮਕਾਈ
ਭਾਬੋ ਲੱਗਦੀ ਆ ਤੇਰੀ ਵੇ,
ਜਠਾਣੀ ਲਗਦੀ ਆ ਮੇਰੀ
ਵੇ ਓਹਦੀ ਰੀਸੇ ਵੇ ਜਾਲਮਾ ਚਮਕਾਈ।

ਪੱਟੀ ਗੁੰਦਣਾ ਤਾਂ ਪੰਜਾਬੀ ਸਭਿਆਚਾਰ ਵਿਚ ਵਾਲਾਂ ਦੇ ਸ਼ਿੰਗਾਰ ਦਾ ਢੁੱਕਵਾਂ ਪੱਖ ਮੰਨਿਆ ਗਿਆ ਹੈ। 'ਜਿਨ ਸਿਰ ਸੋਹਨਿ ਪਟੀਆ, ਮਾਂਗੀ ਪਾਏ ਸੰਧੂਰੁ' ਗੁਰੂ ਨਾਨਕ ਬਾਣੀ ਦਾ ਕਥਨ ਹੈ ਪੰਦਰਵੀਂ ਸਦੀ ਦਾ। 'ਸਿਰ ਗੁੰਦ ਦੇ ਕਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ' ਤਾਂ ਅੰਗਰੇਜ਼ਾਂ ਦੇ ਵੇਲੇ ਦੀਆਂ ਗੱਲਾਂ ਹਨ। ਪਰ ਗੀਤ ਵਿਚ ਇਹੋ ਪੱਟੀ ਚਰਿੱਤਰ ਉੱਪਰ ਸ਼ੱਕ ਵਜੋਂ ਵਰਤੀ ਗਈ ਹੈ। 'ਪੱਟੀ ਚਮਕਾਉਣ' ਦੀ ਧੁਨੀ ਗੁੰਦਾਉਣ ਤੋਂ ਵੱਖਰੀ ਹੈ। ਇਸ ਤੋਂ ਪਤੀ ਦਾ ਇਤਰਾਜ਼ ਸਾਫ਼ ਹੋ ਰਿਹਾ ਹੈ। ਪੱਟੀ ਵੀ ਕਿਸੇ ਨੂੰ ਦੇਖ ਕੇ ਚਮਕਾਈ ਜਾ ਸਕਦੀ ਹੈ। ਇਸ ਦਾ ਅਹਿਸਾਸ ਔਰਤ ਪਤੀ ਨੂੰ ਕਰਵਾਉਣਾ ਚਾਹੁੰਦੀ ਹੈ। ਤਰਕ ਤੋਂ ਭੱਜ ਪਤੀ ਸ਼ਿੰਗਾਰ ਨੂੰ ਛੱਡ ਕੇ 'ਅਲਕ ਵਿਹੜੇ' ਵੱਲ ਹੋ ਤੁਰਦਾ ਹੈ' ਉਸ ਦਾ 'ਖੌਰੂ' ਸ਼ਬਦ ਘਰ ਵਿਚ ਹੋਈ ਉੱਥਲ-ਪੁੱਥਲ ਨੂੰ ਸਪਸ਼ਟ ਕਰਦਾ ਹੈ। 'ਛੱਡਿਆ ਮੱਝੇ ਹੇਠ ਜਾ ਪੁੱਜਾ ਝੋਟੇ ਹੇਠ' ਅਖਾਣ ਕਿੰਨੀ ਢੁਕਦੀ ਹੈ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,
ਨੀ ਐਨਾ ਖੌਰੂ ਨੀ ਗੋਰੀਏ ਕਿਨ ਪਾਇਆ।
ਏਥੇ ਅਲਕ ਜੋ ਵਿਹੜਾ ਵੇ
ਉਹ ਭੁੱਖਾ ਤਿਹਾਇਆ,
ਵੇ ਉਸ ਰੱਸਾ ਤੁੜਾਇਆ,
ਵਿਹੜੇ ਖੌਰੂ ਵੇ ਜਾਲਮਾ ਓਨ ਪਾਇਆ।

'ਖੌਰੂ' ਦਾ ਜਵਾਬ ਵੀ ਬੜਾ ਢੁਕਵਾਂ ਹੈ। ਇਹ ਖੌਰੂ ਵਹਿੜਕਾ/ਪਸ਼ੂ ਹੀ ਪਾ ਸਕਦਾ ਹੈ। ਔਰਤ ਪਤੀ ਦੀ ਨਾ ਸਮਝੀ ਤੇ ਸਿਰ 'ਤੇ ਹੱਥ ਮਾਰਦੀ ਲੱਗਦੀ ਹੈ। ਕਿਸਾਨੀ ਘਰਾਂ ਦਾ ਸੀਨ, ਔਰਤ ਸਹਿਜ ਹੀ ਚਿੱਤਰ ਗਈ ਹੈ। ਪਰ ਇਹ ਚਿੱਤਰਣ ਉਸ ਉੱਪਰ ਕੀਤੇ ਜਾ ਰਹੇ ਸ਼ੱਕ ਉੱਪਰ ਸਿਰਜਿਆ ਗਿਆ ਹੈ। ਲੱਗਦਾ ਹੈ ਕਿ ਤਰਕਪੂਰਣ ਜਵਾਬਾਂ ਨਾਲ ਪਤੀ ਪਤੀਜਿਆ ਨਹੀਂ ਹੈ, ਇਸ ਲਈ ਸਿੱਧਾ/ਸਾਫ਼ ਸ਼ੱਕ ਜ਼ਾਹਰ ਕਰਨ ਤੱਕ ਆ ਗਿਆ ਹੈ।

ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ
ਨੀ ਇੱਥੇ ਪਲੰਘ ਨੀ ਗੋਰੀਏ ਕਿਨ ਡਾਹਿਆ।
ਤੇਰੇ ਮਾਰਾਂ ਦਾਤੀ ਵੇ ਤੇਰੀ ਪਾੜਾਂ ਛਾਤੀ,
ਵੇ ਐਨੇ ਅੰਤ ਵੀ ਜ਼ਾਲਮਾ ਕਿਉਂ ਲੈਂਦਾ।

ਇੱਥੇ ਆ ਕੇ ਤਰਕ ਤੇ ਸਬਰ ਖ਼ਤਮ ਹੋ ਜਾਂਦਾ ਹੈ ਤੇ ਕਾਵਿਕ ਅੰਦਾਜ਼ ਵਿਚ ਜਿੰਨੇ ਕਰੜੇ ਸ਼ਬਦ ਵਰਤੇ ਜਾ ਸਕਦੇ ਸਨ, ਉਹ ਸਾਰੇ ਵਰਤੇ ਗਏ ਹਨ। ਗਾਲ੍ਹ ਤੋਂ ਹੇਠਾਂ ਵਰਤੇ ਜਾ ਸਕਦੇ ਸ਼ਬਦ। ਮੈਂ ਇਹ ਗੀਤ ਵਿਹੜੇ 'ਚੋਂ ਲਗਦੀ ਭਾਬੀ 'ਛਿੰਨੋ' ਤੋਂ ਸੁਣਿਆ ਸੀ। ਉਹ ਲੜਾਕੀ ਕਰ ਕੇ ਮਸ਼ਹੂਰ ਹੈ। ਪਿੱਛੇ ਜਿਹੇ ਉਸ ਨੂੰ ਤੇ ਉਸ ਦੇ ਘਰਵਾਲੇ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਗਲੀ ਵਿਚ ਖੜੀ ਸਲਵਾਤਾਂ ਸੁਣਾਉਂਦੀ ਉਹ ਸਾਰੇ ਪਿੰਡ ਵਿਚ ਸੁਣਦੀ ਸੀ। ਉਸ ਦੇ ਮੂੰਹੋਂ ਮੈਨੂੰ ਉਪਰਲੇ ਸ਼ਬਦ ਓਪਰੇ ਨਹੀਂ ਸਨ ਲੱਗੇ, ਜਦੋਂ ਮੈਂ ਗੀਤ ਰਿਕਾਰਡ ਕੀਤਾ ਸੀ। ਗੀਤ ਗਾਉਣ ਸਮੇਂ ਵੀ ਉਸ ਨੇ ਸ਼ਬਦ ਪੂਰੇ ਘੋਟ ਕੇ ਉਚਾਰੇ ਹਨ। ਇਉਂ ਲੱਗਦਾ ਹੈ ਕਿ ਇਹ ਗੀਤ ਛਿੰਨੋ ਵਰਗੀ ਕਿਸੇ ਔਰਤ ਦੀ ਹੀ ਸਿਰਜਣਾ ਹੈ। ਛਿੰਨੋ ਦਾ ਸੁਭਾਅ ਮੂਲ ਸਿਰਜਕ ਨਾਲ ਮਿਲਦਾ ਲੱਗਦਾ ਸੀ, ਇਸੇ ਲਈ ਤਾਂ ਉਸ ਨੂੰ ਇਹ ਗੀਤ ਬੜਾ ਪਸੰਦ ਸੀ। ਪੂਰੀ ਤਰ੍ਹਾਂ ਯਾਦ। ਗਾਉਂਦਿਆਂ ਉਹ ਕਿਤੇ ਨਹੀਂ ਸੀ ਅਟਕੀ। ਉਹਦੀ ਪਾਟਵੀਂ ਆਵਾਜ਼ ਬੜੀ ਉੱਚੀ ਸੀ। ਪਰ ਜਦੋਂ ਮੈਂ ਟੇਪ ਦੁਬਾਰਾ ਸੁਣੀ ਤਾਂ ਇਹ ਆਵਾਜ਼ ਬੜੀ ਮੱਧਮ ਸੀ। ਸੈੱਲ ਠੀਕ ਸਨ, ਹੋਰ ਕੋਈ ਨੁਕਸ ਨਹੀਂ ਸੀ। ਬਾਅਦ ਵਿਚ ਪਤਾ ਲੱਗਾ ਕਿ ਕਾਰਖ਼ਾਨੇ ਵਿਚ ਹੀ ਟੇਪ ਦਾ ਪੁੱਠਾ ਪਾਸਾ ਉੱਪਰ ਵੱਲ ਸੀ। ਸਿੱਧਾ ਕਰਨ 'ਤੇ ਵੀ ਫਿਰ ਆਵਾਜ਼ ਮੌਲਿਕ ਨਾ ਬਣ ਸਕੀ। ਖ਼ੈਰ ਇਸੇ ਗੀਤ ਦੀ ਧੁਨ ਜ਼ਰੂਰੀ ਸਾਂਭੀ ਗਈ ਭਾਵੇਂ ਮੱਧਮ ਸੁਰ ਵਿਚ ਹੀ। ਲੱਗਦਾ ਹੈ ਹੁਣ ਵਾਕ-ਯੁੱਧ ਪੂਰੇ ਜ਼ੋਰ 'ਤੇ ਆ ਪਹੁੰਚਾ ਹੈ। ਪਤੀ ਵੀ ਕਰੜੇ ਸ਼ਬਦਾਂ ਦਾ ਜਵਾਬ ਹੋਰ ਕਰੜੇ ਰੂਪ ਵਿਚ ਦੇ ਰਿਹਾ ਹੈ। ਔਰਤ ਹੀ ਜਾਣ ਸਕਦੀ ਹੈ ਕਿ ਮਰਦ ਜਾਤੀ ਦੇ ਮੁਕਾਬਲੇ ਕੀ ਵਰਤ ਸਕਦਾ ਹੈ।

ਤੇਰੇ ਮਾਰਾਂ ਗੰਡਾਸਾ, ਨੀ ਤੇਰਾ ਲਾਹ ਪਾਸਾ,
ਨੀ ਏਨੇ ਚੇਚਨ ਨੀ ਗੋਰੀਏ ਕਿਉਂ ਕੀਤੇ।
ਵੇ ਤੇਰੇ ਮਾਰਾਂ ਕੁਹਾੜਾ,
ਵੇ ਤੇਰਾ ਲਾਹਾਂ ਪਖੁਆੜਾ
ਵੇ ਏਨੇ ਅੰਤ ਕਿਉਂ ਜਾਲਮਾ ਕਿਉਂ ਲੈਂਦਾ।

ਗੱਲ ਗੰਡਾਸੇ ਨਾਲ ਪਾਸੇ ਲਾਹੁਣ ਤੱਕ ਪਹੁੰਚ ਗਈ ਹੈ। ਪਰ ਇਕੋ ਵੇਲੇ ਹਮਲਾ ਤੇ ਬਚਾਅ ਨਾਲੋਂ ਨਾਲ ਹਨ। ਕੁਹਾੜਾ ਮਾਰ ਕੇ ਪਖੁਆੜਾ (ਜਬਾੜਾ) ਲਾਹ ਲੈਣ ਦੀ ਗੱਲ ਕਰਦੀ ਹੋਈ ਵੀ ਜਦੋਂ ਔਰਤ 'ਏਨੇ ਅੰਤ ਵੇ ਜ਼ਾਲਮਾ ਕਿਉਂ ਲੈਂਦਾ' ਕਹਿੰਦੀ ਹੈ ਤਾਂ ਉਹਦਾ ਬਚਾਅ ਦਾ ਪੱਖ ਹੀ ਉੱਭਰਦਾ ਹੈ। ਪਤੀ ਲਈ ਸ਼ਿੰਗਾਰ ਚੁਹਲ (ਚੋਚਲ) ਹਨ। ਜੋ ਉਸ ਨੂੰ ਨਹੀਂ ਕਰਨੇ ਚਾਹੀਦੇ। ਅੰਤਲਾ ਦਾਅ ਔਰਤ ਨੇ ਆਪਣੇ ਹੱਥ ਰੱਖਿਆ ਹੈ ਤੇ ਗੀਤ ਸਮਾਪਤ ਹੋ ਜਾਂਦਾ ਹੈ।

ਮੈਂ ਖੇਤਰੀ ਕਾਰਜ ਦੌਰਾਨ ਅਸ਼ਲੀਲ ਤੋਂ ਅਸ਼ਲੀਲ (ਜਿਨਸੀ ਭਾਵਨਾਵਾਂ ਦਾ ਪ੍ਰਗਟਾਅ ਕਰਦੇ) ਗੀਤ ਸੁਣੇ ਹਨ, ਪਰ ਏਨੇ ਸਖ਼ਤ ਸ਼ਬਦਾਂ ਵਾਲਾ ਗੀਤ ਛਿੰਨੋ ਤੋਂ ਇਲਾਵਾ ਹੋਰ ਕਿਸੇ ਤੋਂ ਨਹੀਂ ਸੁਣਿਆ। ਅਜਿਹੇ ਗੀਤ ਔਰਤ ਦੇ ਹੋਰ ਕੋਈ ਰੂਪ ਪੇਸ਼ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਸੰਭਾਲਣਾ ਜ਼ਰੂਰੀ ਹੋ ਜਾਂਦਾ ਹੈ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

# ਕਵਿਤਾਵਾਂ ਵਿਚ ਭਗਤ ਸਿੰਘ

## ਕਹਿ ਦਿਓ

– ਯੋਧ ਸਿੰਘ



ਇਹ ਗਲ਼ ਗਲ਼ ਆਈ ਚਾਂਦੀ ਨੂੰ ਕਹਿ ਦਓ।
ਸੂਹੇ ਫੀਤੇ ਵਾਲੀ ਉਹਦੀ ਬਾਂਦੀ ਨੂੰ ਕਹਿ ਦਓ
ਕਹਿ ਦਓ ਕਿ ਅਮਲਾਂ ਦੇ
ਇਨਸਾਨ ਆ ਗਏ
ਲੈ ਹਿੱਕਾਂ 'ਚ ਰੋਹ ਦੇ ਤੂਫ਼ਾਨ ਆ ਗਏ।
ਕਹਿ ਦਓ ਕਿ ਉਸ ਸਾਨੂੰ
ਬੜੀ ਵਾਰ ਟੋਹਿਆ
ਮੇਖਾਂ ਦੇ ਨਾਲ ਜਦ
ਤਨ ਸੀ ਪਰੋਇਆ
ਫਰਮਾਨ ਉਹਦੇ ਸਾਨੂੰ
ਸੂਲੀ 'ਤੇ ਟੰਗਿਆ
ਅਸੀਂ ਫਿਰ ਵੀ ਮੁਸਕਰਾਏ
ਘੁਟ ਪਾਣੀ ਨਾ ਮੰਗਿਆ।
ਇਹ ਕਹਿ ਦਿਓ
ਸਮਾਂ ਹੁਣ ਸੰਘਰਸ਼ਾਂ ਲਈ ਮਾਫ਼ਕ
ਅਸੀਂ ਹਾਂ ਸਭ ਔਖੇ ਰਾਹਾਂ ਦੇ ਵਾਕਿਫ਼
ਜਬਰ ਤੇ ਸਬਰ ਦੀ ਹੁੰਦੀ ਕੋਈ ਸੀਮਾਂ
ਅਹੁਰ ਹੁਣ ਬੁੱਝ ਲਈ ਸਿਆਣੇ ਹਕੀਮਾਂ
ਇਹ ਕਹਿ ਦਿਓ
ਅਸੀਂ ਚੜ੍ਹੀਆਂ ਉਚੀਆਂ ਤੇ ਸਿੱਧੀਆਂ ਚੜ੍ਹਾਈਆਂ
ਸੱਚ ਖਾਤਰ ਖੜਕੇ ਸੀ ਖੱਲਾਂ ਲੁਹਾਈਆਂ।
ਭਗਤ ਸਿੰਘ ਦੇ ਵੀਰੇ ਅਸੀਂ ਸਰਾਭੇ ਦੇ ਸਾਥੀ
ਬਟੁਕੇਸ਼ਵਰ ਤੇ ਕਿਸ਼ੋਰੀ ਦੀ ਇਕੋ ਹੈ ਜਾਤੀ।
ਇਹ ਕਹਿ ਦਿਓ
ਕਿ ਜੰਗਾਂ ਤੇ ਯੁੱਧਾਂ ਦੇ ਸਾਰੇ ਪੁਆੜੇ
ਤੇਰੀ ਜਾਬਰ ਨੀਤੀ ਨੇ ਘਰ ਕਈ ਉਜਾੜੇ
ਦਿਨੇ ਵੱਜਣ ਡਾਕੇ ਦਿਨੇ ਵੱਜਣ ਧਾੜੇ।
ਇਹ ਕਹਿ ਦਿਓ
ਦਾਤੀਆਂ-ਹਥੌੜੇ ਤੇ ਕਲਮਾਂ ਗੰਡਾਸੇ
ਕਿ ਆ ਗਏ ਸਿਰਾਂ 'ਤੇ ਹੁਣ ਬੰਨ ਕੇ ਮੜਾਸੇ
ਕਿ ਆ ਗਏ ਸਿਰਾਂ 'ਤੇ ਬੰਨ ਕੇ ਮੜਾਸੇ।

## ਭਗਤ ਸਿੰਘ ਨੂੰ ਯਾਦ ਕਰਦਿਆਂ....



ਮਨਜੀਤ ਪੁਰੀ

ਮਾਫ਼ ਕਰਨਾ
ਅਸੀਂ ਤੈਨੂੰ
ਫਾਂਸੀ ਦੇ ਤਖ਼ਤੇ ਤੋਂ ਅੱਗੇ
ਨਹੀਂ ਸਮਝ ਸਕੇ

ਤੇਰੀਆਂ ਅੱਖਾਂ 'ਚ
ਡਾਢਿਆਂ ਖਿਲਾਫ਼ ਦਹਿਕਦੀ ਲਾਲੀ
ਤੇਰੀ ਅਣਖ ਦੀ ਪੱਗ ਦਾ ਸ਼ਮਲਾ
ਤੇ ਤੇਰੇ ਹੱਥ 'ਚ ਫੜੀ
ਮਾਰਕਸ ਦੀ ਕਿਤਾਬ
ਸਾਡੇ ਲਈ
ਟੀ.ਵੀ, ਸਕਰੀਨ 'ਤੇ
ਕਿਸੇ ਫਿਲਮੀ ਹੀਰੋ ਦੀ
ਇਸ਼ਤਿਹਾਰਬਾਜ਼ੀ ਬਣੀ ਰਹੀ।

ਅਸੀਂ ਤੇਰੀ ਤਸਵੀਰ ਅੱਗੇ
ਸ਼ਰਧਾ ਦੇ ਫੁੱਲ ਭੇਂਟ ਕਰਕੇ
ਆਪਣੇ ਨਪੁੰਸਕ ਹੋਣ ਦਾ ਸਬੂਤ ਦਿੰਦੇ ਰਹੇ
ਪਰ ਤੇਰੀਆਂ ਰਗਾਂ 'ਚ ਖੌਲਦੇ
ਲਹੂ ਦੀ ਤਾਸੀਰ ਨਹੀਂ ਸਮਝ ਸਕੇ।

ਅਸੀਂ ਤਾਂ
ਤੇਰੇ ਚਿਹਰੇ 'ਤੇ ਉੱਕਰੀ
ਜ਼ਾਬਰਾਂ ਵਿਰੁੱਧ
ਨਾਬਰੀ ਦੀ ਇਬਾਰਤ ਨਹੀਂ ਪੜ੍ਹ ਸਕੇ
ਅਸੀਂ ਤੇਰੇ
ਸੁਪਨਿਆਂ ਦੀ ਸ਼ਨਾਖ਼ਤ ਕਿੱਥੋਂ ਕਰ ਲੈਂਦੇ।

ਮਾਫ਼ ਕਰਨਾ
ਅਸੀਂ ਸ਼ਹਿਰ ਦੇ ਕਿਸੇ ਚੌਂਕ 'ਚ
ਤੇਰਾ ਬੁੱਤ ਲਗਾ ਸਕਦੇ ਹਾਂ
ਪਰ
ਤੇਰੇ ਸੁਪਨਿਆਂ ਦਾ ਭਾਰਤ
ਨਹੀਂ ਸਿਰਜ ਸਕਦੇ।

ਕਿਉਂਕਿ
ਤੇਰੇ ਤੇ ਸਾਡੇ ਸੁਪਨੇ
ਕਦੇ ਇੱਕ ਨਹੀਂ ਹੋਏ।

ਤੇਰੇ ਸੁਪਨਿਆਂ 'ਚ
ਅੰਗਿਆਰ ਵਰ੍ਹਦੇ ਨੇ
ਤੇ ਸਾਡੇ ਸੁਪਨਿਆਂ 'ਚ
ਨੋਟ ਵਰ੍ਹਦੇ ਨੇ।

ਤੇਰੇ ਸੁਪਨਿਆਂ 'ਚ
ਕੁਰਸੀਆਂ ਹਿੱਲਦੀਆਂ ਨੇ
ਤੇ ਸਾਡੇ ਸੁਪਨਿਆਂ 'ਚ
ਕੁਰਸੀਆਂ ਲਈ ਜੱਦੋ-ਜਹਿਦ ਹੁੰਦੀ ਹੈ।

ਤੇਰੇ ਸੁਪਨਿਆਂ 'ਚ
ਖ਼ੂਨ ਖੌਲਦਾ ਹੈ
ਤੇ ਸਾਡੇ ਸੁਪਨਿਆਂ 'ਚ
ਖ਼ੂਨ ਦਾ ਸਵਾਦ ਚੱਖਿਆ ਜਾਂਦਾ ਹੈ।

ਤੇਰੇ ਸੁਪਨਿਆਂ 'ਚ
'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਗੂੰਜਦੇ
ਨੇ
ਤੇ ਸਾਡੇ ਸੁਪਨਿਆਂ 'ਚ
ਮੁਰਦਾ ਸ਼ਾਂਤੀ ਹੈ।

ਮਾਫ਼ ਕਰਨਾ
ਤੇਰੇ ਤੇ ਸਾਡੇ ਸੁਪਨੇ
ਇੱਕ ਨਹੀਂ ਹੋ ਸਕਦੇ
ਅਸੀਂ ਤੇਰੇ ਸੁਪਨਿਆਂ ਦਾ ਭਾਰਤ
ਨਹੀਂ ਸਿਰਜ ਸਕਦੇ।

## ਓਦੋਂ ਤੋਂ ਅੱਜ ਤੱਕ



ਗੁਰਜਿੰਦਰ ਮਾਹੀ

ਅੱਜ ਫਿਰ
ਮੇਰੇ ਵਿਚਾਰ ਮਚਲਦੇ ਹਨ
ਅੱਜ ਫਿਰ
ਮੇਰਾ ਖ਼ੂਨ ਖੌਲਦਾ ਹੈ
ਪਹਿਲੀ ਵਾਰ ਇਹ ਖੌਲਿਆ ਸੀ
ਜਲ੍ਹਿਆਂ ਵਾਲੇ ਬਾਗ ਦੀ
ਲਹੂ ਭਿੱਜੀ ਮਿੱਟੀ ਨੂੰ ਦੇਖਕੇ
ਮੈਂ ਸਹੁੰ ਖਾ ਘਰੋਂ ਤੁਰ ਪਿਆ
ਹਨੇਰ ਨੂੰ ਸਵੇਰ 'ਚ ਬਦਲ ਕੇ ਪਰਤਨ ਦੀ
ਲਹਿਰ ਪੂਰੇ ਜੋਬਨ 'ਤੇ ਸੀ ਨਾ-ਮਿਲਵਰਤਨ ਦੀ
ਦੇਸ਼ ਦਾ ਇੱਕ ਮਹਾਨ ਨੇਤਾ
ਸਾਂਤੀ ਦਾ ਪਾਠ ਕਰਦਾ-ਕਰਦਾ
....... ਝੱਗ ਵਾਂਗੂ ਬਹਿ ਗਿਆ
ਮੇਰਾ ਖ਼ੂਨ ਖੌਲਦਾ ਹੀ ਰਹਿ ਗਿਆ
ਵਿਚਾਰ ਮਚਲਦੇ ਰਹੇ।
ਇਹ ਮਚਲਦੇ ਕਦ ਉਹਨਾ ਨੂੰ ਰਾਸ ਆਉਣੇ ਸੀ
ਉਹਨਾ ਦੀ ਜੁੰਡਲੀ ਨੇ ਯਾਰਾਨੇ ਨਿਭਾਉਣੇ ਸੀ
ਤਾਂ ਫਿਰ..
ਗੋਲ ਮੇਜ ਕਾਨਫਰੈਂਸਾਂ ਦੇ ਕੀ ਸਿੱਟੇ ਆਉਣੇ ਸੀ

ਉਹਨਾ ਖੌਲਦੇ ਖ਼ੂਨ ਨੂੰ ਸਾਂਤੀ ਦੇ ਪਾਠ ਪੜ੍ਹਾਉਣੇ ਸੀ
ਇਸੇ ਲਈ
ਇਹ ਆਹਿੰਸਾਵਾਦੀ ਵੀ ਸਾਜ਼ਸ਼ 'ਚ ਸ਼ਾਮਲ ਹੋ ਗਏ
ਕਰਾਚੀ ਸੈਸ਼ਨ ਤੋਂ ਪਹਿਲਾਂ ਹੀ ਵਾਅਦੇ ਵਫਾ ਹੋ ਗਏ
23 ਮਾਰਚ ਨੂੰ ਉਨ੍ਹਾਂ ਇੱਕ ਕੋਸਿਸ਼ ਕੀਤੀ
ਖੌਲਦੇ ਖ਼ੂਨ ਨੂੰ ਸਾਂਤ ਕਰਨ ਦੀ
ਪਰ ਉਹ ਖੌਲਦਾ ਹੀ ਰਿਹਾ
ਰੌਸ਼ਨ ਦਿਮਾਗਾਂ ਵਿਚਾਰ ਬਣਕੇ

ਫਿਰ ਪ੍ਰਚਾਰ ਹੋਇਆ
ਕਿ ਸਾਡਾ ਦੇਸ ਅਜ਼ਾਦ ਹੋ ਗਿਆ
ਅਜ਼ਾਦੀ ਦਾ ਸੁਪਨਾ
ਅਜ਼ਾਦੀ ਦੇ ਭਰਮ ਵਿੱਚ ਖੋ ਗਿਆ
ਇੱਕ ਪਾਰਟੀ ਦਾ ਝੰਡਾ ਹੀ ਦੇਸ਼ ਦਾ ਤਿੰਰਗਾ ਹੋ ਗਿਆ

ਲੁੱਟ-ਪੁੱਟ ਕੇ ਫਰੰਗੀ ਘੱਤ ਗਏ ਵਹੀਰਾਂ
ਜਿਥੋਂ ਤੀਕ ਗਏ ਕੁਰਸੀ ਦੇ ਪਾਵੇ
ਚਮਚਿਆਂ ਨੇ ਖਿੱਚੀਆਂ ਲਕੀਰਾਂ
ਲਕੀਰਾਂ ਖਿੱਚ ਉਹਨਾਂ ਵੰਡਣੇ ਪਾ ਦਿੱਤੇ
ਧਰਮਾਂ ਦੀ ਓਟ 'ਚ ਮਨੁੱਖਤਾ ਦੇ ਆਹੂ ਲਾਅ ਦਿੱਤੇ
ਗੁਲਸ਼ਨ ਦਾ ਉਜਾੜਾ ਦੇਖਕੇ ਮਨ ਕੁਰਲਾਉਂਦਾ ਸੀ
ਦੇਸ਼ ਦਾ ਇੱਕ ਹੋਰ ਮਹਾਨ ਨੇਤਾ
ਵਲਾਇਤੀ ਮਾਸ਼ੂਕਾ ਦੇ ਗੋਡੇ ਕੋਲ ਬਹਿਕੇ
ਵਿਛੋੜੇ ਦੇ ਦੁਖ 'ਚ ਕੀਰਨੇ ਪਾਉਂਦਾ ਸੀ
ਉਹਨੂੰ ਦੇਖ ਕੇ ਰੋਮ ਦਾ ਬਾਦਸ਼ਾਹ ਯਾਦ ਆਉਂਦਾ ਸੀ
ਦਿਨ ਬੀਤੇ
ਉਹ ਬਾਦਸ਼ਾਹ 'ਤੇ ਲੋਕ
ਆਪੋ-ਆਪਣੇ ਗ਼ਮ 'ਚੋ ਬਾਹਰ ਆਏ
ਲੋਕ ਉਡੀਕਦੇ ਰਹੇ
ਉਨ੍ਹਾਂ ਘਰ ਅਜ਼ਾਦੀ ਦੀ ਕੋਈ ਬਹਾਰ ਆਏ
ਪਰ ਅਜ਼ਾਦੀ ਤਾਂ ਵਿਚਾਰੀ
ਚੰਦ ਕੁ ਘਰਾਣਿਆਂ 'ਚ ਘਿਰਕੇ ਰਹਿ ਗਈ
ਬਾਪ ਉਠਿਆ ਗੱਦੀ 'ਤੇ ਧੀ ਬਹਿ ਗਈ
ਕੰਪਨੀ ਤੋਂ ਛੁੱਟ ਜਨਤਾ
ਇੱਕ ਖਾਨਦਾਨ ਦੀ ਗੁਲਾਮ ਹੋ ਕੇ ਰਹਿ ਗਈ
ਪੁੱਤਾਂ-ਧੀਆਂ, ਦੋਹਤਿਆਂ ਨੇ ਆਪਣੇ ਰੰਗ ਦਿਖਾਏ
ਵਿਕਾਸ ਦੇ ਨਾਂ 'ਤੇ ਦੇਸ਼ ਨੂੰ ਫਿਰ ਗਿਰਵੀ ਧਰ ਆਏ
ਕੁਰਬਾਨੀਆਂ ਦੇ ਇੱਕ ਕੱਢੀ ਸੀ
ਇਹ ਹਜ਼ਾਰਾਂ ਕੰਪਨੀਆ ਲੈ ਆਏ
ਲੁੱਟੇ-ਪੁੱਟੇ ਲੋਕਾਂ ਨੂੰ
ਜਦੋਂ ਇਨਕਲਾਬੀ ਯਾਦ ਆਏ
ਸਿਆਸਤਦਾਨਾਂ ਨੇ ਝੱਟ ਰੰਗ ਵਟਾਏ
ਕਿਤੇ ਮੇਰੇ 'ਚੋਂ ਇਨ੍ਹਾਂ ਨੂੰ ਆਰੀਆ ਸਮਾਜੀ ਨਜ਼ਰ ਆਏ
ਕਿਤੇ ਪਾਠ-ਪੁਸਤਕਾਂ 'ਚ ਸਭ ਅੱਤਵਾਦੀ ਲਿਖਵਾਏ
ਕਦੇ ਪਾਰਲੀਮੈਂਟ 'ਚ ਬੁੱਤ ਲਾਉਣ ਦੇ ਮਤੇ ਪਵਾਏ
ਕਦੇ ਪੱਗ ਤੇ ਹੈਟ ਦੇ ਚੱਕਰ 'ਚ ਲੋਕ ਭਰਮਾਏ
ਮੇਰੇ ਖ਼ੂਨ 'ਚ ਫਿਰ ਉਬਾਲ ਆਏ

ਅੱਜ ਫਿਰ
ਮੈਂ ਲਲਕਾਰਦਾ ਹਾਂ
ਅੱਜ ਫਿਰ
ਮੈਂ ਵੰਗਾਰਦਾ ਹਾਂ
ਕਲਮਾਂ ਵਾਲਿਆਂ ਬੁਧੀਜੀਵੀਆਂ ਤੇ ਵਿਦਵਾਨਾਂ ਨੂੰ
ਖੁਦਕੁਸ਼ੀਆਂ ਦੀ ਰਾਹੇ ਪਏ ਮਜਦੂਰਾਂ ਤੇ ਕਿਸਾਨਾਂ ਨੂੰ
ਬਸੰਤੀ ਪੱਗਾਂ ਪਹਿਨੀ ਫਿਰਦੇ ਨੌਜਵਾਨਾਂ ਨੂੰ
ਹੈ ਕਿਸੇ 'ਚ ਦਮ ਤਾਂ
ਮੇਰੇ ਵਿਚਾਰਾਂ ਨੂੰ ਪਹਿਨੋ
ਮੈਂ ਇੱਕ ਵਾਰ ਫਿਰ ਲੜਨਾ ਚਾਹੁੰਦਾ ਹਾਂ
ਇਨ੍ਹਾਂ ਕਾਲੇ ਅੰਗਰੇਜ਼ਾ ਦੇ ਖਿਲਾਫ
ਇੱਕ ਹੋਰ ਜੰਗ
ਕਿਉਂ ਕਿ
ਅੱਜ ਫਿਰ
ਮੇਰਾ ਖ਼ੂਨ ਖੌਲਦਾ ਹੈ
ਅੱਜ ਫਿਰ
ਮੇਰੇ ਵਿਚਾਰ ਮਚਲਦੇ ਹਨ

**ਪੇਸ਼ ਕਵਿਤਾਵਾਂ ਦੇ ਅੰਸ਼ ਉਸ ਦੌਰ ਤੋਂ ਹਨ ਜਦੋਂ ਭਗਤ ਸਿੰਘ ਨੂੰ ਫਾਂਸੀ ਲਗਾਈ ਜਾਣ ਵਾਲੀ ਸੀ ਅਤੇ ਕੁੱਝ ਰਚਨਾਵਾਂ ਉਨ੍ਹਾਂ ਨੂੰ ਫਾਂਸੀ ਲਗਾਏ ਜਾਣ ਦੇ ਬਾਅਦ ਉਪਜੇ ਜਨਤਕ ਰੋਹ ਦਾ ਪ੍ਰਗਟਾਵਾ ਹਨ ।**

ਹੈ ਅਫਸੋਸ ਕਿ ਲਾਸ਼ੋਂ ਕੋ ਉਠਾਨੇ ਭੀ ਨ ਪਾਏ,
ਹਮ ਫੂਲ ਸ਼ਹੀਦੋਂ ਪੇ ਚੜ੍ਹਾਨੇ ਭੀ ਨ ਪਾਏ॥
ਹਮ ਅਸ਼ਕ ਚਿਤਾਓਂ ਪੇ ਗਿਰਾਨੇ ਭੀ ਨ ਪਾਯੇ
ਹਮ ਆਤਸ਼ੇ-ਸੋਜਾਂ ਕੋ ਬੁਝਾਨੇ ਭੀ ਨ ਪਾਯੇ॥

-ਅਗਿਆਤ

---

ਹਮ ਅਪਨੇ ਕੌਮੀ ਸ਼ਹੀਦੋਂ ਕੀ,
ਕਯੋਂ ਯਾਦ ਦਿਲੋਂ ਸੇ ਦੂਰ ਕਰੇਂ
ਕਯਾ ਔਰ ਕਿਸੀ ਨੇਂ ਭੁਲਾਯੇ ਹੈਂ,
ਕਯਾ ਔਰ ਕਿਸੀ ਨੇਂ ਬਿਸਾਰੇ ਹੈਂ॥
ਸੁਖਦੇਵ, ਭਗਤ ਸਿੰਹ, ਰਾਜਗੁਰੁ,
ਯੇ ਤੀਨੋਂ ਦੇਸ਼ ਦੁਲਾਰੇ ਹੈਂ
ਫਾਂਸੀ ਪੇ ਲਟਕ ਕਰ ਜਾਨ ਜੋ ਦੀ,
ਜੀ-ਜਾਨ ਸੇ ਹਮਕੋ ਪਯਾਰੇ ਹੈਂ॥

-ਅਗਿਆਤ

---

ਸੁਖਦੇਵ, ਭਗਤ ਸਿੰਹ, ਰਾਜਗੁਰੁ,
ਥੇ ਸ਼ਮਅ-ਵਤਨ ਕੇ ਪਰਵਾਨੇ
ਜੋ ਸੋਜ ਦਿਲੋਂ ਮੇਂ ਉਨਕੇ ਥਾ,
ਉਸ ਸੋਜ ਕੋ ਕੋਈ ਕਯਾ ਜਾਨੇ॥

– ਮੌਲਾਨਾ ਇਨਾਮੌਲਾ ਖਾਨ ਹਸਨਪੁਰੀ

---

ਕਹਤੀ ਹੈ ਮਾਤਾ ਕਰ ਰੁਦਨ,
ਕਹਾਂ ਹੈ ਹਮਾਰਾ ਮੂਲਧਨ,
ਗੋਦੀ ਸੇ ਮੇਰੀ ਛੀਨ ਕਰ,
ਕਿਸਨੇ ਉਸੇ ਹਟਾ ਦਿਯਾ॥

-ਅਗਿਆਤ

---

ਤੂਨੇ ਭਾਰਤ ਚਮਨ ਕੋ ਸੀਂਚਾ ਹੈ ਲਹੂ ਸੇ।
ਕਹਾਂ ਜਾ ਬਸਾ ਹੋ ਕੇ ਨਯਾਰਾ ਭਗਤ ਸਿੰਹ॥
ਬੁਰਾ ਹਾਲ ਹੈ ਦੇਸ਼ ਭਾਰਤ ਕਾ ਏ ਲਾਲ
ਹੋਵੇ ਜਨਮ ਤੇਰਾ ਦੋਬਾਰਾ ਭਗਤ ਸਿੰਹ॥

-ਪ੍ਰਭੂ ਨਾਰਾਯਣ ਮਿਸ਼੍ਰ

---

ਆਜਾਦੀ ਕਾ ਦੀਵਾਨਾ ਥਾ ਸਰਦਾਰ ਭਗਤ ਸਿੰਹ।
ਫਾਂਸੀ ਪਰ ਗਯਾ ਝੂਲ ਵੋ ਸਰਦਾਰ ਭਗਤ ਸਿੰਹ॥
ਆਲਮ ਕੀ ਏਕ ਸ਼ਾਨ ਥਾ ਸਰਦਾਰ ਭਗਤ ਸਿੰਹ।
ਹਰ ਬਾਗੀ ਕਾ ਅਰਮਾਨ ਥਾ ਸਰਦਾਰ ਭਗਤ ਸਿੰਹ॥

– ਐਨ.ਐਲ .ਏ ਬਮਲਟ

---

ਭਗਤ ਸਿੰਹ ਕੋ ਦੇਖ ਕਰ ਚਰਖ ਬੋਲਾ
ਦਿਖਾਯੇ ਜਿਮੀਂ ਨੇਂ ਜਵਾਂ ਕੈਸੇ ਕੈਸੇ॥
ਵਤਨ ਕੇ ਦੁਲਾਰੇ ਤੜਪ ਕਰ ਪੁਕਾਰੇ,
ਵਤਨ ਕੇ ਭੀ ਹੈਂ ਪਾਸਬਾਂ ਕੈਸੇ ਕੈਸੇ॥

-ਹਸਰਤ

---

ਹੁਆ ਦੇਸ਼ ਕਾ ਤੂ ਦੁਲਾਰਾ ਭਗਤ ਸਿੰਹ
ਝੁਕੇ ਸਰ ਤੇਰੇ ਆਗੇ, ਹਮਾਰਾ ਭਗਤ ਸਿੰਹ॥

-ਅਭਯ

---

ਵਤਨ ਪੇ ਜਾਨ ਹੈ ਗੰਵਾਨੇ, ਰਹੇ ਰਹੇ ਨ ਰਹੇ।
ਔਰ ਯੇ ਜਿਸਮ ਹੈ ਫਾਨੀ, ਰਹੇ ਰਹੇ ਨ ਰਹੇ॥
ਖੁਦਾ ਕੇ ਵਾਸਤੇ ਕਰ ਦੋ ਇਸੇ ਵਤਨ ਪੇ ਨਿਸਾਰ
ਜਵਾਨੋਂ, ਫਿਰ ਯੇ ਜਵਾਨੀ, ਰਹੇ ਰਹੇ ਨ ਰਹੇ॥
ਜਲਾ ਕੇ ਵਹ ਮੇਰੀ ਮੈਯਤ ਬਹਾਏਂ ਸਤਲੁਜ ਮੇਂ
ਫਿਰ ਉਨਕੀ ਤੇਗ ਮੇਂ ਪਾਨੀ ਰਹੇ ਰਹੇ ਨ ਰਹੇ॥

-ਮੁਸ਼ਤਾਕ

ਸਰੋਤ : ਨੈਸ਼ਨਲ ਬੁਕ ਟ੍ਰਸਟ ਦੀ ਪੁਸਤਕ 'ਫਾਂਸੀ ਲਾਹੌਰ ਕੀ'

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
✦ ਕੀ ਤੁਸੀਂ ਘਰ ਦੇ ਮੁਖੀ ਹੋ ?
✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

✦ Life Insurance
✦ Mortgage Insurance
✦ Disability Insurance
✦ Critical Illness Insurance
✦ Longterm Care Insurance
✦ Travel Insurance
✦ Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)
By Appointments Only Cell: 780 918 0516

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter Tops
Kitchen & Vanities,
Custom Cabinets,
Staining & Spraying Doors



ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਇੰਟੀਰੀਅਰਜ਼

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889
Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com

Passport Photos
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy DOORS & MOULDINGS LTD.
JELD-WEN WINDOWS & DOORS · Alexandria · Masonite
FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed

ALEXANDRIA MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set — Robe Hook, Towel Bar, Towel Ring, Paper Holder
Sunglow 4 Piece Bath Set — Towel Bar, Robe Hook, Paper Holder, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਮੌਜੂਦਾ ਪ੍ਰਬੰਧ ਵਿਚ ਔਰਤਾਂ ਦੀ ਹਾਲਤ



ਬੋਧ ਸਿੰਘ ਘੁੰਮਣ
+91-94635-17916
bodhghuman@gmail.com


ਮਹਾਨ ਕਾਰਲ ਮਾਰਕਸ ਦਾ ਇਹ ਕਥਨ ਮਾਨਵ ਸਮਾਜ ਵਿਚ ਵੱਡੀਆ ਸਮਾਜਕ ਤਬਦੀਲੀਆਂ ਲਈ ਔਰਤਾਂ ਦੇ ਯੋਗਦਾਨ ਤੇ ਰੋਲ ਨੂੰ ਨਿਰਧਾਰਤ ਤੇ ਸਪੱਸ਼ਟ ਕਰਦਾ ਹੈ। ਇਸ ਲਈ ਸਮਾਜਵਾਦੀ ਪ੍ਰਬੰਧ ਹੀ ਇਕ ਐਸਾ ਪ੍ਰਬੰਧ ਹੈ ਜਿਸ ਵਿਚ ਔਰਤਾਂ ਨੂੰ ਜੀਵਨ ਦੇ ਹਰ ਖੇਤਰ ਵਿਚ ਪੂਰੀ ਬਰਾਬਰਤਾ ਹਾਸਲ ਹੁੰਦੀ ਹੈ। ਗੁਲਾਮਦਾਰੀ ਤੋਂ ਲੈ ਕੇ ਪੂੰਜੀਵਾਦੀ ਪ੍ਰਬੰਧ ਤੱਕ ਦੇ ਜਮਾਤੀ ਸਮਾਜਾਂ ਵਿਚ, ਜਿੱਥੇ ਸੋਸ਼ਨ ਦਾ ਬੋਲ-ਬਾਲਾ ਹੁੰਦਾ ਹੈ, ਔਰਤਾਂ, ਮਰਦਾਂ ਨਾਲੋਂ ਵੀ ਵਧੇਰੇ ਸ਼ੋਸ਼ਨ ਦਾ ਸ਼ਿਕਾਰ ਰਹੀਆਂ ਹਨ। ਇਹਨਾਂ ਸਮਾਜਕ ਪੜਾਵਾਂ ਦਾ ਸਮੁੱਚਾ ਇਤਿਹਾਸ ਇਸ ਤੱਥ ਦਾ ਗਵਾਹ ਹੈ। ਇਸ ਸਬੰਧ ਵਿਚ ਕਿਸੇ ਹੋਰ ਵਿਆਖਿਆ ਦੀ ਲੋੜ ਨਹੀਂ ਹੈ, ਕਿਉਂਕਿ ਇਸ ਸੋਸ਼ਨ ਨੂੰ ਅਸੀਂ ਖੁਦ ਆਪਣੀਆਂ ਅੱਖਾਂ ਨਾਲ ਅੱਜ ਵੀ ਵੇਖ ਰਹੇ ਹਾਂ। ਭਾਵੇਂ ਇਤਿਹਾਸ ਦੇ ਵੱਖ ਵੱਖ ਦੌਰਾਂ ਵਿਚ ਕੁਝ ਸਮਾਜ ਸੁਧਾਰਕ ਸ਼ਖਸ਼ੀਅਤਾਂ ਨੇ ਇਸ ਬੇਇਨਸਾਫੀ, ਵਿਤਕਰੇ 'ਤੇ ਸੋਸ਼ਨ ਵਿਰੁੱਧ ਆਵਾਜ਼ ਉਠਾਈ ਤੇ ਇਸ ਦੀ ਨਿਖੇਧੀ ਵੀ ਕੀਤੀ, ਪਰ ਉਹ ਔਰਤਾਂ ਦੀ ਮੁਕੰਮਲ ਬੰਦ ਖਲਾਸੀ ਬਾਰੇ ਕੋਈ ਨਿੱਗਰ ਵਿਚਾਰ ਪੇਸ਼ ਨਹੀਂ ਕਰ ਸਕੇ। ਇਹ ਸਮਝਦਾਰੀ ਮਾਰਕਸਵਾਦੀ ਫਲਸਫੇ ਦੇ ਹੋਂਦ ਵਿਚ ਆਉਣ ਕਰਕੇ ਹੀ ਸੰਭਵ ਹੋਈ ਕਿ ਔਰਤਾਂ ਦੀ ਬੰਦ-ਖਲਾਸੀ ਤੇ ਬਿਹਤਰੀ ਲਈ ਕੀ ਕਰਨਾ ਹੈ।

## ਕੌਮਾਂਤਰੀ ਇਸਤਰੀ ਦਿਵਸ

ਇਸ ਸੇਧ ਵਿਚ ਹੀ ਅੰਤਰ ਰਾਸ਼ਟਰੀ ਮਜ਼ਦੂਰ ਲਹਿਰ ਦੀ ਮਹਾਨ ਆਗੂ ਅਤੇ ਸਾਥੀ ਵੀ.ਆਈ. ਲੈਨਿਨ ਦੀ ਯੁਧ ਸਾਥੀ ਕਲਾਰਾ ਜੈਟਕਿਨ ਵਲੋਂ 1910 ਵਿਚ 'ਸਮਾਜਵਾਦੀ ਔਰਤਾਂ ਦੀ ਕੌਮਾਂਤਰੀ ਕਾਨਫਰੰਸ' ਵਿਚ ਦਿੱਤੇ ਸੁਝਾਅ ਦੇ ਅਧਾਰ 'ਤੇ 8 ਮਾਰਚ ਨੂੰ 'ਔਰਤਾਂ ਦੇ ਕੌਮਾਂਤਰੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਲਿਆ ਗਿਆ ਸੀ ਅਤੇ 1911 ਤੋਂ ਲੈ ਕੇ ਹਰ ਸਾਲ ਹੀ ਸਾਰੀ ਦੁਨੀਆਂ ਵਿਚ ਇਸ ਦਿਵਸ ਨੂੰ ਵੱਖ ਵੱਖ ਢੰਗਾਂ ਤੇ ਇਰਾਦਿਆਂ ਨਾਲ ਮਨਾਇਆ ਜਾਂਦਾ ਹੈ। ਉਸ ਕਾਨਫਰੰਸ ਵਿਚ ਇਸ ਦਿਵਸ ਨੂੰ ਔਰਤਾਂ ਲਈ ਸਮਾਜਕ ਬਰਾਬਰਤਾ, ਆਰਥਕ ਆਜ਼ਾਦੀ ਦੀ ਪ੍ਰਾਪਤੀ ਅਤੇ ਔਰਤਾਂ ਵਿਰੁੱਧ ਸਮਾਜਕ, ਆਰਥਕ ਬੇਇਨਸਾਫੀਆਂ ਤੇ ਵਿਤਕਰਿਆਂ ਵਿਰੁੱਧ ਵਿਚਾਰਾਂ ਕਰਨ, ਬੰਦਖਲਾਸੀ ਲਈ ਜਥੇਬੰਦਕ ਉਪਰਾਲੇ ਕਰਨ ਅਤੇ ਜੂਝਣ ਲਈ ਪ੍ਰਣ ਕਰਨ ਤੇ ਨਿਸ਼ਚਾ ਦ੍ਰਿੜਾਉਣ ਦੇ ਸੰਕਲਪ ਵਜੋਂ ਮਨਾਉਣ ਦਾ ਫੈਸਲਾ ਲਿਆ ਗਿਆ ਸੀ। ਉਦੋਂ ਤੋਂ ਹੀ ਹਰ ਸਾਲ 8 ਮਾਰਚ ਨੂੰ, ਇਹ ਦਿਨ ਜਿੱਥੇ ਕਿਰਤੀ ਔਰਤਾਂ ਦੀਆਂ ਜਥੇਬੰਦੀਆਂ ਵਲੋਂ ਹਰ ਸਾਲ ਦ੍ਰਿੜ ਸੰਕਲਪ ਤੇ ਸਹੀ ਭਾਵਨਾ ਨਾਲ ਮਨਾਇਆ ਜਾਂਦਾ ਹੈ, ਉਥੇ ਸਰਮਾਏਦਾਰ ਜਮਾਤਾਂ ਦੀਆਂ ਸਰਕਾਰਾਂ ਦੇ ਲੀਡਰ ਆਪਣੀਆਂ ਹੱਥਠੋਕਾਂ ਜਥੇਬੰਦੀਆਂ ਰਾਹੀਂ ਇਸ ਨੂੰ ਰਸਮੀ ਤੌਰ 'ਤੇ ਮਨਾ ਕੇ ਕੇਵਲ ਬਿਆਨਬਾਜ਼ੀ ਰਾਹੀਂ ਹੀ ਔਰਤਾਂ ਦੇ ਹੱਕਾਂ ਹਿੱਤਾਂ ਦਾ ਸਮੱਰਥਨ ਕਰਨ ਦਾ ਢੌਂਗ ਰਚਦੇ ਹਨ। ਇਤਿਹਾਸ ਗਵਾਹ ਹੈ ਕਿ ਜਥੇਬੰਦ ਹੋਈਆਂ ਔਰਤਾਂ ਵਲੋਂ ਕੀਤੇ ਸੰਘਰਸ਼ ਅਤੇ ਉਹਨਾਂ ਦਾ ਜਮਹੂਰੀ ਸ਼ਕਤੀਆਂ ਤੇ ਅਗਾਂਹਵਧੂ ਤੱਤਾਂ ਵਲੋਂ ਸਮਰੱਥਨ ਕਰਨ ਦੇ ਸਿੱਟੇ ਵਜੋਂ ਹੀ ਔਰਤਾਂ ਨੇ ਮਰਦ ਬਰਾਬਰ ਵੋਟ ਪਾਉਣ ਦਾ ਅਧਿਕਾਰ ਜਿੱਤਿਆ ਸੀ। ਐਪਰ ਗੁਲਾਮਦਾਰੀ, ਜਗੀਰਦਾਰੀ ਤੇ ਪੂੰਜੀਵਾਦੀ ਸਮਾਜ ਅੰਦਰ ਵਿਤਕਰਾ ਹੁੰਦਾ ਹੀ ਆਇਆ ਹੈ ਅਤੇ ਕਦੇ ਵੀ ਹਕੀਕੀ ਤੌਰ 'ਤੇ ਪੂਰੇ ਅਧਿਕਾਰ ਨਹੀਂ ਦਿੱਤੇ ਗਏ ਅਤੇ ਸਦਾ ਹੀ ਔਰਤਾਂ ਦੀ ਸਮਰੱਥਾ ਨੂੰ ਘਟਾ ਕੇ ਵੇਖਿਆ ਤੇ ਦੱਸਿਆ ਜਾਂਦਾ ਹੈ।

ਇਤਿਹਾਸ ਤੇ ਸਰਸਰੀ ਨਜ਼ਰ ਵੀ ਮਾਰੀਏ ਤਾਂ ਇਹ ਗੱਲ ਸਹਿਜੇ ਹੀ ਸਾਹਮਣੇ ਆ ਜਾਂਦੀ ਹੈ ਕਿ ਔਰਤਾਂ ਕਿਸੇ ਵੀ ਖੇਤਰ ਵਿਚ ਮਰਦਾਂ ਨਾਲੋਂ ਘੱਟ ਸਮਰੱਥਾ ਨਹੀਂ ਰੱਖਦੀਆਂ। ਖੇਡਾਂ, ਸਿੱਖਿਆ, ਵਿਗਿਆਨਕ ਖੋਜਾਂ, ਰਾਜਨੀਤੀ, ਪਬਲਿਕ ਸੇਵਾਵਾਂ, ਸੁਰੱਖਿਆ ਦਸਤਿਆਂ, ਕਲਾ, ਸਾਹਿਤ ਤੇ ਸਭਿਆਚਾਰ, ਪ੍ਰਸ਼ਾਸਨ ਅਤੇ ਘਰੇਲੂ ਉਦਯੋਗਾਂ ਦੇ ਖੇਤਰਾਂ ਵਿਚ ਔਰਤਾਂ ਨੇ ਮਰਦਾਂ ਦੇ ਬਰਾਬਰ ਆਪਣੀ ਪ੍ਰਤੀਬੱਧਤਾ ਅਤੇ ਸਰੀਰਕ ਤੇ ਮਾਨਸਿਕ ਸਰੇਸ਼ਟਤਾ ਨੂੰ ਵਾਰ ਵਾਰ ਸਥਾਪਤ ਕੀਤਾ ਹੈ।

## ਔਰਤਾਂ ਨਾਲ ਵਿਤਕਰਾ ਜਾਰੀ ਹੈ

ਅੱਜ ਇਕੀਵੀਂ ਸਦੀ ਵਿਚ ਵੀ ਪੂੰਜੀਵਾਦੀ ਵਿਵਸਥਾ ਵਾਲੇ ਸਾਰੇ ਹੀ ਮੁਲਕਾਂ ਵਿਚ ਔਰਤਾਂ ਨਾਲ ਲਗਭਗ ਹਰ ਖੇਤਰ ਵਿਚ ਵਿਤਕਰਾ ਜਾਰੀ ਹੈ। ਬਹੁਤ ਸਾਰੇ ਦੇਸ਼ਾਂ ਵਿਚ ਉਹਨਾਂ ਨੂੰ ਮਰਦਾਂ ਬਰਾਬਰ ਉਜਰਤ ਨਹੀਂ ਦਿੱਤੀ ਜਾਂਦੀ, ਕਈ ਸੇਵਾਵਾਂ ਤਾਂ ਔਰਤਾਂ ਲਈ ਵਿਵਰਜਿਤ ਹਨ। ਉਹਨਾਂ ਉਪਰ ਲਿੰਗਕ ਤੇ ਜਿਸਮਾਨੀ ਜਬਰ ਹੁੰਦਾ ਹੈ, ਛੇੜ ਛਾੜ ਦੇ ਕੇਸ ਤਾਂ ਨਿੱਤ ਹੀ ਵਾਪਰਦੇ ਹਨ। ਸਮਾਜਕ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਦਾ ਪ੍ਰਤੀਕੂਲ ਪ੍ਰਭਾਵ ਵਧੇਰੇ ਕਰਕੇ ਔਰਤਾਂ 'ਤੇ ਪੈਂਦਾ ਹੈ ਅਤੇ ਉਹਨਾਂ ਦੀਆਂ ਮੁਸ਼ਕਲਾਂ ਵਿਚ ਨਿਰੰਤਰ ਵਾਧਾ ਹੁੰਦਾ ਹੈ। ਸਾਡੇ ਦੇਸ਼ ਤੇ ਕਈ ਹੋਰ ਵਿਕਾਸਸ਼ੀਲ ਤੇ ਪਛੜੇ ਦੇਸ਼ਾਂ ਵਿਚ ਪਿਛਾਖੜੀ ਵਿਚਾਰਧਾਰਾ ਵਾਲੇ ਤੱਤ ਅਜੇ ਵੀ ਵਿਧਵਾ ਵਿਆਹ ਦਾ ਵਿਰੋਧ ਕਰਦੇ ਹਨ, ਬਾਲ ਵਿਆਹ ਦੀ ਪ੍ਰਥਾ ਵੀ ਕਈ ਥਾਵਾਂ 'ਤੇ ਜਾਰੀ ਹੈ, ਔਰਤਾਂ ਦੀ ਮਰਜ਼ੀ ਵਿਰੁੱਧ ਧੱਕੇ ਨਾਲ ਵਿਆਹ ਰਚਾਏ ਜਾਂਦੇ ਹਨ ਅਤੇ ਸਾਡੇ ਦੇਸ਼ ਵਿਚ ਤਾਂ ਕੁਝ ਇਲਾਕਿਆਂ ਵਿਚ ਸਤੀ ਪ੍ਰਥਾ ਅਜੇ ਵੀ ਕਾਇਮ ਹੈ। ਔਰਤਾਂ ਲਈ ਪਰਦੇ ਵਿਚ ਰਹਿਣ, ਘੁੰਡ ਕੱਢਣ ਤੇ ਬੁਰਕੇ ਵਿਚ ਰਹਿਣ ਦੀ ਵਕਾਲਤ ਕੀਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਔਰਤਾਂ ਦੀ ਬਰਾਬਰਤਾ, ਆਜ਼ਾਦੀ ਤੇ ਆਤਮ ਸਨਮਾਨ ਦੀ ਜਮਾਂਦਰੂ ਖਾਹਿਸ਼ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਕੀਤੀਆਂ ਜਾਂਦੀਆਂ ਹਨ। ਸਾਡੇ ਆਪਣੇ ਦੇਸ਼ ਅੰਦਰ ਭਰੂਣ ਟੈਸਟ ਕਰਵਾ ਕੇ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣ ਦਾ ਅੱਤ ਅਮਾਨਵੀ ਤੇ ਘ੍ਰਿਣਾਜਨਕ ਕੁਕਰਮ ਹੋ ਰਿਹਾ ਹੈ। ਔਰਤਾਂ ਦਾਜ ਦੀ ਬਲੀ ਚੜ੍ਹਦੀਆਂ ਹਨ, ਸੜਦੀਆਂ ਹਨ ਅਤੇ ਲੱਚਰ ਸੱਭਿਆਚਾਰ ਦੇ ਉਭਾਰ ਕਾਰਨ ਉਹਨਾਂ ਦੀ ਸੁਰੱਖਿਆ ਦਾ ਮਸਲਾ ਗੰਭੀਰ ਮਾਰ ਹੇਠ ਹੈ। ਲੁਟੇਰੀਆਂ ਹਾਕਮ ਜਮਾਤਾਂ ਔਰਤਾਂ ਦੀ ਬਰਾਬਰੀ ਤੇ ਆਜ਼ਾਦੀ ਦੇ ਦਾਅਵੇ ਤਾਂ ਨਿੱਤ ਹੀ ਅਤੇ ਬੁਲੰਦ ਬਾਂਗ ਕਰਦੀਆਂ ਹਨ ਪਰ ਅਮਲ ਵਿਚ ਉਹ ਔਰਤਾਂ ਨੂੰ ਅਧੀਨ ਅਤੇ ਰਸੋਈ ਤੱਕ ਸੀਮਤ ਰੱਖਣ ਤੱਕ ਰੱਖਣ ਵਿਚ ਹੀ ਦਿਲਚਸਪੀ ਰੱਖਦੀਆਂ ਹਨ।

## ਮੌਜੂਦਾ ਸਥਿਤੀ ਨੂੰ ਬਦਲਣ ਦੀ ਲੋੜ

ਔਰਤਾਂ ਸਾਡੀ ਅਬਾਦੀ ਦਾ ਅੱਧਾ ਅਤੇ ਬਹੁਤ ਮਹੱਤਵਪੂਰਨ ਹਿੱਸਾ ਹਨ। ਇਸ ਲਈ ਉਹਨਾਂ ਨਾਲ ਹੋ ਰਹੀਆਂ ਵਧੀਕੀਆਂ, ਬੇਇਨਸਾਫੀਆਂ ਤੇ ਵਿਤਕਰਿਆਂ ਵਿਰੁੱਧ ਲੜਨ ਦੀ ਲੋੜ ਹੈ। ਪਰ ਇਕ ਗੱਲ ਜੋ ਸਮਝਣੀ ਤੇ ਯਾਦ ਰੱਖਣੀ ਬੇਹੱਦ ਜ਼ਰੂਰੀ ਹੈ, ਉਹ ਇਹ ਹੈ ਕਿ ਇਹ ਮੁੱਦੇ ਨਿਰੋਲ ਔਰਤਾਂ ਦੇ ਹੀ ਨਹੀਂ ਹਨ, ਇਹਨਾਂ ਦਾ ਸਬੰਧ ਸਮੁੱਚੇ ਸਮਾਜ ਨਾਲ ਹੈ। ਇਸ ਲਈ ਇਹਨਾਂ ਨੂੰ ਦੂਰ ਕਰਨਾ, ਮਰਦਾਂ ਸਮੇਤ ਸਭ ਦੀ ਲੋੜ ਹੈ। ਕੇਵਲ ਤਾਂ ਹੀ ਮਹਾਨ ਕਾਰਲ ਮਾਰਕਸ ਦੇ ਕਹਿਣ ਅਨੁਸਾਰ ਸਮਾਜ ਦੀ ਪ੍ਰਗਤੀ ਸੰਭਵ ਹੈ। ਇਸ ਲਈ ਜਿੱਥੇ ਇਸ ਬੇਇਨਸਾਫੀ ਨੂੰ ਦੂਰ ਕਰਨ ਲਈ ਔਰਤਾਂ ਦਾ ਜਥੇਬੰਦ ਹੋ ਕੇ ਜੂਝਣਾ ਬਹੁਤ ਜ਼ਰੂਰੀ ਹੈ, ਉਥੇ ਸਮਾਜ ਦੇ ਸਾਰੇ ਸਿਹਤਮੰਦ ਤੱਤਾਂ ਅਤੇ ਵਿਸ਼ੇਸ਼ ਕਰਕੇ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦਾ ਇਤਿਹਾਸਕ ਫਰਜ਼ ਹੈ ਕਿ ਉਹ ਔਰਤਾਂ ਨੂੰ ਜਮਹੂਰੀ ਲੀਹਾਂ 'ਤੇ ਜਥੇਬੰਦ ਕਰਨ ਅਤੇ ਉਹਨਾਂ ਦੇ ਸੰਘਰਸ਼ਾਂ ਵਿਚ ਪੂਰਨ ਸਹਿਯੋਗ ਦੇਣ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਔਰਤਾਂ ਦੀ ਇਸ ਦੋਹਰੀ ਗੁਲਾਮੀ ਤੋਂ ਮੁਕਤੀ ਨਹੀਂ ਹੋਵੇਗੀ ਅਤੇ ਇਹ ਮੁਕਤੀ ਕੀਤੇ ਬਿਨਾਂ ਹਕੀਕੀ ਮਨੁੱਖ ਆਜ਼ਾਦੀ ਦਾ ਸੰਕਲਪ ਇਕ ਸੁਪਨਾ ਹੀ ਬਣਿਆ ਰਹੇਗਾ ਅਤੇ ਸਮਾਜ ਦੀ ਪ੍ਰਗਤੀ ਸੰਭਵ ਨਹੀਂ ਹੈ। ਮਹਾਨ ਲੈਨਿਨ ਨੇ ਔਰਤਾਂ ਦੀ ਬਰਾਬਰਤਾ ਦੇ ਸਬੰਧ ਵਿਚ ਇਕ ਸ਼ਾਨਦਾਰ ਕਥਨ ਰਾਹੀਂ ਕਿਹਾ ਹੈ ਕਿ "ਜੇਕਰ ਅਸੀਂ ਔਰਤਾਂ ਨੂੰ ਸਮਾਜਕ ਜੀਵਨ ਵਿਚ, ਫੌਜ ਵਿਚ ਰਾਜਨੀਤੀ ਵਿਚ ਨਹੀਂ ਲਿਆਉਂਦੇ, ਜੇਕਰ ਅਸੀਂ ਉਹਨਾਂ ਨੂੰ ਰਸੋਈ ਦੇ ਨੀਰਸ ਵਾਤਾਵਰਣ ਚੋਂ ਬਾਹਰ ਨਹੀਂ ਲਿਆਉਂਦੇ ਤਾਂ ਅਸਲੀ ਆਜ਼ਾਦੀ ਪ੍ਰਾਪਤੀ ਕਰਨਾ ਇਕਦਮ ਅਸੰਭਵ ਹੈ; ਸਮਾਜਵਾਦ ਦੀ ਗੱਲ ਤਾਂ ਬਹੁਤ ਦੂਰ ਹੈ, ਜਮਹੂਰੀਅਤ ਸਥਾਪਤ ਕਰਨਾ ਵੀ ਸੰਭਵ ਨਹੀਂ ਹੈ।" ਪੰਜਾਬੀ ਦੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਨੇ ਆਪਣੇ ਮਹਾਂ ਕਾਵਿ ਲੂਣਾ ਵਿਚ, ਸਮਾਜ ਅੰਦਰ ਔਰਤਾਂ ਦੇ ਰੋਲ ਬਾਰੇ ਇਕ ਬੜੀ ਭਾਵਪੂਰਤ ਅਤੇ ਖੂਬਸੂਰਤ ਟਿੱਪਣੀ ਵਿਚ ਕਿਹਾ ਹੈ :

"ਧਰਤੀ 'ਤੇ ਜੋ ਕੁਝ ਸੁਹਣਾ ਹੈ,
ਉਸ ਦੇ ਪਿੱਛੇ ਨਾਰ ਅਵਸ਼ ਹੈ।
ਜੋ ਕੁਝ ਕਿਸੇ ਮਹਾਨ ਹੈ ਰਚਿਆ
ਉਸ ਵਿਚ ਨਾਰੀ ਦਾ ਹੀ ਹੱਥ ਹੈ।
ਨਾਰੀ ਆਪੇ ਨਾਰਾਇਣ ਹੈ,
ਹਰ ਮੱਥੇ ਦੀ ਤੀਜੀ ਅੱਖ ਹੈ।
ਨਾਰੀ ਧਰਤੀ ਦੀ ਕਵਿਤਾ ਹੈ,
ਕੁੱਲ ਭਵਿੱਖ ਨਾਰੀ ਦੇ ਹੱਥ ਹੈ।

ਇਸ ਲਈ ਸਾਡਾ ਇਹ ਇਕ ਪਵਿੱਤਰ ਕਾਰਜ ਹੈ ਕਿ ਅਸੀਂ ਪਹਿਲ ਦੇ ਆਧਾਰ 'ਤੇ ਔਰਤਾਂ ਨੂੰ ਚੇਤਨ ਤੇ ਜਥੇਬੰਦ ਕਰਨ ਵਿਚ ਪੂਰੀ ਤਨਦੇਹੀ ਨਾਲ ਉਹਨਾਂ ਦੀ ਮਦਦ ਕਰੀਏ ਅਤੇ ਹਰ ਤਰ੍ਹਾਂ ਦੀ ਬੇਇਨਸਾਫੀ ਤੇ ਧੱਕੇਸ਼ਾਹੀ ਵਿਰੁੱਧ ਉਹਨਾਂ ਦੇ ਹਰ ਘੋਲ ਨੂੰ ਪੂਰਾ ਸਮਰੱਥਨ ਵੀ ਦੇਈਏ। ਇਸ ਨਾਲ ਹੀ ਸਾਡੇ ਸਮਾਜ ਦੀ ਬਿਹਤਰੀ ਤੇ ਪ੍ਰਗਤੀ ਹੋਵੇਗੀ।


Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

ਨਾਵਲਕਾਰ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਤੇ ਵਿਚਾਰਾਂ ਦੀ ਪ੍ਰਸੰਗਿਕਤਾ ਬਾਰੇ ਭਾਵੇਂ ਕਿੰਨੇ ਵੀ ਸਵਾਲ ਕਿਉਂ ਨਾ ਉਠਾਏ ਜਾਂਦੇ ਹੋਣ, ਉਸ ਦੀ ਹਰਮਨ ਪਿਆਰਤਾ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਕਿਸੇ ਸਮੇਂ, ਜਦੋਂ ਉਸਦੇ ਨਾਵਲ 'ਰਾਤੀ ਬਾਕੀ ਹੈ' ਅਤੇ 'ਪੂਰਨਮਾਸ਼ੀ' ਪ੍ਰਕਾਸ਼ਿਤ ਹੋਏ, ਉਹ ਪੰਜਾਬੀ ਪਾਠਕਾਂ ਦੇ ਮਨਾਂ ਉਪਰ ਬੜੀ ਮਜ਼ਬੂਤ ਪਕੜ ਬਣਾ ਗਿਆ ਸੀ ਤੇ ਉਨ੍ਹਾਂ ਦੀ ਸੋਚ ਨੂੰ ਤਿੱਖੀ ਸਮਾਜਿਕ ਤਬਦੀਲੀ ਦੀ ਸਾਣ 'ਤੇ ਲਾਉਣ ਲੱਗ ਪਿਆ ਸੀ। ਦਰਅਸਲ, ਜਸਵੰਤ ਸਿੰਘ ਕੰਵਲ ਦੀ ਇਕ ਹਰਮਨ ਪਿਆਰੇ ਲੇਖਕ ਵਜੋਂ ਸਫਲਤਾ ਦਾ ਰਾਜ ਉਸ ਦੀ 'ਲੋਕ ਮਨ' ਨੂੰ ਸਮਝਣ ਦੀ ਸਮਰੱਥਾ ਵਿਚ ਨਜ਼ਰ ਆਉਂਦਾ ਹੈ। ਪੰਜਾਬੀ ਲੋਕ ਜੀਵਨ ਇਕ ਵਿਸ਼ੇਸ਼ ਪੜਾਅ ਤਕ ਕੰਵਲ ਦੀ ਪਕੜ ਵਿਚ ਰਹਿੰਦਾ ਹੈ, ਉਹ ਇਸ ਦੇ ਆਸ ਪਾਸ ਵਿਚਰਦਾ ਹੈ ਤੇ ਇਸ ਨੂੰ ਕਈ ਢੰਗਾਂ ਨਾਲ ਅਗਵਾਈ ਦਿੰਦਾ ਹੈ, ਸਰਗਰਮ ਲੇਖਕ ਦੇ ਨਾਲ ਨਾਲ ਸਰਗਰਮ ਸਰਪੰਚ ਵੀ ਬਣਦਾ ਹੈ, ਉਸ ਦੇ ਨਾਂ ਅਤੇ ਉਸ ਦੀ ਪਹੁੰਚ ਦਾ ਉਸ ਦੇ ਪਿੰਡ ਢੁੱਡੀਕੇ (ਮੋਗਾ) ਨੂੰ ਭਰਪੂਰ ਲਾਭ ਹਾਸਲ ਹੁੰਦਾ ਹੈ। ਪਰ ਇਸੇ ਦੌਰਾਨ ਜਦੋਂ ਪੰਜਾਬ ਦਾ ਜੀਵਨ ਯਥਾਰਥ ਹਰ ਪੱਖੋਂ ਹੀ ਫੇਰ ਬਦਲ ਜਾਂਦਾ ਹੈ ਤਾਂ ਜਸਵੰਤ ਸਿੰਘ ਕੰਵਲ ਪੰਜਾਬੀ ਸਮਾਜ ਵਿਚ ਮਨਚਾਹੀਆਂ ਤਬਦੀਲੀਆਂ ਲਈ ਪਾਠਕਾਂ ਨੂੰ ਉਤਸ਼ਾਹਿਤ ਕਰਨ ਦੀ ਥਾਂ, ਅਜਿਹੀਆਂ ਤਬਦੀਲੀਆਂ ਦਾ ਰਾਹ ਰੋਕਣਾ ਚਾਹੁੰਦਾ ਹੈ ਜਿਹੜੀਆਂ ਅਟੱਲ ਹਨ ਤੇ ਸਮਾਜਿਕ ਵਿਕਾਸ ਦੇ ਨੇਮਾਂ ਅਨੁਸਾਰ ਹੀ ਵਾਪਰ ਰਹੀਆਂ ਹਨ, ਜਿਵੇਂ ਕਿ ਪੰਜਾਬੀਆਂ ਦਾ ਵਿਦੇਸੀਂ ਜਾ ਵਸਣਾ, ਪਰਵਾਸੀ ਮਜ਼ਦੂਰਾਂ ਦਾ ਚੋਖੀ ਗਿਣਤੀ ਵਿਚ ਪੰਜਾਬ ਆ ਜਾਣਾ ਆਦਿ। ਪਹਿਲੇ ਦੌਰ ਦਾ ਜਸਵੰਤ ਸਿੰਘ ਕੰਵਲ ਜੇਕਰ ਸਭ ਤੋਂ ਹਰਮਨ ਪਿਆਰਾ ਲੇਖਕ ਸੀ ਤਾਂ ਦੂਜੇ ਦੌਰ ਦਾ ਜਸਵੰਤ ਸਿੰਘ ਕੰਵਲ ਸਭ ਤੋਂ ਵੱਧ ਵਿਵਾਦਗ੍ਰਸਤ ਲੇਖਕ ਹੈ। ਬਜ਼ੁਰਗਵਾਰ ਲੇਖਕ ਦੀ ਸ਼ੈਲੀ ਬੜੀ ਸ਼ਾਨਦਾਰ ਹੈ, ਪਿੰਡ ਨਾਲ ਪੂਰੀ ਤਰ੍ਹਾਂ ਇਕ-ਸੁਰ। 'ਹੁਣ' ਦੇ ਬਾਨੀ ਸੰਪਾਦਕ *ਅਵਤਾਰ ਜੰਡਿਆਲਵੀ* ਅਤੇ ਸੰਪਾਦਕ *ਸੁਸ਼ੀਲ ਦੁਸਾਂਝ* ਵਲੋਂ 2011 ਵਿਚ ਕੀਤੀ ਗਈ ਇਹ ਮੁਲਾਕਾਤ 'ਨਵੀਂ ਦੁਨੀਆ' ਦੇ ਪਠਾਕਾਂ ਦੀ ਨਜ਼ਰ ਹੈ। ਇਸ ਲੰਮੀ ਮੁਲਾਕਾਤ ਨੂੰ ਤਿੰਨ ਕਿਸ਼ਤਾਂ 'ਚ ਛਾਪਿਆ ਜਾਵੇਗਾ। ਪਹਿਲੀ ਕਿਸ਼ਤ ਇਸ ਵਾਰ ਪੜ੍ਹੋ। -ਸੰਪਾਦਕ

# ਮੈਂ ਸਦਾ ਮਨੁੱਖਤਾ ਦੇ ਭਲੇ ਦਾ ਮੋਰਚਾ ਮੱਲਿਐ

**ਜਸਵੰਤ ਸਿੰਘ ਕੰਵਲ**



## ਥੋੜ੍ਹੀ ਜਿਹੀ ਰਾਤ

ਸਵਾਲ - ਬਹੁਤ ਸਾਲ ਪਹਿਲਾਂ ਦੀ ਗੱਲ ਹੈ, ਤੁਸੀਂ ਸਟੇਜਾਂ ਤੋਂ ਤਰੱਨੁਮ ਵਿਚ ਗਾਉਂਦੇ ਹੁੰਦੇ ਸੀ, ਜੀਹਦਾ ਪਹਿਲਾ ਸ਼ੇਅਰ ਇਹ ਸੀ :-

ਨਾ ਕਰ ਗਿਲਾ ਸੱਜਨੀ, ਗਮਾਂ ਦੀ ਇਹ ਰਾਤ ਥੋੜ੍ਹੀ ਹੈ,
ਮੇਰੇ ਜ਼ਖ਼ਮਾਂ ਨੇ ਤੱਕ ਉਠ ਕੇ ਸਮੇਂ ਦੀ ਵਾਗ ਮੋੜੀ ਹੈ।

ਏਨੇ ਸਾਲ ਗੁਜ਼ਰ ਜਾਣ ਬਾਅਦ ਕੀ ਤੁਹਾਨੂੰ ਹੁਣ ਇਹ ਹੈਰਾਨੀ ਨਹੀਂ ਹੁੰਦੀ ਕਿ ਥੋੜ੍ਹੀ ਜਿਹੀ ਰਾਤ ਵੀ ਗੁਜ਼ਰਨ ਵਿਚ ਹੀ ਨਹੀਂ ਆਉਂਦੀ ?

ਕੰਵਲ - ਤੁਸੀਂ ਠੀਕ ਕਹਿੰਦੇ ਹੋ, ਪਰ ਜ਼ਿੰਦਗੀ ਨੂੰ ਮੋੜਾਂ ਘੋੜਾਂ ਵਿਚ ਡਿੱਗੀ-ਢੱਠੀ ਵੀ ਨਹੀਂ ਰਹਿਣ ਦੇਣਾ ਚਾਹੀਦਾ। ਉਮਰ ਦਾ ਪੰਧ ਬਹੁਤ ਲੰਮਾ ਹੈ। ਮਨੁੱਖ ਦਿਲ ਢਾਹੇਗਾ ਤਾਂ ਪੰਧ ਹੋਰ ਹੋਰ ਲੰਮਾ ਹੁੰਦਾ ਜਾਵੇਗਾ। ਦੁੱਖਾਂ ਦੀਆਂ ਹਨ੍ਹੇਰੀਆਂ ਆਉਂਦੀਆਂ ਹਨ : ਬੜਾ ਕੁਝ ਢਾਹ-ਢੇਰੀ ਕਰ ਜਾਂਦੀਆਂ ਹਨ : ਪਰ ਮਨੁੱਖ ਨੇ ਔਖੇ ਪੰਧਾਂ ਅੱਗੇ ਢੇਰੀ ਨਹੀਂ ਢਾਹੀ, ਉਹ ਔਖੇ ਰਾਹਾਂ ਨੂੰ ਦਰੜਦਾ ਅੱਗੇ ਵਧਦਾ ਰਿਹਾ ਹੈ। ਔਖਿਆਈਆਂ ਮਨੁੱਖ ਨੂੰ ਵੰਗਾਰਦੀਆਂ ਰਹੀਆਂ ਹਨ ਪਰ ਉਸ ਨੇ ਦਿਲ ਨਹੀਂ ਹਾਰਿਆ, ਜ਼ਿੰਦਗੀ ਦੇ ਹਾਸਲ ਲਈ ਇਕ ਤੋਂ ਬਾਅਦ ਦੂਜੀ ਜਿੱਤ ਹਾਸਲ ਕਰਦਾ ਵਧਦਾ ਹੀ ਰਿਹਾ ਹੈ, ਕਮਜ਼ੋਰੀਆਂ ਨੂੰ ਦਲੇਰੀਆਂ ਵਿੱਚ ਬਦਲਦਾ ਰਿਹਾ ਹੈ। ਨਤੀਜਾ, ਜੰਗਲੀ ਦਰਖਤਾਂ ਤੋਂ ਉਤਰ ਅਤੇ ਖੱਡਾਂ - ਗਾਰਾਂ ਵਿਚੋਂ ਨਿਕਲ ਕੇ ਅੱਜ ਦੇ ਵਿਚ ਪਹੁੰਚ ਗਿਆ ਹੈ। ਅਸਲ ਗੱਲ ਮਾਛੀਵਾੜੇ ਵਿਚ ਵੀ ਲੋਕ ਮੁਕਤੀ ਬਾਰੇ ਆਸਵੰਦ ਰਹਿਣ ਦੀ ਹੈ।

## ਨਾਨਕ ਸਿੰਘ ਦੀ ਥਾਪੀ

ਸਵਾਲ - ਤੁਸਾਂ ਦੱਸਿਆ ਸੀ, ਤੁਹਾਡਾ 'ਪਾਲੀ' ਨਾਵਲ ਪੜ੍ਹ ਕੇ ਨਾਨਕ ਸਿੰਘ ਨੇ ਤੁਹਾਨੂੰ ਵਧਾਈ ਦਿੱਤੀ : ਉਹਨਾਂ ਕੀ ਸਲਾਹ ਦਿੱਤੀ ਤੁਹਾਨੂੰ ?

ਕੰਵਲ - ਗੱਲ ਦਰਅਸਲ ਇਉਂ ਹੋਈ, ਮੈਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿਚ ਉਦੋਂ ਨੱਬੇ ਰੁਪਏ ਮਹੀਨਾ ਤਨਖਾਹ ਉੱਤੇ ਮੁਲਾਜ਼ਮ ਸਾਂ। ਉੱਥੇ ਹੀ ਮੈਂ ਪਾਲੀ ਨਾਵਲ ਲਿਖਿਆ ਸੀ। ਇਕ ਮੇਰਾ ਮੂੰਹ-ਫੱਟ ਯਾਰ ਸੀ, ਉਸ ਬਜ਼ਾਰ ਜਾਂਦੇ ਸ੍ਰ. ਨਾਨਕ ਸਿੰਘ ਨੂੰ ਟਕੋਰ ਵਜੋਂ ਗੱਲ ਰੜਕਾਈ-''ਤੇਰਾ ਸ਼ਰੀਕ ਜੰਮ ਪਿਆ, ਜਸਵੰਤ ਸਿੰਘ ਕੰਵਲ, ਉਹਦਾ 'ਪਾਲੀ' ਨਾਵਲ ਪੜ੍ਹ ਲਵੀਂ।'' ਸਾਊ ਸ੍ਰ. ਨਾਨਕ ਸਿੰਘ ਨੇ ਉਸ ਬੜਬੋਲੇ ਨੂੰ ਕੋਈ ਮੋੜ ਨਾ ਦਿੱਤਾ ਤੇ ਮਾਈ ਸੇਵਾ ਬਜ਼ਾਰ ਵਿਚੋਂ ਨਾਵਲ ਲਿਆ ਤੇ ਪੜ੍ਹ ਕੇ ਸ਼੍ਰੋਮਣੀ ਕਮੇਟੀ ਦਫ਼ਤਰ ਮੈਨੂੰ ਮਿਲਣ ਆ ਗਏ। ਮੈਂ ਕੁਰਸੀ ਛੱਡ ਕੇ ਪੈਰੀਂ ਹੱਥ ਲਾਏ। ਉਹਨਾਂ ਮੈਨੂੰ ਸ਼ਾਬਾਸ਼ ਨਾਲ ਹੌਸਲਾ ਵੀ ਦਿੱਤਾ ਮੈਂ ਚਾਹ ਮੰਗਵਾ ਲਈ। ਉਹਨਾਂ ਖੁਸ਼ ਹੋ ਕੇ ਆਖਿਆ, ''ਬਈ ਕੰਵਲ, ਮੈਂ ਤੇਰਾ ਨਾਵਲ ਪਾਲੀ ਪੜ੍ਹਿਆ, ਮੈਨੂੰ ਚੰਗਾ ਲੱਗਾ, ਤੈਨੂੰ ਵਧਾਈ ਦੇਣ ਆ ਗਿਆ, ਬਹੁਤ ਖ਼ੂਬ ਪਰ ਇਕ ਗੱਲ ਸੁਣ, ਲਿਖਣਾ ਨਾ ਛੱਡੀਂ ਤੇ ਅਕਾਲੀਆਂ ਦੇ ਝਾਂਸਿਆਂ ਤੋਂ ਦੂਰ ਰਹੀਂ। ਤੇਰੀ ਵਾਰਤਕ ਖਿੱਚ ਪਾਊ ਐ।''

ਮੈਂ ਉੱਤਰ ਦਿੱਤਾ, 'ਨਹੀਂ, ਮੈਂ ਅਕਾਲੀ ਝਾਂਸਿਆ ਤੋਂ ਖ਼ਬਰਦਾਰ ਆਂ। ਵੇਦਾਂਤ ਤੇ ਮਾਰਕਸੀ ਵਿਚਾਰਾਂ ਨੂੰ ਥੋੜ੍ਹਾ ਬਹੁਤ ਮੂੰਹ ਮਾਰਿਆ ਹੈ। '' ਨਾਨਕ ਸਿੰਘ ਮੇਰੇ ਉੱਤਰ ਨਾਲ ਹੱਸ ਹੱਸ ਲੋਟ ਪੋਟ ਹੋ ਗਏ। ਸ੍ਰ. ਨਾਨਕ ਸਿੰਘ ਪਹਿਲੇ ਲੇਖਕ ਸਨ, ਜਿਹਨਾਂ ਆਪ ਸ਼੍ਰੋਮਣੀ ਕਮੇਟੀ ਦੇ ਦਫਤਰ ਆ ਕੇ ਮੈਨੂੰ ਸ਼ਾਬਾਸ਼ ਤੇ ਹੌਸਲਾ ਦਿੱਤਾ ਸੀ।

ਸਵਾਲ - ਇਹ ਨਾਵਲ ਤੁਹਾਨੂੰ ਕਿਵੇਂ ਸੁੱਝਿਆ ਤੇ ਕਿਵੇਂ ਲਿਖਿਆ?

ਕੰਵਲ - ਜਿਉਂਦੇ ਵਰਤਮਾਨ ਵਿਚ ਬੜਾ ਕੁਝ ਵਾਪਰਦਾ ਹੈ - ਮਨੁੱਖ ਜਿਸ ਤੋਂ ਪ੍ਰਭਾਵ ਕਬੂਲਦਾ ਹੈ, ਉਹ ਸਾਕਾਰ ਹੋ ਜਾਂਦਾ ਹੈ, ਇਹ ਕੁਝ ਵੀ ਇਕ ਸੁਸ਼ੀਲ ਕੁੜੀ ਨਾਲ ਵਾਪਰਿਆ ਤੇ ਮੇਰੇ ਦਿਲ ਨੇ ਅਸਰ ਕਬੂਲ ਕਰ ਲਿਆ। ਇਹ ਸਭ ਉਸ ਸੁਸ਼ੀਲ ਕੁੜੀ ਨੇ, ਪੁੱਛਣ 'ਤੇ ਆਪ ਸਭ ਕੁਝ ਦੱਸਿਆ ਤੇ ਮੈਂ ਪ੍ਰੇਰਿਆ ਗਿਆ। ਸਾਡੇ ਸਾਹਮਣੇ ਬੜਾ ਕੁਝ ਅਨਰਥ, ਆਏ ਦਿਨ ਵਾਪਰਦਾ ਹੀ ਰਹਿੰਦਾ ਹੈ, ਪਰ ਉਸ ਨੂੰ ਦੇਖ ਕੇ ਵੀ ਹਰ ਦਿਲ ਮਹਿਸੂਸ ਨਹੀਂ ਕਰਦਾ। ਮਹਿਸੂਸ ਕਰਨਾ, ਉਸ ਨੂੰ ਹੰਢਾਉਣਾ ਤੇ ਹੋਣੀਆਂ ਨਾਲ ਦੋ ਚਾਰ ਹੋਣਾ, ਕੁਝ ਇਕ ਮਨੁੱਖਾਂ ਦਾ ਫਰਜ਼ ਬਣ ਜਾਂਦਾ ਹੈ। ਜ਼ਿੰਦਗੀ ਦੀ ਵਿਗੜਦੀ ਲੀਹ ਨੂੰ ਸਾਰਥਕ ਰੱਖਣਾ, ਥੋੜ੍ਹਿਆਂ ਦੇ ਹਿੱਸੇ ਆਇਆ ਹੈ। ਉਹ ਵੀ ਜਿਹੜੇ ਜਬਰ ਨੂੰ ਬਰਦਾਸ਼ਤ ਨਾ ਕਰ ਸਕਣ। ਇਕ ਲੇਖਕ ਉਹਨਾਂ ਵਿਚੋਂ ਪਹਿਲਾਂ ਚੇਤਨ ਬੁੱਧ ਮਨੁੱਖ ਹੈ, ਜਿਹੜਾ ਸੁਚੱਜੀ ਕਾਰ ਸੇਵਾ ਲਈ ਅੱਗੇ ਆਉਂਦਾ ਹੈ। ਆਥਣ ਸਵੇਰ ਬੜਾ ਕੁਝ ਗਲਤ ਵਾਪਰਦਾ ਹੈ; ਪਰ ਉਸ ਨੂੰ ਚੇਤਨ ਬੁੱਧ ਮਨੁੱਖ ਹੀ ਮਹਿਸੂਸ ਕਰਦਾ ਹੈ ਤੇ ਸਾਰਥਿਕ ਕਰਨ ਲਈ ਹੰਭਲਾ ਮਾਰਨ ਦੀ ਜੁਰੱਅਤ ਕਰਦਾ ਹੈ। ਦੁਖਾਂਤ ਘਟਨਾਵਾਂ ਪ੍ਰੇਰਨਾ ਦੇਂਦੀਆਂ ਹਨ ਤੇ ਚੇਤਨ ਬੁੱਧ ਪੁਰਸ਼ ਪ੍ਰਭਾਵ ਕਬੂਲ ਕੇ ਲਿਖ ਜਾਂਦੇ ਹਨ। ਅਨਿਆਂ ਤੇ ਜਬਰ ਹਰੇਕ ਨੂੰ ਝੰਜੋੜਦਾ ਹੈ। ਪਰ ਉਹਦੇ ਵਿਰੋਧ ਵਿਚ ਦੋ ਹੀ ਸੂਰਮੇ ਉਠਦੇ ਹਨ। ਇਕ ਹਥਿਆਰ ਚੁੱਕਦਾ ਹੈ ਤੇ ਦੂਜਾ ਕਲਮ। ਹਥਿਆਰਬੰਦ ਸੂਰਮਾ ਬਰਦਾਸ਼ਤ ਨਾ ਕਰਦਾ ਜਜ਼ਬਾਤੀ ਕਾਹਲੀ ਵਿਚ ਮਰਦਾ ਮਾਰਦਾ ਹੈ ਤੇ ਲੇਖਕ ਜ਼ੁਲਮ ਤੇ ਅਨਿਆਂ ਨੂੰ ਹਮੇਸ਼ਾ ਲਈ ਖ਼ਤਮ ਕਰਨ ਦੀ ਪ੍ਰੇਰਨਾ ਦੇਂਦਾ ਹੈ। ਇਤਿਹਾਸ ਇਹਨਾਂ ਦੋਹਾਂ ਨੂੰ ਜੱਗ ਜਿਊਂਦੇ ਕਰਦਾ ਹੈ।

ਸਵਾਲ - ਕੌਣ ਸੀ ਉਹ ਸੁਸ਼ੀਲ ਕੁੜੀ?

ਕੰਵਲ - ਉਹ ਇਕ ਸੱਚ ਸੀ; ਜਿਸ ਨੂੰ ਕਲਪਨਾ ਦੀ ਬੁਕਲ ਵਿਚ ਲੁਕਆ ਲਿਆ। ਸੱਚ ਨੂੰ ਨੰਗਾ ਕਰੋ, ਦੂਣ ਸਵਾਏ ਜ਼ਖਮ ਹੋਰ ਹੋਰ ਚੀਕਾਂ ਮਾਰ ਉਠਦੇ ਹਨ।

ਸਵਾਲ - ਤੁਸੀਂ ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਦੇ ਜੰਮਪਲ ਹੋ ਕੇ ਵੀ...?

ਕੰਵਲ - ਨਈਂ ਨਈਂ ਮੇਰਾ ਪਿੰਡ ਨਿੱਕਾ ਜਿਹਾ ਨਈਂ : ਏਥੇ ਤਿੰਨ ਕਾਲਜ ਤੇ ਚਾਰ ਸਕੂਲ ਚਲਦੇ ਐ। ਖੇਡਾਂ ਵਿੱਚ ਬੱਲੇ ਬੱਲੇ। ਫੀਰੋਜ਼ਪੁਰ ਡਵੀਜ਼ਨ ਵਿਚ ਸਭ ਤੋਂ ਪਹਿਲਾਂ ਖੇਡ ਸਟੇਡੀਅਮ ਅਸਾਂ ਬਣਾਇਆ ਸੀ। ਦੇਸ਼ ਦੀ ਅਜ਼ਾਦੀ ਦੇ ਯੋਧੇ ਫਾਂਸੀਆਂ ਚੜ੍ਹਨ ਵਾਲੇ ਤੇ ਕਾਲੇਪਾਣੀ ਜਾਣ ਵਾਲੇ ਬਹਾਦਰ ਸੂਰਮੇ ਵੀ ਹੋਏ ਐ। ਲਾਜਪਤ ਰਾਏ ਸਾਡੇ ਪਿੰਡ ਜਨਮਿਆ ਸੀ। ਲੜਨ ਭਿੜਨ ਵਾਲੇ ਵੈਲੀਆਂ ਦਾ ਵੀ ਅੰਤ ਨਹੀਂ। ਬੜੇ ਕਤਲ ਹੋਏ ਤੇ ਫਾਂਸੀਆਂ ਲੱਗੇ। ਸਿਆਸੀ ਪਲਟਾ ਆਇਆ ਗ਼ਦਰ ਪਾਰਟੀ ਦੀਆਂ ਕੁਰਬਾਨੀਆਂ ਸਦਕਾ। ਸਾਡੇ ਢੁੱਡੀਕੇ ਤੇ ਨੇੜਲੇ ਚੂਹੜਚੱਕ ਪਿੰਡ ਉੱਤੇ ਨੌਂ ਵਰ੍ਹੇ, ਤਾਜ਼ੀਰੀ ਚੌਕੀ ਸਰ ਸਕੰਦਰ ਹਯਾਤ ਵੱਡੇ ਵਜ਼ੀਰ ਪੰਜਾਬ ਨੇ ਠੋਕੀ ਰੱਖੀ, ਜਿਹੜੀ ਦੇਸ਼ ਆਜ਼ਾਦ ਹੋਣ ਸਮੇਂ ਹੀ ਚੁੱਕੀ ਗਈ। ਇਸ ਪਿੰਡ ਤੇ ਬੜੇ ਝੱਖੜ ਹਨੇਰੀਆਂ ਝੁੱਲੀਆਂ। ਆਜ਼ਾਦੀ ਆ ਜਾਣ 'ਤੇ ਪਿੰਡ ਨੂੰ ਉਸਾਰੂ ਮੋੜ ਦੇਣ ਵਾਸਤੇ ਮੈਂ ਨੌਜਵਾਨ ਮੁੰਡਿਆਂ ਦੀ ਇਕ ਸਭਾ ਬਣਾਈ ਤੇ ਲਾਜਪਤ ਰਾਏ ਤੇ ਗ਼ਦਰੀ ਬਾਬਿਆਂ ਦੇ ਨਾਂ 'ਤੇ ਮੇਲਾ ਲਾਇਆ। ਉਸ ਮੇਲੇ ਤੇ ਮੈਂ ਦੁਆਬੀਏ ਸ੍ਰ. ਦਰਬਾਰਾ ਸਿੰਘ ਵਜ਼ੀਰ ਨੂੰ ਬੁਲਾਇਆ। ਉਹ ਨਾਲ ਦੋ ਹੋਰ ਵਜ਼ੀਰਾਂ ਨੂੰ ਲੈ ਆਇਆ। ਉਸ ਮੇਲੇ ਤੋਂ ਅਸਾਂ ਜੀ.ਟੀ.ਰੋਡ ਤੱਕ ਪੱਕੀ ਸੜਕ ਬਣਵਾ ਲਈ। ਫਿਰ ਲਾਜਪਤ ਰਾਇ ਯਾਦਗਾਰ ਕਮੇਟੀ ਖੜ੍ਹੀ ਕਰ ਲਈ। ਉਸ ਕਮੇਟੀ ਦਾ ਪ੍ਰਧਾਨ ਬਣਨਾ ਲਾਲ ਬਹਾਦਰ ਸ਼ਾਸਤਰੀ ਨੇ ਮੰਨ ਲਿਆ। ਲਾਜਪਤ ਰਾਏ ਦੀ ਸ਼ਤਾਬਦੀ ਆਈ ਤਾਂ ਅਸਾਂ ਭਾਰਤ ਦੇ ਪਹਿਲੇ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੂੰ ਬੁਲਾਇਆ ਤੇ ਲਾਜਪਤ ਰਾਏ ਕਾਲਜ ਦਾ ਐਲਾਨ ਕਰਵਾ ਲਿਆ। ਵਾਟਰ ਵਰਕਸ ਤੇ ਪ੍ਰਾਇਮਰੀ ਹੈਲਥ ਸੈਂਟਰ ਪਹਿਲਾਂ ਹੀ ਬਣ ਚੁੱਕੇ ਸਨ। ਇਹ ਸਾਰਾ ਕੁਝ ਮੈਂ 15 ਸਾਲ ਪੰਚਾਇਤ ਹੱਥ ਵਿਚ ਲੈ ਕੇ ਸਿਰੇ ਚਾੜ੍ਹਿਆ। ਬੀ.ਐਸ ਸੀ. ਤੱਕ ਕਾਲਜ ਬਣਾਉਣ ਸਮੇਂ ਲਾਜਪਤ ਕਮੇਟੀ ਵਾਲਿਆਂ ਥੋੜ੍ਹਾ ਰੌਲਾ ਪਾਇਆ। ਪਰ ਮੈਂ ਲਾਮਬੰਦ ਕਰਕੇ ਆਲੇ ਦੁਆਲੇ ਦੇ ਪਿੰਡਾਂ ਨੂੰ ਮੀਟਿੰਗ ਵਾਲੇ ਦਿਨ ਚਾੜ੍ਹ ਲਿਆਂਦਾ। ਆਲਾ ਦੁਆਲਾ ਕਾਲਜ ਦੇ ਨਾਂ ਦੇ ਹੁੰਮ ਹੁੰਮਾ ਕੇ ਨਾਅਰੇ ਮਾਰਦਾ ਚੜ੍ਹ ਆਇਆ। ਲਾਜਪਤ ਰਾਏ ਕਮੇਟੀ ਨੂੰ ਕਾਲਜ ਦਾ ਮਤਾ ਮਜਬੂਰੀ ਮੂੰਹ ਪਾਸ ਕਰਨਾ ਪੈ ਗਿਆ। ਰਾਸ਼ਟਰਪਤੀ ਦੇ ਢੁੱਡੀਕੇ ਆਉਣ ਨਾਲ ਸ਼ਰਧਾ, ਬਣੀਆਂ ਕਮੇਟੀਆਂ ਤੋਂ ਝੱਲੀ ਨਾ ਜਾਵੇ, ਮੈਂ ਤੇ ਮੇਰੇ ਸਾਥੀਆਂ ਸ਼ੁਕਰ ਮਨਾਇਆ ਕਿ ਕਾਲਜ ਪੱਕੇ ਪੈਰੀਂ ਹੋ ਗਿਆ। ਮੈਂ ਪਿੰਡ ਨੂੰ ਪਾਟਣ ਨਹੀਂ ਦਿੱਤਾ ਸੀ ਅਤੇ ਸ਼ਹਿਰ ਵਾਲੀਆਂ ਸਾਰੀਆਂ ਸਹੂਲਤਾਂ ਕਾਇਮ ਕਰਵਾ ਲਈਆਂ। ਇਹ ਇਸ ਕਰਕੇ ਹੋਇਆ, ਅਕਾਲੀ ਕਾਂਗਰਸੀ ਤੇ ਕਮਿਊਨਿਸਟਾਂ ਨੂੰ ਪਿੰਡ ਦੇ ਸਾਂਝੇ ਭਲੇ ਲਈ ਇਕ ਥਾਂ ਜੋੜੀ ਰੱਖਿਆ। ਮੈਂ ਮੁੱਢ ਤੋਂ ਹੁਸ਼ਿਆਰ ਰਿਹਾ ਸਾਂ। ਰਾਜਸੀ ਪਾਰਟੀਆਂ ਦੇ ਬਰਾਬਰ ਸਾਧਾਂ ਸੰਤਾਂ ਤੇ ਵੈਲੀ ਲਾਣੇ ਨੂੰ ਲੋਕਾਂ ਦੇ ਹਿੱਤਾਂ ਲਈ ਨਾਲ ਜੋੜੀ ਰੱਖਿਆ ਸੀ। ਫਿਰ ਮੈਂ ਪੰਚਾਇਤ ਦੀ ਸਰਦਾਰੀ ਛੱਡ ਕੇ ਪੁਰਾਣੇ ਸਾਹਿਤਕ ਪੈਂਤੜੇ 'ਤੇ ਆ ਗਿਆ।

ਸਵਾਲ - ਤੁਸੀਂ ਅਪਣੇ ਪਿੰਡ ਦੇ ਗ਼ਦਰੀ ਬਾਬਿਆਂ ਦਾ ਜ਼ਿਕਰ ਛੇੜਿਆ ਹੈ ਤਾਂ ਦੱਸੋ ਕਿਹੋ ਜਿਹੇ ਸਨ ਇਹ ਬਾਬੇ।

ਕੰਵਲ -"ਵੇਹਣ ਪਾਏ ਦਰਿਆ ਨਾਹੀ ਕਦੇ ਮੁੜਦੇ;
ਲੋਕੀ ਲਾ ਥਕੇ ਜ਼ੋਰ-ਜ਼ਾਰੀਆਂ ਨੀ - ਵਾਰਸ।"

ਉਹ ਵਤਨ ਦੀ ਆਜ਼ਾਦੀ ਦੀ ਹਿੰਡ ਵਿਚ ਸਿੱਧੇ ਫਾਂਸੀਆਂ ਤੇ ਕਾਲੇ ਪਾਣੀਆਂ ਨੂੰ ਗਏ। ਉਹ ਛਾਲਾਂ ਮਾਰਦੇ ਫਾਂਸੀਆਂ ਦੇ ਤਖਤੇ ਤੋੜਨ ਤਕ ਨਿਤਰੇ।

## ਅਲਜਬਰੇ ਦੀ ਦਲਦਲ

ਸਵਾਲ - ਕਿਹੋ ਜਿਹੇ ਸੀ ਤੁਸੀਂ ਬਚਪਨ ਵਿੱਚ ? ਚੁਸਤ ਢਿੱਲੜ, ਸ਼ਰਾਰਤੀ ਜਾਂ ਸੋਚਾਂ ਵਿਚ ਡੁੱਬੇ ਰਹਿਣ ਵਾਲੇ ?

ਕੰਵਲ - ਮੈਂ ਢਿੱਲੜ ਪਹਿਲਾਂ ਤੋਂ ਹੀ ਨਹੀਂ ਸਾਂ। ਸਾਡੇ ਪਿੰਡ ਤੀਆਂ ਭਰਵੀਆਂ ਲਗਦੀਆਂ ਸਨ। ਦੋ ਅਗਵਾੜਾਂ ਦੀਆਂ ਕੁੜੀਆਂ ਚਿੜੀਆਂ ਰਲ ਕੇ ਗਿੱਧਾ ਪਾਉਂਦੀਆਂ ਤੇ ਜੋਟੀਆਂ ਬਣਾ ਕੇ ਨੱਚਦੀਆਂ। ਅਸੀਂ ਦੋਹਾਂ ਪੱਤੀਆਂ ਦੇ ਮੁੰਡੇ ਨਿੱਤ ਲੜਦੇ ਘੁਲਦੇ ਸਾਂ। ਸੱਟਾਂ ਲੱਗਦੀਆਂ, ਕਈ ਵਾਰ ਲੰਙੇ ਵੀ ਹੋ ਜਾਂਦੇ ਸਾਂ। ਛੋਟੇ ਹੁੰਦਿਆਂ ਦੀਆਂ ਖੇਡਾਂ ਵੀ ਚਲਦੀਆਂ ਸਨ ਤੇ ਕੁੱਟ ਕੁਟੱਈਆ ਵੀ ਹੁੰਦਾ ਸੀ, ਪਰ ਘਰ ਜਾ ਕੇ ਕੋਈ ਨਹੀਂ ਦੱਸਦਾ ਸੀ। ਦੱਸਿਆਂ ਘਰੋਂ ਵੀ ਕੁੱਟ ਪੈਂਦੀ ਸੀ। ਖਰਬੂਜੇ ਤੋੜਨ ਤੇ ਗੰਨੇ ਪੁੱਟਣ, ਟਿਕੀ ਰਾਤ ਤੋਂ ਬਾਹਰ ਅਪਣੇ ਹੀ ਚਾਚੇ ਤਾਏ ਦੇ ਖੇਤਾਂ ਨੂੰ ਜਾ ਪੈਂਦੇ ਸਾਂ। ਕਈ ਵਾਰ ਪੈਂਦੜ ਪੈ ਜਾਂਦੇ, ਕੁੱਟ ਖਾਂਦੇ, ਲਕੀਰਾਂ ਕਢਦੇ। ਘਰਦਿਆਂ ਨੂੰ ਪਤਾ ਲਗਦਾ ਤਾਂ ਦੋਹਰੀ ਕੁੱਟ ਪੈਂਦੀ। ਪਰ ਅਸੀਂ ਸਾਂ, ਚਿੱਤੜਾਂ 'ਤੇ ਹੱਥ ਮਾਰਦੇ, ''ਦੋ ਪਈਆਂ ਵਿਸਰ ਗਈਆਂ, ਸਦਕੇ ਮੇਰੀ ਢੂਈ ਦੇ।'' ਮੱਝੀਆਂ ਵੀ ਚਾਰੀਆਂ, ਛੱਪੜਾਂ ਵਿੱਚ ਪੁੱਠੀਆਂ ਸਿੱਧੀਆਂ ਤਾਰੀਆਂ ਵੀ ਲਾਈਆਂ। ਰਾਤਾਂ ਨੂੰ ਸੌਣ ਤੋਂ ਪਹਿਲਾਂ ਖਾਨਾ ਘੋੜ ਤੇ ਸ਼ੱਕਰ ਭਿੱਜੀ ਖੇਡਦੇ ਤੇ ਉਸ ਤਰ੍ਹਾਂ ਹੀ ਲਿਬੜੇ ਤਿਬੜੇ ਰਜਾਈਆਂ ਨਿੱਘੀਆਂ ਆ ਕਰਦੇ। ਮੇਰੇ ਯਾਰ ਬੁੱਧੂ ਜੁਲਾਹਾ, ਮਹਿੰਗਾ ਤੇਲੀ, ਸਰਾਜ ਮਰਾਸੀ ਅਤੇ ਹੋਰ ਪਾਕਿਸਤਾਨ ਬਣਨ ਵੇਲੇ ਓਧਰ ਚਲੇ ਗਏ। ਪਿੰਡ ਅਸਲੋਂ ਵੀਰਾਨ ਹੋ ਗਿਆ। ਹੁਣ ਨਾ ਉਹ ਰਾਤਾਂ ਰਹੀਆਂ ਨਾ ਦਿਨ। ਇਉਂ ਲਗਦਾ ਏ, ਜਿਵੇਂ ਪੰਜਾਬ ਦੇ ਪਿੰਡਾਂ ਵਿਚ ਹਾਅੜ ਬੋਲ ਗਿਆ ਹੋਵੇ। ਪੜ੍ਹਦਿਆਂ ਇਲਤਾਂ

ਨਵੀਂ ਦੁਨੀਆ



ਘਰ ਦੇ ਸਭ ਤੋਂ ਛੋਟੇ ਜੀਅ ਅਪਣੀ ਪੜਪੋਤੀ ਅਮਾਨਤ ਨਾਲ – 2010

ਕਰਕੇ ਵੀਹ ਵਾਰੀ ਕੁੱਟ ਖਾਧੀ। ਫੇਲ੍ਹ ਤਾਂ ਨਾ ਹੋਇਆ, ਪਰ ਸਦਾ ਮਿਡ ਆਕਰ ਹੀ ਰਿਹਾ। ਦਸਵੀਂ 'ਚ ਆ ਕੇ ਗੱਡਾ ਅਲਜਬਰੇ ਦੀ ਦਲਦਲ ਵਿਚ ਚੱਜ ਨਾਲ ਹੀ ਖੁੱਭ ਗਿਆ ਤੇ ਯਾਰ ਲੋਕ ਪੜ੍ਹਾਈ ਛੱਡ, ਪਾਣੀ ਵਾਲੇ ਜਹਾਜ਼ ਚੜ ਕੇ ਮਲਾਇਆ ਦੇ ਉੱਤਰੀ ਜੰਗਲਾਂ ਵਿੱਚ ਜਾਗਾ ਕਰਨ ਜਾ ਲੱਗੇ। ਉਦੋਂ ਵਹਿਣ ਤਾਂ ਬੜੇ ਵਿਹਾਏ, ਪਰ ਰਾਸ ਕੋਈ ਨਾ ਆਇਆ, ਆਲਮੀ ਮੰਦਵਾੜਾ ਪੁੱਜ ਕੇ ਸੀ। ਤਨਖਾਹ ਪੰਦਰਾਂ ਡਾਲੇ ਤੇ ਮਲਾਇਆ ਦਾ ਡਾਲਾ ਇਕ ਰੁਪਈਆਂ ਨੌਂ ਆਨੇ ਦਾ। ਇਹ ਗੱਲ ਸੰਨ ਛੱਤੀ ਸੈਂਤੀ ਦੀ ਸੀ, ਪੁੱਜ ਕੇ ਮੰਦਵਾੜਾ। ਉਦੋਂ ਮੈਂ ਉੱਚਾ ਲੰਮਾ ਸੁਹਣਾ ਸੁਨੱਖਾ ਸਾਂ। ਦੋ ਮਲਾਇਨਾਂ ਹੱਥ ਵਧਾਏ। ਨਾਲ ਦੇ ਦੋ ਸਾਥੀਆਂ ਕੰਨ ਖਿਚੇ-''ਸਾਲਿਆ! ਪਹਿਲਾਂ ਸੁੰਨਤ ਕਰਾਉਣਗੀਆਂ। ਉਹਨਾਂ ਤੋਂ ਬਚਿਆ ਚੀਨੀ ਕੁੜੀ ਆਖੇ ਪਿੰਡ ਨੂੰ ਨਾ ਜਾਹ, ਏਥੇ ਰਹਿ, ਮੈਂ ਤੇਰੇ ਨਾਲ ਵਿਆਹ ਕਰਾਵਾਂਗੀ। ''ਮੈਂ ਕਿਹਾ ਨਾਲ ਪੰਜਾਬ ਚਲ, ਉੱਥੇ ਵਿਆਹ ਕਰਵਾ ਲਵਾਂਗੇ। ਉਹਦੀ ਜ਼ਿਦ, ਏਥੇ ਰਹਿ, ਤੇਰੇ ਨਾਲ ਨਹੀਂ ਜਾਣਾ। ਮੈਂ ਵੀ ਜਵਾਬ ਦੇ ਦਿੱਤਾ, ''ਮੈਂ ਤੁਹਾਡੇ ਸੂਰ ਨਹੀਂ ਚਾਰਨੇ। '' ਬਸ ਯਾਰਾਂ ਉੱਤਰੀ ਮਲਾਇਆ ਦੇ ਜੰਗਲ ਤਿਆਗ ਦਿੱਤੇ। ਉਹ ਕਿਹੜੀ ਗਲੀ, ਜਿੱਥੇ ਫੱਤੋ ਨਹੀਂ ਖਲੀ। ਜਿਹਾ ਗਿਆ ਸੀ, ਮੰਦੇ ਭਾਵਾਂ ਵਿਚ ਤਿੰਨ ਸਾਲਾਂ ਪਿਛੋਂ ਉਸ ਤਰ੍ਹਾਂ ਦਾ ਹੀ ਨੰਗ ਮਲੰਗ ਘਰ ਵਾਪਸ ਆ ਗਿਆ। ਇਕ ਗੱਲ ਚੰਗੀ ਰਹੀ, ਘਰਦਿਆਂ ਸਿੰਙ ਨਹੀਂ ਚੋਪੜੇ। ਇਕੋ ਖੱਟੀ, ਖੱਟੀ, ਲਿਖਣ ਦੀ ਚੇਟਕ ਓਥੋਂ ਲੈ ਆਇਆ। ਇਸ ਨੂੰ ਕਮਾਈ ਸਮਝ ਲਵੋ ਜਾਂ ਰੂਹ ਦੀ ਸ਼ਾਂਤੀ।

ਸਵਾਲ - ਤੁਹਾਡੇ ਮਾਤਾ ਪਿਤਾ ਦਾ ਤੁਹਾਡੇ ਨਾਲ ਵਤੀਰਾ ਕਿਹੋ ਜਿਹਾ ਸੀ। ਤੁਹਾਡੀਆਂ ਉਨ੍ਹਾਂ ਨਾਲ ਦਿਲ ਦੀਆਂ ਲਾ ਕੇ ਰੱਖਣ ਵਾਲੀਆਂ ਯਾਦਾਂ ਕਿਹੜੀਆਂ ਹਨ ?

ਕੰਵਲ - ਮੈਂ ਪੰਜ ਸਾਲ ਦਾ ਸਾਂ, ਜਦੋਂ ਮੇਰਾ ਬਾਪ ਮੋਹਰਕਾ ਤਾਪ ਨਾਲ ਚੜ੍ਹਾਈ ਕਰ ਗਿਆ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਹਾੜ੍ਹੀ ਦੀ ਰੁੱਤ ਵਿੱਚ ਵੱਡੀ ਕਿੱਕਰ ਵਾਲੇ ਖੇਤ, ਪਹਿਲਾਂ ਆਏ ਛੋਲੇ ਵੱਢ ਰਹੇ ਸਾਂ। ਉੱਥੇ ਮੇਰੇ ਬਾਪ, ਜਿਹਨੂੰ ਅਸੀਂ ਬਾਈ ਆਖਦੇ ਸਾਂ, ਨੂੰ ਬੁਖਾਰ ਚੜ੍ਹਿਆ ਸੀ। ਮੈਂ ਤੇ ਮੇਰਾ ਬਾਪ ਘੋੜੀ 'ਤੇ ਚੜ੍ਹ ਕੇ ਘਰ ਆਏ ਸਾਂ। ਬੜਾ ਭੈੜਾ ਮੋਹਰਕਾ ਤਾਪ ਉਸ ਨੂੰ ਪੰਜ ਦਿਨ ਚੜ੍ਹਿਆ ਤੇ ਵੈਦਾਂ ਹਕੀਮਾਂ ਦੀਆਂ ਨਬਜ਼ਾਂ ਫੜੀਆਂ ਹੀ ਰਹਿ ਗਈਆਂ। ਸਾਰੇ ਪਿੰਡ ਵਿੱਚ ਦੋਹਾਈ ਫਿਰ ਗਈ। ਨੰਬਰਦਾਰ ਹੋਣ ਕਰਕੇ ਮੇਰਾ ਬਾਪ ਪਿੰਡ ਦੇ ਲੋਕਾਂ ਦਾ ਹਮਦਰਦ ਸੀ। ਸਾਰਾ ਪਿੰਡ ਅਫ਼ਸੋਸ ਵਿਚ ਡੁੱਬ ਗਿਆ। ਸਾਨੂੰ ਨਹੀਂ ਪਤਾ ਸਾਡੀ ਵੱਤ ਚੜ੍ਹ ਆਈ ਹਾੜ੍ਹੀ ਕੀਹਨੇ ਵੱਢੀ, ਗਾਹੀ, ਉਡਾਈ, ਲੋਕਾਂ ਦਾਣੇ ਤੂੜੀ ਸਾਡੇ ਘਰ ਢੋ ਧਰੇ। ਉਦੋਂ ਭਾਈਚਾਰਕ ਸਾਂਝ ਬੇਹੱਦ ਸੀ। ਸਾਰੇ ਪਿੰਡ ਨੇ ਸੋਗ ਮਨਾਇਆ। ਮੇਰਾ ਬਾਪ ਲੋਕਾਂ ਦੇ ਦੁੱਖ ਦਰਦ ਦਾ ਅਗਾਂਹ ਵਧੂ ਭਾਈਵਾਲ ਸੀ। ਅਸਲ ਵਿੱਚ ਉਦੋਂ ਭਾਈਚਾਰਕ ਸਾਂਝ ਬਹੁਤ ਹੀ ਜ਼ਿਆਦਾ ਸੀ। ਕਾਮੇ ਲੋਕ ਕਿਸੇ ਭਰਾ ਦੇ ਪਛੜੇ ਕੰਮ ਨੂੰ ਰਲ ਜੁੜ ਕੇ ਸਾਂਭ ਸੰਭਾਲ ਲੈਂਦੇ ਸਨ। ਮੈਂ ਉਦੋਂ ਪੰਜ ਸਾਲ ਦਾ ਸਾਂ ਤੇ ਮੈਨੂੰ ਸਭ ਕੁਝ ਇੰਨ ਬਿੰਨ ਵਾਪਰਿਆ ਯਾਦ ਹੈ।

ਪਹਿਲੀ ਉਮਰ ਵਿਚ ਮੈਂ ਥੋੜ੍ਹਾ ਇੱਲਤੀ ਸਾਂ। ਬਚਪਨ ਵਿੱਚ ਖੇਡਦਿਆਂ ਰਾਮ ਬਾਹਮਣ ਨੂੰ ਮੈਂ ਕੁੱਟਿਆ। ਉਹ ਮੇਰੀ ਪਿੱਤ ਨਹੀਂ ਦੇਂਦਾ ਸੀ। ਉਹਦੀ ਭੂਆ ਸਾਡੇ ਘਰ ਉਲਾਂਭਾ ਦੇਣ ਆਈ। ਓਹਦੇ ਜਾਣ ਪਿੱਛੋਂ ਬੇਜੀ ਨੇ ਮੈਨੂੰ ਬਹੁਤ ਕੁੱਟਿਆ, ਪਰ ਮੈਂ ਰੋਇਆ ਨਾ। ਫਿਰ ਉਹ ਮੈਨੂੰ ਬੁੱਕਲ 'ਚ ਲੈ ਕੇ ਆਪ ਰੋਣ ਲਗ ਪਈ। ਉਸ ਦਿਨ ਤੋਂ ਮੈਂ ਖਰੂਦ, ਇਲਤਾਂ ਤੇ ਮਾਰ ਕੁਟਾਈ ਛੱਡ ਦਿੱਤੀ। ਮਾਵਾਂ ਦਾ ਪਿਆਰ ਆਪਣੇ ਬੱਚਿਆਂ ਨਾਲ ਬੇਹੱਦ ਹੁੰਦਾ ਏ। ਮੇਰੇ ਸੁਭਾ ਤੇ ਕੰਮਕਾਰ ਉੱਤੇ ਬੇਜੀ ਦਾ ਪ੍ਰਭਾਵ ਬੇਹੱਦ ਹੋ ਗਿਆ। ਉਹਦੀ ਲਗਨ ਤੇ ਪਿਆਰ ਕਾਰਨ ਘਰਦੇ ਬਾਹਰਲੇ ਕੰਮਾਂ ਵਿੱਚ ਹੱਥ ਵਟਾਉਣ ਲਗ ਪਿਆ। ਘਰ ਸੰਭਾਲਣ ਤੇ ਸਾਰਾ ਧੰਦਾ ਕਰਨ ਵਾਲੀ ਉਹ ਇਕੱਲੀ ਜਨਾਨੀ ਸੀ। ਪਰ ਉਸ ਨੇ ਘਰ ਦਾ ਸਾਰਾ ਧੰਦਾ ਸੰਭਾਲ ਕੇ ਦੋ ਦੋ ਮੀਲ ਤੱਕ ਬਾਹਰ ਕੰਮ ਕਰਦੇ ਬੰਦਿਆਂ ਦੀ ਰੋਟੀ ਪਹੁੰਚਦੀ ਕਰਨੀ। ਉਸ ਭਾਰੀ ਕੰਮ ਧੰਦੇ ਤੋਂ ਕਦੇ ਹਾਰ ਨਹੀਂ ਮੰਨੀ ਸੀ। ਮੈਂ ਉਸਨੂੰ ਸਾਰੀ ਉਮਰ ਕਦੇ ਤਾਪ ਸਰਬਾਹ ਨਾਲ ਮੰਜੇ ਪਈ ਨਹੀਂ ਵੇਖਿਆ ਸੀ। ਸਗੋਂ ਆਂਢਣਾਂ ਗੁਆਂਢਣਾਂ ਦਾ ਹੱਥ ਵਟਾਉਂਦਿਆਂ ਨਰੋਈ ਸਲਾਹ ਦੇਣੀ। ਮੇਰੀ ਜ਼ਿੰਦਗੀ ਬੇਜੀ ਦੀ ਪ੍ਰੇਰਨਾ ਸਦਕਾ ਹੀ ਉਸਾਰੀ ਰਾਹ ਪਈ ਹੈ। ਮੇਰੀ ਪਹਿਲੀ ਗੁਰੂ ਮੇਰੀ ਮਾਂ ਹੀ ਹੈ। ਉਸ ਔਖੇ ਭਾਰੇ ਕੰਮ ਤੋਂ ਵੀ ਕਦੇ ਹਾਰ ਨਹੀਂ ਮੰਨੀ ਸੀ। ਮੇਰੀ ਉਠਾਣ ਤੇ ਬਣਤਰ ਵਿਚ ਮੇਰੀ ਬੇਜੀ ਦਾ ਵੱਡਾ ਹੱਥ ਤੇ ਪ੍ਰੇਰਨਾ ਹੈ। ਬੇਜੀ ਪੜ੍ਹੇ ਲਿਖੇ ਨਹੀਂ ਸਨ ਤੇ ਸਾਦਾ ਕਿਸਾਨੀ ਦੀ ਪੈਦਾਵਾਰ ਸਨ; ਪਰ ਉਸ ਮੈਨੂੰ ਪੜ੍ਹਨ ਲਈ ਕੁੱਟ ਤੱਕ ਪ੍ਰੇਰਿਆ। ਮੁੱਢ ਉਮਰ ਵਿਚ ਮੈਂ ਇੱਲਤੀ ਤੇ ਥੋੜ੍ਹਾ ਆਪ ਮੁਹਾਰਾ ਸਾਂ। ਪਰ ਬੇਜੀ ਦੀ ਸਖ਼ਤੀ, ਨਰਮੀ ਤੇ ਪਿਆਰ ਨੇ ਮੈਨੂੰ ਪੜ੍ਹਨ ਨਾਲ ਜੋੜ ਦਿੱਤਾ।

ਸਕੂਲੀ ਪੜ੍ਹਾਈ ਵਿਚ ਮੈਂ ਹੁਸ਼ਿਆਰ ਸਾਂ। ਪਰ ਦਸਵੀਂ ਵਿੱਚ ਅਲਜਬਰੇ ਨੇ ਰੋਕ ਸਿਆਪਾ ਆ ਖੜ੍ਹਾ ਕੀਤਾ। ਮੈਂ ਪੜ੍ਹਨੋਂ ਹੇਰਾਫੇਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੰਮ ਅੜਦਾ ਵੇਖ ਕੇ ਘਰਦਿਆਂ ਇਕ ਰਿਸ਼ਤੇਦਾਰ ਕੋਲ ਮਲਾਇਆ ਨੂੰ ਤੋਰ ਦਿੱਤਾ। ਅਸਲ ਵਿੱਚ ਘਰਦਿਆਂ ਤੋਂ ਚੋਰੀ ਮੈਂ ਤੇ ਇਕ ਹੋਰ ਦੋਸਤ ਨੇ ਈਸਟ ਅਫਰੀਕਾ ਜਾਣ ਲਈ ਅਪਲਾਈ ਕੀਤਾ ਹੋਇਆ ਸੀ। ਚਾਲ ਚਲਣ ਤਸਦੀਕ ਕਰਨ ਆਏ ਸਿਪਾਹੀ ਤੋਂ ਸਾਡਾ ਭੇਤ ਖੁੱਲ੍ਹ ਗਿਆ। ਘਰਦਿਆਂ ਸਲਾਹ ਦਿੱਤੀ, ਜੇ ਪੜ੍ਹਨਾ ਨਹੀਂ, ਤਾਂ ਅਫਰੀਕਾ ਦੀ ਥਾਂ ਆਪਣੇ ਇਕ ਰਿਸ਼ਤੇਦਾਰ ਕੋਲ ਮਲਾਇਆ ਚਲਿਆ ਜਾਹ। ਮੈਨੂੰ ਹੋਰ ਕੀ ਚਾਹੀਦਾ ਸੀ, ਯਾਰ ਲੋਕ ਪੜ੍ਹਾਈ (ਅਲਜਬਰਾ) ਤੋਂ ਖਹਿੜਾ ਛੁਡਾਉਣਾ ਚਾਹੁੰਦੇ ਸੀ।

ਛੋਟੇ ਹੁੰਦਿਆਂ ਨੂੰ ਮਾਂ ਬਾਪ ਬਹੁਤ ਪਿਆਰ ਕਰਦੇ ਸਨ ; ਪਰ ਵੱਡੇ ਹੋ ਕੇ ਇਲਤਾਂ ਕਰਨ ਸਮੇਂ ਮਾਰ ਵੀ ਪੈਂਦੀ ਸੀ। ਅਸਲ ਵਿੱਚ ਬੇਜੀ ਨੇ ਇੱਲਤਾਂ ਕਰਦੇ ਨੂੰ ਕੁੱਟਿਆ ਵੀ, ਪਰ ਬੇਹੱਦ ਪਿਆਰ ਨਾਲ ਘੜ ਸਵਾਰ ਕੇ ਬੰਦਾ ਵੀ ਬਣਾਇਆ। ਸਮਝੋ, ਬੇਜੀ ਦੀ ਕੁੱਟ ਤੇ ਅਥਾਹ ਪਿਆਰ ਦਾ ਨਤੀਜਾ, ਮੈਂ ਇਕ ਲੇਖਕ ਹੋ ਨਿੱਬੜਿਆ। ਮੇਰੇ ਪਹਿਲੇ ਗੁਰੂ ਮੇਰੀ ਬੇਜੀ ਹਨ ; ਉਹਨਾਂ ਕੋਲ ਸਿਆਣਪ ਸੰਜਮ ਅਥਾਹ ਸੀ। ਉਹਨਾਂ ਦੀ ਇਕ ਗੱਲ ਤੋਂ ਮੈਂ ਬੇਹੱਦ ਪ੍ਰਭਾਵਿਤ ਸਾਂ, ਉਹ ਜ਼ਿੰਦਗੀ ਵਿੱਚ ਕਦੇ ਅੱਕੇ ਥੱਕੇ ਨਹੀਂ ਸਨ। ਉਹਨਾਂ ਦੇ ਸਿਦਕ ਯਕੀਨ ਸਦਕਾ ਘਰ ਪਰਵਾਰ ਮੁਸੀਬਤਾਂ ਵਿਚ ਵੀ ਡੋਲਿਆ ਨਹੀਂ। ਪਹਿਲੋਂ ਬੇਜੀ ਮੇਰਾ ਫ਼ਿਕਰ ਕਰਦੇ ਸਨ ਪਰ ਜਦੋਂ ਮੇਰੀ 'ਪੂਰਨਮਾਸ਼ੀ' ਤੇ 'ਰਾਤ ਬਾਕੀ ਹੈ' ਨਾਵਲ ਛਪੇ; ਬੇਜੀ ਮੈਨੂੰ ਥਾਪੀਆਂ ਦੇਣ ਲੱਗ ਪਏ। ਮੇਰਾ ਬਾਪ ਸੁਲਾਹਕੁਲ ਨੰਬਰਦਾਰ ਸੀ। ਵਾਹ ਲਗਦੀ ਉਹ ਕੋਈ ਝਗੜਾ ਥਾਣੇ ਨਹੀਂ ਜਾਣ ਦੇਂਦਾ ਸੀ; ਝਗੜਾਲੂਆਂ ਦੀਆਂ ਪਰ੍ਹੇ ਪੰਚਾਇਤ ਵਿੱਚ ਹੀ ਸੁਲਾਹ ਸਫ਼ਾਈਆਂ ਕਰਵਾ ਦੇਂਦਾ ਸੀ। ਮੇਰੀ ਮਾਂ ਨੇ ਛੋਟੀ ਉਮਰ ਵਿਚ ਮੇਰੇ ਕੰਡੇ ਝਾੜ ਕੇ ਫੁੱਲ ਪੱਤਿਆਂ ਵਾਲਾ ਕੰਵਲ ਲੋਕਾਂ ਦੇ ਪੇਸ਼ ਕਰ ਦਿੱਤਾ। ਉਸ ਸਖ਼ਤ ਕੰਮਾਂ ਤੋਂ ਹਾਰ ਨਹੀਂ ਮੰਨੀ ਸੀ ਤੇ ਅਪਣੇ ਬੱਚਿਆਂ ਨੂੰ ਤੱਤੀਆਂ ਠੰਡੀਆਂ ਹਵਾਵਾਂ ਤੋਂ ਬਚਾ ਕੇ ਸਖ਼ਤ ਮਿਹਨਤ ਵਲ ਤੋਰਿਆ ਤੇ ਬੰਦੇ ਬਣਾਇਆ। ਅਸੀਂ ਆਪਣੀ ਬੇਜੀ ਦਾ ਕਿੰਨਾ ਵੀ ਸ਼ੁਕਰਾਨਾ ਕਰੀਏ, ਥੋੜਾ ਹੀ ਥੋੜਾ ਐ। ਉਹ ਆਪਣੇ ਭਾਈਚਾਰੇ ਵਿਚ ਸਿਆਣੀ, ਸਾਊ ਤੇ ਮਿਹਨਤੀ ਮੰਨੀ ਜਾਂਦੀ ਸੀ।

## ਮੇਰੇ ਬੇਜੀ

ਸਵਾਲ - ਤੁਹਾਡਾ ਬਚਪਨ ਦਾ ਸਭ ਤੋਂ ਚਹੇਤਾ ਜੀਅ ਘਰ ਵਿੱਚ ਕੌਣ ਸੀ ?

ਕੰਵਲ - ਸਵਾਲ ਉਲਝਾਵੇ ਦੇਣ ਵਾਲਾ ਹੈ। ਘਰ ਦੇ ਸਾਰੇ ਜੀਆਂ ਨੂੰ ਮੋਹੇ ਨਿਰਮੋਹੇ ਸਮਝਣਾ ਔਖਾ ਹੈ। ਪਰ ਨਜਿਝਕ ਆਖਾਂਗਾ, ਮੇਰੀ ਬੇਜੀ ਨੂੰ ਘਰ ਦਾ ਕੋਈ ਜੀਅ ਨਹੀਂ ਪਹੁੰਚ ਸਕਦਾ। ਉਹਦਾ ਸਾਰੀ ਉਮਰ ਦਾ ਸਖ਼ਤ ਕਮਾਂਦੜਾ ਸਾਨੂੰ ਸਾਰਿਆਂ ਨੂੰ ਸਿਰ ਨਹੀਂ ਚੁੱਕਣ ਦੇਂਦਾ ਸੀ। ਉਹਦੀ ਘਾਲਣਾ ਅੱਗੇ ਸਾਰੇ ਟੱਬਰ ਦਾ ਸਿਰ ਝੁਕਦਾ ਏ। ਅਸੀਂ ਤਾਂ ਅਸੀਂ, ਉਹਦੀ ਕਰਨੀ ਦਾ ਦੇਣ ਤਾਂ ਆਂਢ ਗਵਾਂਢ ਵੀ ਨਹੀਂ ਦੇ ਸਕਦਾ। ਮੇਰੀ ਜ਼ਿੰਦਗੀ ਦੀ ਉਡਾਰ, ਪਿਆਰ ਪ੍ਰਭਾਵ ਤੇ ਕੰਮਾਂ ਲਈ ਹੱਲਾਸ਼ੇਰੀ ਉਹਦੇ ਪਰਾਂ ਸਦਕਾ ਹੀ ਬਣੀ ਐ, ਮੇਰੀ ਜ਼ਿੰਦਗੀ ਦੀ ਬੁਨਿਆਦ ਬੰਨ੍ਹਣ ਵਾਲੀ ਮੇਰੀ ਬੇਜੀ ਸਨ। ਭਾਵੇਂ ਉਸਾਰੀ ਵਿਚ ਪਿਛੋਂ ਹੋਰ ਵੀ ਹੱਥ ਬਹੁਤ ਪਏ ਸਨ। ਮਾਂ ਦਾ ਰੋਲ ਕਿਸੇ ਵੀ ਬੱਚੇ ਦੀ ਉਸਾਰੀ ਵਿੱਚ ਬੁਨਿਆਦੀ ਧਾਰਨਾਵਾਂ ਵਾਲਾ ਹੁੰਦਾ ਹੈ। ਉਸਾਰੀ ਕਰਨ ਵਾਲੇ ਹੋਰ ਬਹੁਤ ਹੁੰਦੇ ਹਨ; ਬੁਨਿਆਦ ਮਾਂ ਹੀ ਰੱਖਦੀ ਹੈ।

ਸਵਾਲ - ਟੈਗੋਰ ਬਾਰੇ ਮਸ਼ਹੂਰ ਐ ਕਿ ਉਹ ਸਕੂਲ ਵਿੱਚੋਂ ਨੱਸ ਜਾਂਦਾ ਸੀ। ਕੀ ਤੁਹਾਡੇ ਨਾਲ ਵੀ ਏਹੋ ਕੁਝ ਵਾਪਰਿਆ ?

ਕੰਵਲ - ਪਹਿਲਾ ਸਾਲ ਡੇਰਿਆਂ, ਧਰਮਸ਼ਾਲਾਂ ਵਿੱਚ ਪੰਜਾਬੀ ਦੀ ਪੈਂਤੀ ਸਿਖਦਿਆਂ ਗਾਲ ਦਿੱਤਾ। ਸਾਡੇ ਘਰ ਦਾ ਇਕ ਦੋਸਤ, ਜਿਹੜਾ ਅਹਿਮਦਾਬਾਦ ਮਿਲ ਵਿਚ ਪਹਿਰੇਦਾਰ ਸੀ, ਮੈਨੂੰ ਸਕੂਲ ਪਾ ਗਿਆ ਤੇ ਮੈਂ ਪਤਾਸੇ ਵੰਡ ਕੇ ਸਕੂਲ ਦਾ ਚਹੇਤਾ ਬਣ ਗਿਆ। ਅੱਠਵੀਂ ਤੱਕ ਹੁਸ਼ਿਆਰ ਰਿਹਾ ਤੇ ਚਾਅ ਨਾਲ ਪੜਦਾ ਤੇ ਅੱਗੇ ਵਧਦਾ ਰਿਹਾ। ਮੋਗੇ ਦਸਵੀਂ ਵਿਚ ਅਲਜਬਰਾ ਸਾਲਾ ਗਲ ਘੋਟੂ ਸੱਪ ਬਣ ਗਿਆ। ਸੋ ਫੇਰ ਤਾਂ ਸਕੂਲੋਂ ਭੱਜਣਾ ਹੀ ਸੀ। ਸਕੂਲ ਛੁੱਟ ਗਿਆ ਫੇਰ ਸਮਝੋ ਮੈਨੂੰ ਜੱਟ ਧੱਕਿਆਂ ਨੇ ਹੀ ਪੜ੍ਹਾਇਆ।

ਸਵਾਲ - ਜੱਟ ਧੱਕਿਆਂ ਨੇ ਪਾਸ ਕੀਤਾ ਕਿ ਫੇਲ੍ਹ ?

ਕੰਵਲ - ਧੱਕੇ ਖਾਣ ਵਿਚ ਹੀ ਹੋਸ਼ ਆਈ। ਕੋਈ ਜ਼ਿੰਦਗੀ ਬਾਰੇ ਕੁਝ ਸਿਖਣਾ ਚਾਹੇ ਤਾਂ ਧੱਕੇ ਵੀ ਵਧੀਆ ਸਿੱਖਿਆ ਦੇਂਦੇ ਹਨ। ਇਕ ਸੰਤ ਦੀ ਆਥਣ ਦੀ ਰੋਟੀ ਸਿਵਿਆਂ ਵਿਚ ਦੀ ਲੰਘ ਕੇ ਪਹੁੰਚਦੀ ਕਰਦਾ ਰਿਹਾ। ਉਹਨੂੰ ਜਦੋਂ ਸੁੱਖਾ ਚੜ੍ਹ ਜਾਂਦਾ, ਰਬ ਨੂੰ ਉੱਚੀ ਉੱਚੀ ਹੋਕਰੇ ਮਾਰਦਾ। ਉਹਦੇ ਬੱਚਣਵਾਲ ਭਰਾ ਦੀ ਮੌਤ ਹੋ ਗਈ। ਉਹ ਅਫ਼ਸੋਸ ਕਰਨ ਗਿਆ। ਜਦੋਂ ਵਾਪਸ ਆਉਣ ਲੱਗਾ; ਭਰਜਾਈ ਨੇ ਬੂਹਾ ਬੰਦ ਕਰ ਲਿਆ ਤੇ ਕੁਦਾੜ ਕੇ ਆਖਣ ਲੱਗੀ-

''ਉਹ ਤਾਂ ਰੱਬ ਨੇ ਸੱਦ ਲਿਆ; ਤੂੰ ਉਹਦਾ ਬਾਲ ਬੱਚੜ ਛੱਡ ਕੇ ਕਿਹੜੇ ਰੱਬ ਕੋਲ ਚਲਿਆ ਏਂ? ਇਹਨਾਂ ਨੂੰ ਪਾਲ ਤੇ ਘਰੇ ਹੀ ਵਾਹਗੁਰੂ ਵਾਹਗੁਰੂ ਕਰ।''

ਉਹ ਗੁਰੂ ਦਾ ਸਿੱਖ, ਘਰੇ ਈ ਜਨਾਨੀ ਦਾ ਸਿੱਖ ਬਣ ਗਿਆ। ਇਕ ਵਾਰ ਮੈਂ ਅਪਣੀ ਵੱਡੀ ਭੈਣ ਨੂੰ ਮਿਲਣ ਜਾ ਰਿਹਾ ਸੀ। ਉਸ ਸੰਤ ਦੇ ਪਿੰਡੋਂ ਲੰਘ ਕੇ ਪੈਹੇ ਪੈਹੇ ਜਾਣਾ ਪੈਂਦਾ ਸੀ; ਅੱਗੋਂ ਕਿਸੇ ਮੈਨੂੰ ਵੇਖ ਕੇ ਚਰ੍ਹੀ ਦੀ ਭਾਰੀ ਭਰੀ ਕਿੱਕਰ ਨਾਲ ਖੜ੍ਹੀ ਕਰ ਦਿੱਤੀ। ਇਹ ਤਾਂ ਉਹੀ ਸੰਤ ਸੀ, ਜਿਸ ਦੀ ਰੋਟੀ ਸਿਵਿਆਂ ਵਿੱਚ ਦੀ ਲੰਘ ਕੇ ਢੋਂਦਾ ਰਿਹਾ ਸੀ। ਕਹਿੰਦਾ- ''ਮਾੜੇ ਕਰਮ ਰੰਡੀ ਭਰਜਾਈ 'ਤੇ ਚਾਦਰ ਪਾ ਬੈਠਾ; ਹੁਣ ਨਰਕ ਭੋਗ ਰਿਹਾ ਆਂ।''

ਉਹਦੀ ਉੱਖੜੀ ਭਗਤੀ ਤੇ ਗਰਿਸਤ ਦੇ ਉਲਝਾਵੇ ਨੇ ਮੈਨੂੰ ਅਗਲੇ ਰਾਹ ਪਾ ਦਿੱਤਾ। ਮੁੰਡਾ ਨਚਾਉਣ ਵਾਲੇ ਮੇਲਿਆਂ ਨੇ ਵਾਹਵਾ ਮਧੋਲਿਆ। ਫਿਰ ਡੀਫੈਂਸ ਰੂਲਜ਼ ਰਾਹੀਂ ਅੰਗਰੇਜ਼ ਰਾਜ ਵਿੱਚ ਹਵਾਲਾਤ ਬੰਦ ਰਿਹਾ। ਦੇਸ਼ ਆਜ਼ਾਦ ਹੋਇਆ ਤਾਂ ਕਮਿਊਨਿਸਟ ਪਾਰਟੀ ਦੇ ਬੈਟਰਮੈਂਟ ਅੰਦੋਲਨ ਕਾਰਨ ਫੀਰੋਜ਼ਪੁਰ ਜੇਲ੍ਹ ਪਹੁੰਚ ਗਿਆ। ਜੇਲ੍ਹ ਦਾ ਡਾਕਟਰ ਮਿਲਣ ਆਇਆ। ਉਹ ''ਰਾਤ ਬਾਕੀ ਹੈ'' ਦਾ ਪੱਟਿਆ ਸੀ। ਅੱਗੇ ਸਾਡੇ ਇਲਾਕੇ ਦੇ ਬੇਜੋੜ ਵੈਲੀ ਕਿੱਕਰ ਦੋਸਾਂਝ ਦੇ ਬੇੜੀ ਲੱਗੀ; ਤੁਰਿਆ ਨਾ ਜਾਵੇ, ਆਖਣ ਲੱਗਾ,

''ਡਾਕਟਰ ਤੇਰਾ ਯਾਰ ਐ, ਮੇਰੀ ਬੇੜੀ ਲੁਹਾਅ, ਬਹੁਤ ਔਖਾ ਆਂ। ''

ਡਾਕਟਰ ਨੂੰ ਕਹਿ ਕੇ ਬੇੜੀ ਲੁਹਾਈ। ਉਹ ਜਾਂਦਾ ਜਾਂਦਾ ਚਾਰ ਬੰਦਿਆਂ ਦਾ ਦੁੱਧ ਲਾ ਗਿਆ। ਸਾਂਝੀ ਚਾਹ ਬਣਨ ਲੱਗੀ। ਜੇਲ੍ਹ ਵਿੱਚ ਸ਼ਾਨਦਾਰ ਧੂਤਕੜਾ ਪੈਂਦਾ ਰਿਹਾ। ਮੈਨੂੰ ਐਜੀਟੇਸ਼ਨ ਬਾਰੇ ਪਤਾ ਲੱਗਾ; ਕਮਿਊਨਿਸਟਾਂ ਚੀਫ ਮਨਿਸਟਰ ਸ੍ਰ. ਪ੍ਰਤਾਪ ਸਿੰਘ ਦੇ ਤਰਲੇ ਕੱਢ ਕੇ ਐਜੀਟੇਸ਼ਨ ਵਾਪਸ ਲਈ। ਸਾਨੂੰ ਆਗੂ ਕਹਿਣ ਅਪਣੀ ਜਿੱਤ ਹੋ ਗਈ। ਦੁਰ ਲਾਹਨਤ ਅਜਿਹੀ ਜਿੱਤ ਦੇ। ਕੂੜ ਕੂੜ ਕਿਤੇ, ਆਂਡੇ ਕਿਤੇ। ਲੋਕ-ਇਨਕਲਾਬ ਦੇ ਨਾਅਰੇ ਮਾਰਦੇ ਪ੍ਰਧਾਨਗੀਆਂ ਸਕੱਤਰੀਆਂ ਪਿੱਛੇ ਪਾਰਟੀ ਦੋ ਦੋ ਥਾਂ ਕਰ ਧਰਦੇ ਐ। ਖੁਰਸ਼ਚੇਵ ਦਾ ਨਾਅਰਾ, ''ਸ਼ਾਂਤੀ ਢੰਗਾਂ ਨਾਲ ਵੀ ਇਨਕਲਾਬ ਆ ਸਕਦਾ ਏ।'' ਇਹ ਲੀਡਰ ਲੋਕ ਪਹਿਲਾਂ ਵੀ ਚਲਾਏ ਚਲਦੇ ਸਨ; ਹੁਣ ਵੀ ਥੱਕੇ ਟੁੱਟੇ ,ਲੈਨਿਨ ਮੁਤਾਬਕ ਇਕ ਪੈਰ ਅਗਾਂਹ ਤੇ ਦੋ ਪਿਛਾਂਹ ਦੀ ਚਾਲ, ਧੱਕੀਦੇ ਤੁਰੇ ਜਾ ਰਹੇ ਐ। ਯਾ ਖੁਦਾ! ਤੇਰਾ ਵਾਸਤਾ, ਇਹਨਾਂ ਲਗਹਿਣਾਂ ਤੋਂ ਖਹਿੜਾ ਛੁਡਾਅ। ਇਹ ਤਾਂ ਨਹਿੰਗ ਲਾਣੇ ਤੋਂ ਵੀ ਗਏ ਗੁਜ਼ਰੇ ਹੋ ਗਏ। ਇਹਨਾਂ ਚਿਟ ਕਪੜੀਏ ਸਾਧਾਂ ਸੰਤਾਂ ਨੂੰ, ਵਾਹਗੁਰੂ ਸਾਡੇ ਸਿਰੋਂ ਲਾਹ ਤੇ ਅਪਣੇ ਮਹਿਮਾਨਖਾਨੇ ਵਾੜ ਰਖ। ਇਹਨਾਂ ਚੋਪੜੀਆਂ ਖਾਣ ਵਾਲੇ ਮੁਫ਼ਤਖੋਰਾਂ ਨੇ ਤਾਂ ਸਾਡੀਆਂ ਮਿਹਨਤਾਂ ਦਾ ਵੀ ਮੁੱਲ ਨਹੀਂ ਮੋੜਿਆ। ਪੰਜਾਬ ਦੀ ਸੱਚੀ ਕਹੌਤ, ਭਰਾਵਾਂ ਅੰਨ੍ਹੀ ਨੂੰ ਬੋਲਾ ਧੂਹੀ ਖਿੱਚੀ ਫਿਰਦਾ ਏ। ਜਵਾਨੀ ਅਮਰੀਕਾ ਕਨੇਡਾ ਨੂੰ ਹੋਰ ਅਮੀਰ ਕਰਨ ਜਾ ਲੱਗੀ; ਬਾਕੀ ਠੇਕਿਆਂ, ਨਸ਼ਿਆਂ ਨੇ, ਖੁਦਕੁਸ਼ੀਆਂ ਤੇ ਸਿਵਿਆਂ ਦੇ ਰਾਹ ਪਾ ਦਿੱਤੇ। ਹੁਣ ਤਾਂ ਇਹ ਹੋਕਾ ਦੇਣਾ ਬਾਕੀ ਬਚਿਆ ਹੈ : 'ਨਾ ਆਰ ਦੇ ਬਚਣ ਤੇ ਨਾ ਪਾਰ ਦੇ' ਮੈਨੂੰ ਤਾਂ ਲਗਦਾ ਏ ਸਭ ਨੂੰ ਬਚਾਉਣ ਵਾਲਾ, ਝੂਠੇ ਨਸ਼ੇ ਪੱਤੇ ਖਾ ਕੇ ਕਿਸੇ ਭੋਰੇ ਵਿਚ ਘੁਰਾੜੇ ਮਾਰ ਰਿਹਾ ਹੈ।

ਸਵਾਲ - ਕੀ ਤੁਹਾਡੇ ਆਲੇ ਦੁਆਲੇ ਕਿਸੇ ਨੂੰ ਸਾਹਿਤਕ ਮੱਸ ਸੀ? ਜੇ ਨਹੀਂ ਤਾਂ ਤੁਸੀਂ ਇਸ ਦੇ ਘੇਰੇ ਵਿਚ ਕਿਵੇਂ ਆ ਗਏ ?

ਕੰਵਲ - ਮੇਰੇ ਪਿੰਡ ਫੰਨੇ ਖਾਂ ਬਦਮਾਸ਼ ਹੋਏ ਤੇ ਕਤਲ ਕੀਤੇ ਗਏ। ਫਾਂਸੀਆਂ ਵਾਲੇ, ਵੀਹ ਸਾਲੇ ਤੇ ਬਾਰਾਂ ਸਾਲਾਏ ਫੰਨੇ ਖਾਂ ਵੀ ਬੜੇ ਹੋਏ ਐ, ਪਰ ਇਹਦੇ ਮੁਕਾਬਲੇ ਦੇਸ਼ ਭਗਤਾਂ ਗੁਲਾਮੀ ਤੋੜਨ ਲਈ ਫਾਂਸੀਆਂ ਝੱਲੀਆਂ, ਕਾਲੇ ਪਾਣੀ ਹੰਢਾਏ। ਮੈਂ ਇਸ ਨੈਗੇਟਿਵ ਤੇ ਪਾਜ਼ੇਟਿਵ ਦੀ ਉਪਜ ਆਂ। ਵਾਰਸ ਦੀ ਹੀਰ ਨੇ ਮੇਰੀ ਹੋਂਦ ਪੱਕੀ ਇੱਟ ਦੀ ਥਾਂ ਖੰਘਰ ਧਰ ਦਿੱਤਾ। ਬਾਬਾ ਅਰੂੜ ਸਿੰਘ ਚੂਹੜਚੱਕ ਉਮਰ ਕੈਦ ਕੱਟ ਕੇ ਆਇਆ ; ਮੈਂ ਉਹਦੇ ਪੈਰ ਜਾ ਫੜੇ। ਲਫੰਡਰ ਸਾਧਾਂ ਸੰਤਾਂ ਦਾ ਸਿੱਥ ਕੇ ਖਹਿੜਾ ਛੱਡਿਆ। ਜੇਲ੍ਹ ਦੇ ਕੈਦੀ ਯਾਰਾਂ, ਮੇਰੇ ਜੇਰਾ ਜੁਰਅੱਤ ਦੀ ਚਕਰੀ ਘੁਮਾਈ। ਸਾਰੇ ਪਾਸਿਆਂ ਦੀ ਮਾਰ, ਮੈਨੂੰ ਦਿਨੋ ਦਿਨ ਪਤਲੀ ਪੈਂਦੀ ਜਾਂਦੀ ਕਿਸਾਨੀ ਨੇ ਹਲੂਣਿਆ ਹੀ ਨਹੀਂ, ਚੱਜ ਨਾਲ ਖਿਚਿਆ, ਝੰਜੋੜਿਆ। ਸਾਰਿਆਂ ਮਾਂਜ ਸਵਾਰ ਕੇ ਪੰਜਾਬੀ ਸਾਹਿਤ ਦੇ ਹਵਾਲੇ ਕਰ ਦਿੱਤਾ। ਫਾਂਡਰੂ ਲਾਣੇ ਦਾ ਕੱਢਿਆ ਵੱਢਿਆ ਰਾਂਝਾ, ਲੋਕਾਂ ਦੀ ਹੀਰ ਦੀਆਂ ਮੱਝਾਂ ਚਾਰਨ ਲੱਗ ਪਿਆ। ਹੀਰ ਦੀ ਚੂਰੀ ਦਾ ਨਸ਼ਾ ਸੁਆਦ ਵੀ

ਚੜ੍ਹ ਗਿਆ। ਸੱਚ ਨੂੰ ਫਾਂਸੀ ਨਾਵਲ ਲਿਖਿਆ, ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਵਾਜ਼ ਮਾਰ ਕੇ ਨੌਕਰੀ ਦੇ ਦਿੱਤੀ। ਜੀਅ ਜਾਨ ਨਾਲ ਸੇਵਾ ਕੀਤੀ। ਪਾਲੀ ਨਾਵਲ ਲਿਖਿਆ ; ਪੜ੍ਹ ਕੇ ਸ੍ਰ. ਨਾਨਕ ਸਿੰਘ ਨੇ ਦਫ਼ਤਰ ਵਿਚ ਹੀ ਜੱਫੀ ਆ ਪਾਈ। ਮੇਰੇ ਬਾਪ ਦਾਦਾ ਹੀ ਅਨਪੜ੍ਹ ਨਹੀਂ ਸੀ, ਸਾਰਾ ਪਿੰਡ ਹੀ ਬੁਝੱਕੜ ਸੀ। ਮੇਰਾ ਅਹਿਸਾਸ ਇਕ ਤਰ੍ਹਾਂ ਜੁੰਮੇਵਾਰੀ ਨਾਲ ਵਿਆਹਿਆ ਗਿਆ। ਇਕ ਵਿਦਵਾਨ ਸੰਤ ਨੇ ਵਿਦਾਂਤ ਦੇ ਦੋ ਤਿੰਨ ਗ੍ਰੰਥ ਪੜ੍ਹ ਕੇ ਬ੍ਰਹਮ ਬਾਰੇ ਸਿਰ ਦੀ ਮੈਲ ਝਾੜ ਸੁੱਟੀ। ਮਾਰਕਸਿਜ਼ਮ ਨੇ ਆਪਣਾ ਪੱਕਾ ਸਾਇੰਸੀ ਗਿਆਨ ਖੜ੍ਹਾ ਕਰ ਦਿੱਤਾ। ਯਾਰ ਲੋਕ ਕਲਮ ਦੇ ਹਥਿਆਰ ਨਾਲ ਤਿਹੁੰ-ਤੇਰਾਂ ਦੀ ਕਤਾਰ ਵਿਚ ਡਟ ਕੇ ਖਲੋ ਗਏ। ਐਨਾ ਕੁ ਚਾਨਣ ਪੱਲੇ ਬੰਨਣ ਨਾਲ ਸਮਾਜਕ ਬੁਰਾਈਆਂ ਦੇ ਅੰਨ੍ਹੇਰੇ ਵਿਚ ਮੈਂ ਦੀਵਾ ਬਾਲ ਧਰਿਆ ਤੇ ਪਿੱਛੇ ਜਾਂਦੇ ਪਿੰਡ ਨੂੰ ਹਲੂਣਾ ਦੇਣ ਲਈ ਪੱਕਾ ਇਰਾਦਾ ਬਣਾਇਆ। ਸਭ ਤੋਂ ਪਹਿਲਾਂ ਮਾਰਕਸੀ ਵਿਚਾਰਧਾਰਾ ਦੇ ਤਿੰਨ ਦਿਨ ਲਗਾਤਾਰ ਲੈਕਚਰ ਦੇ ਕੇ ਦਸ ਬਾਰਾਂ ਨੌਜਵਾਨਾਂ ਨੂੰ ਅਪਣਾ ਸਾਥੀ ਬਣਾਇਆ ਅਤੇ ਪਿੰਡ ਦਾ ਗੰਦ ਧੋਣ ਲਈ ਕਲਚਰਲ ਸਭਾ ਬਣਾਈ। ਸਾਹਿਤ ਦੀ ਪ੍ਰੇਰਨਾ ਦਿੱਤੀ ਵਾਰਸ ਦੀ ਹੀਰ ਨੇ। ਗੁਰਬਾਣੀ, ਹਾਂ ਹਾਲੀਆਂ ਤੇ ਪਾਲੀਆਂ ਦੇ ਲੋਕ ਗੀਤਾਂ ਤੇ ਸੂਫ਼ੀ ਸਾਹਿਤ ਦੇ ਸ਼ਬਦ ਭੰਡਾਰ ਨੇ ਮੇਰੀ ਸ਼ਬਦਾਵਲੀ ਭਰਪੂਰ ਕਰੀ ਰੱਖੀ। ਇਓਂ ਮੈਂ ਪੰਜਾਬੀ ਸਾਹਿਤ ਵਿਚ 'ਤਿਹੁੰ-ਤੇਰਾਂ' ਵਿਚ ਗਿਣਿਆ ਜਾਣ ਲੱਗਾ। ਫਿਰ 'ਪੂਰਨਮਾਸ਼ੀ' ਤੇ 'ਰਾਤ ਬਾਕੀ ਹੈ' ਨਾਵਲਾਂ ਨੇ ਪੰਜਾਬੀ ਸਾਹਿਤ ਵਿੱਚ ਮੇਰੇ ਪੈਰ ਲਗਦੇ ਕਰ ਦਿੱਤੇ ।

## ਦਿਲ ਦਾ ਜਾਨੀ

ਸਵਾਲ – ਕਹਿੰਦੇ ਹਨ ਕਿ ਲੇਖਕ ਚੜ੍ਹਦੀ ਜਵਾਨੀ ਵਿਚ ਕਵੀ ਹੁੰਦਾ ਹੈ। ਕੀ ਤੁਸੀਂ ਵੀ ਨਾਵਲ ਨਵੀਸੀ ਤੋਂ ਪਹਿਲਾਂ ਕਵਿਤਾਵਾਂ ਲਿਖੀਆਂ ਤੇ ਕਿੰਨੀਆਂ ਕੁ ?

ਕੰਵਲ – ਹਾਂ, ਮੇਰੇ ਨਾਲ ਵੀ ਏਵੇਂ ਵਾਪਰੀ। ਪਹਿਲੀ ਉਮਰ ਵਿੱਚ ਅਲਜ਼ਬਰਾ ਨਾ ਆਉਣ ਕਾਰਨ ਮਲਾਇਆ ਨੂੰ ਭੱਜ ਗਿਆ ਸਾਂ। ਗੁਰੂ ਨਾਨਕ ਦੇ ਜਨਮ ਦਿਨ 'ਤੇ ਕਿਸੇ ਗੁਰਦਵਾਰੇ ਕਵਿਤਾ ਪੜ੍ਹੀ, ਕਵਿਤਾ ਵਧੀਆ ਸੀ, ਪਰ ਪੜ੍ਹਨ ਵਾਲੇ ਨੇ ਜੜ੍ਹ ਮਾਰ ਕੇ ਰੱਖ ਦਿੱਤੀ, ਮੈਨੂੰ ਬੈਠੇ ਨੂੰ ਕਚੀਚੀਆਂ ਉਠਣ, ਕਾਸ਼ ਇਹ ਕਵਿਤਾ ਮੇਰੇ ਕੋਲ ਹੁੰਦੀ, 'ਬਹਿਜਾ ਬਹਿਜਾ' ਕਰਵਾ ਦਿੰਦਾ। ਅਸਲ ਵਿਚ ਪਹਿਲੀ ਉਮਰੇ ਮੈਂ ਵਾਰਸ ਦੀ ਹੀਰ ਬੜੀ ਰੂਹ ਨਾਲ ਪੜ੍ਹਦਾ ਸਾਂ। ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ ਲਈ ਮੈਂ ਚਾਰ ਬੰਦ ਬੈਂਤ ਦੇ ਤਿਆਰ ਕਰ ਲਏ। ਗੁਰਦੁਆਰੇ ਪੜ੍ਹੇ ਤਾਂ ਮੇਰੀ ਵਾਹਵਾ ਵਾਹਵਾ ਹੋ ਗਈ। ਭਾਈ ਕੇ ਫਫੜੇ ਵਾਲੇ ਚੰਨਣ ਸਿੰਘ ਨੇ ਮੇਰੀ ਕਵਿਤਾ ਫੜ ਕੇ ਪੜ੍ਹੀ ਤੇ ਆਖਣ ਲੱਗਾ, ''ਵਜ਼ਨ ਠੀਕ ਨਹੀਂ, ਮਾਤਰਾਂ ਵੱਧ ਘੱਟ ਹਨ।'' ਮੈਂ ਕਿਹਾ, ਮੈਨੂੰ ਮਾਤਰਾ ਦਾ ਕੋਈ ਗਿਆਨ ਨਹੀਂ, ਮੈਂ ਫਲਾਣੇ ਭਾਈ ਦੀ ਕਵਿਤਾ ਦੇ ਵਿਰੋਧ ਵਿਚ ਚਾਰ ਬੰਦ ਜੋੜੇ ਐ, ਉਸ ਮੈਨੂੰ ਪਿੰਗਲ ਤੇ ਦੋ ਤਿੰਨ ਕਿਤਾਬਾਂ ਹੋਰ ਦਿੱਤੀਆਂ। ਮੈਂ ਪਿੰਗਲ ਰਾਹੀਂ ਕਵਿਤਾਵਾਂ ਲਿਖੀਆਂ ਤਾਂ ਚੰਨਣ ਸਿੰਘ ਨੇ ਮੈਨੂੰ ਪਾਸ ਕਰ ਦਿੱਤਾ। ਮੈਂ ਉਹਦੇ ਕੋਲੋਂ ਪੰਦਰਾਂ ਵੀਹ ਕਿਤਾਬਾਂ ਹੋਰ ਪੜ੍ਹੀਆਂ। ਸਾਹਿਤ ਦੇ ਇਕ ਸ਼ੌਕ ਨੇ ਜਾਗਾ ਕਰਨਾ ਛੁਡਵਾ ਦਿੱਤਾ, ਰਹਿੰਦੀ ਕਸਰ ਲੈਨਿਨ ਦੀ ਜੀਵਨੀ ਨੇ ਕੱਢ ਦਿੱਤੀ ਤੇ ਯਾਰਾਂ ਮਲਾਇਆ ਹੀ ਤਿਆਗ ਦਿੱਤਾ। ਘਰ ਆ ਕੇ ਵਾਹੀ ਵਿੱਢ ਲਈ। ਨਵੀਂ ਨਵੀਂ ਚੱਲੀ ਮਾਲਵਾ ਬੱਸ 'ਤੇ ਲਾਹੌਰ ਜਾਂਦਾ ਤੇ ਦਸ ਬਾਰਾਂ ਕਿਤਾਬਾਂ ਖਰੀਦ ਲਿਆਉਂਦਾ। ਓਥੇ ਅਨਾਰਕਲੀ ਬਜ਼ਾਰ ਦੇ ਮੁੱਢ ਵਿਚ ਮੁਹੰਮਦ ਇਕਬਾਲ ਨੂੰ ਦੇਖਿਆ, ਅਕੀਦਤ ਵਿਚ ਸਿਰ ਝੁਕ ਗਿਆ। ਮੰਟੋ, ਕ੍ਰਿਸ਼ਨ ਚੰਦਰ ਅਤੇ ਹੋਰ ਅਦੀਬਾਂ ਨਾਲ ਵੀ ਬੈਠਕਾਂ ਹੁੰਦੀਆਂ। ਉਸਤਾਦ ਦਾਮਨ ਦੀ ਸ਼ਾਇਰੀ ਅਤੇ ਸ਼ਖਸੀਅਤ ਨਾਲ ਵੀ ਵਾਹ ਪਿਆ। ਇਸ ਚੇਟਕ ਨੇ ''ਜੀਵਨ ਕਣੀਆਂ'' ਕਿਤਾਬ, ਸਹਿਜ ਸਹਿਜ ਲਿਖਵਾ ਮਾਰੀ। ਜਿਸ ਨੂੰ ਸਿੰਘ ਬ੍ਰਦਰਜ਼ ਲਾਹੌਰ ਵਾਲਿਆਂ ਨੇ ਛਾਪਿਆ ਸੀ। ਪਹਿਲੋਂ ਤੀਹ ਚਾਲ਼ੀ ਕਵਿਤਾਵਾਂ ਲਿਖੀਆਂ ਸਨ। ਫਿਰ ਵਾਰਤਕ ਦਾ ਚਸਕਾ ਪੈ ਗਿਆ ਤੇ ਯਾਰ ਲੋਕ ਕਵਿਤਾ ਤੋਂ ਅਗਾਹ ਵਾਰਤਕ ਦੇ ਮੋਹਰੀ ਹੋ ਗਏ। ਕਵਿਤਾਵਾਂ ਛੱਡ ਕੇ ਨਾਵਲ ਦੇ ਰਾਹ ਗਵਾਚ ਗਿਆ। ਪਰ ਪੰਦਰਾਂ ਸਾਲਾਂ ਪਿਛੋਂ 'ਭਾਵਨਾ' ਨਾਂ ਦੀ ਕਵਿਤਾ ਪੁਸਤਕ ਛਪਵਾਈ ਸੀ, ਜਿਹੜੀ ਦਿਲ ਦੇ ਜਾਨੀ ਨੂੰ ਬਹੁਤੀ ਕਰਕੇ ਸੰਬੋਧਨ ਸੀ।

ਸਵਾਲ – ਲਗਦੇ ਹੱਥ ਉਸ ਦਿਲ ਦੇ ਜਾਨੀ ਬਾਰੇ ਵੀ ਕੁਝ ਦੱਸੋ।

ਕੰਵਲ – ਮੈਂ ਸਵਰਗਵਾਸੀ ਡਾ. ਜਸਵੰਤ ਕੌਰ ਬਾਰੇ ਸਾਰੇ ਜਹਾਨ ਨੂੰ ਦਸ ਆਇਆ ਹਾਂ। ਉਸ ਸਿਹਤ ਵਗਿਆਨ ਤੇ ਤੇਰਾਂ ਪੁਸਤਕਾਂ ਲਿਖੀਆਂ ਹਨ। ਪੜ੍ਹੋ ਤੇ ਸਮਝ ਜਾਵੋਗੇ ਕਿ ਉਹ ਸਿਹਤ ਵਗਿਆਨ ਬਾਰੇ ਕਿੰਨੀ ਸ਼ੁਭ ਕਰਮਕਾਰੀ ਸੀ। ਉਸ ਨੂੰ ਉਹਦੀਆਂ ਰਚਨਾਵਾਂ ਵਿਚੋਂ ਜਾਣੋ।

ਸਵਾਲ – ਕਵਿਤਾ ਜਾਂ ਵਾਰਤਕ ਤੁਸੀਂ ਅਪਣੀ ਹੋਸ਼ ਵਾਲੀ ਪਹਿਲੀ ਸਾਹਿਤਕ ਰਚਨਾ ਕਿਸ ਨੂੰ ਮੰਨਦੇ ਹੋ ?

ਕੰਵਲ – ਕਵਿਤਾ ਵਿਚ ਤਾਂ ਭਾਵਨਾ ਹੀ ਪੜ੍ਹਨ ਵਾਲੀ ਹੈ, ਜਿਹੜੀ ਦਿਲ ਦਮਾਗ ਦੀਆਂ ਧੜਕਣਾਂ ਨੂੰ ਥਾਪੜਾ ਦੇਂਦੀ ਹੈ। ਪਰ ਫੇਰ ਨਾਵਲਾਂ ਉੱਤੇ ਵਾਹਵਾ ਹੱਥ ਖੁੱਲ੍ਹ ਗਿਆ, ਪੂਰਨਮਾਸ਼ੀ ਤੇ ਰਾਤ ਬਾਕੀ ਹੈ ਨਾਵਲਾਂ ਨੇ ਮੈਨੂੰ ਪੰਜਾਬੀ ਸਾਹਿਤ ਵਿਚ ਵਾਹਵਾ ਪ੍ਰਸੰਸਾ ਦਿੱਤੀ ਸੀ। ਕਵਿਤਾ ਮੈਨੂੰ ਛੇੜਦੀ ਤਾਂ ਸੀ, ਪਰ ਪਿੜ ਪੱਲੇ ਕੁਝ ਨਹੀਂ ਪਾਉਂਦੀ ਸੀ। ਨਾਵਲਾਂ ਦੀ ਘੜਮਸ ਨੇ ਧੱਕੇ ਦੇ ਕੇ ਆਪਣੇ ਰਾਹ ਪਾਈ ਰੱਖਿਆ।

## ਕਿਰਤ – ਕਮਾਈ

ਸਵਾਲ – ਤੁਸੀਂ ਅਪਣੇ ਮੁਢਲੇ ਵਰ੍ਹਿਆਂ ਵਿਚ ਸਭ ਤੋਂ ਵੱਧ ਪ੍ਰੇਰਨਾ ਦੇਣ ਵਾਲੀ ਕਿਹੜੀ ਕਿਤਾਬ ਪੜ੍ਹੀ ਸੀ ਤੇ ਉਸ ਬਾਰੇ ਕਿਵੇਂ ਮਹਿਸੂਸ ਕੀਤਾ ?

ਕੰਵਲ – ਵਾਰਸ ਦੀ ਹੀਰ, ਸੂਫ਼ੀਆਂ ਦੇ ਕਲਾਮ, ਗੁਰਬਾਣੀ ਤੇ ਮੁੰਡੇ ਕੁੜੀਆਂ ਦੇ ਗੀਤਾਂ ਨੇ ਮੇਰੇ ਸ਼ਬਦ ਭੰਡਾਰ ਨੂੰ ਤੋਟ ਨਹੀਂ ਆਉਣ ਦਿੱਤੀ। ਮੇਰੀ ਸਿਰੜੀ ਲਗਨ ਹੀ ਮੇਰੀ ਗੁਰੂ ਸੀ। ਵਿਦਾਂਤ ਦੀ ਉਕਤੀ ਯੁਗਤੀ ਪੜ੍ਹਨ ਤੋਂ ਬਆਦ ਭਰਥਰੀ ਹਰੀ ਦੇ ਸ਼ਤਕਾਂ ਹੋਰ ਮੋਹਰ ਲਾ ਦਿੱਤੀ। ਮਾਰਕਸਿਜ਼ਮ ਨੇ ਮੈਨੂੰ ਨਵੇਂ ਪੁਰਾਣੇ ਏੜਾਂ ਗੇੜਾਂ ਵਿਚੋਂ ਕੱਢ ਕੇ ਸਮਾਜਕ-ਰਾਜਨੀਤਿਕ ਵਿਹਾਰ ਦੇ ਸਿੱਧੇ ਰਾਹ ਪਾ ਦਿੱਤਾ। ਇਸ ਤਰ੍ਹਾਂ ਮੈਂ ਸਾਹਿਤ ਖੇਤਰ ਵਿਚ ਪਹਿਲਵਾਨੀ ਦੇ ਦਾਅ ਪੇਚਾਂ ਨੂੰ ਹੱਥ ਪੈਰ ਮਾਰਨ ਲਗ ਪਿਆ। ਕੁਰਬਾਨੀਆਂ ਹੋਰ ਕਰਦੇ ਰਹੇ। ਰਾਜ ਭਾਗ ਕਾਂਗਰਸ ਸਾਂਭ ਕੇ ਧਨੇਸੂ ਬਣ ਬੈਠੀ। ਕਮਿਊਨਿਸਟ ਆਗੂ ਓਦੋਂ ਆਖਦੇ ਤਾਂ ਸੱਚ ਸੀ ; ਪਰ ਲੋਕਾਂ ਨੂੰ ਸੱਚ ਸਮਝਾ ਨਾ ਸਕੇ। ਪੰਜਾਬ ਨੇ ਆਜ਼ਾਦੀ ਲਈ ਸਿਰ ਤਾਂ ਬੇਪ੍ਰਵਾਹ



ਵਲੈਤ ਦੀ ਫੇਰੀ- ਲੰਡਨ -1980

ਦਿੱਤੇ ; ਪੰਜਾਬੀਆਂ ਨੂੰ ਤਾਂ ਬਹੁਤੀ ਵਾਰ ਲੁੱਟੇ ਪੁੱਟੇ ਜਾਣ 'ਤੇ ਵੀ ਅਕਲ ਨਹੀਂ ਆਉਂਦੀ। ਇਹਨਾਂ ਤੋਂ ਹਲਵਾਹੀ ਦੇ ਸਖ਼ਤ ਕੰਮ ਕਰਵਾ ਲਵੋ, ਨਾਂਹ ਨਹੀਂ ਕਰਨਗੇ। ਪ੍ਰੇਰਨਾ ਦੇਣ ਵਾਲੀ ਵਾਰਸ ਦੀ ਹੀਰ ਨੂੰ ਹੀ ਸਮਝਦਾ ਆਂ। ਸੂਫ਼ੀ ਦੀ ਜ਼ੁਬਾਨ ਨਾਲ ਦਿਲ ਨੱਚਦਾ ਹੈ, ਮੈਂ ਓਹਨਾਂ ਦੀ ਸਾਦੀ ਬੋਲੀ ਰਾਹੀਂ ਗਹਿਰੀ ਰਮਜ਼ ਫੜਨ ਦੇ ਕਸਬ ਦਾ ਕਾਇਲ ਹਾਂ। ਵਾਹ ਲਗਦੀ ਮੈਂ ਇਹ ਪੈਂਤੜਾ ਨਹੀ ਛੱਡਿਆ।

ਸਵਾਲ – ਕੰਵਲ ਜੀ! ਸਵਾਲ ਤਾਂ ਪੁੱਛਿਆ ਸੀ, ਮੁਢਲੀ ਪ੍ਰੇਰਨਾ ਬਾਰੇ। ਤੁਸਾਂ ਪੰਜਾਬੀਆਂ ਦੇ ਸਿਰ ਦੇਣ ਦੀ ਗਲ ਤੋਰ ਲਈ ?

ਕੰਵਲ – ਬਈ ਚਾਰ ਨਾਵਲ ਕਿਤਾਬਾਂ ਲਿਖ ਕੇ ਲੇਖਕ ਜ਼ਰੂਰ ਬਣ ਗਿਆ ਆਂ, ਪਰ ਜੱਦੀ ਪੁਸ਼ਤੀ ਤਾਂ ਹਲ ਵਾਹ ਜੱਟ ਹੀ ਹਾਂ ਨਾਂਅ। ਮੁੱਢ ਵਿਚ ਸੱਚੀ ਗੱਲ, ਮੈਂ ਤਾਂ ਸੋਚਿਆ ਈ ਨਹੀਂ ਸੀ, ਲੇਖਕ ਬਣਨਾ ਹੈ। ਅਜਿਹੇ ਧੱਕਿਆਂ ਤੋੜਿਆਂ ਵਿਚ ਦੀ ਗੁਜ਼ਰਦਿਆਂ, ਬਲਦਾਂ ਵਾਲੀ ਪੰਜਾਲ਼ੀ ਸੁੱਟ ਕੇ, ਪੜ੍ਹਨ ਲਿਖਣ ਦੀ ਲਗਨ ਅਫੀਮ ਵਾਂਗ ਚੁੰਬੜ ਗਈ। ਇਹਦੇ ਵਿਚ ਨਵਾਂ ਜਿਹਾ ਸੁਆਦ ਆਇਆ, ਯਾਰਾਂ ਦੀ ਲਗਨ ਨੇ ਇਸ ਪਾਸੇ ਨੂੰ ਮੋੜਾ ਪਾ ਲਿਆ। ਇਹ ਸਿਆਪਾ ਜੇ ਸਹੀ ਪੁੱਛੋ ਹੀਰ ਦੀ ਲਗਨ ਨੇ ਅਜਿਹਾ ਚੰਮੋੜਿਆ, ਫਿਰ ਵਹਿਣ ਪਏ ਦਰਿਆ ਨੇ ਮੋੜਾ ਈ ਨਾ ਪਾਇਆ। ਮੇਰਾ ਬੋਲ ਚੰਗਾ ਖਿੱਚ ਪਾਊ ਸੀ, ਦੂਜੇ ਵਾਰਸ ਦੇ ਬਹਿਰ ਨੇ ਮੇਰੀ ਲਹਿਰ ਨੂੰ ਦੀਵਾਨਗੀ ਬਖ਼ਸ ਦਿੱਤੀ। ਸਮਝ ਫਕੀਰੀਆਂ, ਦੀਵਾਨਗੀਆਂ ਤੇ ਲੋਕ ਲਹਿਰਾਂ ਵਿਚ ਦੀ ਯਾਰਾਂ 'ਰਾਤ ਬਾਕੀ ਹੈ' ਵਾਲਾ ਝੰਡਾ ਸਾਹਿਤ ਦੇ ਪਿੜ ਵਿੱਚ ਆ ਗੱਡਿਆ। ਫੇਰ ਲੋਕਾਂ ਦੀ ਵਾਹ ਵਾਹ ਨੇ ਐਨੀ ਫੂਕ ਭਰੀ, ਯਾਰਾਂ ਦਾ ਬਲੈਡਰ ਪਾਟਣ 'ਤੇ ਆ ਗਿਆ। ਪ੍ਰਸੰਸਾ ਨਾਲ ਹੱਥ ਵੀ ਥੋੜ੍ਹਾ ਗਰਮ ਹੋਣ ਲਗ ਪਿਆ। ਸੱਚੀ ਗੱਲ, ਸਾਹਿਤਕ ਮੇਲੇ ਦੇ ਧੱਕਿਆਂ ਵਿਚ ਪਤਾ ਈ ਨਾ ਲੱਗਾ, ਕਦੋਂ ਪੈਰ ਚੁੱਕੇ ਗਏ। ਮੇਰੇ ਬਾਬੇ ਦਾ ਨਾਂ ਪੰਜਾਬ ਸਿੰਘ ਸੀ। ਉੱਚਾ ਲੰਮਾ ਕੱਦ, ਖੇਤੀ ਦੇ ਕੰਮਾਂ ਵਿਚ ਸੂਰਮਾ ਜੱਟ ਸੀ। ਵਾਢੀ ਵਿਚ ਕੋਈ ਉਸ ਦੀ ਬਾਂਹ ਨਹੀਂ ਫੜਦਾ ਸੀ। ਇਕ ਵਾਰ ਵਾਢੀ ਕਰਦਿਆਂ ਪਿੰਡੋਂ ਦੂਰ ਦਿਨ ਛਿਪ ਗਿਆ। ਬਾਬੇ ਨੇ, ਸਾਥੀ ਲਾਣਿਆਂ ਨੂੰ ਇਕ ਤਰ੍ਹਾਂ ਵੰਗਾਰਿਆ- ''ਜਵਾਨੋ! ਝੱਖ ਚੜ੍ਹੀ ਐ, ਹਨ੍ਹੇਰੀ ਆਉਣ ਦੇ ਆਸਾਰ ਬਣਦੇ ਜਾ ਰਹੇ ਐ। ਆਪਾਂ ਹੱਥੋ ਹੱਥੀ ਲਗ ਕੇ ਮੰਡਲੀਆਂ ਲਾ ਦੇਈਏ। ਜੇ ਹਨ੍ਹੇਰੀ ਆ ਗਈ, ਹੱਥ ਪੱਲੇ ਕੁਝ ਨਹੀਂ ਆਉਣਾ।''

ਲਾਣਿਆਂ ਸਾਰੀ ਦਿਹਾੜੀ ਦੇ ਥਕੇਵੇਂ ਦਾ ਬਹਾਨਾ ਲਾਇਆ ਤੇ ਪਿੰਡ ਨੂੰ ਤੁਰ ਗਏ। ਬਾਬੇ ਪੰਜਾਬ ਸਿੰਹੁ ਨੇ ਤੜ ਮਾਰੀ, ਮੈਂ ਤਾਂ ਸਾਲ ਭਰ ਦੀ ਕਮਾਈ ਵਾ ਮੁਹਾਰੇ ਨਹੀਂ ਉੱਡਣ ਦੇਣੀ। ਲੱਕ ਘੁੱਟ ਕੇ ਬੰਨ ਲਿਆ ਤੇ ਜੁਟ ਪਿਆ ਮੰਡਲੀਆਂ ਲਾਉਣ। ਸਾਰੀ ਦਿਹਾੜੀ ਦਾ ਥੱਕਿਆ, ਮੰਡਲ ਲਾਉਂਦਾ ਰਿਹਾ। ਦਿਨ ਚੜ੍ਹ ਗਿਆ ਤੇ ਬਾਬਾ ਵੀ ਪੌਣੇ ਦੋ ਘੁਮਾਂ ਦੀ ਕਣਕ ਦੇ ਮੰਡਲ ਲਾ ਕੇ ਦਾਤੀ ਹਲਾਉਂਦਾ ਪਿੰਡ ਨੂੰ ਤੁਰ ਪਿਆ। ਰਾਹ ਵਿਚ ਆਉਂਦੇ ਵਾਢੇ ਮਿਲ ਪਏ। ਉਹਨਾਂ ਨਾਲ ਸਾਰੀ ਰਾਤ ਦੀ ਖੇਚਲ ਦਾ ਭੰਨਿਆ, ਮੁੜ ਵਾਢੀ ਕਰਨ ਜਾ ਲੱਗਾ। ਮੇਰੇ ਅੰਦਰ ਅਜਿਹੇ ਕਿਰਤੀ ਸਾਹ ਲੈਂਦੇ ਨੇ।

ਸਵਾਲ – ਕੰਵਲ ਜੀ, ਅਪਣੀ ਮੁਢਲੀ ਪ੍ਰੇਰਨਾ ?

ਕੰਵਲ – ਯਾਰ ਮੈਂ ਦੱਸ ਤਾਂ ਰਿਹਾ ਹਾਂ, ਮੈਂ ਅਜਿਹੇ ਅਣਥੱਕ ਤੇ ਜਬ੍ਹੇ ਵਾਲੇ ਬਾਬੇ ਦਾ ਪੋਤਾ ਆ। ਧੱਕੜ ਕਿਸਾਨੀ ਛੱਡ ਕੇ ਸਾਹਿਤ ਪਿੜ ਵਿਚ ਪੈਰ ਆ ਗੱਡੇ। ਤੁਸੀਂ ਆਖੋਗੇ, ਫਰਾਟੇ ਮਾਰਦਾ ਆਂ; ਪਰ ਸ੍ਰ. ਨਾਨਕ ਸਿੰਘ ਦੇ ਥਾਪੜੇ ਨਾਲ ਇਕ ਵਾਰ ਸਾਹਿਤ ਦਾ ਝੰਡਾ ਮੈਦਾਨ ਵਿਚ ਗੱਡ ਦਿੱਤਾ ਸੀ। ਜਿਸ ਦੇ ਘਰ ਤੇ ਪਿੰਡ ਵਿਚ ਕੋਈ ਊੜੇ ਆੜੇ ਤੋਂ ਅਗਾਂਹ ਨਹੀਂ ਟੱਪਿਆ ਸੀ। ਤੁਸੀਂ ਥਾਪੜਾ ਦਿਓ ਜੱਟ ਨੂੰ, ਜਿਸ ਪੰਜਾਬ ਹੁੰਗਾਰਦਾ ਕਰ ਦਿੱਤਾ।

ਸਵਾਲ – ਅਪਣੇ ਮੂੰਹੋ ਸ਼ੇਖੀਆਂ ਚੰਗੀਆਂ ਨਹੀਂ ਹੁੰਦੀਆਂ।

ਕੰਵਲ – ਤੁਸੀਂ ਮੇਰੇ ਕਮਾਏ ਸੱਚ ਨੂੰ ਸ਼ੇਖੀਆਂ ਆਖਦੇ ਓ। ਪਤਾ ਏ ਪੂਰਨਮਾਸ਼ੀ, ਰਾਤ ਬਾਕੀ ਹੈ, ਹਾਣੀ ਤੇ ਲਹੂ ਦੀ ਲੋਅ ਦੀਆਂ ਦਸ-ਦਸ, ਬਾਰਾਂ-ਬਾਰਾਂ ਐਡੀਸ਼ਨਾਂ ਛਪ ਚੁੱਕੀਆਂ ਹਨ। ਲੋਕ ਰਾਤਾਂ ਜਾਗ ਜਾਗ ਪੜ੍ਹਦੇ ਐ।

ਸਵਾਲ – ਸਿਆਣੇ ਲੇਖਕ ਆਕੜ ਨਹੀਂ ਕਰਦੇ ਹੁੰਦੇ।

ਕੰਵਲ – ਯਾਰ! ਬੰਦਾ ਅਪਣੀ ਕਿਰਤ ਕਮਾਈ ਉਤੇ ਮਾਣ ਵੀ ਨਹੀਂ ਕਰ ਸਕਦਾ। ਹੌਸਲੇ ਬਿਨਾਂ ਤਾਂ ਬਹਾਦਰੀ ਵੀ ਖੂਹ ਪੈ ਜਾਂਦੀ ਐ। ਤੂੰ ਉਹਨਾਂ ਸਾਹਿਤਕ ਚੌਧਰੀਆਂ ਨੂੰ ਨਹੀਂ ਜਾਣਦਾ ; ਦਾਣੇ ਵੰਝਲੀ ਦੇ ਨਾਂ 'ਤੇ ਘੁੱਗੂ ਵਜਾਉਂਦੇ ਫਿਰਦੇ ਐ ਸਰਕਾਰੇ ਦਰਬਾਰੇ। ਸੱਚ ਨੂੰ ਥੋੜ੍ਹੀ ਬਹੁਤ ਤਾਂ ਸ਼ਾਬਾਸ਼ ਮਿਲਣੀ ਚਾਹੀਦੀ ਐ। ਸੱਚ ਨੂੰ ਸਾਬਾਸ਼ ਨਾ ਦੇਣ ਵਾਲੇ ਬੁਜ਼ਦਿਲ ਹਿਜੜੇ ਹੁੰਦੇ ਐ। ਹਾਅ, ਆਲੇ ਦੁਆਲੇ ਲੋਕ ਬੋਲੀਆਂ ਦਾ ਤਾਂ ਮੀਂਹ ਵਰ੍ਹਦਾ ਸੀ, ਪਰ ਸਾਹਿਤ ਟੋਟਕਾ ਭਾਲਿਆਂ ਵੀ ਨਹੀਂ ਸੁਣਦਾ ਸੀ। ਹਾਅ ਇਕ ਚੋਟ ਯਾਦ ਆਈ :

ਸਿੰਧ ਸੂਬੇ ਦੇ ਨਵਾਬ ਸ਼ਾਹ ਸ਼ਹਿਰ ਵਿਚ ਭਰ ਜਵਾਨ ਤਵਾਇਫ਼ ਗਾ ਰਹੀ ਸੀ :

''ਅਕਲ ਚਬੇ ਦੀ ਇਸ਼ਕ ਨਾ ਕਰ।
ਇਸ਼ਕ ਚਬੇ, ਸਿਰ ਸੂਲੀ ਧਰ।''

ਮੈਂ ਤਾਂ ਥਾਏ ਫੱਟੜ ਹੋ ਗਿਆ। ਜੇਬ 'ਚੋਂ ਚਾਂਦੀ ਦਾ ਰੁਪਈਆ ਕੱਢ ਕੇ ਤਵਾਇਫ਼ ਵੱਲ ਉੱਚਾ ਕੀਤਾ। ਉਹ ਸਿੱਖ ਨੌਜਵਾਨ ਦੀ ਬਾਂਹ ਉੱਚੀ ਵੇਖ ਕੇ ਬੜੀ ਹੈਰਾਨ ਹੋਈ ਤੇ ਨੇੜੇ ਆ ਕੇ ਬੋਲੀ,

''ਤੂੰ ਸਿੱਖਾ, ਅਕਲ ਇਸ਼ਕ ਦੇ ਮਾਅਨੇ ਜਾਣਦਾ ਏਂ?''

''ਬਿੱਲੋ, ਪੱਟਿਆ ਈ ਉਹਨਾਂ ਦੋਹਾਂ ਦਾ ਫਿਰਦਾ ਆਂ।'' ਮੇਰੇ ਮੋੜ ਨਾਲ ਗਾਇਕਾ ਧੰਦਕ ਕੇ ਰਹਿ ਗਈ।

ਉਸ ਮੈਨੂੰ ਨਜ਼ਰਾਂ ਗੱਡ ਕੇ ਵੇਖਿਆ। ਯਾਰਾਂ ਦੀ ਅੰਦਰਲੀ ਤੱਕਣੀ ਨਾਲ ਉਹ ਝਟਕਾ ਖਾ ਗਈ। ਮੈਂ ਰੁਪਈਆ ਉਹਦੇ ਵੱਲ ਵਧਾਇਆ। ਉਹਦੀਆਂ ਨਜ਼ਰਾਂ ਮੇਰੇ ਅੰਦਰ ਖੁੱਭ ਕੇ ਰਹਿ ਗਈਆਂ। ਉਹਦੀ ਹੈਰਾਨੀ ਕਹਿ ਰਹੀ ਸੀ, ਇਕ ਹਲ ਵਾਹ ਸਿੱਖ ਨੌਜਵਾਨ ਇਸ਼ਕ ਦੀ ਅੰਦਰਲੀ ਤਹਿ ਤੱਕ ਕਿਵੇਂ ਜਾ ਸਕਦਾ ਏ? ਉਸ ਰੁਪਈਆ ਫੜਦਿਆਂ ਆਖਣਾ ਚਾਹਿਆ, ਮੁੜ ਥਏਂ ਥੰਮ ਕੇ ਬੋਲੀ, ''ਪੱਟਿਆ ਲਗਦਾ ਏ ?''

''ਜ਼ਖ਼ਮ ਹੱਦੋਂ ਵੱਧ ਗਹਿਰਾ, ਦਵਾ ਕਿਤੋਂ ਨਹੀਂ ਮਿਲੀ।''

''ਇਹ ਇਸ਼ਕ ਭੈੜਾ ਘਾਇਲ ਹੀ ਕਰਦਾ ਹੈ, ਪੱਲੇ ਹਾਉਕੇ ਹਾਵੇ ਹੀ ਪਾਉਂਦਾ ਏ।'' ਉਸ ਚਾਂਦੀ ਦਾ ਰੁਪਈਆ ਦੋ ਵਾਰ ਮੱਥੇ ਨੂੰ ਲਾਇਆ ਤੇ ਸਿਰ ਝੁਕਾਂਦੀ ਪਿਛਾਂਹ ਹਟ ਗਈ। ਮੇਰਾ ਜੀਅ ਕਰੇ, ਉਹਦੇ ਨਾਲ ਹੀ ਤੁਰ ਜਾਵਾਂ।

ਸਵਾਲ – ਫੇਰ ਤੁਰੇ ਕਾਹਤੋਂ ਨਾ ?

ਕੰਵਲ – ਸ਼ਰੀਕਣੀ ਸਿੱਖੀ ਵੀ ਕੰਨ ਫੜੀ ਖਲੋਤੀ ਸੀ। ਨਾਲੇ ਪਤਾ ਨਹੀਂ ਤਵਾਇਫ਼ ਕਿੰਨੇ ਹੋਰ ਜ਼ਖ਼ਮ ਚੁੱਕੀ ਫਿਰਦੀ ਸੀ। ਜ਼ਖ਼ਮ ਬੇਪ੍ਰਵਾਹ ਪਰ ਦਵਾ ਕਿਤੇ ਨਹੀਂ। ਸਾਲੇ ਹਸਪਤਾਲਾਂ ਵਿਚ ਵੀ ਉੱਲੂ ਬੋਲਦੇ ਐ। ਇਹ ਜਨਮ, ਰਿਖੀ ਮੁਨੀ ਆਖਦੇ ਐ, ਇਕ ਵਾਰ ਹੀ ਮਿਲਦਾ ਏ ਤੇ ਅਸਾਧ ਰੋਗ ਦੇ ਕੇ ਪੂਰਾ ਹੋ ਜਾਂਦਾ ਹੈ। ਪਿਆਰ ਤਾਂ ਆਪ ਪ੍ਰਮਾਤਮਾ ਐ। ਇਹ ਪ੍ਰਮਾਤਮਾ ਵੀ ਭੁਲੇਖਾ ਦੇ ਕੇ ਸਾਹ ਖਿੱਚ ਲੈਂਦਾ ਐ। ਸ਼ਾਂਤੀ ਕਿਤੇ ਨਹੀਂ, ਮੈਨੂੰ ਲਗਦਾ ਏ ਮੁਕਤੀ ਵੀ ਝੂਠੀ ਅਫਵਾਹ ਐ। ਉਸ ਦੀ ਐਨੀ ਵੱਡੀ ਦਰਿੜਤਾ ਵੇਖ ਕੇ ਮੈਂ ਕੁਝ ਕਹਿਣ ਜੋਗਾ ਹੀ ਨਾ ਰਿਹਾ।

ਸਵਾਲ – ਤੁਸੀਂ ਬੜੀਆਂ ਅਨੋਖੀਆਂ ਤੇ ਅਸਚਰਜ ਘਟਨਾਵਾਂ ਵਿਚਦੀ ਗੁਜ਼ਰ ਕੇ ਆਏ ਹੋ। ਤੁਹਾਡੇ ਆਲੇ ਦੁਆਲੇ ਕਿਸੇ ਨੂੰ ਵੀ ਸਾਹਿਤਕ ਮੱਸ ਨਹੀਂ ਸੀ ? ਤੁਸੀਂ ਇਹਦੇ ਘੇਰੇ ਵਿੱਚ ਕਿਵੇਂ ਆ ਗਏ ?

ਕੰਵਲ – ਬਈ ਦੱਸਿਆ ਨਾ ਵਾਰਸ ਦੇ ਹਲੂਣਿਆਂ ਨਾਲ ਮੁੱਢ ਵਿਚ ਉਹਦਾ ਹੋ ਗਿਆ। ਪ੍ਰੋ. ਪੂਰਨ ਸਿੰਘ ਦੇ ਖੁੱਲ੍ਹੇ ਘੁੰਡ ਤੇ ਖੁੱਲ੍ਹੇ ਲੇਖਾਂ ਨੇ ਵਾਹਵਾ ਝੰਜੋੜਿਆ ਅਤੇ ਵਿਕਟਰ ਹਿਊਗੋ ਦਾ ਫਰਾਂਸੀਸੀ ਇਨਕਲਾਬ ਬਾਰੇ ਨਾਵਲ 'ਲਾ ਮਿਜ਼ਰੇਬਲ', ਜਿਸਦਾ ਪੰਜਾਬੀ ਅਨੁਵਾਦ ਪ੍ਰੋ. ਕਰਤਾਰ ਸਿੰਘ ਨੇ ਕੀਤਾ ਸੀ, ਨੇ ਮੈਨੂੰ ਨਾਵਲ ਲਿਖਣ ਦੀ ਵੱਡੀ ਪ੍ਰੇਰਨਾ ਦਿੱਤੀ। ਇਸ ਤਰ੍ਹਾਂ ਪੜ੍ਹਨ ਦੀ ਲਗਨ ਚੇਟਕ ਨੇ ਮੈਨੂੰ ਸਾਹਿਤ ਰਚਨਾ ਵੱਲ ਧੱਕੇ ਮਾਰ ਕੇ ਤੁਰਦਾ ਕਰ ਦਿੱਤਾ। ਹਾਂ, ਲਿਬਨਾਨ ਦੇ ਦਾਰਸ਼ਨਿਕ ਰਚਨਾਕਾਰ ਖਲੀਲ ਜਿਬਰਾਨ ਦੀਆਂ ਲਿਖਤਾਂ ਨੇ ਵੀ ਸ਼ੁਰੂ ਵਿੱਚ ਬਹੁਤ ਪ੍ਰਭਾਵਿਤ ਕੀਤਾ ਸੀ। ਮੈਂ ਸਭ ਤੋਂ ਪਹਿਲੀ ਪੁਸਤਕ 'ਜੀਵਨ ਕਣੀਆਂ' ਜਿਬਰਾਨ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈ ਕੇ ਲਿਖੀ ਤੇ ਛਾਪੀ ਸੀ।

ਸਵਾਲ – ਤੁਸੀਂ ਅਪਣੇ ਮੁਢਲੇ ਵਰ੍ਹਿਆਂ ਵਿਚ ਸਭ ਤੋਂ ਵੱਧ ਗੌਲਣ ਯੋਗ ਕਿਤਾਬ ਕਿਹੜੀ ਪੜ੍ਹੀ ਸੀ ਅਤੇ ਉਸ ਬਾਰੇ ਕਿਵੇਂ ਮਹਿਸੂਸ ਕੀਤਾ ?

ਕੰਵਲ – ਪੰਜਾਬੀ ਲੇਖਕਾਂ ਵਿਚੋਂ ਪ੍ਰੋ. ਪੂਰਨ ਸਿਘ ਮੈਨੂੰ ਅਲਬੇਲਾ ਕਵੀ ਤੇ ਲੇਖਕ ਬਹੁਤ ਪ੍ਰੇਰਕ ਲੱਗਾ। ਉਹ ਅੰਦਰੋਂ ਬਾਹਰੋ ਸੱਚਾ ਸੁੱਚਾ ਪੰਜਾਬੀ ਸੀ। ਉਸ ਕਈ ਵਹਿਣ ਵਿਹਾਏ; ਪਰ ਪੰਜਾਬੀ ਦਾ ਉਹ ਸੂਰਮਾ ਲੇਖਕ ਸਾਬਤ ਹੋਇਆ। ਚਿਣਗ ਚੁਆਤੀ ਲਾਉਣ ਵਾਲਾ ਜੰਡਿਆਲੇ ਦਾ ਵਸਨੀਕ ਵਾਰਸ ਸ਼ਾਹ ਸੀ। ਉਹਦੀ ਜਨਮ ਭੂਮੀ ਦੀ ਦੋ ਵਾਰ ਜਿਆਰਤ ਵੀ ਕੀਤੀ ਅਤੇ ਉਸ ਮਸਜਿਦ ਦੇ ਵੀ ਦਰਸ਼ਨ ਕੀਤੇ ; ਜਿੱਥੇ ਬਹਿ ਕੇ ਉਸ ਹੀਰ ਲਿਖੀ ਸੀ। ਵਿਕਟਰ ਹਿਊਗੋ ਤੇ ਤਾਲਸਤਾਏ ਵੀ ਮੇਰੇ ਉਠਦੇ ਜਜ਼ਬਾਤ ਨੂੰ ਤਰਤੀਬ ਦੇਣ ਵਾਲਿਆਂ ਵਿੱਚੋਂ ਵੱਡੇ ਆਗੂ ਹੋਏ ਹਨ। ਵੈਸੇ ਵਿਦਵਾਨ ਹੀ ਨਹੀਂ, ਕਈ ਅਣਪੜ੍ਹ ਸਿਆਣੇ ਵੀ ਬੜੀ ਪਤੇ ਦੀ ਗੱਲ ਕਰਦੇ ਹਨ। ਪੁੱਠਾ ਜਾਂਦੇ ਨੂੰ ਸਿੱਧਾ ਰਾਹ ਪਾ ਜਾਂਦੇ ਹਨ। ਮੇਹਰੈਲਣ ਪੰਜਾਬਣ ਆਖਦੀ ਸੀ :

''ਯਾਰਾਂ ਦਾ ਕੀ ਪੁੱਛਣਾ, ਮੇਰੇ ਯਾਰਾਂ ਦੀ ਮੰਡਲੀ ਭਾਰੀ।''

ਇਓਂ ਸਾਧਾਂ ਸੰਤਾਂ ਤੋਂ ਲੈ ਕੇ ਛਟੇ ਬਦਮਾਸ਼ਾਂ ਤੱਕ ਸੰਗਤ ਮਾਣੀ। ਕੱਵਾਲੀ ਗਾਉਣ ਵਾਲੇ ਤੇ ਮੁੰਡਾ ਨਚਾਉਣ

ਵਾਲੇ ਯਾਰਾਂ ਦੀ ਮੰਡਲੀ ਵਿਚ ਵੀ ਆਮਲ ਸ਼ਾਮਲ ਰਿਹਾ ਆਂ। ਤੁਸੀਂ ਸਮਝੋ, ਉਹ ਕਿਹੜੀ ਗਲੀ, ਜਿੱਥੇ ਫੱਤੋ ਨਹੀਂ ਖਲੀ। ਕੰਨ ਪਾੜ ਤੇ ਮੁੰਦਰਾਂ ਪਾ ਕੇ ਸਾਧ ਨੇ ਚੇਲੇ ਨੂੰ ਆਖਿਆ ਸੀ:

''ਜਾਹ ਬੱਚਾ ਮੰਗਦਾ ਖਾਂਦਾ ਫਿਰ, ਆਪ ਖਾਹ ਤੇ ਸਾਨੂੰ ਵੀ ਖੁਆ।''

ਸਮਝੋ, ਮੱਝਾਂ ਚਾਰਨ ਤੋਂ ਲੈ ਕੇ ਅਵਾਰਾਗਰਦੀ ਨੇ ਮਾਂਜ ਸਵਾਰ ਕੇ ਤੁਹਾਡੇ ਹਵਾਲੇ ਕਰ ਦਿੱਤਾ। ਪਰ ਮੇਰਾ ਅਨੁਭਵ ਬਲਵਾਨ ਹੀ ਨਹੀਂ, ਚੇਤੰਨ ਵੀ ਸੀ। ਸੰਤ ਗੁਰੂ ਨੇ ਵੇਦਾਂਤ ਪੜ੍ਹਾ ਕੇ ਆਖਿਆ ਸੀ :

''ਜਾਹ, ਹੁਣ ਤੇਰਾ ਜਨਮਾਂ ਦਾ ਭੁਲੇਖਾ ਚੁੱਕਿਆ ਗਿਆ। ਗਿਆਨ ਹੀ ਅਜਿਹੀ ਚੀਜ਼ ਹੈ, ਜਿਹੜੀ ਵੰਡਿਆਂ ਤਰਾ ਤਰੀ ਵਧਦੀ ਹੈ। ਬਾਕੀ ਸਾਰੀਆਂ ਰਾਸਾਂ ਮੁਕ ਜਾਂਦੀਆਂ ਹਨ। ਜਨਮ ਮਰਨ ਦਾ ਖ਼ੌਫ਼ ਵੀ ਪੁਰਾਣੇ ਜੁੱਲੜ ਵਾਂਗ ਲਹਿ ਜਾਂਦਾ ਹੈ, ਵਿਕਾਰਾਂ ਵਿਚ ਨਾ ਪਵੇਂ, ਤਾਂ ਸ਼ੋਭਾਵਾਨ ਹੋਵੇਂਗਾ।

ਗਿਆਨਵਾਨ ਆਪ ਹੀ ਨਹੀਂ ਤਰਦਾ, ਕੋੜਮਿਆਂ ਨੂੰ ਵੀ ਤਾਰਦਾ ਹੈ। ''

ਜਦ ਅਸਲੀ ਦੁਨੀਆ ਵਿਚ ਆਇਆ ਤਾਂ ਭਰਾ ਭਾਈ, ''ਦਮਾਗ ਫਿਰ ਗਿਆ'' ਆਖਣ ਲੱਗ ਪਏ। ਗੁਰੂ ਕੇ ਕੰਨ ਪਾੜਨ ਲਗ ਪਏ : ''ਮੂਰਖ ਨਾਲ ਨਾ ਲੁਝੀਏ। '' ਜਦ ਬ੍ਰਹਮ ਗਿਆਨ ਪਾ ਲਿਆ, ਤਾਂ ਇਉਂ ਜਾਪਣ ਲੱਗਾ, ਮੈਂ ਕਮਲਾ ਹੋ ਗਿਆ ਆਂ ਜਾਂ ਸਾਰੀ ਦੁਨੀਆ ਮੂਰਖਾਂ ਦਾ ਵਾੜਾ ਏ? ਮਨ ਨੇ ਸਾਧ ਹੋਣੋਂ ਇਨਕਾਰ ਕਰ ਦਿੱਤਾ ਤੇ ਮਾਰਕਸ ਦੇ ਗਿਆਨ ਨੇ ਮੂਰਖ ਲਾਣੇ ਵਿਚ ਰਹਿਣ ਜੂਝਣ ਲਈ ਮਜਬੂਰ ਕਰ ਦਿੱਤਾ। ਮੁਢਲੇ ਵਰ੍ਹਿਆਂ ਨੇ ਵਾਹਵਾ ਰਗੜ ਮਾਂਜ ਕੇ ਲੋਕਾਂ ਦੇ ਹਵਾਲੇ ਕਰ ਦਿੱਤਾ। ਜਿਥੋਂ ਤੱਕ ਗੌਲਣਯੋਗ ਕਿਤਾਬ ਦਾ ਜ਼ਿਕਰ ਹੈ, ਕਿਹੜੀ ਦਾ ਨਾ ਲਵਾਂ। ਅੰਬ ਵੇਚਣ ਵਾਲਾ ਆਖਦਾ ਸੀ, ਸਾਰੇ ਈ ਮਿਸ਼ਰੀ ਐ, ਕੋਈ ਚੱਕ ਲੈ। ਹੁੰਦਾ ਤਾਂ ਸਾਹਿਤ ਸੋਨਾ ਹੈ, ਪਰ ਹੁਣ ਦੇ ਸੁਨਿਆਰਿਆਂ ਵਿਚ ਖੋਟ ਪਾਉਣਾ ਸ਼ੁਰੂ ਕਰ ਦਿੱਤਾ। ਸਾਹਿਤ ਉਹ ਹੁੰਦਾ ਏ, ਪਹਿਲੀ ਸਤਰ ਪੜ੍ਹੀ ਹੈਰਾਨੀ ਜਾਗ ਪਈ। ਪਹਿਰਾ ਪੂਰਾ ਕੀਤਾ ਖਾਮੋਸ਼ ਸੋਚ ਸਾਰੇ ਫੈਲ ਗਈ। ਸਾਧ ਗੁਰੂ ਆਖਦਾ ਸੀ, ਮਨ ਸਦਾ ਚਪਲ ਬੁੱਧ ਰਿਹਾ ਹੈ, ''ਗਿਆਨ ਕਾ ਬੱਧਾ ਮਨ ਰਹੇ।'' ਨਹਿਰੀ ਕੰਡਿਆਲੇ ਬਿਨਾਂ ਅੱਥਰਾ ਘੋੜਾ ਵਸ ਵਿਚ ਨਹੀਂ ਰਹਿੰਦਾ। ਬ੍ਰਹਮ ਗਿਆਨ ਤੇ ਮਾਰਕਸੀ ਵਿਚਾਰਧਾਰਾ ਵਿਚ ਮੈਂ ਜੇ ਨਾ ਆਇਆ ਹੁੰਦਾ, ਕੰਵਲ ਛੱਪੜ ਦੀ ਸੜਾਂਦ ਹੀ ਹੋ ਜਾਂਦਾ। ਸਾਧ ਬਣਦੇ ਬਣਦੇ ਨੂੰ ਸਾਇੰਸੀ ਗਿਆਨ ਨੇ ਬਚਾਇਆ।

ਸੰਤ ਵਸਾਖਾ ਸਿੰਘ ਸਾਧ ਹੋਣ ਦੇ ਬਾਵਜੂਦ ਮੇਰਾ ਯਾਰ ਸੀ। ਉਹਦੇ ਗੁਰਦਵਾਰੇ ਕਿਸ਼ਨਪੁਰੇ ਇਕ ਕਵੀ ਦਰਬਾਰ ਵਿੱਚ ਮੈਂ ਵੀ ਕਵਿਤਾ ਪੜ੍ਹ ਮਾਰੀ। ਉਹਦੀ ਪਹਿਲੀ ਪੰਗਤੀ ਸੀ : ''ਤੇਰੇ ਰੂਪ ਤੋਂ ਵਿਛੜੀ ਮੈਂ ਕਿਰਨ ਹਾਂ ਤੇਰੀ ।'' ਅਗਲੇ ਦਿਨ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੇ ਪੇਸ਼ੀ ਹੋ ਗਈ। ਆਖਣ ਲੱਗੇ- ''ਰਾਤ ਵਾਲੀ ਕਵਿਤਾ ਤੇਰੀ ਨਹੀਂ ਹੋ ਸਕਦੀ ; ਕਿਸੇ ਦੀ ਚੁਰਾਈ ਹੋਈ ਐ?''

''ਕਵਿਤਾ ਤਾਂ ਮੇਰੀ ਆਪਣੀ ਹੈ, ਤੁਹਾਨੂੰ ਯਕੀਨ ਕਿਵੇਂ ਦੁਆਵਾਂ। ਮੈਂ ਪੂਰੀ ਦ੍ਰਿੜਤਾ ਨਾਲ ਉੱਤਰ ਦਿੱਤਾ।'' ਜੇ ਪਾਣੀ ਦੀ ਬੂੰਦ ਸਾਗਰ ਦੀ ਧੀ ਹੋ ਸਕਦੀ ਐ, ਸੂਰਜ ਦੀ ਕਿਰਨ ਉਹਦਾ ਰੂਪ ਕਿਉਂ ਨਹੀਂ ਹੋ ਸਕਦੀ ?''

ਭਿੰਡਰਾਂ ਵਾਲੇ ਦੇ ਸੰਤ ਗੁਰਬਚਨ ਸਿੰਘ ਨੇ ਮੈਨੂੰ ਜੱਫੀ ਪਾ ਲਈ ਤੇ ਬੋਲੇ- ''ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਰਥ ਪੜ੍ਹ ਲੈ, ਬ੍ਰਹਮ ਗਿਆਨੀ ਹੋ ਜਾਵੇਂਗਾ।'' ਉਹਨਾਂ ਮੈਨੂੰ ਅਪਣੀ ਲੀਹ 'ਚ ਪਾਉਣਾ ਚਾਹਿਆ।

''ਨਾ ਮਹਾਰਾਜ, ਮੈਂ ਤਾਂ ਵਿਚਾਰ ਸਾਗਰ ਦਾ ਛੱਪੜ ਤਰ ਕੇ ਮਸਾਂ ਕਿਨਾਰੇ ਲੱਗਾ ਆਂ; ਤੁਸੀਂ ਮੈਨੂੰ ਮਹਾਂਸਾਗਰ ਵਿਚ ਗੋਤੇ ਦੇਣਾ ਚਾਹੁੰਦੇ ਹੋ।'' ਮੇਰੀ ਏਨੀ ਗੱਲ ਸੁਣ ਕੇ ਦੋਵੇ ਸੰਤ ਐਨਾ ਹੱਸੇ, ਉਨਾਂ ਨੂੰ ਅੱਥਰੂ ਆ ਗਿਆ।

ਭਿੰਡਰਾਂ ਵਾਲਿਆਂ ਮੈਨੂੰ ਬੁੱਕਲ 'ਚ ਲੈ ਕੇ ਥਾਪੜਾ ਦਿੱਤਾ ਅਤੇ ਅਸ਼ੀਰਵਾਦ ਦੇ ਮਾਰੀ- ''ਜਾਹ, ਤੈਨੂੰ ਤੇਰਾ ਬ੍ਰਹਮ ਸਦਾ ਹਰਾ ਰੱਖੇਗਾ।'' ਮੈਨੂੰ ਪਾਣੀ ਭਰਦੀਆਂ ਕੁੜੀਆਂ ਦੀ ਬੋਲੀ ਵੀ ਯਾਦ ਆ ਗਈ- ''ਇਹਨੂੰ ਘੜਾ ਨਾ ਚਕਾਇਉ ਕੁੜੀਓ; ਇਹਦੀ ਪਿੰਡ ਦੇ ਮੁੰਡਿਆਂ ਨਾਲ ਯਾਰੀ।''

''ਖਸਮਾਂ ਨੂੰ ਖਾਣ ਕੁੜੀਆਂ, ਘੜਾ ਚਕ ਲੂੰ ਮੌਣ 'ਤੇ ਧਰ ਕੇ।''

ਇਹ ਬੇਪ੍ਰਵਾਹੀ ਮੈਨੂੰ ਖੁਆਰ ਵੀ ਕਰਦੀ ਰਹੀ ਤੇ ਵਿਸ਼ਵਾਸ਼ ਦੀ ਭਰਪੂਰਤਾ ਨਾਲ ਭਰਦੀ ਵੀ ਰਹੀ। ਮੈਂ ਹਰ ਲੰਡੇ ਲਾਟ ਦੀ ਪ੍ਰਵਾਹ ਛੱਡ ਕੇ ਬੇਪ੍ਰਵਾਹਾ ਹੀ ਉਮਰ ਭਰ ਵਗਦਾ ਰਿਹਾ।

ਸਵਾਲ - ਪਹਿਲੀਆਂ ਵਿਚ ਤੁਸੀਂ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਦੇ ਇਕ ਕਲਰਕ ਦੇ ਤੌਰ 'ਤੇ ਕੰਮ ਕੀਤਾ। ਕੀ ਤੁਸੀਂ ਓਦੋਂ ਧਾਰਮਿਕ ਵਿਚਾਰਾਂ ਵਿਚ ਰੰਗੇ ਹੋਏ ਸੀ ?

ਕੰਵਲ - ਪਹਿਲੀ ਗੱਲ ਮੈਂ ਕਲਰਕ ਨਹੀਂ ਸਾਂ : ਪਰ ਤਨਖਾਹ ਕਲਰਕ ਦੇ ਗਰੇਡ ਵਿਚ ਹੀ ਸੀ। ਸ਼੍ਰੋਮਣੀ ਕਮੇਟੀ ਨੇ ਵੱਡੀ ਉਮਰ ਦੇ ਬਾਲਗਾਂ ਨੂੰ ਕੰਮ ਤੋਂ ਵੇਹਲੀ ਰੁੱਤ ਵਿਚ ਪੰਜਾਬੀ ਪੜ੍ਹਾਉਣ ਦੀ ਸਕੀਮ ਚਲਾਈ ਸੀ। ਉਹਦੇ ਲਈ ਮੈਂ ਲਿਖਾਰੀ ਦੇ ਤੌਰ 'ਤੇ ਇਕ ਬਾਲ ਬੋਧ ਤੇ ਦੋ ਛੋਟੀਆਂ ਸੈਂਚੀਆਂ ਮੁਤਾਬਿਕ ਕਿਤਾਬਾਂ ਲਿਖੀਆਂ ਸਨ। ਇਹ ਗੱਲ ਪੰਜਤਾਲੀ ਤੇ ਛਿਆਲੀ ਸੰਨ ਦੀ ਹੈ। ਪਾਕਿਸਤਾਨ ਬਣਨ ਦੇ ਰੌਲੇ ਗੌਲੇ ਕਾਰਨ ਉਹ ਸਕੀਮ ਠੱਪ ਹੋ ਗਈ। ਪਰ ਉਹ ਵਿਹਲੀਆਂ ਰੁੱਤਾਂ ਵਿਚ ਗੁਰਦਵਾਰਿਆਂ ਵਿਚ ਹੀ ਪੰਜਾਬੀ ਪੜ੍ਹਾਉਣ ਦੀ ਸਕੀਮ ਚਾਲੂ ਕੀਤੀ ਸੀ; ਜਿਹੜੀ ਪਾਕਿਸਤਾਨ ਦੇ ਘੱਲੂਘਾਰੇ ਵਿਚ ਹੀ ਖ਼ਤਮ ਹੋ ਗਈ। ਧਾਰਮਕ ਰੰਗ ਤਾਂ ਓਦੋਂ ਹਰ ਸਿੱਖ ਘਰ ਵਿਚ ਹੀ ਚੜ੍ਹਿਆ ਹੋਇਆ ਸੀ। ਮੇਰਾ ਬਾਪ ਜੈਤੋ ਦੇ ਮੋਰਚੇ ਵਿਚ ਗਿਆ ਸੀ। ਮੋਰਚੇ ਵੇਲੇ ਹਾੜ੍ਹਾਂ ਦੀ ਰੁੱਤ ਵਿਚ ਕੋਠਿਆਂ ਉੱਤੇ ਸ਼ਬਦ ਚੌਂਕੀ ਲਗਦੀ ਹੁੰਦੀ ਸੀ। ਮੈਂ ਛੋਟੀ ਉਮਰ ਵਿਚ ਹੀ ਛੈਣੇ ਵਜਾਇਆ ਕਰਦਾ ਸਾਂ। ਓਦੋਂ ਧਾਰਮਿਕ ਮਾਹੌਲ ਸਾਰੇ ਪੰਜਾਬ ਵਿਚ ਹੀ ਜਨੂੰਨ ਵਾਂਗ ਛਾਇਆ ਹੋਇਆ ਸੀ।

ਸਵਾਲ - ਫੇਰ ਤੁਸੀਂ ਇਕ ਨਿੱਕੀ ਜੇਹੀ ਕਿਤਾਬ 'ਜੀਵਨ ਕਣੀਆਂ' ਛਾਪੀ, ਜਿਸ ਵਿਚ ਚਿੰਤਨ ਨਾਲ ਓਤ ਪੋਤ ਵਿਚਾਰ ਸਨ। ਇਹ ਸਾਰੇ ਵਿਚਾਰ ਵੇਦਾਂਤ ਤੋਂ ਪ੍ਰਭਾਵਿਤ ਸਨ। ਕੀ ਤੁਸੀਂ ਓਦੋਂ ਵਿਦਾਂਤੀ ਹੋ ਗਏ ਸੀ ?

ਕੰਵਲ - ਰਾਹੀ ਨੇ ਸਵਾਣੀ ਤੋਂ ਪਾਣੀ ਪੀ ਕੇ ਉਹਦੇ ਨਾਰੇ ਬਲਦ ਦੀ ਤਾਰੀਫ਼ ਕਰ ਮਾਰੀ-



ਲਿਖਣ ਵੇਲੇ - ਢੁੱਡੀਕੇ - ਬਾਹਰਲੀ ਕੋਠੀ (1981)

''ਭਾਈ ਬੀਬੀ ਆਹ ਨਾਰਾ ਤਾਂ ਬੜਾ ਵਗਦਾ ਹੋਊ?''

''ਪੁੱਛ ਨਾ ਭਾਈ, ਏਸੇ ਦੀ ਰੰਡੀ ਕੀਤੀ ਆਂ।'' ਸੁਆਣੀ ਨੇ ਪਾਣੀ ਵਾਲਾ ਜੂਠਾ ਛੰਨਾ ਚੁੱਕ ਲਿਆ।

ਵੇਦਾਂਤ ਦੇ ਦੋ ਤਿੰਨ ਗ੍ਰੰਥ ਪੜ੍ਹ ਕੇ ਮੈਂ ਸਾਧ ਹੋ ਜਾਣਾ ਚਾਹਿਆ ; ਪਰ ਮਾਰਕਸੀ ਵਿਚਾਰਧਾਰਾ ਨੇ ਹੱਥ ਖਿੱਚ ਕੇ ਬਚਾ ਲਿਆ। ਫੇਰ ਗ੍ਰਿਸਥ ਦੇ ਰਿੱਛ ਨੇ ਅਜਿਹੀ ਜੱਫੀ ਪਾਈ, ਨਾ ਘਰ ਦਾ ਰਿਹਾ ਨਾ ਘਾਟ ਦਾ। ਇਕ ਪ੍ਰਕਾਸ਼ਕ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਅੜਾ ਦਿੱਤਾ। ਪੱਚੀ ਵਰ੍ਹੇ ਤਜਰਬਿਆਂ ਵਿੱਚ ਹੀ ਗੁਜ਼ਰ ਗਏ। ਨਾ ਰਬ ਮਿਲਿਆ ਨਾ ਭਾਲਿਆਂ ਦਿਲ ਦਾ ਜਾਨੀ ਥਿਆਇਆ। ਮੁਕਤੀਆਂ ਦੇਣ ਵਰਗੇ ਵਿਚਾਰ ਸਿਰ ਚੜ੍ਹੇ ਹੋਣ; ਪਰ ਬਰਾਬਰ ਦੇ ਹੁੰਗਾਰੇ ਵਾਲਾ ਸਾਥੀ ਨਾ ਮਿਲੇ, ਗਿਆਨਵਾਨ ਵੀ ਕਮਲਾ ਹੋ ਜਾਂਦਾ ਹੈ। ਪਿੰਡ ਫਾਂਸੀਆਂ ਤੋੜਨ ਵਾਲੇ ਦੇਸ਼ ਭਗਤਾਂ ਦਾ ਸੀ ; ਜਿਹੜਾ ਵੈਲੀਆਂ ਦੀ ਕਤਲੋਗ਼ਾਰਤ ਨੇ ਹੀਣਾ ਕਰਕੇ ਰੱਖ ਦਿੱਤਾ ਸੀ। ਮਨ ਨੇ ਸੋਚਿਆ ਪਿੰਡ ਦੀਆਂ ਦੇਸ਼ ਭਗਤੀਆਂ ਖੂਹ ਖਾਤੇ ਪੈ ਰਹੀਆਂ ਹਨ, ਇਹਨਾਂ ਵੈਲੀਆਂ ਤਾਂ ਪਿੰਡ ਦੀ ਦੇਸ਼ ਭਗਤੀ ਦੀ ਜੱਖਣਾ ਕੱਢ ਕੇ ਰਖ ਦਿੱਤੀ। ਮੈਂ ਪਿੰਡ ਦੇ ਦਸ ਬਾਰਾਂ ਪੜ੍ਹੇ ਲਿਖੇ ਮੁੰਡੇ ਜੋੜ ਕੇ ਮੜ੍ਹਾ ਬੰਨਿਆ ਤੇ ਪੁਰਾਣੀ ਪੰਚਾਇਤ ਖੁੰਢਾਂ 'ਤੇ ਬੈਠਣ ਲਾ ਦਿੱਤੀ ਅਤੇ ਕਾਲਜ ਆਦਿ ਖੜ੍ਹੇ ਕਰਕੇ ਪਿੰਡ ਦਾ ਲਿਬੜਿਆ ਮੂੰਹ ਲਿਸ਼ਕਾ ਦਿਤਾ। ਫਿਰ ਮੇਰੇ ਨਾਵਲ 'ਰਾਤ ਬਾਕੀ ਹੈ' ਨੇ ਮੇਰੀ ਜ਼ਿੰਦਗੀ ਵਿਚ ਇਕ ਇਨਕਲਾਬ ਖੜ੍ਹਾ ਕਰ ਦਿੱਤਾ। ਕੁਦਰਤ ਨੇ ਉਹ ਸੁਗਾਤ ਬਖਸ਼ੀ, ਜਿਸ ਬਿਨਾਂ ਕਦੇ ਸਾਧ ਤੇ ਕਦੇ ਕਮਲਾ ਹੋਣ ਨੂੰ ਫਿਰਦਾ ਸੀ। ਕੁਦਰਤ ਦੀ ਇਸ ਮਿਹਰਬਾਨੀ ਦਾ ਪਰਉਪਕਾਰ ਮੇਰੇ ਕੋਲੋਂ ਦਿਤਾ ਨਹੀਂ ਜਾ ਸਕਦਾ। ਇਹ ਸੱਚ ਐ ਵੇਦਾਂਤ ਨੇ ਸਾਧ ਬਣਾਉਣਾ ਚਾਹਿਆ, ਮਾਰਕਿਜ਼ਮ ਨੇ ਹੱਥ ਦੇ ਕੇ ਬਚਾਇਆ। ਪਰ ਡੋਲਦੇ ਫਿਰਦੇ ਨੂੰ ਡਾ.ਜਸਵੰਤ ਗਿੱਲ ਨੇ ਬਾਹੋਂ ਫੜ ਕੇ ਰੱਖ ਲਿਆ।

ਲੋਕਾਂ ਦੇ ਰੌਲੇ ਗੌਲੇ ਵਿਚੋਂ ਕੱਢ ਕੇ ਵੇਦਾਂਤ ਨੇ ਵਿਚਾਰਸ਼ੀਲ ਬਣਾਇਆ। ਫਿਰ ਮਾਰਕਸਿਜ਼ਮ ਨੇ ਧਰਮਰਾਜ ਦੀਆਂ ਦੇਣਦਾਰੀਆਂ ਤੇ ਜਮਾਂ ਦੀ ਧਮਕਾਰ ਪਰਾਂਹ ਵਗਾਹ ਮਾਰੀ। ਇਹਨਾਂ ਦੇ ਪਰਾਂ ਦੀ ਉਡਾਰ ਕਾਰਨ ਜਗਤ ਜਲੰਦੇ ਤੋਂ ਛੁਟਕਾਰਾ ਅਥਵਾ ਡਰ ਭੈ ਲਾਹ ਦਿੱਤਾ। ਪਰ ਜੀਣ ਦਾ ਜੰਜਾਲ ਹਾਲੇ ਸਾਹਮਣੇ ਖੜਾ ਸੀ। ਮਾਰਕਸਿਜ਼ਮ ਦੀ ਜੱਦੋਜਹਿਦ ਤੇ ਇਨਕਲਾਬ ਦੀ ਵੰਗਾਰ ਇਕ ਪਾਸੇ ਹਾਕਾਂ ਮਾਰ ਰਹੀ ਸੀ ਅਤੇ ਵੇਦਾਂਤ ਆਖਦਾ ਸੀ, ਇਹ ਜੋ ਦਿਸਦਾ ਸੰਸਾਰ ਐ, ਸਭ ਸੁਪਨੇ ਦਾ ਘੜਿਆ ਜੰਜਾਲ ਹੈ ਤੇ ਫਨਾਹ ਫਿਲਾ ਹੈ। ਗੁਰਬਾਣੀ ਵੀ ਆਵਾਗੌਣ ਵਿਚਦੀ ਖਿੱਚਦੀ ਸੀ। ਮਾਰਕਸੀ ਵਿਚਾਰਧਾਰਾ ਵੰਗਾਰਦੀ ਸੀ, ਆਹ ਜੱਗ ਮਿੱਠਾ ਅਗਲਾ ਕਿਸ ਡਿੱਠਾ। ਭਾਵੇਂ ਦੋਵੇਂ ਪੱਖ-ਰੱਖ, ਧੰਦਾਲਾਂ 'ਚ ਫਸੀ ਰੂਹ ਨੂੰ ਵੰਗਾਰਦੇ ਉਡਾਂਦੇ ਸਨ। ਕੁਝ ਸਮਾਂ ਮੈਨੂੰ ਦੋਵੇ ਪੱਖਾਂ ਦੀਆਂ ਧੌਲ੍ਹਾਂ ਬੌਂਦਲਾਈ ਰੱਖਿਆ। ਸਾਧ ਹੋਣਾ ਤੇ ਕਾਮਰੇਡ ਬਣਨਾ ਮੇਰੇ ਸਾਹਮਣੇ ਦੋ ਵੰਗਾਰਾਂ ਸਨ। ਸੰਸਾਰ ਦੀਆਂ ਧੌਲ੍ਹਾਂ-ਧੰਦਾਰਾਂ ਨੇ ਮੈਨੂੰ ਥੋੜ੍ਹਾ ਹਲੂਣਿਆ। ਸਾਇੰਸ ਅੱਜ-ਕਲ੍ਹ ਦੇ ਸਾਰੇ ਵਹਿਮਾਂ ਭਰਮਾਂ ਦੀ ਕਲਿਆਣਕਾਰੀ ਐ। ਕਿਹੜਾ ਸਿਧਾਂਤ ਸੰਸਾਰ ਨੂੰ ਸੁਪਨਾ ਮੰਨਦਾ ਹੈ ; ਮਰਨ ਤੋਂ ਬਾਅਦ ਜੇ ਰੂਹ ਨੂੰ ਖਿੱਚ-ਧੂਹ ਹੋਈ ਫੇਰ ਭਲੀ-ਭਾਂਤ ਵੇਖਾਂਗੇ ; ਸਾਇੰਸ ਦਾ ਜਿਊਂਦਾ ਜਾਗਦਾ ਬੱਲੇ-ਬੱਲੇ ਮੇਲਾ ਤਾਂ ਟੌਅਰ ਨਾਲ ਵੇਖੀਏ। ਵੇਦਾਂਤ ਦੇ ਸੰਸਾਰ ਫਨਾਹ-ਫਿਲਾ ਤੋਂ ਪਹਿਲਾਂ, ਸਾਇੰਸੀ ਚਮਤਕਾਰ ਦੀ ਦੁਨੀਆ ਦੇ ਰੰਗ ਤਾਂ ਮਾਣੀਏ। ਮੈਨੂੰ ਝੂਠ ਦੇ ਵਪਾਰੀ ਸਾਧਾਂ ਸੰਤਾਂ ਦੇ ਜੂਠੇ ਭਾਂਡੇ ਮਾਂਜਣ ਦੀ ਵੀ ਕਰਿਜ ਚੜ੍ਹੀ ਹੋਈ ਸੀ। ਪਰ ''ਅਹੁੰ ਬ੍ਰਹਮ ਅਸਮੀ'' ਦਾ ਗਿਆਨ ਮੰਤਰ ਸਿਰ ਵਿਚ ਖੁੱਭਿਆ ਪਲਸੇਟੇ ਮਾਰਨੋਂ ਨਹੀਂ ਹਟਦਾ ਸੀ। ਪਰ ਸਾਇੰਸ ਦੀ ਸਦਾ-ਸੱਚ ਸ਼ੁਕਰਮਤਾ ਨੇ ਦੁਨੀਆ ਦੀ ਜਗ ਮਗ ਦੇ ਹਾਣ ਦਾ ਕਰ 'ਤਾ। ਮੈਂ ਫਸਲ ਗਹਾਈ ਦੀ ਮਿਹੜ ਵਿਚ ਉਤਲੇ ਬਲਦ ਵਾਂਗ ਵਗਣਾ ਸ਼ੁਰੂ ਕਰ ਦਿੱਤਾ। ਸਾਇੰਸ ਦੇ ਚਾਨਣ ਨੇ ਜੀਵ ਆਤਮਾ ਦੀ ਉਤਪਤੀ ਅਤੇ ਕਰਮ-ਕਾਂਡਾਂ ਤੋਂ ਮੇਰੀ ਇਕ ਤਰ੍ਹਾਂ ਕਲਿਆਣ ਕਰ ਮਾਰੀ। ਮੈਂ ਚੌਰਾਸੀ ਲੱਖ ਜੂਨ ਦੇ ਜਨਮ ਮਰਨ ਤੋਂ ਇਕ ਤਰ੍ਹਾਂ ਸੁਖਾਲਾ ਹੋ ਗਿਆ। ਭਲਾ ਪਿਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁੱਟੀ।

## ਪੇਂਡੂ ਵਾਤਾਵਰਨ ਦੀ ਉਠਾਨ

ਸਵਾਲ - 'ਪਾਲੀ' ਨਾਵਲ ਤੋਂ ਲੈ ਕੇ 'ਰਾਤ ਬਾਕੀ ਹੈ' ਤੱਕ ਤੁਸੀਂ ਨਾਨਕ ਸਿੰਘ ਦੀ ਮੱਧ ਵਰਗੀ ਸ਼ਹਿਰੀ ਜ਼ਮਾਤ ਤੋਂ ਹਟ ਕੇ ਪੇਂਡੂ ਵਾਤਾਵਰਨ ਵਾਲੇ ਵਧੀਆ ਨਾਵਲ ਲਿਖੇ। ਕੀ ਤੁਹਾਡਾ ਇਹ ਯਤਨ ਸੁਚੇਤ ਸੀ ?

ਕੰਵਲ - ਗੁਰਬਾਣੀ, ਵੇਦਾਂਤ ਤੇ ਸਾਇੰਸੀ ਵਿਚਾਰਧਾਰਾ ਦੇ ਸਿਧਾਂਤ ਨੇ ਇਕ ਤਰ੍ਹਾਂ ਪੇਂਡੂ ਸ਼ਹਿਰੀ ਦਾ ਵਿਤਕਰਾ ਚੁੱਕ ਦਿੱਤਾ ਸੀ। ਪਰ ਜੰਮਪਲੀ ਵਾਕ ਬਣਤ ਤੇ ਸ਼ਬਦਾਵਲੀ ਦਾ ਫਰਕ ਜ਼ਰੂਰ ਰਖਦੀ ਹੈ। ਮੈਂ ਪੇਂਡੂ ਵਾਤਾਵਰਨ ਦੀ ਉਠਾਨ ਸਾਂ; ਪਰਭਾਵ ਤੋਂ ਕਿਵੇਂ ਬਚ ਸਕਦਾ ਸਾਂ। ਇਹ ਯਤਨ ਸੁਚੇਤ ਨਾਲੋਂ ਕੁਦਰਤੀ ਬਹੁਤਾ ਸੀ। ਹਰ ਲੇਖਕ ਅਪਣੀ ਮਾਂ ਬੋਲੀ ਦੇ ਵਾਤਾਵਰਨ ਤੋਂ ਅੰਗੜਾਈ ਭਰਦਾ ਹੈ; ਉਸ ਤੋਂ ਆਸੇ ਪਾਸੇ ਹੋ ਕੇ ਬਦਰੰਗ ਨਹੀਂ ਹੋ ਜਾਵੇਗਾ? ਮੇਰੇ ਭਾਵਾਂ ਦੀ ਤਰਜਮਾਨੀ ਮੇਰੇ ਆਲੇ ਦੁਆਲੇ ਦੀ ਬੋਲੀ ਹੀ ਕਰ ਸਕਦੀ ਸੀ। ਮਾਂ ਬੋਲੀ ਮਾਖੋਂ-ਮਖਣੀ, ਹੋਰ ਬੋਲੀਆਂ ਲੱਖ ਭਾਵ ਪੂਰਤ ਹੋਣ; ਮਾਂ ਬੋਲੀ ਵਰਗਾ ਦੁੱਧ-ਮੱਖਣ ਥੋੜ੍ਹੋ ਬਣ ਸਕਦੀਆਂ ਹਨ। ਜਿਹੜੇ ਪੰਜਾਬੀ ਆਪਣੀ ਮਾਂ ਬੋਲੀ ਛੱਡ ਕੇ ਹਿੰਦੀ ਅੰਗਰੇਜ਼ੀ ਨੂੰ ਪਹਿਲ ਦੇਂਦੇ ਹਨ; ਪਹਿਲੀ ਗੱਲ ਪੰਜਾਬੀ ਨਹੀਂ। ਜੇ ਪੰਜਾਬੀ ਕਹਾਉਂਦੇ ਹਨ; ਤਦ ਬੇਰੜੇ ਹਨ। ਸਕੀ ਮਾਂ ਤੇ ਮਤੇਰ ਦਾ ਫਰਕ ਨੈਗੇਟਿਵ ਪਾਜ਼ੇਟਿਵ ਵਰਗਾ ਹੈ। ਮਾਂ ਬੋਲੀ ਦੇ ਗਦਾਰਾਂ ਨੂੰ ਕਿਸੇ ਅਸੂਲ, ਕਾਨੂੰਨ ਅਥਵਾ ਕਿਸੇ ਧਰਮ ਤੱਕ ਨੇ ਮਾਫ਼ ਨਹੀਂ ਕੀਤਾ।

ਉਂਝ ਕੀ ਸੁਚੇਤ ਯਤਨ ਬਿਨਾਂ ਲਿਖਿਆ ਵੀ ਜਾ ਸਕਦਾ ਹੈ ? ਜਿਹੜੇ ਸਾਹਿਬ ਲਿਖਦੇ ਹਨ, ਉਹ ਸਾਹਿਤ ਨਹੀਂ ਹੁੰਦਾ। ਅਜਿਹੇ ਲੋਕ ਮਨੁੱਖਤਾ ਤੇ ਸੰਗਤ ਦੀ ਤੌਹੀਨ ਕਰਦੇ ਹਨ। ਕਿਸੇ ਵੀ ਗੁਰੂ ਪੈਗੰਬਰ ਤੋਂ ਪਹਿਲਾਂ ਮਾਂ ਹੈ ਤੇ ਦੂਜੇ ਨੰਬਰ 'ਤੇ ਮਾਂ ਬੋਲੀ। ਜਿਸ ਨੂੰ ਆਪੂੰ ਬਣੇ ਫੰਨੇ ਖਾਹਾਂ ਖੂੰਜੇ ਲਾ ਰਖਿਆ ਹੈ। ਅਪਣੇ ਉੱਧਲ੍ਹ ਆਗੂਆਂ ਬਾਰੇ ਕੀ ਆਖਾਂ ; ਸਾਰੇ ਦਾਗ਼ ਦੇ ਕੇ ਅਫਰੀਕਾ ਦੇ ਭੱਠ ਤਪਦੇ ਰੇਗਸਤਾਨ ਵਿਚ ਜਲਾਵਤਨ ਕਰਨ ਵਾਲੇ ਪੰਜਾਬ ਧਰੋਹੀ, ਗ਼ਦਾਰ ਹਨ। ਜੇ ਮੇਰੇ ਕੋਲੋਂ ਪੁੱਛੇ, ਸਭ ਦੋਜਖ਼ ਦੀ ਅੱਗ ਵਿੱਚ ਸਾੜਨ ਵਾਲੇ ਹਨ। ਜੇ ਮੇਰੀ ਆਹ ਕੋਈ ਰੱਬ ਸੁਣਦਾ ਏ। ਇਹਨਾਂ ਹਤਿਆਰਿਆਂ ਤਾਂ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਸੁਆਹ ਕਰਕੇ ਰੱਖ ਦਿੱਤੀਆਂ। ਉਹਨਾਂ ਦੀਆਂ ਸਿਰਧੜ ਕੁਰਬਾਨੀਆਂ ਆਜ਼ਾਦੀ ਜਿੱਤੀ; ਇਹਨਾਂ ਨਮਾਣਿਆਂ ਜੱਗੋਂ ਜਾਣਿਆਂ, ਖੇਹ ਮਿੱਟੀ ਅਪਣੇ ਸਿਰ ਹੀ ਨਹੀਂ ਪਾਈ, ਸੋਨੇ ਦੀ ਚਿੜੀ ਮਿੱਟੀ ਕਰਕੇ ਰਖ ਦਿੱਤੀ। ਬਲਾ ਤਾਂ ਦੇਸ਼ ਨੂੰ ਖਾਣ ਲਈ ਇਕ ਨਹੀਂ ਮਾਣ ਹੁੰਦੀ। ਇਹ ਭੁੱਖੇ ਕਾਂਗਰਸੀ ਤੇ ਸਿਰ ਫਿਰੇ ਅਕਾਲੀ ਦੋ ਬਲਾਵਾਂ ਪੰਜਾਬ ਦੇ ਹੱਡ ਤੱਕ ਵੇਚ ਕੇ ਖਾ ਜਾਣਗੀਆਂ।

ਭਰਾਓ! ਮੈਂ ਜਿਵੇਂ ਜਿਵੇਂ ਸੁਚੇਤ ਹੁੰਦਾ ਗਿਆ; ਅਪਣਾ ਲੋੜੀਂਦਾ ਫਰਜ਼ ਪਾਲਦਾ ਗਿਆ। ਹੁਣ ਬੁਢੇਪਾ ਧਾਵਾ ਕਰਕੇ ਚੜ੍ਹ ਆਇਆ; ਨਹੀਂ ਕੋਈ ਨਵਾਂ ਭੜਥੂ ਜ਼ਰੂਰ ਖੜ੍ਹਾ ਕਰਦਾ। ਮੁੱਢ ਕਦੀਮ ਵਿਚ ਮੇਰੇ ਲਈ ਦੋ ਹੀ ਰਾਹ ਸਨ ; ਹਥਿਆਰ ਚੁੱਕਾਂ ਜਾਂ ਕਲਮ। ਵੇਦਾਂਤ ਪੜ੍ਹਾਉਣ ਵਾਲੇ ਸੰਤ ਗੁਰੂ ਨੇ ਆਖਿਆ ਸੀ ; ''ਤੇਜ਼ ਤੋਂ ਤੇਜ਼ ਹਥਿਆਰ ਵੱਧ ਤੋਂ ਵੱਧ ਦੋ ਚਾਰ ਦੁਸ਼ਮਣਾਂ ਨੂੰ ਮਾਰੇਗਾ; ਪਰ ਤਿੱਖੀ ਕਲਮ ਮੁਰਦਿਆਂ ਨੂੰ ਸੂਰਮੇ ਬਣਾਵੇਗੀ।''

ਜਨਤਾ ਬੁੜ੍ਹੀ ਹੁਣ ਮਰੇ, ਜਲਾਬ ਕੱਤੇ ਨੂੰ। ਕਦੋਂ ਇਹ ਪੜ੍ਹ ਕੇ ਸੂਰਮੇ ਬਣੇ, ਕਦੋਂ ਇਹਨਾਂ ਹਥਿਆਰ ਚੁੱਕੇ; ਉਦੋਂ ਤੱਕ ਤਾਂ ਭੁੱਖ ਦੋਖੇ ਦਾ ਖਲਜਗਣ ਹਾੜ ਬੋਲਣ ਲਾ ਦੇਵੇਗਾ। ਸਕੂਲਾਂ ਕਾਲਜਾਂ ਦੀਆਂ ਪੜ੍ਹਾਈਆਂ, ਤਿੱਖੇ ਸਿਆਣੇ ਘੱਟ, ਆਵਾਰਾ ਭੜਥੂ ਬਹੁਤੇ ਪੈਦਾ ਕਰੀ ਜਾ ਰਹੀਆਂ ਹਨ। ਪੜ੍ਹੇ ਲਿਖੇ ਨੌਜਵਾਨਾਂ, ਜਿਹਨਾਂ ਦੇਸ਼ ਦੀ ਭੁੱਖ ਨੰਗ ਦਾ ਗੰਦ ਧੋਣਾ ਸੀ, ਭਾਂਤ ਭਾਂਤ ਦੇ ਨਸ਼ਿਆਂ ਮੂਧੇ ਕਰ ਦਿੱਤੇ। ਜਿਹੜੇ ਬਾਹਰਲੇ ਅਮੀਰ ਦੇਸ਼ਾਂ ਨੂੰ ਤੁਰ ਗਏ; ਉਹ ਓਥੋਂ ਦੀਆਂ ਟਹਿਕਾਂ ਮਹਿਕਾਂ ਨੇ ਮਾਰ ਲਏ। ਏਥੇ ਦੇ ਲੁਟੇਰੇ ਸੰਤਾਂ ਮਹੰਤਾਂ ਬਾਹਰਲੇ ਅਮੀਰ ਦੇਸਾਂ ਵਿੱਚ ਵੀ ਆਪਣੇ ਤੰਦੂਏ ਜਾਲ ਜਾ ਵਿਛਾਏ। ਇਨਕਲਾਬ ਲਿਆਉਣ ਵਾਲੇ ਲੀਡਰਾਂ ਅਪਣੀਆਂ ਕਿੰਨੀਆਂ ਹੀ ਫੂਹੜੀਆਂ ਵਛਾ ਲਈਆਂ। ਨਹਿੰਗ ਲਾਣੇ ਨੂੰ ਅਪਣੇ ਨਸ਼ੇ ਤੋਂ ਸੁਰਤ ਨਹੀਂ। ਕਮਾਈਆਂ ਕਰਦੀ ਨੰਗ ਭੁੱਖ ਨੂੰ ਅੱਜ ਵੰਗਾਰ ਪਾਉਣ ਵਾਲਾ ਕੋਈ ਨਹੀਂ। ਕੋਈ ਨਹੀਂ; ਜਿਹੜਾ ਆਖੇ, ਇਜ਼ਤਾਂ ਵਾਲੀਏ ਰਾਣੀਏ, ਅੱਗਾ ਢੱਕ। ਇਸ ਨੰਗ ਨੇ ਤਾਂ ਸਾਡੀਆਂ ਅਗਲੀਆਂ ਪਿਛਲੀਆਂ ਕਦਰਾਂ ਵੀ ਖੇਹ ਮਿੱਟੀ ਕਰ ਦਿੱਤੀਆਂ।

ਸਵਾਲ - ਪੈਪਸੂ ਲਹਿਰ ਬਾਰੇ ਲਿਖੇ ਨਾਵਲ 'ਰਾਤ ਬਾਕੀ ਹੈ' ਬਾਰੇ ਮਸ਼ਹੂਰ ਹੈ ਕਿ ਇਸ ਨੇ ਅੱਧੇ ਤੋਂ ਵੱਧ ਪੰਜਾਬ ਨੂੰ ਕਮਿਊਨਿਸਟ ਬਣਾ ਦਿੱਤਾ ਸੀ। ਤੁਸੀਂ ਇਸ ਬਾਰੇ ਕੀ ਕਹੋਗੇ ?

ਕੰਵਲ - ਕਮਿਊਨਿਜ਼ਮ ਨੂੰ ਮੈਂ ਸਾਇੰਸੀ ਸਿਧਾਂਤ ਮੰਨਦਾ ਆਂ। ਵੇਦਾਂਤ ਪੱਖ ਤੋਂ ਜਾਣੂੰ ਹੋਣ ਪਿੱਛੋਂ ਮੈਂ 'ਰਾਤ ਬਾਕੀ ਹੈ' ਨਾਵਲ ਲਿਖਿਆ ਸੀ। ਸਾਇੰਸੀ ਸਿਧਾਂਤ ਨੂੰ ਕਲਿਆਣਾਕਾਰੀ ਸਮਝ ਕੇ ਅਪਣਾਇਆ ਸੀ; ਏਸ ਲਈ ਆਈ ਅਜ਼ਾਦੀ ਦੇ ਨਿਗੂਣੇ ਪੱਖ ਜਾਣ ਕੇ ਹੀ ਮੈਂ ਲਿਖਿਆ ਸੀ, ਗੁਲਾਮੀ ਵਾਲੀ ਰਾਤ ਹਾਲੇ ਬਾਕੀ ਹੈ। ਉਹ ਨੌਜਵਾਨੀ ਜਿਹੜੀ ਵਿਹਲੀ ਸੀ, ਵੱਲੋਂ ਚਾਅ ਤੇ ਉਤਸ਼ਾਹ ਨਾਲ ਪੜ੍ਹਿਆ ਗਿਆ। ਅਜ਼ਾਦੀ ਆਉਣ ਦੇ ਪੰਜ ਛੇ ਸਾਲ ਵਿਚ ਅਹਿਸਾਸ ਕਰਕੇ ਅਪਣੇ ਵੱਲੋਂ ਸੱਚ ਲਿਖਿਆ ਸੀ। ਉਸ ਲਈ ਮੈਂ ਪੈਪਸੂ ਦੇ ਕੁਝ ਇਲਾਕਿਆਂ, ਖਾਸ ਤੌਰ 'ਤੇ ਜਾਗੀਰਦਾਰੀ ਪਿੰਡਾਂ ਵਿੱਚ ਅਪਣਾ ਅਹਿਸਾਸ ਪਰਪੱਕ ਕਰਨ ਲਈ ਫਿਰਿਆ ਵੀ ਸੀ। ਮੁਜਾਰਿਆਂ ਤੇ ਜਾਗੀਰਦਾਰਾਂ ਦੇ ਝਗੜਿਆਂ ਨੂੰ ਹੋਰ ਨੇੜੇ ਹੋ ਕੇ ਵੇਖਿਆ। ਸਖਤ ਕਾਰ ਵਿਹਾਰ ਦੀ ਲੁੱਟ ਨੂੰ ਮਹਿਸੂਸ ਕੀਤਾ। ਸਾਹਿਤ ਵਿੱਚ ਸੱਚ ਤੇ ਇਮਾਨਦਾਰੀ ਜੇ ਨਹੀਂ; ਉਹ ਫਾਲਤੂ ਸ਼ਬਦਾਂ ਦਾ ਢੇਰ ਹੈ। ਮੈਂ ਆਪੂੰ ਕਿਸਾਨ ਸਾਂ। ਮੇਰੀ ਹਮਦਰਦੀ ਮਿਹਨਤਕਸ਼ ਕਿਸਾਨ ਭਾਈਚਾਰੇ ਨਾਲ ਹੋਣੀ ਕੁਦਰਤੀ ਸੀ। ਪਿਆਰ ਜਵਾਨੀ ਦਾ ਕੁਦਰਤੀ ਜਜ਼ਬਾ ਹੈ। ਉਹਦੇ ਜ਼ਿਕਰ ਬਿਨਾਂ ਗਲ ਬਣਦੀ ਨਹੀਂ ਸੀ। ਪਰ ਨਿਸ਼ਾਨਾ ਤੇ ਮਕਸਦ ਆਰਥਿਕ ਲੁੱਟ ਨੂੰ ਨੰਗਿਆਂ ਕਰਨ ਦਾ ਸੀ। ਉਸ ਸਮੇਂ ਦੀਆਂ ਵਾਪਰੀਆਂ ਥਾਂ ਪੁਰ ਥਾਂ ਦੀਆਂ ਘਟਨਾਵਾਂ ਨੂੰ ਜੋੜ ਕੇ ਨਾਵਲ ਲਿਖ ਮਾਰਿਆ, ਆਜ਼ਾਦੀ ਆ ਜਾਣ ਦਾ ਭੁਲੇਖਾ ਹੈ, ਹਾਲੇ 'ਰਾਤ ਬਾਕੀ ਹੈ', ਸਵੇਰਾ ਨਹੀਂ ਚੜ੍ਹਿਆ। ਓਦੋਂ ਤਕ ਮਜ਼ਦੂਰ ਤੇ ਕਿਸਾਨ ਜਮਾਤਾਂ ਨੂੰ ਅਹਿਸਾਸ ਹੋ ਚੁੱਕਾ ਸੀ, ਆਜ਼ਾਦੀ ਸਰਮਾਏਦਾਰਾਂ ਵਾਸਤੇ ਆਈ ਹੈ, ਕਿਸਾਨਾਂ ਮਜ਼ਦੂਰਾਂ ਦੀ ਮਿਹਨਤ ਖਿੱਲਾਂ ਵਾਂਗ ਹੀ ਲੁੱਟੀ ਜਾ ਰਹੀ ਐ। ਕਹਾਣੀ ਦੀ ਸ਼ਕਲ ਵਿਚ ਦਸ ਬਾਰਾਂ ਐਡੀਸ਼ਨਾਂ ਛਪ ਚੁੱਕੀਆਂ ਸਨ ; ਵਾਧੂ ਪ੍ਰਕਾਸ਼ਕਾਂ ਦਾ ਈਮਾਨ ਜਾਣੇ। ਹਾਂਅ ! ਇਹ ਸੱਚ ਐ, ਇਸ ਨਾਵਲ ਨੇ ਓਦੋਂ ਪਾਰਟੀ ਦੇ ਬਹੁਤ ਮੈਂਬਰ ਬਣਾਏ ਸਨ। ਮੈਨੂੰ ਰਾਤ ਬਾਕੀ ਹੈ ਨਾਵਲ ਲਿਖ ਕੇ ਬੇਹੱਦ ਖੁਸ਼ੀ ਹੋਈ ਸੀ। ਕਲਪਨਾ ਸੱਚ ਦਾ ਪਰਛਾਵਾਂ ਹੁੰਦੀ ਐ। ਇਸ ਨਾਵਲ ਦੀਆਂ ਸਾਰੀਆਂ ਘਟਨਾਵਾਂ ਇਕ ਥਾਂ ਨਹੀਂ ਵਾਪਰੀਆਂ। ਇਹ ਮੈਨੂੰ ਪੈਪਸੂ ਵਿਚੋਂ ਇਕੱਤਰ ਕਰਕੇ ਇਕ ਲੜੀ ਵਿਚ ਪਰੋਣੀਆਂ ਪਈਆਂ ਹਨ। ਇਸ ਲਹਿਰ ਬਾਰੇ ਇਹ ਇਕ ਤਰ੍ਹਾਂ ਪਹਿਲਾਂ ਨਾਵਲ ਸੀ ਤੇ ਜਚਦਾ ਮਿਚਦਾ ਸੱਚ ਵੀ ਸੀ। ਲੋਕ ਲਹਿਰ ਨੇ ਹੀ ਨਹੀਂ, ਆਮ ਪਾਠਕਾਂ ਨੇ ਵੀ ਇਸ ਨੂੰ ਦਿਲ ਨਾਲ ਲਾ ਕੇ ਪੜ੍ਹਿਆ। ਮੈਨੂੰ ਵੀ ਖੁਸ਼ੀ ਹੋਈ ਸੀ। 'ਰਾਤ ਬਾਕੀ ਹੈ' ਨਾਵਲ ਨੇ ਕਿਰਤੀ ਲੋਕਾਂ ਨੂੰ ਕਮਿਊਨਿਸਟ ਪਾਰਟੀ ਦੇ ਹੋਰ ਹੋਰ ਨੇੜੇ ਲਿਆਂਦਾ ਸੀ।

(ਚਲਦਾ)


NIRVANA
ENTERTAINMENT INC.
NIRVANA
Lunch & Dinner Buffet 7 Days a Week
(Veg. & Non-Veg.)
1009-5075 Falconridge Blvd. N.E.
403-590-9797
www.nirvanacalgary.com/nirvanantertainmentic.com

# ਟੁੱਟੇ ਖੰਭਾਂ ਵਾਲੀ ਤਿਤਲੀ

ਲੜੀ ਨੰ. 3

ਹਰਪਿੰਦਰ ਰਾਣਾ
+91-94648-14456
harpinderrana21@yahoo.com



ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਯਾਦ ਆ ਰਿਹਾ ਹੈ ਪਿੰਡ ਸਨੇਰ ਦੇ ਕਿਸੇ ਚੇਲੇ ਕਮ ਵੈਦ ਦਾ ਖੇਤਾਂ ਵਿਚ ਲੱਗੇ ਕੈਂਪ ਵਰਗਾ ਉਹ ਡੇਰਾ ਜਿੱਥੇ ਮੇਰੀ ਦਾਦੀ ਨੇ ਮਹੀਨਾ ਭਰ ਰਹਿ ਮੇਰੇ ਟੀਕੇ ਵੀ ਲੁਆਏ ਅਤੇ ਚੌਕੀਆਂ ਵੀ ਭਰੀਆਂ। ਹਰ ਤੀਜੇ ਦਿਨ ਮੇਰੇ ਟੀਕਾ ਲੱਗਦਾ ਐਨੀ ਪੀੜ ਹੁੰਦੀ ਕਿ ਮੇਰੀਆਂ ਚੰਘਿਆੜਾਂ ਨਿਕਲ ਜਾਂਦੀਆਂ। ਦਾਦੀ ਮੈਨੂੰ ਵਰਾਉਣ ਲਈ ਖੇਤ 'ਚ ਬਣੇ ਖੂਹ 'ਤੇ ਲੈ ਆਉਂਦੀ। ਲੋਹੇ ਦੀਆਂ ਟਿੰਡਾਂ ਵਾਲਾ ਉਹ ਖੂਹ ਅੱਜ ਵੀ ਮੇਰੀ ਯਾਦ ਵਿਚ ਗਿੜਦਾ ਹੈ। ਨਿੱਕੇ ਨਿੱਕੇ ਡੱਬੇ ਜਿਹੇ ਇਕ ਚੱਕਰ ਨਾਲ ਬੰਨ੍ਹੇ ਹੁੰਦੇ ਜਿਨ੍ਹਾਂ ਨੂੰ ਚਲਾਉਣ ਲਈ ਬਲਦਾਂ ਦੀ ਜੋੜੀ ਸਾਰਾ ਦਿਨ ਹੀ ਚੱਕਰ ਕੱਢਦੀ ਰਹਿੰਦੀ। ਭਰ ਭਰ ਕੇ ਇਕ ਚੁਬੱਚੇ ਜਿਹੇ 'ਚ ਡੁੱਲ੍ਹਦੀਆਂ ਟਿੰਡਾਂ ਦਾ ਉਹ ਦ੍ਰਿਸ਼ ਮੇਰੀਆਂ ਅੱਖਾਂ ਦੀਆਂ ਭਰੀਆਂ ਟਿੰਡਾਂ ਵੀ ਆਪਣੇ ਨਾਲ ਹੀ ਡੋਲ੍ਹ ਲੈਂਦਾ। ਮੈਂ ਪੀੜ ਭੁੱਲ ਜਾਂਦੀ ਤੇ ਬਲਦਾਂ ਦੇ ਗਲ 'ਚ ਪਾਈਆਂ ਟੱਲੀਆਂ ਤੇ ਪੈਰੀ ਬੰਨ੍ਹੇ ਘੁੰਗਰੂਆਂ ਦੀ ਛਣਕਾਰ ਸੁਣਨ 'ਚ ਗੁਆਚ ਜਾਂਦੀ।

ਯਾਦ ਆਉਂਦੀ ਹੈ ਨਾਨਕਿਆਂ ਵਲੋਂ ਹਰ ਮਹੀਨੇ ਕਿਸੇ ਨੇੜੇ ਦੇ ਪਿੰਡ 'ਚੋਂ ਟੀਕਾ ਲਗਵਾਉਣ ਜਾਣ ਦੀ ਯਾਤਰਾ। ਮੇਰਾ ਜਨਮ ਤਾਂ ਸਹਿਣੇ ਪਿੰਡ 'ਚ ਹੋਇਆ ਸੀ ਪਰ ਉਦੋਂ ਮੇਰੇ ਮਾਮੇ ਰਾਮੂਆਣਾ ਜਲਾਲ ਕਾ ਜਾ ਵੱਸੇ। ਪਛੜਿਆ ਜਿਹਾ ਪਿੰਡ ਜਿੱਥੇ ਪਹੁੰਚਣ ਲਈ ਦੋ ਕੋਹ ਵਾਟ ਤੁਰਨਾ ਪੈਂਦਾ ਤੇ ਕਈ ਵਾਰ ਤਾਂ ਸਿਖਰ ਦੁਪਿਹਰੇ ਪਿੰਡ ਨੂੰ ਤੁਰ ਕੇ ਜਾਣ ਵਾਲਿਆਂ 'ਚ ਮੈਂ ਤੇ ਮੇਰੀ ਮਾਂ ਹੀ ਹੁੰਦੇ। ਮੈਨੂੰ ਗੋਦੀ ਚੁੱਕੀ ਮਾਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਤੁਰਦੀ ਰਹਿੰਦੀ। ਸ਼ਾਇਦ ਉਹ ਆਪਣਾ ਧਿਆਨ ਆਸੇ ਪਾਸੇ ਪੱਸਰੀ ਸੁੰਞ ਸਰਾਂ ਤੋਂ ਹਟਾਉਣਾ ਚਾਹੁੰਦੀ ਹੋਵੇ। ਖੇਤਾਂ 'ਚ ਦੁਪਿਹਰ ਸਮੇਂ ਇਕ ਖੌਫਨਾਕ ਟੀਂ ਟੀਂ ਦੀ ਆਵਾਜ਼ ਆਉਂਦੀ ਸੁਣ ਕੇ ਅਕਸਰ ਮਾਂ ਤੋਂ ਪੁੱਛਦੀ ਤਾਂ ਉਹ ਬੀਂਡਿਆ ਬਾਰੇ ਦੱਸਣ ਲੱਗਦੀ। ਕਈ ਵਾਰ ਕਿਸੇ ਦਰਖ਼ਤ ਥੱਲੇ ਸਾਹ ਲੈਣ ਬੈਠਦੀ ਤਾਂ ਮੈਨੂੰ ਕਾਵਾਂ ਚਿੜੀਆਂ ਬਾਰੇ ਬੇਮਤਲਬ ਜਿਹੀਆਂ ਗੱਲਾਂ ਦੱਸਦੀ। ਜੇਕਰ ਕੋਈ ਕਾਂ ਉੱਡ ਕੇ ਜਾਂਦਾ ਤਾਂ ਮਾਂ ਨੇ ਕਹਿਣਾ ਕਿ ਇਹ ਤੇਰੇ ਮਾਮੇ ਨੂੰ ਦੱਸਣ ਚੱਲਿਆ ਬਈ ਥੋਡਾ ਰਾਣਾ ਆਈ ਜਾਂਦਾ। ਇਕ ਵਾਰ ਮੇਰਾ ਰਾਮ ਮਾਮਾ ਕਿਤੋਂ ਚੀਜ਼ ਵਸਤ ਲੈ ਕੇ ਆਉਂਦਾ ਜਾਂ ਜਾਂਦਾ ਸਾਈਕਲ 'ਤੇ ਸਾਨੂੰ ਟੱਕਰ ਪਿਆ। ਮੈਂ ਭੋਲੇ ਭਾਅ ਪੁੱਛਿਆ, "ਮਾਮਾ ਥੋਨੂੰ ਕਾਂ ਨੇ ਦੱਸਿਆ ਸੀ ਬਈ ਰਾਣਾ ਆਉਂਦਾ?" ਮਾਮੇ ਨੇ ਪਤਾ ਨਹੀਂ ਕਿਵੇਂ ਹਾਂ ਕਹਿ ਦਿੱਤੀ। ਮੈਨੂੰ ਯਾਦ ਹੈ ਮੈਂ ਮਗਰੋਂ ਵੀ ਕਈ ਵਾਰ ਉਮੀਦ ਕਰਦੀ ਕਿ ਕੋਈ ਕਾਂ ਮੇਰੇ ਮਾਮੇ ਨੂੰ ਸਾਡੇ ਆਉਣ ਦੀ ਖਬਰ ਜਾ ਦੇਵੇ ਤੇ ਮੇਰੀ ਮਾਂ ਨੂੰ ਹੋਰ ਤੁਰਨਾ ਨਾ ਪਏ। ਮਾਂ ਦੱਸਦੀ ਹੁੰਦੀ ਹੈ ਕਿ ਮੈਂ ਹਰ ਵਾਰ ਹੀ ਪੁੱਛ ਲੈਂਦੀ ਕਿ ,'ਅੱਜ ਨਈਂ ਕਾਂ ਨੇ ਆ ਕੇ ਦੱਸਿਆ'?

ਜ਼ਿੰਦਗੀ 'ਚ ਪਰ ਅਜਿਹੇ ਖੂਬਸੂਰਤ ਦ੍ਰਿਸ਼ ਘੱਟ ਈ ਆਉਂਦੇ। ਚੌਥੀ ਦੇ ਅੱਧ ਵਿਚ ਹੀ ਸਾਂ ਜਦੋਂ ਮਨਮੋਹਨ ਮਾਸਟਰ ਨੇ ਖੁਦਕੁਸ਼ੀ ਕਰ ਲਈ। ਅੱਜ ਵੀ ਉਸ ਦੀ ਖੁਦਕੁਸ਼ੀ ਮੇਰੇ ਲਈ ਬੁਝਾਰਤ ਹੈ। ਉਸ ਨੇ ਪੈਸੇ ਦੇ ਕੇ ਕਿਤੋਂ ਬੰਗਾਲਣ ਔਰਤ ਗੀਤਾ ਨੂੰ ਲਿਆਂਦਾ। ਸਾਨੂੰ ਉਸ ਦੀ ਭਾਸ਼ਾ ਬਿਲਕੁਲ ਸਮਝ ਨਾ ਆਉਂਦੀ, ਬੱਸ ਉਹ ਦਿਨ 'ਚ ਕਈ ਵਾਰ ਇਹ ਪੁੱਛਦੀ ਹੁੰਦੀ," ਮਾਸਟਰ ਜੀ ਚਾਏ ਖਾਏਂਗਾ? ਬਹੁਤ ਹੱਸਦੀ ਹੁੰਦੀ ਸਾਂ ਮੈਂ ਬਈ ਚਾਹ ਵੀ ਕਿਤੇ ਖਾਧੀ ਜਾਂਦੀ ਏ। ਇਕ ਦਿਨ ਗੀਤਾ ਰਾਤ ਨੂੰ ਮਾਸਟਰ ਤੋਂ ਚੋਰੀ ਕਿਤੇ ਭੱਜ ਗਈ ਪਰ ਮਾਸਟਰ ਦੇ ਵਿਦਿਆਰਥੀ ਜਿਨ੍ਹਾਂ ਵਿਚ ਮੇਰੇ ਵੱਡੀ ਭੂਆ ਜੀ ਦੇ ਬੇਟੇ ਚੰਨਾ ਤੇ ਲਾਡੀ ਵੀ ਸ਼ਾਮਲ ਸਨ, ਉਸ ਨੂੰ ਕਿਸੇ ਨੇੜਲੇ ਪਿੰਡ ਦੇ ਸਟੇਸ਼ਨ ਤੋਂ ਲੱਭ ਲਿਆਏ। ਗੀਤਾ ਨੂੰ ਮੈਂ ਬਹੁਤ ਵਾਰ ਰੋਂਦਿਆ ਦੇਖਿਆ ਸੀ। ਉਹ ਸਰਦੀ ਦੀਆਂ ਰਾਤਾਂ ਨੂੰ ਵੀ ਕੋਠੇ 'ਤੇ ਪਈ ਰਹਿੰਦੀ ਤੇ ਫਿਰ ਇਕ ਸਵੇਰ ਗੀਤਾ ਦੀਆਂ ਚੀਕਾਂ ਨੇ ਦੱਸ ਦਿੱਤਾ ਕਿ ਮਾਸਟਰ ਰਾਤ ਸੁੱਤਾ ਪਿਆ ਈ ਰਹਿ ਗਿਆ ਪਰ ਕੁਝ ਲੋਕ ਕਹਿੰਦੇ ਕਿ ਉਹ ਕੁਝ ਖਾ ਗਿਆ। ਕੁਝ ਚਿਰ ਮਗਰੋਂ ਮਾਸਟਰ ਦੇ ਭਰਾ ਨੇ ਉਸ ਘਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਤੇ ਗੀਤਾ ਨੂੰ ਕਿਸੇ ਅਣਦਿਸਦੀ ਮੰਜ਼ਿਲ ਵੱਲ ਛੱਡ ਆਏ। ਮਾਸਟਰ ਦੀ ਜ਼ਿੰਦਗੀ ਦਾ ਦੁਖਾਂਤਕ ਅੰਤ ਮੈਨੂੰ ਹੁਣ ਵੀ ਕੰਬਾਅ ਦਿੰਦਾ ਹੈ।



ਮੇਰੀ ਛੋਟੀ ਭੂਆ ਦੀ ਸਹੁਰਿਆਂ ਨਾਲ ਅਣਬਣ ਹੋਣ ਕਾਰਨ ਉਹ ਸਾਡੇ ਕੋਲ ਈ ਰਹਿੰਦੀ ਸੀ ਤੇ ਦੂਸਰੀ ਗਲੀ ਦੇ ਵਿਚਲੇ ਕਿਸੇ ਨਿੱਕੇ ਜਿਹੇ ਪ੍ਰਾਈਵੇਟ ਸਕੂਲ 'ਚ ਪੜ੍ਹਾਉਣ ਜਾਂਦੀ ਹੁੰਦੀ ਸੀ। ਉਸ ਨੇ ਮੈਨੂੰ ਸਿੱਧਾ ਹੀ ਪੰਜਵੀ 'ਚ ਦਾਖ਼ਲ ਕਰ ਲਿਆ। ਚੁੱਕ ਕੇ ਸਕੂਲ ਲੈ ਜਾਂਦੀ ਤੇ ਪੱਕੇ ਪੇਪਰ ਦਿਵਾਉਣ ਲਈ ਸਾਈਕਲ 'ਤੇ ਬਿਠਾ ਲਿਜਾਂਦੀ। ਪੰਜਵੀਂ ਤਾਂ ਸੌਖਿਆਂ ਹੀ ਪਾਸ ਹੋ ਗਈ ਪਰ ਅੱਗੇ ਦੀ ਪੜ੍ਹਾਈ ਉੱਫ ਫ਼ ਫ਼!!! ਤੌਬਾ!!!! ਮੇਰੀ ਮਾਂ ਤੇ ਭੂਆ ਨੇ ਨੇੜੇ ਦੇ ਕਈ ਸਕੂਲਾਂ 'ਚ ਮੇਰੇ ਦਾਖਲੇ ਲਈ ਪਾਪੜ ਵੇਲੇ। ਹਰ ਕੋਈ ਮੇਰੀ ਹਾਲਤ ਦੇਖ ਕੇ ਦਾਖ਼ਲਾ ਨਾ ਦਿੰਦਾ ਕਿਉਂਕਿ ਮੈਨੂੰ ਦੂਜੇ ਵਿਦਿਆਰਥੀਆਂ ਤੋਂ ਵੱਧ ਸਹੂਲਤਾਂ ਅਤੇ ਧਿਆਨ ਦੇਣਾ ਪੈਂਦਾ ਸੀ। ਕਮਜ਼ੋਰ ਜਿਹੀ ਸਾਂ। ਲੱਤਾਂ ਵੀ ਗੋਡਿਆਂ ਤੋਂ ਥੱਲੇ ਸੁੱਕੀਆਂ ਜਿਹੀਆਂ, ਸੱਜਾ ਪੈਰ ਵੀ ਬਾਹਰ ਵੱਲ ਨੂੰ ਮੁੜਿਆ, ਸੱਜੇ ਹੱਥ ਦੀਆਂ ਉਂਗਲਾਂ ਵੀ ਪੂਰੀਆਂ ਨਾ ਖੁੱਲ੍ਹਦੀਆਂ। ਖੱਬਾ ਕੁਝ ਠੀਕ ਹੋਣ ਕਾਰਨ ਸਾਰੇ ਕੰਮ ਖੱਬੇ ਨਾਲ ਕਰਦੀ। ਆਖਰ ਅੱਧਾ ਕੁ ਸਾਲ ਬੀਤ ਗਿਆ ਤਾਂ ਸਾਡੀ ਗਲੀ ਵਿਚ ਹੀ ਪ੍ਰਾਈਵੇਟ ਸਕੂਲ ਖੁੱਲ੍ਹ ਗਿਆ ਪਰ ਛੇਵੀਂ ਦਾ ਇਹ ਅੱਧਾ ਕੁ ਸਾਲ ਜਾਨਲੇਵਾ ਅਹਿਸਾਸ ਦੇ ਕੇ ਗਿਆ। ਮੈਨੂੰ ਦੂਸਰੇ ਬੱਚਿਆਂ ਤੋਂ ਅਲੱਗ, ਥੱਲੇ ਬੋਰੀ ਵਿਛਾ ਕੇ ਬਿਠਾਇਆ ਜਾਂਦਾ, ਸਿਰਫ਼ ਇਸ ਲਈ ਕਿ ਜੇਕਰ ਮੈਂ ਡੈਸਕ ਤੋਂ ਡਿੱਗ ਪਈ ਤਾਂ ਉਨ੍ਹਾਂ ਦੀ ਜਾਨ ਨੂੰ ਸਿਆਪਾ ਪਏਗਾ। ਹਰ ਟੀਚਰ ਸਾਰੇ ਵਿਦਿਆਰਥੀਆਂ ਨੂੰ ਇਹੀ ਤਾੜਨਾ ਕਰਦਾ ਕਿ ਹਰਪਿੰਦਰ ਦੇ ਨੇੜੇ ਨਹੀਂ ਆਉਣਾ, ਐਵੇਂ ਤੁਸੀਂ ਏਹਦਾ ਹੱਥ ਪੈਰ ਮਿੱਧ ਦਿੱਤਾ ਤਾਂ ਜਾਹ ਜਾਂਦੀ ਹੋ ਜੂ। ਸ਼ਾਇਦ ਇਹ ਤਾੜਨਾ ਵਿਦਿਆਰਥੀਆਂ ਦੀ ਚੰਚਲਤਾ ਕਾਰਨ ਸੀ ਪਰ ਕਿਸੇ ਨੂੰ ਇਹ ਅਹਿਸਾਸ ਨਹੀਂ ਸੀ ਹੁੰਦਾ ਕਿ ਇਸ ਨਾਲ ਮੇਰੇ ਮਨ 'ਤੇ ਕੀ ਅਸਰ ਪਏਗਾ। ਪਤਾ ਨਹੀਂ ਕਿਉਂ ਮੈਨੂੰ ਮਨੁੱਖ ਨਹੀਂ ਬਲਕਿ ਕੱਚ ਦਾ ਕੋਈ ਖਿਡੌਣਾ ਜਿਹਾ ਸਮਝਿਆ ਜਾਂਦਾ ਜਿਸ ਦਾ ਨਾ ਦਿਲ ਹੁੰਦਾ ਨਾ ਦਿਮਾਗ। ਜੋ ਬੱਸ ਜ਼ਰਾ ਠੇਸ ਲੱਗਣ ਨਾਲ ਹੀ ਆਪਣਾ ਵਜੂਦ ਖ਼ੋਹ ਦੇਵੇਗਾ। ਕਾਸ਼ ! ਇਹ ਕੱਚ ਉਦੋਂ ਹੀ ਕਿਤੇ ਟੁੱਟ ਜਾਂਦਾ।

ਖ਼ੈਰ ਸੱਤਵੀਂ ਵਿਚ ਹੋਈ ਤਾਂ ਜਮਾਤ ਦਾ ਕਮਰਾ ਵੀ ਬਦਲਿਆ ਜਾਣਾ ਸੀ। ਇਹ ਸਕੂਲ ਪਹਿਲਾਂ ਮੁਰਗੀਖਾਨਾ ਹੁੰਦਾ ਸੀ। ਉਵੇਂ ਹੀ ਮੋਰੀਆਂ ਵਾਲੀਆਂ ਬਾਹਰਲੀਆਂ ਕੰਧਾਂ ਸਨ। ਸੱਤਵੀਂ ਜਮਾਤ 'ਚ ਭੂਰੀਆਂ ਕੀੜੀਆਂ ਦੀਆਂ ਖੁੱਡਾਂ ਸਨ। ਮੇਰੀਆਂ ਸੱਚੀਆਂ ਸਾਥਣਾਂ ਇਹ ਕੀੜੀਆਂ ਹੀ ਮੈਨੂੰ ਦੂਸਰੇ ਵਿਦਿਆਰਥੀਆਂ ਨਾਲ ਬੈਠਣ ਦਾ ਮੌਕਾ ਦੁਆ ਗਈਆਂ। ਮੈਨੂੰ ਅੱਜ ਵੀ ਜਦ ਇਹ ਘਟਨਾ ਯਾਦ ਆਉਂਦੀ ਹੈ ਤਾਂ ਮੈਂ ਖੁਦ ਨੂੰ ਰਾਜਾ ਵਿਕਰਮਾ ਦਿੱਤ ਸਮਝਦੀ ਹਾਂ ਕਿਉਂਕਿ ਮਾਂ ਕਹਾਣੀ ਸੁਣਾਉਂਦੀ ਹੁੰਦੀ ਸੀ ਕਿ ਉਸ ਦੀ ਮਦਦ ਕਰਨ ਕੀੜੇ ਕੀੜੀਆਂ ਵੀ ਆਉਂਦੇ ਸਨ। ਇਹ ਨਿੱਕੇ ਨਿੱਕੇ ਕੁਦਰਤੀ ਜੀਵ ਮੇਰੀ ਜ਼ਿੰਦਗੀ 'ਚ ਵੱਡੇ ਅਰਥ ਲੈ ਕੇ ਆਏ। ਮੈਂ ਕੁਦਰਤ ਦੇ ਨੇੜੇ ਹੁੰਦੀ ਗਈ ਪਰ ਇਹ ਸਭ ਕੁਝ ਮੈਨੂੰ ਅੰਤਰਮੁੱਖਤਾ ਵੱਲ ਵੀ ਲਿਜਾਂਦਾ ਗਿਆ। ਮੇਰਾ ਬਾਹਰਲੀ ਦੁਨੀਆ ਤੋਂ ਨਾਤਾ ਘਟਾ ਕੇ ਮੈਨੂੰ ਅੰਦਰਲੀ ਦੁਨੀਆ 'ਚ ਰਹਿਣਾ ਸਿਖਾਉਂਦਾ ਗਿਆ। ਪਰਛਾਵਿਆਂ ਦੀ ਦੁਨੀਆ 'ਚ, ਕਲਪਨਾਵਾਂ ਦੀ ਦੁਨੀਆ 'ਚ। ਮੇਰੇ ਅੰਦਰ ਹੀਣ ਭਾਵਨਾ ਤਾਂ ਭਰਦੀ ਹੀ ਰਹਿੰਦੀ ਸੀ ਹਰ ਰੋਜ਼ ਕੁਝ ਨਾ ਕੁਝ ਅਜਿਹਾ ਹੋ ਜਾਂਦਾ ਕਿ ਮੈ ਕਲਾਸ ਖਤਮ ਹੋਣ ਤੱਕ ਇਕ ਦੋ ਵਾਰ ਬੈਗ 'ਤੇ ਸਿਰ ਧਰ ਕੇ ਰੋ ਪੈਂਦੀ। ਮੇਰੀ ਮਾਂ ਜਾਂ ਦਾਦੀ ਮੈਨੂੰ ਅੱਧੀ ਛੁੱਟੀ ਤੋਂ ਪਹਿਲਾਂ ਪਿਸ਼ਾਬ ਕਰਵਾਉਣ ਆਉਂਦੀਆਂ ਹੁੰਦੀਆਂ ਸਨ। ਜੇਕਰ ਕਿਸੇ ਕੰਮ ਧੰਦੇ ਕਾਰਨ ਉਨ੍ਹਾਂ ਨੇ ਪੰਜ ਦਸ ਮਿੰਟ ਲੇਟ ਹੋ ਜਾਣਾ ਤਾਂ ਮੇਰਾ ਰੋਣਾ ਨਿਕਲ ਜਾਣਾ ਨਹੀਂ ਤਾਂ ਫਿਰ ਇੱਕ ਹੋਰ ਗੱਲ ਰੋਜ਼ ਹੀ ਹੁੰਦੀ ਆਖਰੀ ਪੀਰੀਅਡ।

ਉਨ੍ਹੀ ਦਿਨੀਂ ਸਕਾਊਟ ਕੈਡਿਟ ਬਣਾਉਣ ਦਾ ਕਾਫੀ ਰੁਝਾਨ ਸੀ। ਸਾਰੇ ਵਿਦਿਆਰਥੀਆਂ ਨੂੰ ਸਵੇਰੇ ਪ੍ਰਾਥਨਾ ਸਮੇਂ ਰੁਮਾਲ ਨੂੰ ਗੰਢ ਬੰਨ੍ਹਾਈ ਜਾਂਦੀ ਤੇ ਕਿਹਾ ਜਾਂਦਾ ਕਿ ਕੋਈ ਭਲਾਈ ਦਾ ਕੰਮ ਕਰ ਕੇ ਹੀ ਖੋਲ੍ਹਣੀ ਹੈ। ਮੇਰੀ ਜਮਾਤ ਦੇ ਅੱਧੇ ਵਿਦਿਆਰਥੀ ਮੇਰੇ ਹੀ ਬੇਮਤਲਬ ਨਿੱਕੇ ਮੋਟੇ ਕੰਮ ਕਰ ਕੇ ਆਪਣੇ ਰੁਮਾਲ ਦੀ ਗੰਢ ਖੋਲ੍ਹ ਦਿੰਦੇ। ਕੋਈ ਕਾਪੀ, ਕਿਤਾਬ ਜਾਂ ਪੈੱਨ ਡਿੱਗ ਪੈਣਾ ਤਾਂ ਉਹ ਇਕ ਦਮ ਚੁੱਕਣ ਲਈ ਭੱਜ ਪੈਂਦੇ ਹਾਲਾਂਕਿ ਪੈਰਾਂ 'ਚ ਡਿੱਗੀ ਉਹ ਚੀਜ਼ ਮੈਂ ਝੁਕ ਕੇ ਚੁੱਕ ਸਕਦੀ ਹੁੰਦੀ ਪਰ ਉਹ ਮੈਨੂੰ ਚੁੱਕਣ ਨਾ ਦਿੰਦੇ ਤੇ ਫਿਰ ਇਹ ਕਹਿ ਕੇ ਖੁਸ਼ ਹੁੰਦੇ ਕਿ ਉਨ੍ਹਾਂ ਨੇ ਭਲਾਈ ਦਾ ਕੰਮ ਕਰ ਲਿਆ। ਕਈ ਸ਼ਰਾਰਤੀ ਵਿਦਿਆਰਥੀ ਤਾਂ ਆਖਰੀ ਪੀਰੀਅਡ ਜਾਣ ਬੁੱਝ ਕੇ ਮੇਰੀ ਕੋਈ ਨਾ ਕੋਈ ਚੀਜ਼ ਡੇਗ ਦਿੰਦੇ ਚੁੱਕਣ ਲਈ। ਇਕ ਮੁੰਡਾ ਤਾਂ ਮੈਨੂੰ ਜ਼ਬਰਦਸਤੀ ਪਾਣੀ ਦਾ ਗਿਲਾਸ ਪਿਲਾਉਂਦਾ । ਮੈਂ ਮਨ੍ਹਾ ਕਰਦੀ ਤਾਂ ਉੱਤੇ ਡੋਲਣ ਦੀ ਧਮਕੀ ਦਿੰਦਾ ਤੇ ਫਿਰ ਖੁਸ਼ ਹੁੰਦਾ। ਮੈਨੂੰ ਇਹ ਝੂਠੀ ਜਿਹੀ ਹਮਦਰਦੀ ਵਿਹੁ ਵਰਗੀ ਲੱਗਦੀ। ਮੈਂ ਚਿੜਚਿੜੀ ਬਣ ਗਈ। ਸੱਤਵੀਂ ਜਮਾਤ ਵਾਲਾ ਸਾਲ ਮੈਂ ਔਖਾ ਲੰਘਾਇਆ ਪਰ ਅੱਠਵੀਂ ਦਾ ਵਰ੍ਹਾ ਮੇਰੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਹੋ ਨਿਬੜਿਆ।

(ਚਲਦਾ)


ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

# ਰਿਆਸਤੀ ਕਿਸਾਨਾਂ ਦੇ ਸ਼ਾਨਮੱਤੇ ਘੋਲਾਂ ਬਾਰੇ ਹੈ ਨਾਵਲ 'ਭੁੱਲ ਨਾ ਜਾਣਾ...ਕਾਮਰੇਡ'

ਮਹੀਂਪਾਲ, ਬਠਿੰਡਾ

ਮੇਰੇ ਲਈ ਇਹ ਇੱਕ ਖ਼ੂਬਸੂਰਤ ਮੌਕਾ ਮੇਲ ਸੀ ਜਦੋਂ ਮੁਜ਼ਾਰਾ ਲਹਿਰ ਵਿੱਚ ਇੱਕ ਸਰਗਰਮ ਕਾਰਕੁੰਨ ਵਜੋਂ ਭੂਮਿਕਾ ਨਿਭਾਉਣ ਵਾਲੇ ਕਾਮਰੇਡ ਕਿਰਪਾਲ ਸਿੰਘ ਬੀਰ ਨੇ ਪ੍ਰੋਫ਼ੈਸਰ ਬੀ. ਐਲਕਸੀ ਵੱਲੋਂ ਪੈਪਸੂ ਦੇ ਮੁਜ਼ਾਰਾ ਘੋਲ ਬਾਰੇ ਲਿਖੀ ਪੁਸਤਕ ਮੈਨੂੰ ਪੜ੍ਹਨ ਲਈ ਦਿੱਤੀ। ਹਾਲੇ ਮੈਂ ਉਹ ਪੁਸਤਕ ਖੋਲ੍ਹ ਕੇ ਵੀ ਨਹੀਂ ਸੀ ਦੇਖੀ ਕਿ ਬਲਜਿੰਦਰ ਕੋਟਭਾਰਾ ਅਤੇ ਅਮਨਦੀਪ ਹਾਂਸ ਵੱਲੋਂ ਪੰਜਾਬੀ ਵਿੱਚ ਅਨੁਵਾਦਿਤ ਪ੍ਰਸਿੱਧ ਕੰਨੜ ਲੇਖਕ ਨਿਰੰਜਨ ਦੇ ਵਿਸ਼ਾਲ ਪ੍ਰਸਿੱਧੀ ਵਾਲੇ ਨਾਵਲ 'ਭੁੱਲ ਨਾ ਜਾਣਾ . . ਕਾਮਰੇਡ' ਦੀ ਕਾਪੀ ਕਿਸੇ ਸੁਹਿਰਦ ਸੱਜਣ ਨੇ ਭੇਂਟ ਕੀਤੀ।

ਆਪਣੇ ਇਲਾਕੇ ਦੀ ਜੱਦੋ-ਜਹਿਦ ਹੋਣ ਕਾਰਣ ਮੈਂ ਬੀ. ਐਲਕਸੀ ਦੀ ਪੁਸਤਕ ਪਹਿਲਾਂ ਪੜ੍ਹਨੀ ਸ਼ੁਰੂ ਕਰ ਲਈ । ਇਸ ਪੁਸਤਕ ਪ੍ਰਤੀ ਉਤਸੁਕਤਾ ਦਾ ਦੂਜਾ ਕਾਰਣ ਇਹ ਸੀ ਕਿ ਮੁਜ਼ਾਰਾ ਲਹਿਰ ਦੇ ਮਹਾਨ ਆਗੂਆਂ ਕਾਮਰੇਡ ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਵਧਾਵਾ ਰਾਮ, ਗੁਰਚਰਨ ਸਿੰਘ ਰੰਧਾਵਾ, ਰਾਜਿੰਦਰ ਸਿੰਘ ਸਰੀਂਹ, ਸੁਰਜੀਤ ਗਿੱਲ ਆਦਿ ਨੂੰ ਮੈਂ ਜਨਤਕ ਜੀਵਨ ਵਿੱਚ ਵਿਚਰਦਿਆਂ ਅੱਖੀਂ ਵੇਖਿਆ ਸੀ ਅਤੇ ਕਾ. ਤੇਜਾ ਸਿੰਘ ਸੁਤੰਤਰ ਸਮੇਤ ਅਨੇਕ ਯੋਧਿਆਂ ਦੇ ਕਾਰਨਾਮਿਆਂ ਬਾਰੇ ਜ਼ਬਾਨੀ ਸੁਣਿਆ ਹੋਇਆ ਵੀ ਸੀ। ਪੈਪਸੂ ਦੀ ਮੁਜ਼ਾਰਾ ਲਹਿਰ ਉਹਨਾਂ ਕਿਸਾਨਾਂ ਦੀ ਬੀਰ-ਗਾਥਾ ਹੈ, ਜਿਹਨਾਂ ਨੇ ਬ੍ਰਿਟਿਸ਼ ਰਾਜ ਅਧੀਨ ਦੂਹਰੀ ਗੁਲਾਮੀ ਭਾਵ ਵਿਦੇਸ਼ੀ ਹਕੂਮਤ ਅਤੇ ਨਾਲ ਹੀ ਰਜਵਾੜਾਸ਼ਾਹੀ ਅਤੇ ਇਸ ਦੇ ਜੋਟੀਦਾਰਾਂ ਦੇ ਜ਼ੁਲਮ ਅਧੀਨ ਬਗਾਵਤ ਦਾ ਝੰਡਾ ਚੁੱਕਿਆ ਅਤੇ ਜਿੱਤ ਪ੍ਰਾਪਤ ਕੀਤੀ। ਇਹ ਵਿਸ਼ੇਸ਼ ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਅੰਦਰ ਕੰਮ ਕਰਦੇ ਸਮਾਜਵਾਦੀ ਅਤੇ ਕਮਿਊਨਿਸਟ ਵਿਚਾਰਾਂ ਵਾਲੇ ਕਾਰਕੁੰਨਾਂ, ਜਿਹਨਾਂ ਨੇ ਪਿੱਛੋਂ ਜਾ ਕੇ ਭਾਰਤੀ ਕਮਿਊਨਿਸਟ ਪਾਰਟੀ ਦਾ ਗਠਨ ਕੀਤਾ, ਨੇ ਰਿਆਸਤਾਂ ਅੰਦਰ ਸਭ ਤੋਂ ਪਹਿਲਾਂ ਲੁੱਟੇ-ਪੁੱਟੇ ਕਿਸਾਨਾਂ ਨੂੰ ਇਸ ਦੋ ਪਰਤੀ ਘੋਲ ਲਈ ਲਾਮਬੰਦ ਕਰਨ ਦੇ ਠੋਸ ਯਤਨ ਕੀਤੇ। ਪੈਪਸੂ 'ਚ ਇਸ ਘੋਲ ਦੀ ਰੂਹੇ-ਰਵਾਂ ਲਾਲ ਕਮਿਊਨਿਸਟ ਪਾਰਟੀ ਅਤੇ ਰਿਆਸਤੀ ਪਰਜਾ ਮੰਡਲ ਦੇ ਮਹਾਨ ਆਗੂਆਂ ਦੀ ਸਾਂਝੀ ਟੀਮ ਸੀ। ਪੈਪਸੂ ਦਾ ਮੁਜ਼ਾਰਾ ਘੋਲ ਸ਼ਾਨਦਾਰ ਜਿੱਤਾਂ ਦੀ ਗਾਥਾ ਹੋਣ ਦੇ ਨਾਲ ਨਾਲ ਅਥਾਹ ਕੁਰਬਾਨੀਆਂ ਦਾ ਵੀ ਦਸਤਾਵੇਜ਼ ਹੈ। ਸਭ ਤੋਂ ਉੱਘੀ ਘਟਨਾ ਕਿਸ਼ਨਗੜ੍ਹ ਵਿਖੇ ਮੁਜ਼ਾਰਿਆਂ ਅਤੇ ਜਗੀਰਦਾਰਾਂ ਦੇ ਨਿੱਜੀ ਗੁੰਡਿਆਂ ਤੇ ਰਿਆਸਤੀ ਪੁਲਿਸ ਵਿਚਾਲੇ ਹੋਏ ਸਿੱਧੇ ਮੁਕਾਬਲੇ ਦੀ ਘਟਨਾ ਹੈ।

ਕਿਉਂਕਿ 'ਭੁੱਲ ਨਾ ਜਾਣਾ. . ਕਾਮਰੇਡ' ਵੀ ਦੱਖਣੀ ਰਿਆਸਤਾਂ ਦੇ ਮੁਜ਼ਾਰੇ ਕਿਸਾਨਾਂ ਦੀ ਇੱਕ ਬੀਰ-ਗਾਥਾ ਹੈ, ਇਸ ਲਈ ਮੈਂ ਪ੍ਰੋ. ਅਲੈਕਸੀ ਦੀ ਪੁਸਤਕ ਤੋਂ ਤੁਰੰਤ ਪਿੱਛੋਂ ਇਸ ਨੂੰ ਪੜ੍ਹਨਾ ਸ਼ੁਰੂ ਕਰ ਲਿਆ। ਕਿੱਥੇ ਪੰਜਾਬ ਦੀਆਂ ਰਿਆਸਤਾਂ ਦੇ ਕਿਸਾਨਾਂ ਦਾ ਮੁਜ਼ਾਰਾ ਘੋਲ, ਕਿੱਥੇ ਧੁਰ ਦੱਖਣ ਦੇ ਰਿਆਸਤੀ ਕਿਸਾਨਾਂ ਦਾ ਜਾਨ ਹੂਲਵਾਂ ਸੰਘਰਸ਼, ਪਰ ਮੈਨੂੰ 'ਭੁੱਲ ਨਾ ਜਾਣਾ. . ਕਾਮਰੇਡ' ਨਾਵਲ ਵਿੱਚ ਦਰਜ ਪਿੰਡ ਵਾਰ ਵਾਰ ਬਰੇਟਿਆਂ ਨੇੜਲਾ ਮੁਜ਼ਾਰਿਆਂ ਦਾ ਮਸ਼ਹੂਰ ਪਿੰਡ ਕਿਸ਼ਨਗੜ੍ਹ ਹੀ ਲੱਗੀ ਗਿਆ। ਨਾਵਲ ਦੀ ਸ਼ੁਰੂਆਤ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਗਏ ਕਾਮਰੇਡਾਂ ਅੱਪੂ, ਚਿਰੂਕੰਡਨ, ਕੁਨਹਾਮਬੂ ਅਤੇ ਅਬੂ ਬਕਰ ਦੀ ਬਰਸੀ ਦੇ ਦ੍ਰਿਸ਼ ਤੋਂ ਹੁੰਦੀ ਹੈ। ਅਗਲਾ ਹੀ ਦ੍ਰਿਸ਼ ਮੈਨੂੰ ਪੜ੍ਹਨੋਂ ਰੋਕ ਗਿਆ ਕਿਉਂਕਿ ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ। ਖ਼ੂਬਸੂਰਤ ਦ੍ਰਿਸ਼




ਇਹ ਹੈ ਕਿ ਸ਼ਹੀਦਾਂ ਵਿੱਚੋਂ ਇੱਕ ਦੀ ਵਿਧਵਾ ਪਤਨੀ, ਇੱਕ ਦੇ ਬੁੱਢੇ ਮਾਂ-ਬਾਪ, ਇੱਕ ਦੇ ਨੌਜਵਾਨ ਛੋਟੇ ਭਰਾ ਵੱਲੋਂ ਬਰਸੀ ਦੀਆਂ ਤਿਆਰੀਆਂ ਲਈ ਕੀਤੇ ਜਾ ਰਹੇ ਕੰਮਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸ਼ਤੀਆਂ ਰਾਹੀਂ ਸ਼ਹੀਦਾਂ ਦੇ ਪਿੰਡ ਬਰਸੀ ਮਨਾਉਣ ਲਈ ਪੁੱਜ ਰਹੇ ਲੋਕਾਂ ਦੇ ਵਰਨਣ ਤੋਂ ਇਸ ਨਾਵਲ ਦੀ ਸ਼ੁਰੂਆਤ ਹੁੰਦੀ ਹੈ। ਇੱਥੇ ਇਹ ਜ਼ਿਕਰ ਕਰਨਾ ਵਿਸ਼ੇਸ਼ ਹੋਵੇਗਾ ਕਿ ਪੈਪਸੂ ਦੇ ਮੁਜ਼ਾਰੇ ਕਿਸਾਨ ਲਗਭੱਗ ਇੱਕੋ ਹੀ ਫ਼ਿਰਕੇ ਨਾਲ ਸਬੰਧ ਰੱਖਦੇ ਸਨ, ਪਰ ਦੱਖਣੀ ਰਿਆਸਤਾਂ ਦੇ ਕਿਸਾਨ ਹਿੰਦੂ, ਮੁਸਲਮਾਨ ਦੋ ਫ਼ਿਰਕਿਆਂ ਨਾਲ ਸਬੰਧਤ ਹੁੰਦੇ ਹੋਏ ਵੀ ਜ਼ਬਰਦਸਤ ਏਕਤਾ ਦਾ ਸੁਨੇਹਾ ਦੇ ਕੇ ਗਏ ਹਨ। ਹਾਂ! ਇਹ ਜ਼ਰੂਰ ਹੈ ਕਿ ਪੰਜਾਬ ਦੇ ਮੁਜ਼ਾਰਿਆਂ ਦੇ ਪਿੰਡਾਂ 'ਚੋਂ ਕਮਿਊਨਿਸਟਾਂ ਦਾ ਆਧਾਰ ਖੁਰਦਾ ਚੱਲਿਆ ਜਾ ਰਿਹਾ ਹੈ ਜਦ ਕਿ ਦੱਖਣ 'ਚ ਕਮਿਊਨਿਸਟਾਂ ਲਈ ਭਾਰੀ ਸਮਰਥਨ ਵਾਲੇ ਟਾਪੂ ਅੱਜ ਵੀ ਕਾਇਮ ਹਨ। ਇਸ ਪੱਖੋਂ ਦੱਖਣੀ ਰਿਆਸਤਾਂ ਦੇ ਮੁਜ਼ਾਰੇ ਕਿਸਾਨਾਂ ਦਾ ਘੋਲ ਹੋਰ ਵਧੇਰੇ ਅਧਿਐਨ ਦੀ ਮੰਗ ਕਰਦਾ ਹੈ।

ਹੱਥਲੇ ਯਤਨ ਲਈ ਬਲਜਿੰਦਰ ਕੋਟਭਾਰਾ ਅਤੇ ਅਮਨਦੀਪ ਹਾਂਸ ਵਧਾਈ ਦੇ ਪਾਤਰ ਹਨ। ਜਿੱਥੇ ਉਹਨਾਂ ਨੂੰ ਇਸ ਪੱਖੋਂ ਹੋਰ ਯਤਨ ਕਰਨੇ ਚਾਹੀਦੇ ਹਨ, ਉੱਥੇ ਇਸ ਵਿਸ਼ੇ ਬਾਰੇ ਹੋਰ ਲੇਖਕਾਂ ਨੂੰ ਵੀ ਮਿਹਨਤ ਕਰਨ ਦੀ ਲੋੜ ਹੈ। ਖੱਬੀ ਲਹਿਰ ਦੇ ਕਾਰਕੁੰਨਾਂ, ਇਤਿਹਾਸ ਦੇ ਖੋਜਕਾਰਾਂ ਅਤੇ ਚੰਗੇਰੇ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਸਮਾਜਿਕ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਕਿਤੇ ਕਿਤੇ ਅਨੁਵਾਦ ਜਾਂ ਟਾਈਪ ਆਦਿ ਦੀਆਂ ਗਲਤੀਆਂ ਰੜਕਦੀਆਂ ਹਨ ਪਰ ਨਾਵਲ ਦਾ ਵਿਸ਼ਾ ਵਸਤੂ ਅਤੇ ਵਹਾਅ ਇਤਨਾ ਸ਼ਾਨਦਾਰ ਹੈ ਕਿ ਇਹ ਗਲਤੀਆਂ ਪਾਠਕ ਸਹਿਜੇ ਹੀ ਅੱਖੋਂ ਪਰੋਖ਼ੇ ਕਰ ਜਾਂਦਾ ਹੈ।

# ਕਮਲ ਦੇਵ ਪਾਲ ਦੀ 'ਦਿਨ ਪਰਤ ਆਉਣਗੇ' ਦਾ ਕਾਵਿ-ਪ੍ਰਵਚਨ

ਡਾ. ਕੁਲਵੀਰ
+91-98711-00116

ਕਵਿਤਾ ਦਲਿਤ ਨਹੀਂ ਹੁੰਦੀ। ਦਲਿਤ ਨੂੰ ਬੋਲ ਪ੍ਰਦਾਨ ਕਰਨ ਵਾਲੀ ਕਵਿਤਾ ਤਾਂ ਬਿਲਕੁਲ ਵੀ ਦਲਿਤ ਨਹੀਂ ਹੋ ਸਕਦੀ। ਜਦੋਂ ਕਿਹਾ ਜਾਂਦਾ ਹੈ ਕਿ ਇਹ 'ਦਲਿਤ ਕਵਿਤਾ' ਹੈ ਤਾਂ ਇਸ ਤਰ੍ਹਾਂ ਲਗਦਾ ਜਿਵੇਂ ਕੋਈ ਕਵਿਤਾ ਦੀ ਜ਼ਾਤ ਦੱਸ ਕੇ ਉਸ ਨੂੰ ਛੁਟਿਆ ਰਿਹਾ ਹੋਵੇ। ਦਲਿਤ ਕਵਿਤਾ ਹੋਣਾ ਜਿਵੇਂ ਕਵਿਤਾ ਹੋਣ ਤੋਂ ਕੁਛ ਊਣਾ ਜਾਂ ਦੁਜੈਲਾ ਹੋਵੇ। ਭਾਰਤੀ ਸਮਾਜ ਦਾ ਚਰਿੱਤਰ ਜਮਾਤੀ ਹੋਣ ਤੋਂ ਪਹਿਲਾਂ ਜਾਤੀ ਹੈ। ਜ਼ਾਤ ਦਾ ਆਧਾਰ ਆਰਥਕ ਨਹੀਂ, ਜਨਮ ਜ਼ਾਤ ਹੈ। ਆਰਥਕ ਸਥਿਤੀ ਬਦਲਣ ਨਾਲ ਬੰਦੇ ਦੀ ਜਮਾਤ ਤਾਂ ਬਦਲ ਸਕਦੀ ਹੈ, ਜ਼ਾਤ ਨਹੀਂ ਬਦਲਦੀ। ਬ੍ਰਾਹਮਣਵਾਦੀ ਵਰਣ ਵਿਵਸਥਾ ਵਾਲੇ ਸਮਾਜ ਵਿਚ ਜ਼ਾਤੀ ਹੀਣਤਾ ਦੇ ਅਹਿਸਾਸ ਨੂੰ ਭੋਗ ਰਿਹਾ ਬੰਦਾ, ਇਸ ਤੋਂ ਮੁਕਤ ਕਿਵੇਂ ਹੋਵੇ ? ਕਮਲ ਦੇਵ ਪਾਲ ਦੀ ਪਲੇਠੀ ਕਾਵਿ-ਪੁਸਤਕ 'ਦਿਨ ਪਰਤ ਆਉਣਗੇ' ਵਿਚਲੀਆਂ ਕਵਿਤਾਵਾਂ ਇਸ ਮਸਲੇ ਨਾਲ ਜੂਝਦੀਆਂ ਹਨ। ਉਸ ਦੀ ਕਵਿਤਾ ਸਦੀਆਂ ਤੋਂ ਸ਼ੋਸ਼ਣ ਦੇ ਸ਼ਿਕਾਰ ਦਲਿਤ ਬੰਦੇ ਦੇ ਅੰਦਰਲੇ ਰੋਹ ਨੂੰ ਵਿਸਫੋਟਕ ਰਾਜਨੀਤਿਕ ਸੰਘਰਸ਼ ਵਿਚ ਰੂਪਾਂਤਰਿਤ ਹੁੰਦੀ ਤਸੱਵਰ ਕਰਦੀ ਹੈ।




ਕਮਲ ਦੇਵ ਪਾਲ ਦੀਆਂ ਕਵਿਤਾਵਾਂ ਦਾ ਵੱਡਾ ਹਿੱਸਾ ਪੇਂਡੂ ਸਮਾਜ ਵਿਚ ਪਿਸ ਰਹੇ ਦਲਿਤ ਮਨੁੱਖ ਦੀ ਹੋਂਦ ਤੇ ਹੋਣੀ ਦੇ ਮਸਲਿਆਂ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਦਾ ਹੈ। ਪਾਲ ਲਈ ਪਿੰਡ ਕੋਈ ਆਦਰਸ਼ਕ ਜਾਂ ਸੁਪਨੀਲੀ ਥਾਂ ਨਹੀਂ, ਸਗੋਂ ਜ਼ਾਤੀ ਸੰਰਚਨਾ ਵਿਚ ਬੱਝੀ ਇਕ ਦਮਨਕਾਰੀ ਇਕਾਈ ਹੈ। । ਉਸ ਦੀ ਕਵਿਤਾ ਇਸ ਗੱਲ ਨੂੰ ਉਭਾਰਦੀ ਹੈ ਕਿ ਪੰਜਾਬੀ ਪੇਂਡੂ ਦਲਿਤ ਬੰਦਾ, ਹਿੰਦੂ ਬ੍ਰਾਹਮਣਵਾਦ ਦੀ ਬਜਾਏ ਜਗੀਰੂ ਜੱਟਵਾਦ ਹੱਥੋਂ ਸ਼ੋਸ਼ਣ ਦਾ ਸ਼ਿਕਾਰ ਹੈ। ਪਾਲ ਜਗੀਰੂ ਸ਼੍ਰੇਣੀ ਹੱਥੋਂ ਭੂਮੀਹੀਣ ਪੇਂਡੂ ਦਲਿਤ ਬੰਦੇ ਦੀ ਆਰਥਕ ਲੁੱਟ ਦੀ ਬਜਾਏ ਦੇਹ ਤੇ ਮਨ ਦੇ ਸ਼ੋਸ਼ਣ ਨੂੰ ਵੱਧ ਸਾਹਮਣੇ ਲਿਆਉਂਦਾ ਹੈ। ਚਰੀ ਤੇ ਗੰਨੇ ਦੇ ਖੇਤ, ਗੰਦਲਾਂ, ਸਰੋਂ ਦਾ ਸਾਗ, ਲੱਸੀ ਆਦਿ ਉਸ ਦੀਆਂ ਕਵਿਤਾਵਾਂ ਵਿਚ ਪਿੰਡ ਦੀ ਹਰਿਆਵਲ ਜਾਂ ਖੁਸ਼ਹਾਲੀ ਦਾ ਪ੍ਰਤੀਕ ਨਹੀਂ ਬਣਦੇ, ਸਗੋਂ ਪੇਂਡੂ ਦਲਿਤ ਬੰਦੇ ਦੇ ਸਵੈਮਾਣ ਤੇ ਸੱਭਿਆਚਾਰਕ ਗੌਰਵ ਨੂੰ ਨਪੀੜਨ ਦਾ ਸਾਧਨ ਬਣਦੇ ਹਨ।

ਕਮਲ ਦੇਵ ਪਾਲ ਦੀ ਕਾਵਿ-ਭਾਸ਼ਾ ਸਵੀਕ੍ਰਿਤੀ ਜਾਂ ਅਧੀਨਗੀ ਵਾਲੀ ਨਹੀਂ ਹੈ। ਉਸ ਦੀ ਕਵਿਤਾ ਦਲਿਤ ਬੰਦੇ ਨੂੰ ਦਲਿਤ ਬਣਾਈ ਰੱਖਣ ਵਾਲੀਆਂ ਸਾਰੀਆਂ ਸੱਭਿਆਚਾਰਕ ਤੇ ਧਾਰਮਿਕ ਪਰੰਪਰਾਵਾਂ ਨੂੰ ਤਿੱਖੀ ਸੁਰ ਵਿਚ ਵੰਗਾਰਦੀ ਤੇ ਨਕਾਰਦੀ ਹੈ। ਉਸ ਦੀ ਕਵਿਤਾ ਵਿਚ ਇਕ ਰੋਹ ਭਰਿਆ ਕਟਾਖ਼ਸ਼ੀ ਸੰਵਾਦ ਹੈ, ਜਿਸ ਵਿਚ ਅਖੌਤੀ ਲੋਕਤੰਤਰ, ਬ੍ਰਾਹਮਣਵਾਦੀ ਫਲਸਫਾ, ਪੇਂਡੂ ਜਗੀਰੂ ਜਮਾਤ ਤੇ ਧਰਮ ਆਦਿ ਸਭ ਕਾਟੇ ਹੇਠ ਹਨ। ਪਾਲ ਦੀ ਕਵਿਤਾ ਇਕ ਪਾਸੇ ਵਰਣ ਵਿਵਸਥਾ ਨੂੰ ਜਾਇਜ਼ ਠਹਿਰਾਉਣ ਵਾਲੇ ਬ੍ਰਾਹਮਣੀ ਫਲਸਫੇ ਦੀ ਰਾਜਨੀਤੀ ਨੂੰ ਨੰਗਿਆ ਕਰਦੀ ਤੇ ਦੂਜੇ ਪਾਸੇ ਧਰਮਾਂ ਨੂੰ ਦਲਿਤ ਬੰਦੇ ਦੀ ਚੇਤਨਾ ਨੂੰ ਸੁੰਨ ਕਰਨ ਵਾਲੇ ਪ੍ਰਵਚਨਾਂ ਵਜੋਂ ਵੇਖਦੀ ਹੈ। ਇਸ ਲਈ ਉਸ ਦੀ ਕਵਿਤਾ ਵਿਚ ਧਰਮ, ਦਲਿਤ ਮੁਕਤੀ ਦੇ ਰਾਹ ਵਿਚਲੀ ਇਕ ਵੱਡੀ ਰੁਕਾਵਟ ਵਜੋਂ ਉੱਭਰਦਾ ਹੈ। ਧਰਮ ਬਦਲਣ ਨਾਲ ਦਲਿਤ ਬੰਦੇ ਦਾ ਸਿਰਫ ਧਰਮ ਹੀ ਬਦਲਦਾ, ਜ਼ਾਤ ਨਹੀਂ ਬਦਲਦੀ ਹੈ। ਪਾਲ ਦੀ ਕਵਿਤਾ ਜਿਸ ਹਾਸ਼ੀਆਗਤ ਸਮਾਜਕ ਸਮੂਹ ਦੀ ਗੱਲ ਕਰਦੀ ਹੈ, ਉਸ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਦਮਨ ਸਹਿ ਸਹਿ ਕੇ ਉਸ ਦਾ ਨਿਰਬਲ ਆਪਾ ਹੁਣ ਤਕੜਾ ਹੋ ਗਿਆ ਹੈ। ਪਾਲ ਦੀ ਕਵਿਤਾ ਉਸ ਦੇ ਰੋਹ ਤੇ ਗੁੱਸੇ ਨੂੰ ਇਕ ਇਤਿਹਾਸਕ ਕ੍ਰਾਂਤੀਕਾਰੀ ਲੜਾਈ ਵਲ ਨੂੰ ਵਧਦੇ ਹੋਏ ਵੇਖਦੀ ਹੈ। ਇਸ ਗੱਲ ਦੇ ਸੰਕੇਤ ਉਸ ਦੀਆਂ ਕਵਿਤਾਵਾਂ ਦੇ ਅੰਦਰ-ਬਾਹਰ ਫੈਲੇ ਹੋਏ ਹਨ।

ਕਮਲ ਦੇਵ ਪਾਲ ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਉਸ ਨੇ ਜ਼ਿੰਦਗੀ ਦੇ ਮੁੱਢਲੇ 35-40 ਵਰ੍ਹੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਿਤਾਏ। ਇਸ ਲਈ 'ਦਿਨ ਪਰਤ ਆਉਣਗੇ' ਕਾਵਿ-ਪੁਸਤਕ ਦੀਆਂ ਜ਼ਿਆਦਾਤਰ ਕਵਿਤਾਵਾਂ ਪੰਜਾਬ ਦੇ ਪੇਂਡੂ ਸਮਾਜ ਵਿਚਲੇ ਜ਼ਾਤੀ ਸੋਸ਼ਣ ਨੂੰ ਫੋਕਸ ਵਿਚ ਲਿਆਉਂਦੀਆਂ ਹਨ। ਕੁਝ ਇਕ ਕਵਿਤਾਵਾਂ ਪਰਵਾਸੀ ਜੀਵਨ ਨਾਲ ਸੰਬੰਧਤ ਹਨ ਜੋ ਪਰਵਾਸੀ ਪੰਜਾਬੀ ਲੋਕਾਂ ਦੇ ਜੀਵਨ ਦੇ ਅੰਦਰਲੇ ਸੱਚ ਤੋਂ ਪਰਦਾ ਚੁਕਦੀਆਂ ਹਨ। 'ਦਿਨ ਪਰਤ ਆਉਣਗੇ' ਵਿਚਲੀਆਂ ਕਵਿਤਾਵਾਂ ਮੁੱਖ ਤੌਰ 'ਤੇ ਸਾਧਨਹੀਣ, ਸੱਤਾਹੀਣ ਤੇ ਸੱਭਿਆਚਾਰਕ ਗੌਰਵ ਤੋਂ ਵੰਚਿਤ ਮਨੁੱਖ ਨੂੰ ਅਪਣੇ ਸਵੈਮਾਣ ਤੇ ਸੱਤਾ ਪ੍ਰਾਪਤੀ ਲਈ ਜਥੇਬੰਦਕ ਸੰਘਰਸ਼ ਦਾ ਸੁਨੇਹਾ ਦਿੰਦੀਆਂ ਹਨ। ਇਸ ਲਈ ਕਮਲ ਦੇਵ ਪਾਲ ਦੀ ਕਵਿਤਾ 'ਦਲਿਤ' ਨਹੀਂ, ਦਲਿਤ ਨੂੰ ਬੋਲ ਪ੍ਰਦਾਨ ਕਰਦੀ ਹੈ। ਦਲਿਤ ਮਨੁੱਖ ਦੀ ਹੋਂਦ ਭਾਰਤੀ ਮਨੁੱਖੀ ਸਮਾਜ ਦੇ ਅਣਮਨੁੱਖੀ ਹੋਣ ਦਾ ਜਿਉਂਦਾ ਜਾਗਦਾ ਗਵਾਹ ਹੈ। ਸੋ ਇਸ ਕਵਿਤਾ ਨੂੰ ਜ਼ਾਤੀ ਦਰਜਾਬੰਦੀ ਵਾਲੇ ਭਾਰਤੀ ਸਮਾਜ ਦੇ ਅਣਮਨੁੱਖੀ ਵਿਵਹਾਰ ਦੇ ਪ੍ਰਤੀਕਰਮ ਵਜੋਂ ਉਪਜੇ ਪ੍ਰਤੀਰੋਧੀ ਕਾਵਿ-ਪ੍ਰਵਚਨ ਵਜੋਂ ਪੜ੍ਹਿਆ ਤੇ ਵਿਚਾਰਿਆ ਜਾਣਾ ਬਣਦਾ ਹੈ।









# ਬੜੀ ਫ਼ਾਇਦੇਮੰਦ ਹੈ ਮੇਥੀ



- ਮੇਥੀ ਦੇ ਬੀਜ ਪਾਣੀ ਵਿਚ ਉਬਾਲ ਕੇ ਅਤੇ ਰਾਤ ਭਰ ਖੋਪੇ ਦੇ ਤੇਲ ਵਿਚ ਭਿਉਂ ਕੇ ਰੱਖ ਕੇ ਉਸ ਨਾਲ ਰੋਜ਼ ਹਲਕੀ ਹਲਕੀ ਸਿਰ ਦੀ ਮਾਲਸ਼ ਕਰਨ ਨਾਲ ਵਾਲ ਝੜਨੇ ਵੀ ਰੁਕਦੇ ਹਨ ਤੇ ਸਿਕਰੀ ਵੀ ਠੀਕ ਹੋ ਜਾਂਦੀ ਹੈ।
- ਜਿਹੜੇ ਭਾਰ ਘਟਾਉਣ ਬਾਰੇ ਸੋਚ ਰਹੇ ਹੋਣ, ਉਹ ਮੇਥੀ ਖਾਣੀ ਸ਼ੁਰੂ ਕਰ ਦੇਣ ਕਿਉਂਕਿ ਇਸ ਤੋਂ ਵਧੀਆ ਕੁਦਰਤੀ ਦਵਾਈ ਮਿਲਣੀ ਔਖੀ ਹੀ ਹੈ।
- ਜੇ ਕਿਸੇ ਦੀ ਚਮੜੀ ਉੱਤੇ ਦਾਗ਼ ਹਨ ਜਾਂ ਸੜਨ ਦੇ ਤਾਜ਼ੇ ਦਾਗ਼, ਛਾਲੇ, ਐਗਜ਼ੀਮਾ ਆਦਿ ਹਨ ਤਾਂ ਵੀ ਮੇਥੀ ਦੇ ਬੀਜਾਂ ਨੂੰ ਰਗੜ ਕੇ ਪਤਲਾ ਪੇਸਟ ਬਣਾ ਕੇ ਚਮੜੀ ਉੱਤੇ ਲੇਪ ਵਾਂਗ ਲਾ ਕੇ ਉੱਤੇ ਸਾਫ਼ ਕੱਪੜੇ ਨਾਲ ਢਕ ਕੇ ਰੱਖਣ ਨਾਲ ਹੌਲੀ-ਹੌਲੀ ਕੁਝ ਆਰਾਮ ਪੈ ਜਾਂਦਾ ਹੈ।
- ਅੰਤੜੀਆਂ ਦੇ ਕੈਂਸਰ (ਕੋਲਨ ਕੈਂਸਰ) ਵਿਚ ਵੀ ਮੇਥੀ ਵਿਚਲੇ ਭਰਵੇਂ ਫਾਈਬਰ ਦੇ ਸਦਕਾ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਖਾਣੇ ਵਿਚਲੇ ਮਾੜੇ ਤੱਤਾਂ ਨੂੰ ਅੰਤੜੀਆਂ ਦੀ ਨਰਮ ਪਰਤ ਉੱਤੇ ਵਾਰ ਨਹੀਂ ਕਰਨ ਦਿੰਦੀ ਤੇ ਕੈਂਸਰ ਹੋਣ ਤੋਂ ਬਚਾਅ ਕਰ ਸਕਦੀ ਹੈ।
- ਮੇਥੀ ਸਿਰਫ਼ ਫਾਈਬਰ ਸਦਕਾ ਹੀ ਗੁਣਕਾਰੀ ਨਹੀਂ ਬਲਕਿ ਇਸ ਵਿਚਲੇ ਪ੍ਰੋਟੀਨ, ਵਿਟਾਮਿਨ- ਸੀ, ਨਾਇਆਸਿਨ, ਪੋਟਾਸ਼ੀਅਮ, ਲੋਹ ਕਣ, ਐਲਕਾਲੌਇਡ ਤੇ ਡਾਇਓਸਜੈਨਿਨ ਵੀ ਰਲ ਕੇ ਸਰੀਰ ਵਿਚ ਕਮਾਲ ਦਾ ਅਸਰ ਵਿਖਾਉਂਦੇ ਹਨ। ਡਾਇਓਸਜੈਨਿਨ ਦਾ ਈਸਟਰੋਜਨ ਵਾਂਗ ਅਸਰ ਹੋਣ ਸਦਕਾ ਇਹ ਮਾਂ ਦਾ ਦੁੱਧ ਵਧਾਉਣ ਵਿਚ ਕਾਫ਼ੀ ਮਦਦ ਕਰਦਾ ਹੈ ਜੋ ਨਵਜੰਮੇ ਬੱਚੇ ਲਈ ਲਾਹੇਵੰਦ ਹੈ।
- ਮੇਥੀ ਵਿਚਲੇ ਤੱਤਾਂ ਸਦਕਾ ਜੱਚਾ ਵਿਚ ਬੱਚਾ ਜੰਮਣ ਦੌਰਾਨ ਬੱਚੇਦਾਨੀ ਦਾ ਸੁੰਗੜਨਾ ਤੇਜ਼ ਹੋ ਸਕਦਾ ਹੈ ਤੇ ਬੱਚਾ ਘੱਟ ਦਰਦ ਨਾਲ ਛੇਤੀ ਪੈਦਾ ਹੋ ਸਕਦਾ ਹੈ। ਸਿਰਫ਼ ਜੱਚਾ ਵਾਸਤੇ ਹੀ ਨਹੀਂ, ਮੇਥੀ ਵਿਚਲੇ ਆਈਸੋਫ਼ਲੇਵੋਨ ਤੇ ਡਾਇਓਸਜੈਨਿਨ ਕੁੜੀਆਂ ਅਤੇ ਔਰਤਾਂ ਵਿਚ ਮਾਹਵਾਰੀ ਦੌਰਾਨ ਹੋ ਰਹੀ ਦਰਦ ਵੀ ਘਟਾ ਦਿੰਦੇ ਹਨ।
- ਜਦੋਂ ਮਾਹਵਾਰੀ ਆਉਣੀ ਬੰਦ ਹੋ ਚੁੱਕੀ ਹੋਵੇ ਜਾਂ ਉਮਰ ਪੰਜਾਹ ਦੇ ਨੇੜੇ ਢੁਕ ਚੁੱਕੀ ਹੋਵੇ, ਉਨ੍ਹਾਂ ਔਰਤਾਂ ਵਿਚ ਵੀ 'ਪੋਸਟਮੀਨੋਪੌਜ਼ਲ ਸਿੰਡਰੋਮ' ਵਿਚਲੇ ਲੱਛਣ ਜਿਵੇਂ ਇੱਕਦਮ ਗਰਮੀ ਲੱਗਣੀ, ਤੌਣੀ ਆਉਣੀ, ਇੱਕਦਮ ਗੁੱਸਾ ਆਉਣਾ, ਢਹਿੰਦੀ ਕਲਾ ਆਦਿ ਵਿਚ ਵੀ ਮੇਥੀ ਖਾਂਦੇ ਰਹਿਣ ਨਾਲ ਫ਼ਾਇਦਾ ਮਿਲਦਾ ਹੈ।
- ਮੇਥੀ ਵਿਚਲੇ ਲੋਹ ਕਣ ਲਹੂ ਦੀ ਕਮੀ ਵੀ ਕੁਝ ਹਦ ਤਕ ਦੂਰ ਕਰ ਦਿੰਦੇ ਹਨ। ਜੇ ਮੇਥੀ ਵਿਚ ਟਮਾਟਰ ਅਤੇ ਆਲੂ ਵੀ ਪਾ ਲਏ ਜਾਣ ਤਾਂ ਅਜਿਹੀ ਸਬਜ਼ੀ ਲਗਾਤਾਰ ਖਾਣ ਨਾਲ ਸਬਜ਼ੀ ਵਿਚਲੇ ਲੋਹ ਕਣ ਛੇਤੀ ਹਜ਼ਮ ਹੋ ਜਾਂਦੇ ਹਨ।
- ਸਰੀਰ ਅੰਦਰਲਾ ਕੋਲੈਸਟਰੋਲ ਖ਼ਾਸ ਕਰ 'ਲੋਅ-ਡੈਨਸਿਟੀ ਲਾਈਪੋਪਰੋਟੀਨ' (ਮਾੜਾ ਕੋਲੈਸਟਰੋਲ) ਘਟਾਉਣ ਵਿਚ ਵੀ ਮੇਥੀ ਦਾ ਕੁਝ ਹੱਥ ਜ਼ਰੂਰ ਹੈ।
- ਮੇਥੀ ਵਿਚਲੇ ਗਲੈਕਟੋਮੈਨਨ ਦਿਲ ਵੀ ਸਿਹਤਮੰਦ ਰੱਖਦੇ ਹਨ ਅਤੇ ਹਾਰਟ ਅਟੈਕ ਦਾ ਖ਼ਤਰਾ ਘਟਾਉਂਦੇ ਹਨ। ਮੇਥੀ ਵਿਚ ਪੋਟਾਸ਼ੀਅਮ ਵੱਧ ਹੋਣ ਸਦਕਾ ਸਰੀਰ ਅੰਦਰਲੇ ਲੂਣ ਨੂੰ ਇਹ ਕੁਝ ਹਦ ਤਕ ਕਾਬੂ ਕਰ ਕੇ ਹਾਰਟ ਅਟੈਕ ਤੇ ਬਲੱਡ ਪ੍ਰੈਸ਼ਰ ਦੀ ਬਿਮਾਰੀ ਵਿਚ ਵੀ ਫ਼ਾਇਦਾ ਦੇ ਦਿੰਦੀ ਹੈ।



- ਮੇਥੀ ਵਿਚਲੇ ਗਲੈਕਟੋਮੈਨਨ ਜੋ ਕੁਦਰਤੀ ਫ਼ਾਈਬਰ ਹਨ, ਸਰੀਰ ਵਿਚ ਸ਼ੱਕਰ ਨੂੰ ਹਜ਼ਮ ਘੱਟ ਹੋਣ ਦਿੰਦੇ ਹਨ ਤੇ ਸ਼ੱਕਰ ਰੋਗੀਆਂ ਲਈ ਵੀ ਫ਼ਾਇਦੇਮੰਦ ਸਾਬਤ ਹੋ ਰਹੇ ਹਨ। ਮੇਥੀ ਵਿਚਲੇ ਅਮਾਈਨੋ ਐਸਿਡ ਸਰੀਰ ਅੰਦਰ ਇਨਸੂਲਿਨ ਦੀ ਮਾਤਰਾ ਵਧਾ ਦਿੰਦੇ ਹਨ।
- ਜਿਨ੍ਹਾਂ ਨੂੰ ਕਬਜ਼ ਹੋਵੇ, ਉਹ ਵੀ ਮੇਥੀ ਵਿਚਲੇ ਫਾਈਬਰ ਸਦਕਾ ਹਾਜ਼ਮਾ ਠੀਕ ਕਰ ਕੇ ਕਬਜ਼ ਤੋਂ ਰਾਹਤ ਪਾ ਸਕਦੇ ਹਨ।
- ਸਿਰਫ਼ ਇਹ ਹੀ ਨਹੀਂ, ਜਿਨ੍ਹਾਂ ਦੇ ਸਰੀਰ ਅੰਦਰ ਤੇਜ਼ਾਬ ਵੱਧ ਬਣਦਾ ਹੋਵੇ, ਉਹ ਵੀ ਮੇਥੀ ਦੇ ਬੀਜਾਂ ਵਿਚਲੇ ਲੇਸਨੁਮਾ (ਮਿਊਸੀਲੇਜ) ਰੇਸ਼ੇ ਸਦਕਾ ਫ਼ਾਇਦਾ ਲੈ ਸਕਦੇ ਹਨ। ਇਹ ਲੇਸ ਅੰਤੜੀਆਂ ਦੇ ਅੰਦਰਲੀ ਪਰਤ ਉੱਤੇ ਫੈਲ ਕੇ ਜਲਨ ਨੂੰ ਵੀ ਰਾਹਤ ਦਿੰਦੀ ਹੈ। ਇਸ ਬਿਮਾਰੀ ਲਈ ਮੇਥੀ ਦੇ ਬੀਜ ਭਿਉਂ ਕੇ ਜ਼ਿਆਦਾ ਲੇਸਦਾਰ ਬਣਾਏ ਜਾ ਸਕਦੇ ਹਨ ਤੇ ਇੰਜ ਖਾਣ ਨਾਲ ਜ਼ਿਆਦਾ ਫ਼ਾਇਦਾ ਦਿੰਦੇ ਹਨ।
- ਜੇ ਹਲਕਾ ਖੰਘ-ਜ਼ੁਕਾਮ ਹੋਵੇ ਤਾਂ ਉਬਲੀ ਮੇਥੀ ਦੇ ਪਾਣੀ ਵਿਚ ਨਿੰਬੂ ਅਤੇ ਸ਼ਹਿਦ ਪਾ ਕੇ ਲੈਣ ਨਾਲ ਗਲੇ ਵਿਚਲੀ ਪੀੜ ਨੂੰ ਆਰਾਮ ਮਿਲ ਜਾਂਦਾ ਹੈ ਤੇ ਖੰਘ ਵੀ ਘਟ ਜਾਂਦੀ ਹੈ।
- ਮੇਥੀ ਤੋਂ ਇਹ ਫ਼ਾਇਦੇ ਲੈਣੇ ਹੋਣ ਤਾਂ ਮਹੀਨੇ ਵਿਚ ਇਕ ਵਾਰ ਖਾਣ ਨਾਲ ਨਹੀਂ ਲਏ ਜਾ ਸਕਦੇ, ਬਲਕਿ ਇੱਕ-ਅੱਧ ਦਿਨ ਛੱਡ ਕੇ ਖਾਂਦੇ ਰਹਿਣ ਨਾਲ ਹੀ ਲਏ ਜਾ ਸਕਦੇ ਹਨ।




## ਘਰੇਲੂ ਨੁਸਖ਼ੇ

- ਚਾਹ ਬਣਾਉਣ ਵੇਲੇ ਤੁਲਸੀ ਦੇ ਪੱਤੇ, ਥੋੜ੍ਹਾ ਜਿਹਾ ਅਦਰਕ ਅਤੇ ਥੋੜ੍ਹਾ ਜਿਹਾ ਨਮਕ ਪਾ ਪੀਣ ਨਾਲ ਕਫ਼ ਤੋਂ ਰਾਹਤ ਮਿਲਦੀ ਹੈ।
- ਮੂੰਹ ਦਾ ਸੁਆਦ ਠੀਕ ਕਰਨ ਲਈ ਸੌਂਫ ਦੀ ਵਰਤੋਂ ਫ਼ਾਇਦੇਮੰਦ ਹੈ।
- ਸਵੇਰੇ-ਸ਼ਾਮ ਗੁਲਕੰਦ ਖਾਣ ਨਾਲ ਕਬਜ਼ ਦੀ ਸਮੱਸਿਆ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ।
- ਰੋਜ਼ਾਨਾ ਆਂਵਲੇ ਦਾ ਰਸ ਪੀਣਾ ਸਿਹਤ ਲਈ ਲਾਭਕਾਰੀ ਹੈ।
- ਸਵੇਰੇ-ਸ਼ਾਮ ਖਾਲੀ ਪੇਟ ਪਪੀਤੇ ਦੇ ਦੋ-ਤਿੰਨ ਟੁਕੜੇ ਖਾਣ ਨਾਲ ਬਲੱਡ ਪ੍ਰੈਸ਼ਰ ਕੰਟਰੋਲ ਵਿਚ ਰਹਿੰਦਾ ਹੈ।
- ਜੇਕਰ ਪੇਟ ਦਰਦ ਹੋਵੇ ਤਾਂ ਬਰਾਬਰ ਮਾਤਰਾ ਵਿਚ ਸੌਂਫ ਅਤੇ ਕਾਲਾ ਲੂਣ ਪੀਸ ਲਓ। ਇਹ ਚੂਰਨ ਗਰਮ ਪਾਣੀ ਨਾਲ ਲੈਣ ਨਾਲ ਪੇਟ ਦਰਦ ਤੋਂ ਰਾਹਤ ਮਿਲਦੀ ਹੈ।
- ਜੇਕਰ ਕੰਨ ਦਰਦ ਕਰ ਰਿਹਾ ਹੋਵੇ ਤਾਂ ਸਰ੍ਹੋਂ ਦਾ ਤੇਲ ਹਲਕਾ ਗਰਮ ਕਰ ਕੇ ਕੰਨ 'ਚ ਪਾਓ। ਦਰਦ ਦੂਰ ਹੋ ਜਾਵੇਗਾ।
- ਪਪੀਤੇ ਦਾ ਸ਼ੇਕ (ਦੁੱਧ ਨਾਲ) ਬਣਾ ਕੇ ਦਿਨ 'ਚ ਸਵੇਰੇ-ਸ਼ਾਮ ਪੀਣ ਨਾਲ ਇਕ ਤਾਂ ਮੂੰਹ ਦੇ ਛਾਲਿਆਂ ਤੋਂ ਰਾਹਤ ਮਿਲਦੀ ਹੈ ਅਤੇ ਇਹ ਸਰੀਰ ਵਿਚਲੀ ਗਰਮੀ ਨੂੰ ਬਾਹਰ ਕੱਢਦਾ ਹੈ।



- ਹਰੜ ਦਾ ਅਚਾਰ ਵੀ ਪਾਇਆ ਜਾਂਦਾ ਹੈ। ਹਰੜ ਪੀਹ ਕੇ ਰਾਤ ਨੂੰ ਪਾਣੀ 'ਚ ਭਿਉਂ ਕੇ ਰੱਖ ਦਿਓ, ਸਵੇਰੇ ਪਾਣੀ ਪੁਣ ਕੇ ਉਸ ਪਾਣੀ ਨਾਲ ਸਿਰ ਧੋਣ ਨਾਲ ਵਾਲ ਲੰਬੇ ਤੇ ਕਾਲੇ ਹੁੰਦੇ ਹਨ।
- ਦਾਲਚੀਨੀ ਬਰੀਕ ਪੀਹ ਕੇ ਚਾਰ ਗ੍ਰਾਮ ਸਵੇਰੇ ਤੇ ਰਾਤ ਨੂੰ ਸੌਣ ਵੇਲੇ ਗਰਮ ਦੁੱਧ ਨਾਲ ਲੈਣ 'ਤੇ ਦੁੱਧ ਹਜ਼ਮ ਹੋ ਜਾਂਦਾ ਹੈ ਤੇ ਵੀਰਜ ਵੀ ਵਧਦਾ ਹੈ। ਇਸ ਦੀ ਵਰਤੋਂ ਕਰਨ ਨਾਲ ਸੈਕਸ ਦਾ ਪੂਰਾ ਆਨੰਦ ਮਾਣ ਸਕਦੇ ਹੋ।
- ਦਾਲਚੀਨੀ ਦੀ ਵਰਤੋਂ ਨਾਲ ਪੇਟ ਦੀਆਂ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ, ਜਿਵੇਂ ਗੈਸ ਕਾਰਨ ਹੁੰਦੀ ਦਰਦ ਨੂੰ ਦਾਲਚੀਨੀ ਹੀ ਠੱਲ੍ਹ ਪਾ ਸਕਦੀ ਹੈ। ਦਸਤ ਹੋਣ ਦੀ ਸ਼ਿਕਾਇਤ 'ਤੇ ਦੋ ਗ੍ਰਾਮ ਪੀਸੀ ਹੋਈ ਦਾਲਚੀਨੀ ਪਾਣੀ ਨਾਲ ਫੱਕੀ ਮਾਰ ਲਓ, ਝੱਟ ਦਸਤ ਬੰਦ ਹੋ ਜਾਣਗੇ।
- ਦੰਦਾਂ ਦੀ ਬਿਮਾਰੀ ਨੂੰ ਦੂਰ ਕਰਨ ਲਈ ਕਪੂਰ ਬਹੁਤ ਵਧੀਆ ਦਵਾਈ ਦਾ ਕੰਮ ਕਰਦਾ ਹੈ। ਦੰਦ ਦਰਦ ਹੋਣ 'ਤੇ ਕਪੂਰ ਦੀ ਟਿੱਕੀ ਪੀਹ ਕੇ ਉੱਪਰ ਲਗਾਓ। ਦੰਦ, ਦਾੜ 'ਚ ਖੋੜ ਹੋਣ 'ਤੇ ਉਸ 'ਚ ਕਪੂਰ ਦੀ ਟਿੱਕੀ ਪੀਹ ਕੇ ਭਰ ਦਿਓ। ਦਰਦ ਝੱਟ ਠੀਕ ਹੋ ਜਾਏਗਾ।
- ਕਾਜੂ ਨੂੰ ਤਲ ਕੇ ਲੂਣ ਲਗਾ ਕੇ ਵੀ ਖਾਧਾ ਜਾਂਦਾ ਹੈ ਤੇ ਕੱਚਾ ਵੀ। ਕੱਚੇ ਕਾਜੂ ਦੀ ਸਬਜ਼ੀ ਵੀ ਬਣਾਈ ਜਾਂਦੀ ਹੈ। ਕੱਚਾ ਕਾਜੂ ਕਈ ਮਿਠਾਈਆਂ ਬਣਾਉਣ 'ਚ ਵੀ ਵਰਤਿਆ ਜਾਂਦਾ ਹੈ। ਸਰਦੀਆਂ ਨੂੰ ਖੋਏ ਦੀਆਂ ਪਿੰਨੀਆਂ, ਪੰਜੀਰੀ ਆਦਿ 'ਚ ਵੀ ਇਸ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ। ਇਹ ਤਾਕਤ ਦਾ ਖਜ਼ਾਨਾ ਹੈ। ਇਸ ਦੇ ਖਾਣ ਨਾਲ ਯਾਦਸ਼ਕਤੀ ਵਧਦੀ ਹੈ।

# ਫ਼ੀਲਡ ਹਾਕੀ ਟੂਰਨਾਮੈਂਟ 18 ਅਪ੍ਰੈਲ ਤੋਂ



ਵਿਨੀਪੈਗ- ਚੰਡੀਗੜ੍ਹ ਪੰਜਾਬੀ ਕਲਚਰ ਅਤੇ ਸਪੋਰਟਸ ਕਲੱਬ ਵੱਲੋਂ ਵਿਨੀਪੈਗ ਵਿੱਚ ਪਹਿਲਾਂ ਫੀਲਡ ਹਾਕੀ ਟੂਰਨਾਮੈਂਟ 18 ਅਪ੍ਰੈਲ ਤੋਂ 20 ਅਪ੍ਰੈਲ ਤਕ ਕਰਵਾਇਆ ਜਾਵੇਗਾ। ਇਸ ਟੂਰਨਾਮੈਂਟ ਦਾ ਆਯੋਜਨ ਗੇਟਵੇਅ ਰੋਡ 'ਤੇ ਗੇਟਵੇਅ ਰੀਕ੍ਰੀਏਸ਼ਨ ਸੈਂਟਰ, 1717 ਵਿੱਚ ਹੋਵੇਗਾ। ਇਸ ਤਿੰਨ ਦਿਨਾਂ ਟੂਰਨਾਮੈਂਟ ਵਿੱਚ ਅੱਠ ਟੀਮਾਂ ਆਪਸ ਵਿੱਚ ਭਿੜਨਗੀਆਂ। ਇਸ ਟੂਰਨਾਮੈਂਟ ਵਿੱਚ ਯੂਨਾਈਟਡ ਬ੍ਰਦਰਜ਼ ਫੀਲਡ ਹਾਕੀ ਅਕੈਡਮੀ ਬਰੈਂਪਟਨ ਟਰਾਂਟੋ, ਹਾਕਸ ਫੀਲਡ ਹਾਕੀ ਅਕੈਡਮੀ ਕੈਲਗਰੀ, ਕਿੰਗਜ਼ ਇਲੈਵਨ ਕੈਲਗਰੀ, ਐਡਮਿੰਟਨ ਰੈਡ, ਐਡਮਿੰਟਨ ਵਾਈਟ, ਸਾਸਕੈਚਵਨ, ਨਿਊਯੌਰਕ, ਵੈਨਕੂਵਰ ਅਤੇ ਵਿਨੀਪੈਗ ਦੀਆਂ ਟੀਮਾਂ ਭਾਗ ਲੈਣਗੀਆਂ। ਇਹ ਟੂਰਨਾਮੈਂਟ ਲੀਗ ਕਮ ਨੌਕ ਆਊਟ ਵਿਧੀ ਦੇ ਆਧਾਰ 'ਤੇ ਖੇਡਿਆ ਜਾਵੇਗਾ। ਜੇਤੂ ਟੀਮਾਂ ਲਈ ਕੁੱਲ ਇਨਾਮ ਰਾਸ਼ੀ ਚਾਰ ਹਜ਼ਾਰ ਡਾਲਰ ਹੈ। ਇਸ ਤੋਂ ਇਲਾਵਾ ਪਹਿਲਾ, ਦੂਜਾ ਅਤੇ ਤੀਜਾ ਦਰਜਾ ਪ੍ਰਾਪਤ ਕਰਨ ਵਾਲੀ ਟੀਮ ਨੂੰ ਟਰਾਫ਼ੀਆਂ ਨਾਲ ਨਿਵਾਜਿਆ ਜਾਵੇਗਾ।

ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਟੂਰਨਾਮੈਂਟ ਦਾ ਮਕਸਦ ਫੀਲਡ ਹਾਕੀ ਖੇਡ ਨੂੰ ਉਤਸ਼ਾਹਿਤ ਕਰਨਾ ਹੈ ਤੇ ਨਾਲ ਹੀ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੈ। ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਟੂਰਨਾਮੈਂਟ ਹਰ ਸਾਲ ਕਰਵਾਏ ਜਾਣਗੇ ਤਾਂ ਜੋ ਖਿਡਾਰੀ ਅਜਿਹੇ ਟੂਰਨਾਮੈਂਟਾਂ ਰਾਹੀਂ ਆਪਣੇ ਜੌਹਰ ਦਿਖਾ ਸਕਣ। ਕਲੱਬ ਦੇ ਅਹੁਦੇਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਛੇਤੀ ਹੀ ਕਲੱਬ ਵੱਲੋਂ ਫੀਲਡ ਹਾਕੀ ਅਕੈਡਮੀ ਦਾ ਗਠਨ ਕੀਤਾ ਜਾਵੇਗਾ, ਜਿਸ ਵਿੱਚ ਹਰ ਵਰਗ ਅਤੇ ਹਰ ਉਮਰ ਦੇ ਖੇਡਣ ਵਾਲਿਆਂ ਨੂੰ ਤਿਆਰ ਕੀਤਾ ਜਾਵੇਗਾ। ਇਹ ਸਾਰੀ ਜਾਣਕਾਰੀ ਦੇਣ ਵੇਲੇ ਕਲੱਬ ਦੀ ਮੀਟਿੰਗ ਵਿੱਚ ਵਿੱਕੀ ਚਾਹਲ, ਸੁਰਜੀਤ ਸਿੰਘ, ਗੁਰਿੰਦਰ ਸਿੰਘ, ਮਿੰਟੂ, ਕਾਕਾ, ਸਤਨਾਮ ਸਿੰਘ, ਸਮਸ਼ੇਰ, ਗੋਲੂ, ਜੱਸੀ, ਜਗਸੀਰ ਦੁਸਾਂਝ ਆਦਿ ਹਾਜ਼ਰ ਸਨ। ਇਸ ਸਬੰਧੀ ਜਾਣਕਾਰੀ ਲਈ ਫੋਨ ਨੰਬਰ 204-688-1521, 204-488-3334 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕਰਲਿੰਗ ਪ੍ਰੇਮੀਆਂ ਲਈ ਖੁਸ਼ੀ ਦੀ ਖ਼ਬਰ

# ਵਿਨੀਪੈਗ ਕਰੇਗਾ 19 ਸਾਲਾਂ ਬਾਅਦ ਕਰਲਿੰਗ ਚੈਂਪੀਅਨਸ਼ਿਪ ਦੀ ਮੇਜ਼ਬਾਨੀ

ਵਿਨੀਪੈਗ- ਵਿਨੀਪੈਗ ਨੂੰ ਪੂਰੇ 19 ਸਾਲਾਂ ਤੋਂ ਬਾਅਦ ਕਰਲਿੰਗ ਚੈਂਪੀਅਨਸਿਪ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਇਸ ਤੋਂ ਪਹਿਲਾਂ 1995 ਵਿੱਚ ਮੈਨੀਟੋਬਾ ਵੱਲੋਂ ਇਸ ਚੈਂਪੀਅਨਸਿਪ ਦੀ ਮੇਜ਼ਬਾਨੀ ਕੀਤੀ ਗਈ ਸੀ। ਪਿਛਲੀ ਵਾਰੀ ਇਹ ਚੈਂਪੀਅਨਸਿਪ ਸਿਟੀ ਦੀਆਂ ਅੰਦਰੂਨੀ ਸੀਮਾਵਾਂ ਅੰਦਰ ਹੋਈ ਸੀ। ਪਰ ਹੁਣ ਇਸ ਵਕਫ਼ੇ ਦਰਮਿਆਨ ਇਸ ਖੇਡ ਦਾ ਘੇਰਾ ਕਾਫ਼ੀ ਵਿਸਾਲ ਹੋਇਆ ਹੈ।

ਮੈਨੀਟੋਬਾ ਨੂੰ ਆਈਸਪਲੈਕਸ 'ਤੇ ਸੇਫਵੇਅ ਚੈਂਪੀਅਨਸਿਪ ਕਰਵਾਉਣ ਦਾ ਇਹ ਸੁਭਾਗਾ ਮੌਕਾ ਮੈਨੀਟੋਬਾ ਵਾਸੀਆਂ ਵੱਲੋਂ ਇਸ ਖੇਡ ਨੂੰ ਕੀਤੇ ਜਾਂਦੇ ਪਿਆਰ ਕਰਕੇ ਪ੍ਰਾਪਤ ਹੋਇਆ ਹੈ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਹੈ ਕਿ ਇਹ ਕਰਲਿੰਗ ਆਈਸਪਲੈਕਸ 'ਚ ਖੇਡੀ ਜਾਵੇਗੀ। ਦੱਸਣਾ ਬਣਦਾ ਹੈ ਕਿ ਆਈਸਪਲੈਕਸ ਨੂੰ ਹਾਕੀ ਦੇ ਮੈਦਾਨ ਵਜੋਂ ਜਾਣਿਆ ਜਾਂਦਾ ਹੈ। ਇਸ ਸਬੰਧੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਇਸ ਖੇਡ ਮੇਲੇ ਦੇ ਪ੍ਰਬੰਧਕੀ ਚੇਅਰਮੈਨ ਰੇਸਬੀ ਕੌਟਸ ਨੇ ਕਿਹਾ ਕਿ ਆਈਸਪਲੈਕਸ 'ਤੇ ਇਸ ਖੇਡ ਦਾ ਖੇਡਿਆ ਜਾਣਾ ਪੂਰੀ ਤਰ੍ਹਾਂ ਖਤਰੇ ਤੋਂ ਖਾਲੀ ਨਹੀਂ ਹੈ। ਪਰ ਜੇਕਰ ਇਮਾਨਦਾਰੀ ਨਾਲ ਗੱਲ ਕਰਨੀ ਹੋਵੇ ਤਾਂ ਇਹ ਸਾਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਸਾਡੇ ਕੋਲ ਇਸ ਤੋਂ ਬਿਹਤਰ ਹੋਰ ਕੋਈ ਬਦਲ ਵੀ ਨਹੀਂ ਹੈ। ਉਪਰੋਕਤ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਚਰਚਾ ਇਹ ਵੀ ਹੋ ਰਹੀ ਹੈ ਕਿ ਜੇਕਰ ਆਈਸਪਲੈਕਸ 'ਤੇ ਇਹ ਟੂਰਨਾਮੈਂਟ ਕਾਮਯਾਬ ਰਿਹਾ ਤਾਂ ਭਵਿੱਖ ਲਈ ਹੋਰ ਵੀ ਰਾਹ ਖੁੱਲ ਜਾਣਗੇ, ਇੱਥੋਂ ਤਕ ਕਿ ਇੱਥੇ ਗਰੈਂਡ ਸਲੈਮ ਅਤੇ ਕਨੇਡਾ ਕੱਪ ਵਰਗੇ ਟੂਰਨਾਮੈਂਟ ਵੀ ਕਰਵਾਏ ਜਾ ਸਕਦੇ ਹਨ।

# ਕਰਲਿੰਗ ਮਹਿਲਾ ਵਰਗ ਵਿਚ ਕਨੇਡਾ ਨੂੰ ਗੋਲਡ ਮੈਡਲ



ਵਿਨੀਪੈਗ- ਦਾ ਜੋਨਸ ਟੀਮ ਵਿਨੀਪੈਗ ਦੀ ਅਜਿਹੀ ਟੀਮ ਹੈ ਜਿਸਨੇ ਮਹਿਲਾ ਵਰਗ ਵਿੱਚ ਉਲੰਪਿਕ 'ਚ ਗੋਲਡ ਮੈਡਲ ਹਾਸਲ ਕੀਤਾ ਹੈ। ਇਸ ਤੋਂ ਪਹਿਲਾਂ 1998 ਵਿੱਚ ਜਾਪਾਨ ਵਿੱਚ ਹੋਈਆਂ ਉਲੰਪਿਕ ਖੇਡਾਂ ਵਿੱਚ ਕਨੇਡਾ ਵੱਲੋਂ ਕਰਲਿੰਗ (ਮਹਿਲਾ ਵਰਗ) ਵਿੱਚ ਗੋਲਡ ਮੈਡਲ ਜਿੱਤਿਆ ਗਿਆ ਸੀ। ਇਸ ਵਕਫ਼ੇ ਦਰਮਿਆਨ ਇਹ ਪਹਿਲਾ ਗੋਲਡ ਮੈਡਲ ਹੈ। ਸੈਮੀਫਾਈਨਲ ਮੈਚ ਖੇਡਣ ਤੋਂ ਪਹਿਲਾਂ ਜੋਨਸ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਇਸ ਖੇਡ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਤੇ ਭਾਵੁਕ ਹਾਂ। ਉਨ੍ਹਾਂ ਕਿਹਾ ਕਿ ਮੈਂ ਆਪਣੇ ਵੱਲੋਂ ਪੂਰੀ ਮਿਹਨਤ ਤੇ ਤਨਦੇਹੀ ਨਾਲ ਖੇਡਣਾ ਹੈ ਤੇ ਮੈਨੂੰ ਉਮੀਦ ਹੈ ਕਿ ਮੈਨੂੰ ਲਾਜ਼ਮੀ ਤੌਰ 'ਤੇ ਸਫ਼ਲਤਾ ਹਾਸਲ ਹੋਵੇਗੀ। ਓਫੀਸਰ ਦਾ ਕਹਿਣਾ ਹੈ ਕਿ ਉਸਨੇ ਹੁਣ ਤਕ ਦਾ ਸਭ ਤੋਂ ਚੰਗਾ ਪ੍ਰਦਰਸ਼ਨ ਇਸ ਟੂਰਨਾਮੈਂਟ ਵਿੱਚ ਕੀਤਾ ਹੈ। ਮੈਂ ਅਜਿਹਾ ਪ੍ਰਦਰਸ਼ਨ ਕਰਨ ਲਈ ਲੰਮੇ ਸਮੇਂ ਤੋਂ ਸੋਚ ਰਹੀ ਸੀ। ਇਹੀ ਕਾਰਣ ਹੈ ਕਿ ਮੈਂ ਜੈਨੀਫ਼ਰ ਨਾਲ ਖੇਡ ਰਹੀ ਹਾਂ, ਜੈਨੀਫ਼ਰ ਮੇਰੇ ਲਈ ਹਮੇਸ਼ਾ ਪ੍ਰੇਰਨਾ ਸ੍ਰੋਤ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਮੈਚ ਨੂੰ ਦੇਖਣ ਲਈ ਕਨੇਡਾ ਤੋਂ ਬਹੁਤ ਸਾਰੇ ਦਰਸ਼ਕ ਪਹੁੰਚੇ ਹੋਏ ਸਨ।

# ਸੋਚੀ ਵਿਚ ਸਰਦ ਰੁੱਤ ਦੀਆਂ ਉਲੰਪਿਕ ਖੇਡਾਂ ਸਮਾਪਤ

ਸੋਚੀ- ਰੂਸ ਦੇ ਸ਼ਹਿਰ ਸੋਚੀ ਵਿੱਚ ਸੱਤ ਫਰਵਰੀ ਤੋਂ ਸ਼ੁਰੂ ਹੋਈਆਂ ਸਰਦ ਰੁੱਤ ਦੀਆਂ ਉਲੰਪਿਕ ਖੇਡਾਂ ਸ਼ਾਨਦਾਰ ਰਹੀਆਂ ਹਨ। ਇਨ੍ਹਾਂ ਖੇਡਾਂ ਵਿੱਚ ਜਿੱਥੇ ਖਿਡਾਰੀਆਂ ਨੇ ਆਪਣੇ ਜੌਹਰ ਦਾ ਪ੍ਰਦਰਸ਼ਨ ਕੀਤਾ ਹੈ, ਉੱਥੇ ਹੀ ਇਨ੍ਹਾਂ ਖੇਡਾਂ ਰਾਹੀਂ ਰੂਸ ਨੇ ਆਪਣੇ ਵਿਰਸੇ ਅਤੇ ਆਪਣੀ ਕਲਾ ਕੌਸ਼ਲਤਾ ਦਾ ਵੀ ਬਾਖ਼ੂਬੀ ਪ੍ਰਦਰਸ਼ਨ ਕੀਤਾ ਤੇ ਰੂਸ ਵੱਲੋਂ ਦੁਨੀਆ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਰੂਸ ਅੱਜ ਵੀ ਦੁਨੀਆ ਦਾ ਸ਼ਕਤੀਸਾਲੀ ਦੇਸ਼ ਹੈ। ਜ਼ਿਕਰਯੋਗ ਹੈ ਕਿ ਰੂਸ ਵਿੱਚ ਇਹ ਖੇਡ ਮੇਲਾ ਸਤਾਰਾਂ ਦਿਨਾਂ ਦਾ ਸੀ। ਇਨ੍ਹਾਂ ਖੇਡਾਂ ਵਿੱਚ ਰੂਸ ਵੱਲੋਂ ਇਕਵੰਜਾ ਬਿਲੀਅਨ ਡਾਲਰ ਦਾ ਖਰਚ ਕੀਤਾ ਗਿਆ, ਇਹ ਖਰਚ ਬੀਜਿੰਗ ਉਲੰਪਿਕ ਤੋਂ ਵੀ ਵੱਧ ਹੈ। ਜ਼ਿਕਰਯੋਗ ਹੈ ਕਿ ਚੀਨ ਨੇ 2008 ਵਿੱਚ ਬੀਜਿੰਗ ਉਲੰਪਿਕ ਖੇਡਾਂ ਵਿੱਚ ਚਾਲ੍ਹੀ ਬਿਲੀਅਨ ਡਾਲਰ ਦਾ ਖਰਚ ਕੀਤਾ ਸੀ। ਇਸ ਮੌਕੇ ਇਹ ਐਲਾਨ ਵੀ ਕੀਤਾ ਗਿਆ ਕਿ ਅਗਲੀਆਂ ਉਲੰਪਿਕ ਖੇਡਾਂ ਦੱਖਣੀ ਕੋਰੀਆ ਦੇ ਸ਼ਹਿਰ ਪਿਓਨਚਾਂਗ ਵਿੱਚ ਹੋਣਗੀਆਂ। ਉਲੰਪਿਕ ਖੇਡਾਂ ਦੀ ਸਫ਼ਲਤਾ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਅੰਤਰਰਾਸਟਰੀ ਉਲੰਪਿਕ ਕਮੇਟੀ ਦੇ ਮੁਖੀ ਥੌਮਸ ਬੈਕ ਨੇ ਕਿਹਾ ਕਿ ਰੂਸ ਨੇ ਖੇਡਾਂ ਕਰਵਾਉਣ ਮੌਕੇ ਜੋ ਵਾਅਦੇ ਕੀਤੇ ਸਨ, ਉਹ ਉਹਨਾਂ 'ਤੇ ਖ਼ਰਾ ਉਤਰਿਆ ਹੈ। ਦਰਸ਼ਕਾਂ ਅਤੇ ਖਿਡਾਰੀਆਂ ਨੂੰ ਪ੍ਰਬੰਧਕਾਂ ਵੱਲੋਂ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਖੇਡਾਂ ਦੀ ਸਫ਼ਲਤਾ ਤੋਂ ਹਰ ਵਰਗ ਸੰਤੁਸ਼ਟ ਹੈ। ਇੱਥੇ ਦੱਸਣਾ ਬਣਦਾ ਹੈ ਕਿ ਉਹਨਾਂ ਦੀ ਪ੍ਰਧਾਨਗੀ ਵਿੱਚ ਇਹ ਪਹਿਲਾ ਉਲੰਪਿਕ ਖੇਡ ਮੇਲਾ ਸੀ ਤੇ ਉਹ ਇਨ੍ਹਾਂ ਖੇਡਾਂ ਨੂੰ ਲੈ ਕੇ ਉਹ ਕਾਫ਼ੀ ਉਤਸ਼ਾਹਿਤ ਸਨ। ਸੋਚੀ ਵਿੱਚ ਖੇਡਾਂ ਦੇ ਪ੍ਰਬੰਧਕੀ ਕਮੇਟੀ ਦੇ ਮੁਖੀ ਦਮਿਤਰੀ ਚਰਨੀਸੈਂਕੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹ ਕਿ ਰੂਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਅੰਤਰਾਸ਼ਟਰੀ ਖੇਡ ਮੇਲਿਆਂ ਨੂੰ ਬੜੀ ਬਾਖ਼ੂਬੀ ਨਾਲ ਸਿਰੇ ਚਾੜ੍ਹ ਸਕਦਾ ਹੈ। ਉਹਨਾਂ ਕਿਹਾ ਕਿ ਇਨ੍ਹਾਂ ਖੇਡਾਂ ਤੋਂ ਬਾਅਦ ਦੁਨੀਆ ਸਾਹਮਣੇ ਰੂਸ ਦਾ ਇੱਕ ਨਵਾਂ ਚਿਹਰਾ ਸਾਹਮਣੇ ਆਇਆ ਹੈ,



ਜਿਸਦਾ ਆਉਣ ਵਾਲੀਆਂ ਪੀੜ੍ਹੀਆਂ 'ਤੇ ਵੀ ਚੰਗਾ ਅਸਰ ਪਏਗਾ।

ਰੂਸ ਦੇ ਪ੍ਰੈਜ਼ੀਡੈਂਟ ਵਾਲਦੀਮੀਰ ਪੁਤਿਨ ਨੇ ਵੀ ਖੇਡਾਂ ਦੀ ਸਫ਼ਲਤਾ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ। ਉਹਨਾਂ ਕਿਹਾ ਕਿ ਇਨ੍ਹਾਂ ਖੇਡਾਂ ਦੀ ਸ਼ਾਨਦਾਰ ਸ਼ੁਰੂਆਤ ਅਤੇ ਸ਼ਾਨਦਾਰ ਸਮਾਪਤੀ ਸਮਾਰੋਹ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਰੂਸ ਦੇ ਲੋਕ ਆਪਣੀ ਮਿਹਨਤ ਤੇ ਲਗਨ ਨਾਲ ਬੁਲੰਦੀਆਂ ਸਰ ਕਰਨ ਦੀ ਯੋਗਤਾ ਰੱਖਦੇ ਹਨ। ਉਹਨਾਂ ਕਿਹਾ ਕਿ ਇਨ੍ਹਾਂ ਖੇਡਾਂ ਰਾਹੀਂ ਰੂਸ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਸਭ ਕੁੱਝ ਦੇ ਬਾਵਜੂਦ ਕੁੱਝ ਲੋਕਾਂ ਵੱਲੋਂ ਰੂਸ ਦੀ ਅਲੋਚਨਾ ਕੀਤੀ ਗਈ ਹੈ ਤੇ ਇਨ੍ਹਾਂ ਨੇ ਕਈ ਮੁੱਦਿਆਂ ਨੂੰ ਲੈ ਕੇ ਖੇਡਾਂ 'ਤੇ ਸਵਾਲੀਆ ਚਿੰਨ ਖੜ੍ਹਾ ਕੀਤਾ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਸੁਰੱਖਿਆ ਦੇ ਨਜ਼ਰੀਏ ਤੋਂ ਖੇਡਾਂ ਸਫ਼ਲ ਰਹੀਆਂ ਹਨ ਪਰ ਫੇਰ ਵੀ ਇਸਲਾਮਿਕ ਅੱਤਵਾਦੀਆਂ ਦੀਆਂ ਧਮਕੀਆਂ ਨੇ ਇਨ੍ਹਾਂ ਖੇਡਾਂ ਦਾ ਸਵਾਦ ਕਿਰਕਿਰਾ ਕਰੀ ਰੱਖਿਆ ਹੈ।

☛ ਬਾਕੀ ਸਫ਼ਾ 41 'ਤੇ

## ਸਰਦ ਰੁੱਤ ਓਲੰਪਿਕ ਖੇਡਾਂ 'ਚ ਕਨੇਡੀਅਨ ਹਾਕੀ ਦੀਆਂ ਧੁੰਮਾਂ

ਓਟਾਵਾ (ਨਦਬ) : ਰੂਸ ਦੇ ਸੋਚੀ ਵਿਖੇ ਸਰਦ ਰੁੱਤ ਓਲੰਪਿਕ ਖੇਡਾਂ ਵਿਚ ਹਾਕੀ ਦੇ ਮੈਦਾਨ 'ਚ ਕਨੇਡਾ ਦੀ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਨੇ ਲਗਾਤਾਰ ਦੂਜੀ ਵਾਰ ਮੁਲਕ ਦਾ ਝੰਡਾ ਬੁਲੰਦ ਕੀਤਾ। ਮਰਦਾਂ ਦੀ ਹਾਕੀ ਦਾ ਫ਼ਾਈਨਲ ਮੁਕਾਬਲਾ ਕਨੇਡਾ ਨੇ ਸਵੀਡਨ ਦੀ ਟੀਮ ਵਿਰੁੱਧ ਖੇਡਿਆ, ਜਿਸ ਵਿਚ ਕਨੇਡਾ ਨੇ ਸਵੀਡਨ ਨੂੰ ਸਿਫ਼ਰ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਮਾਤ ਦੇ ਕੇ ਗੋਲਡ ਮੈਡਲ ਹਾਸਲ ਕੀਤਾ। ਇਸ ਮੈਚ ਨੂੰ ਤਕਰੀਬਨ 15 ਮਿਲੀਅਨ ਕਨੇਡੀਅਨਾਂ ਨੇ ਮਾਣਿਆ। ਕਨੇਡਾ ਦੀ ਇਸਤਰੀ ਹਾਕੀ ਟੀਮ ਨੇ ਵੀ ਇਕ ਬਹੁਤ ਹੀ ਰੁਮਾਂਚਿਕ ਮੁਕਾਬਲੇ ਵਿਚ ਅਮਰੀਕਾ ਨੂੰ ਹਰਾ ਕੇ ਫ਼ਾਈਨਲ ਮੁਕਾਬਲਾ ਜਿੱਤਿਆ। ਇਸਤਰੀ ਹਾਕੀ ਟੀਮ ਦਾ ਇਹ ਲਗਾਤਾਰ ਚੌਥਾ ਓਲੰਪਿਕ ਗੋਲਡ ਮੈਡਲ ਸੀ। ਕਨੇਡੀਅਨ ਟੀਮ ਨੇ ਇਹ ਮੈਚ 3-2 ਨਾਲ ਜਿੱਤਿਆ। ਅੱਧੇ ਸਮੇਂ ਤਕ ਦੋਵੇਂ ਟੀਮਾਂ 2-2 ਦੀ ਬਰਾਬਰੀ 'ਤੇ ਸਨ। ਸੋਚੀ ਓਲੰਪਿਕ ਵਿਚ ਕੁਲ ਮਿਲਾ ਕੇ ਕਨੇਡੀਅਨ ਖਿਡਾਰੀਆਂ ਦਾ ਪ੍ਰਦਰਸ਼ਨ ਤਸੱਲੀਬਖ਼ਸ਼ ਰਿਹਾ। ਕਨੇਡਾ ਨੇ 10 ਗੋਲਡ ਮੈਡਲ ਅਤੇ 25 ਹੋਰ ਮੈਡਲਾਂ ਨਾਲ ਮੈਡਲ ਸੂਚੀ ਵਿਚ ਚੌਥਾ ਸਥਾਨ ਹਾਸਲ ਕੀਤਾ। ਜਦਕਿ ਗੋਲਡ ਮੈਡਲ ਹਾਸਲ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿਚ ਕਨੇਡਾ ਤੀਜੇ ਨੰਬਰ 'ਤੇ ਰਿਹਾ।

WE LOOK AFTER ALL YOUR MORTGAGE NEEDS Ph. : (780)479-2222
Best Rates, Choice of Lenders, Mortagage for purchase, construction renewal, Refinance of your home, rental or commercial property, Good or bad credit, New Immigrant or Self Employed



Anuj Gupta
Associate Broker

Alberta Mortgage Centre
Phone # 78, 4003-98 Street, Edmonton, AB
CAAMP ACCHA
AXIOM
AMBA
BBB ACCREDITED BUSINESS
think MORTGAGE think AMP™



Krishan(KK)Gupta, AMP
"Experienced, Knowledgeable, Committed"
Serving the Community Since 1999
www.albertamortgagecentre.com





# ਪ੍ਰਸਿੱਧ ਗੀਤਕਾਰ ਧੰਮੀ ਹੇਰਾਂ ਵਾਲਾ ਦਾ ਐਡਮਿੰਟਨ 'ਚ ਸਨਮਾਨ





ਐਡਮਿੰਟਨ (ਨਦਬ) : ਪੰਜਾਬੀ ਗੀਤਕਾਰੀ ਵਿਚ ਆਪਣੀ ਨਿਵੇਕਲੀ ਪਛਾਣ ਰੱਖਣ ਵਾਲੇ ਗੀਤਕਾਰ ਧੰਮੀ ਹੇਰਾਂ ਵਾਲਾ ਦਾ ਸਥਾਨਕ ਪਿੰਡ ਪੰਜਾਬ ਰੈਸਟੋਰੈਂਟ ਵਿਖੇ ਵਿਸ਼ੇਸ਼ ਸਨਮਾਨਤ ਕੀਤਾ ਗਿਆ। ਕਨੇਡੀਅਨ ਮੌਜ਼ਾਇਕ ਆਰਟਿਸਟ ਐਸੋਸੀਏਸ਼ਨ ਆਫ਼ ਐਡਮਿੰਟਨ ਵਲੋਂ ਕਰਵਾਏ ਗਏ ਇਸ ਸ਼ਾਨਦਾਰ ਸਮਾਗਮ ਵਿਚ ਬਹੁਤ ਸਾਰੀਆਂ ਮਾਣਯੋਗ ਸਖਸ਼ੀਅਤਾਂ ਹਾਜ਼ਰ ਸਨ। ਜਿਨ੍ਹਾਂ ਵਿਚ ਮੰਤਰੀ ਨਰੇਸ ਭਾਰਦਵਾਜ, ਵਿਧਾਇਕ ਪੀਟਰ ਸੰਧੂ ਅਤੇ ਵਿਧਾਇਕ ਸੁਹੇਲ ਕਾਦਰੀ ਪ੍ਰਮੁੱਖ ਸਨ। ਸਨਮਾਨ ਹਾਸਲ ਕਰਨ ਤੋਂ ਬਾਅਦ ਧੰਮੀ ਹੇਰਾਂ ਵਾਲਾ ਨੇ ਕਾਵਿਕ ਅੰਦਾਜ਼ 'ਚ ਬੋਲਦਿਆਂ ਜਿਥੇ ਕਨੇਡਾ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਸ਼ੁਕਰੀਆ ਅਦਾ ਕੀਤਾ ਉਥੇ ਨਾਲ ਹੀ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਕਨੇਡਾ ਦੀ ਧਰਤੀ ਦੀ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਜੀਅ ਜਾਨ ਨਾਲ ਕੰਮ ਕੀਤਾ ਹੈ। ਇਸ ਮੌਕੇ ਵਿਜੇ ਧੰਮੀ ਨੇ ਆਪਣੇ ਪ੍ਰਸਿੱਧ ਗੀਤਾਂ ਦੇ ਮੁਖੜੇ ਅਤੇ ਅੰਤਰੇ ਵੀ ਪੇਸ਼ ਕੀਤੇ। ਇਸ ਮੌਕੇ ਮੌਜ਼ਾਇਕ ਦੇ ਚੇਅਰਮੈਨ ਉਪਿੰਦਰ ਮਠਾੜੂ ਨੇ ਕਿਹਾ ਕਿ ਧੰਮੀ ਨੇ ਪੰਜਾਬੀ ਗੀਤਕਾਰੀ ਨੂੰ ਸਿਖਰਾਂ 'ਤੇ ਪਹੁੰਚਾਇਆ ਹੈ। ਸਮਾਗਮ ਵਿਚ ਗੀਤਕਾਰ ਲਾਡੀ ਸੂਸਾਂਵਾਲਾ, ਦੇਵ ਮਾਨ, ਗਾਇਕ ਮਨਵਿੰਦਰ ਬਾਸੀ, ਪਵਨ ਕੁਮਾਰ, ਅਮਰਜੀਤ ਪੁਰੇਵਾਲ ਆਦਿ ਵੀ ਹਾਜ਼ਰ ਸਨ।

# ਰਿਐਲਟਰ ਲਾਡੀ ਪੱਡਾ ਦਾ ਵੱਕਾਰੀ ਟੌਪ 5 ਫ਼ੀਸਦੀ ਰਿਆਲਟੀ ਐਵਾਰਡ ਨਾਲ ਸਨਮਾਨ



ਐਡਮਿੰਟਨ (ਨਦਬ) : ਐਡਮਿੰਟਨ ਅਤੇ ਨੇੜੇ ਤੇੜੇ ਦੇ ਇਲਾਕਿਆਂ ਵਿਚ ਆਪਣੀਆਂ ਰੀਅਲ ਅਸਟੈਟ ਦੀਆਂ ਬਿਹਤਰੀਨ ਸੇਵਾਵਾਂ ਦੇਣ ਵਜੋਂ ਜਾਣੇ ਜਾਂਦੇ ਪ੍ਰਸਿੱਧ ਰਿਆਲਟਰ ਲਾਡੀ ਪੱਡਾ ਨੂੰ ਟੌਪ 5 ਫ਼ੀਸਦੀ ਰਿਆਲਟੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਵੱਕਾਰੀ ਸਨਮਾਨ ਪ੍ਰੋਫ਼ੈਸ਼ਨਲ ਰਿਆਲਟੀ ਗਰੁੱਪ ਵਲੋਂ ਭੇਟ ਕੀਤਾ ਗਿਆ। ਇਸ ਮੌਕੇ ਪ੍ਰੋਫ਼ੈਸ਼ਨਲ ਰਿਆਲਟੀ ਗਰੁੱਪ ਰੌਸ ਰੈਬਡਿਊ ਨੇ ਐਵਾਰਡ ਪ੍ਰਦਾਨ ਕਰਦਿਆਂ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਰਿਆਲਟਰ ਲਾਡੀ ਪੱਡਾ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਜਿਥੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ, ਉਥੇ ਨਾਲ ਹੀ ਕਿਹਾ ਕਿ ਇਹ ਐਵਾਰਡ ਮਿਲਣ ਨਾਲ ਮੇਰੀਆਂ ਜ਼ਿੰਮੇਵਾਰੀਆਂ ਹੋਰ ਵੀ ਜ਼ਿਆਦਾ ਵੱਧ ਗਈਆਂ ਹਨ ਤੇ ਮੈਂ ਇਹ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਂਦਾ ਰਹਾਂਗਾ। ਲਾਡੀ ਪੱਡਾ ਨਾਲ ਸੰਪਰਕ ਕਰਨ ਲਈ 780-667-6767 ਨੰਬਰ ਡਾਇਲ ਕੀਤਾ ਜਾ ਸਕਦਾ ਹੈ।


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
Banques Facility From
100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ
ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ


WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca
1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ
ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੂਲੇਸ਼ਨ,
ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070




# ਨਾਦ-ਸੰਵਾਦ ਰੰਗਮੰਚ ਗਰੁੱਪ ਵਲੋਂ ਨਾਟਕ 'ਗਾਥਾ-ਏ-ਗ਼ਦਰ' ਦੀਆਂ ਦੋ ਪੇਸ਼ਕਾਰੀਆਂ



ਜਲੰਧਰ/ਅੰਮ੍ਰਿਤਸਰ (ਨਦਬ) : ਨਾਦ-ਸੰਵਾਦ ਰੰਗਮੰਚ ਗਰੁੱਪ ਵਲੋਂ 22 ਅਤੇ 23 ਫਰਵਰੀ ਨੂੰ ਪ੍ਰੋ. ਰਾਕੇਸ਼ ਰਮਨ ਦੁਆਰਾ ਲਿਖੇ ਨਾਟਕ 'ਗਾਥਾ-ਏ-ਗ਼ਦਰ' ਦੀਆਂ ਦੋ ਪੇਸ਼ਕਾਰੀਆਂ ਵਿਰਸਾ ਵਿਹਾਰ ਭਵਨ ਅੰਮ੍ਰਿਤਸਰ ਅਤੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕੀਤੀਆਂ ਗਈਆਂ। ਇਹ ਦੋਵੇਂ ਪੇਸ਼ਕਾਰੀਆਂ ਦੇਸ਼ ਭਗਤੀ ਦੇ ਮਹਾਨ ਸਾਕੇ ਕਾਮਾਗਾਟਾ ਮਾਰੂ ਨੂੰ ਸਮਰਪਤ ਸਨ।

ਇਹ ਨਾਟਕ 'ਗਾਥਾ-ਏ-ਗ਼ਦਰ' ਵਿੱਚ ਬਸਤੀਵਾਦੀ ਭਾਰਤ ਦਾ ਅਜੋਕੇ ਨਵ-ਬਸਤੀਵਾਦੀ ਭਾਰਤ ਨਾਲ ਸੰਵਾਦ ਹੈ। ਸਮਕਾਲੀ ਭਾਰਤ ਦੀਆਂ ਵਿਕਰਾਲ ਰੂਪ ਧਾਰਨ ਕਰਦੀਆਂ ਜਾ ਰਹੀਆਂ ਭੁੱਖਮਰੀ, ਬੇਰੁਜ਼ਗਾਰੀ, ਸਮਾਜਿਕ ਬੇਇਨਸਾਫ਼ੀ, ਆਰਥਿਕ ਲੁੱਟ ਵਰਗੀਆਂ ਸਮੱਸਿਆਵਾਂ ਦੇ ਸਨਮੁਖ ਬੈਠੇ ਚਿੰਤਨਸ਼ੀਲ ਨੌਜਵਾਨਾਂ ਤੋਂ ਸ਼ੁਰੂ ਹੋ ਕੇ ਪਿੱਛਲਝਾਤ ਵਿਧੀ ਰਾਹੀਂ 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੇ ਭਾਰਤ ਵੱਲ ਪਰਤ ਜਾਂਦਾ ਹੈ, ਜਦੋਂ ਗ਼ਦਰੀ ਬਾਬੇ ਬਰਤਾਨਵੀ ਸਾਮਰਾਜ ਨੂੰ ਆਪਣੀ ਕੁਰਬਾਨੀ ਦੀ ਬੇਮਿਸਾਲ ਭਾਵਨਾ ਅਤੇ ਗ਼ਹਿਰ-ਗੰਭੀਰ ਸੂਝਬੂਝ ਨਾਲ ਤਕੜੀ ਚੁਣੌਤੀ ਪੇਸ਼ ਕਰ ਰਹੇ ਸਨ। ਕਾਰਪੋਰੇਟ ਸੱਭਿਆਚਾਰ ਦੇ ਦਬਾਅ ਹੇਠ ਆਪਣੇ ਸ਼ਾਨਦਾਰ ਵਿਰਸੇ ਨੂੰ ਭੁੱਲਦੀ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਇਸ ਨਾਟਕ ਰਾਹੀਂ ਨਵਾਂ ਭਾਰਤ ਸਿਰਜਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕਣ ਦਾ ਜ਼ੋਰਦਾਰ ਸੁਨੇਹਾ ਦਿੱਤਾ ਗਿਆ ਹੈ। ਇਸ ਨਾਟਕ ਨੂੰ ਚੰਨ ਚਮਕੌਰ ਅਤੇ ਨਿਰਮਲ ਧਾਲੀਵਾਲ ਨੇ ਮਲਟੀਮੀਡੀਆ ਤਕਨੀਕ ਵਿੱਚ ਤਿਆਰ ਕੀਤਾ ਸੀ।

ਦੇਸ਼ ਭਗਤ ਯਾਦਗਾਰ ਹਾਲ ਦੇ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਨਵੀਨਰ ਸਾਥੀ ਅਮਲੋਕ ਸਿੰਘ ਅਤੇ ਜਰਨਲ ਸਕੱਤਰ ਰਘਬੀਰ ਕੌਰ ਨੇ ਨਾਟਕ ਦੇ ਅਦਾਕਾਰਾਂ ਦੀ ਉਚੇਚੇ ਤੌਰ 'ਤੇ ਸ਼ਲਾਘਾ ਕਰਦਿਆਂ ਕਿਹਾ ਕਿ ਦੇਸ਼ ਅੰਦਰ ਅੱਜ ਵੀ ਉਹੋ ਕੁਝ ਵਾਪਰ ਰਿਹਾ ਹੈ, ਜੋ ਇਕ ਸਦੀ ਪਹਿਲਾਂ ਦੇ ਬ੍ਰਿਟਿਸ਼ ਸਾਮਰਾਜ ਦੇ ਅਧੀਨ ਭਾਰਤ ਵਿੱਚ ਵਾਪਰ ਰਿਹਾ ਸੀ। ਨਾਟਕ ਵਿੱਚ ਪੇਸ਼ ਯਥਾਰਥ 21ਵੀਂ ਸਦੀ ਦੇ ਭਾਰਤ ਨੂੰ 20ਵੀਂ ਸਦੀ ਦੇ ਭਾਰਤ ਦੇ ਇਤਿਹਾਸ ਦੀਆਂ ਬਰੂਹਾਂ 'ਤੇ ਲੈ ਜਾਂਦਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਪ੍ਰੋ. ਕਰਮਜੀਤ ਸਿੰਘ ਨੇ ਇਸ ਸਫ਼ਲ ਪੇਸ਼ਕਾਰੀ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇਗੰਢ ਨੂੰ ਇਹ ਪੰਜਾਬੀ ਰੰਗਮੰਚ ਦਾ ਨਜ਼ਰਾਨਾ ਹੈ। ਅਮ੍ਰਿਤਸਰ ਦੇ ਵਿਰਸਾ ਵਿਹਾਰ ਭਵਨ ਵਿੱਚ ਇਸ ਨਾਟਕ ਨੂੰ ਸ਼ਾਇਰ ਪ੍ਰਮਿੰਦਰਜੀਤ ਅਤੇ ਰੰਗਕਰਮੀ ਕੇਵਲ ਧਾਲੀਵਾਲ ਦੀ ਅਗਵਾਈ ਵਿੱਚ ਵਿਰਸਾ ਵਿਹਾਰ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਯੋਜਿਤ ਕੀਤਾ ਗਿਆ। ਵਿਰਸਾ ਵਿਹਾਰ ਭਵਨ ਵੱਲੋਂ ਪ੍ਰਮਿੰਦਰਜੀਤ, ਕੇਵਲ ਧਾਲੀਵਾਲ ਅਤੇ ਜਗਦੀਸ਼ ਸਚਦੇਵਾ ਵੱਲੋਂ ਨਾਦ-ਸੰਵਾਦ ਦੇ ਰੰਗਕਰਮੀਆਂ ਨੂੰ ਸਨਮਾਨਤ ਕੀਤਾ ਗਿਆ।

ਇਸ ਨਾਟਕ ਵਿੱਚ ਸੁਖਨਦੀਪ ਸੂਫ਼ੀ, ਨਰਿੰਦਰ ਕੌਰ ਧਾਲੀਵਾਲ, ਸ਼ਮਿੰਦਰ ਸਨੀ, ਗੁਰਮੀਤ ਹਨੂਰ, ਸੇਵਕ ਸਿੰਘ, ਰਾਹੁਲ ਰਾਜਪਾਲ, ਅਮਿਤ, ਨਤਿਨ, ਮਨੀਸ਼, ਹਰੀਸ਼, ਹਿਤੇਸ਼, ਰਾਹੁਲ, ਅਜੀਤਪਾਲ, ਮਨਪ੍ਰੀਤ, ਅੰਕੁਸ਼, ਕੁਲਵੀਰ ਸੋਨੀ, ਸਿਮਰਨ ਅਤੇ ਦੱਤ ਨੇ ਨਾਟਕ ਵਿੱਚ ਆਪਣੀ ਅਦਾਕਾਰੀ ਦਾ ਮੁਜ਼ਾਹਰਾ ਕੀਤਾ।

# ਘੱਟ ਉਜਰਤਾਂ ਮਿਲਣ ਕਾਰਨ ਅਸਥਾਈ ਕਾਮੇ ਪਰੇਸ਼ਾਨ

ਟੋਰਾਂਟੋ (ਨਦਬ) : ਆਪਣੇ ਸਮੁੱਚੇ ਕਰੀਅਰ ਵਿੱਚ ਅਸਥਾਈ ਤੌਰ ਉੱਤੇ ਲਿਖਣ ਦਾ ਕੰਮ ਕਰਨ ਵਾਲੀ ਇਸਾਬੇਲਾ ਮਿੰਡਕ ਦਾ ਕਹਿਣਾ ਹੈ ਕਿ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਫੈਡਰਲ ਸਰਕਾਰ ਤੋਂ ਕਾਂਟਰੈਕਟ ਹਾਸਲ ਕਰਨ ਵਿੱਚ ਉਸ ਨੂੰ ਸੰਘਰਸ਼ ਕਰਨਾ ਪਿਆ ਹੋਵੇ। ਉਸ ਨੇ ਦੱਸਿਆ ਕਿ ਨਾ ਸਿਰਫ ਕੰਮ ਦੀ ਰਫਤਾਰ ਘਟੀ ਹੈ ਸਗੋਂ ਦਰਾਂ ਵੀ ਘਟ ਰਹੀਆਂ ਹਨ। ਮਿੰਡਕ ਨੇ ਆਖਿਆ ਕਿ ਉਸ ਨੂੰ ਚੰਗੀ ਕਮਾਈ ਲਈ ਕਾਂਟਰੈਕਟ ਮਿਲੀ ਜਾ ਰਹੇ ਸਨ ਤੇ ਉਹ ਬਹੁਤੀ ਚਿੰਤਾ ਨਹੀਂ ਸੀ ਕਰ ਰਹੀ। ਪਿਛਲੇ ਕੁੱਝ ਸਾਲਾਂ ਵਿੱਚ ਹੁਣ ਉਸ ਦੀਆਂ ਚਿੰਤਾਵਾਂ ਵੱਧ ਗਈਆਂ ਹਨ ਤੇ ਉਸ ਨੂੰ ਇਹ ਡਰ ਵੀ ਸਤਾਉਣ ਲੱਗਿਆ ਹੈ ਕਿ ਉਹ ਰਿਟਾਇਰਮੈਂਟ ਲਈ ਕੀ ਤੇ ਕਿਵੇਂ ਬਚਾਵੇਗੀ। ਉਸ ਨੇ ਦੱਸਿਆ ਕਿ ਉਸ ਨੂੰ ਥੋੜ੍ਹੇ ਬਹੁਤ ਜਿਹੜੇ ਕਾਂਟਰੈਕਟ ਮਿਲਣ ਦੀ ਆਸ ਸੀ ਉਹ ਵੀ ਸਸਤਾ ਕੰਮ ਕਰਨ ਵਾਲਿਆਂ ਕੋਲ ਜਾ ਰਹੇ ਹਨ। ਇੰਪਲਾਇਰਜ਼ ਦੀਆਂ ਮੰਗਾਂ ਵੀ ਹੁਣ ਵਧ ਗਈਆਂ ਹਨ ਜਦਕਿ ਪੈਸੇ ਦੇਣ ਦੇ ਨਾਂ ਉੱਤੇ ਉਹ ਹੱਥ ਪਿੱਛੇ ਖਿੱਚਦੇ ਹਨ। ਏਜੰਸੀਆਂ ਨੂੰ ਅਮਲਾ ਮੁਹੱਈਆ ਕਰਵਾਉਣ ਵਾਲੇ ਇੱਕ ਗਰੁੱਪ ਨੇ ਦੱਸਿਆ ਕਿ ਘਟ ਦਰਾਂ 2009 ਵਿੱਚ ਸ਼ੁਰੂ ਹੋਈਆਂ ਸਨ ਜਦੋਂ ਫੈਡਰਲ ਸਰਕਾਰ ਨੇ ਕਾਂਟਰੈਕਟ ਉੱਤੇ ਮਦਦ ਦਾ ਨਵਾਂ ਤਰੀਕਾ ਇਜਾਦ ਕੀਤਾ। ਐਸੋਸੀਏਸ਼ਨ ਆਫ ਕਨੇਡੀਅਨ ਸਰਚ, ਇੰਪਲਾਇਮੈਂਟ ਐਂਡ ਸਟਾਫਿੰਗ ਸਰਵਿਸਿਜ਼ ਦੇ ਮਾਰਟਿਨ ਚੈਨੀਅਰ ਨੇ ਆਖਿਆ ਕਿ ਹੁਣ ਬਹੁਤ ਸਾਰੇ ਫੈਡਰਲ ਕਾਂਟਰੈਕਟਸ ਵਿੱਚ ਵੱਧ ਤੋਂ ਵੱਧ ਕੰਮ ਕਰਨ ਦੀ ਸਰਤ ਰੱਖੀ ਜਾਂਦੀ ਹੈ ਜਦਕਿ ਉਜਰਤਾਂ ਓਨੀਆਂ ਨਹੀਂ ਦਿੱਤੀਆਂ ਜਾਂਦੀਆਂ। ਇਸ ਨਾਲ ਮਿੰਡਕ ਵਰਗੇ ਹੁਨਰਮੰਦ ਲੋਕਾਂ ਨੂੰ ਵੀ ਇੱਕ ਵਾਰੀ 11 ਤੋਂ 12 ਡਾਲਰ ਪ੍ਰਤੀ ਘੰਟਾ ਕੰਮ ਕਰਨ ਬਾਰੇ ਸੋਚਣਾ ਪੈਂਦਾ ਹੈ। ਜੋ ਕਿ ਮਾਰਕਿਟ ਰੇਟ ਤੋਂ ਕਾਫੀ ਘੱਟ ਰਕਮ ਹੈ। ਮਿੰਡਕ ਕੰਮ ਦੇ ਚੰਗੇ ਪੈਸੇ ਨਾ ਮਿਲਣ ਤੋਂ ਕਾਫੀ ਪਰੇਸ਼ਾਨ ਹੈ। ਇਸ ਤਰ੍ਹਾਂ ਹੀ ਮਿੰਡਕ ਵਰਗੇ ਕਈ ਹੋਰ ਲੋਕ ਵੀ ਇਸੇ ਸਥਿਤੀ ਵਿੱਚੋਂ ਲੰਘ ਰਹੇ ਹਨ। ਮਿੰਡਕ ਵਰਗੇ ਲੋਕਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਈ ਜਾ ਰਹੀ ਹੈ।

# ਕਨੇਡੀਅਨਾਂ ਵਿੱਚ ਮੋਟਾਪੇ ਦੀ ਦਰ ਤਿੱਗੁਣੀ ਵਧੀ

ਓਟਵਾ, (ਨਦਬ) : ਸੇਂਟ ਜੌਹਨਜ਼ ਦੀ ਮੈਮੋਰੀਅਲ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੱਕ ਅਧਿਐਨ ਮੁਤਾਬਕ 1985 ਤੇ 2011 ਦਰਮਿਆਨ ਕਨੇਡੀਅਨਾਂ ਵਿੱਚ ਮੋਟਾਪਾ ਤਿੱਗੁਣਾ ਵਧ ਗਿਆ ਹੈ। ਇਸ ਅਰਸੇ ਦੌਰਾਨ ਕੀਤੇ ਗਏ ਹੈਲਥ ਸਰਵੇਖਣਾਂ ਦਾ ਡਾ. ਐਲਕੇ ਟਵੈਲਜ਼ ਵੱਲੋਂ ਵਿਸ਼ਲੇਸ਼ਣ ਕੀਤਾ ਗਿਆ। ਉਨ੍ਹਾਂ ਦੀਆਂ ਲੱਭਤਾਂ ਨੂੰ ਕਨੇਡੀਅਨ ਮੈਡੀਕਲ ਐਸੋਸੀਏਸ਼ਨ ਜਰਨਲ (ਸੀ.ਐਮ.ਏ.ਜੇ.) ਵਿੱਚ ਛਾਪਿਆ ਗਿਆ। ਇਸ ਰਿਪੋਰਟ ਅਨੁਸਾਰ 2019 ਤੱਕ 21 ਫੀ ਸਦੀ ਕਨੇਡੀਅਨ ਨੌਜਵਾਨ ਮੋਟਾਪੇ ਦਾ ਸ਼ਿਕਾਰ ਹੋਣਗੇ। ਜਿਸ ਵਿਅਕਤੀ ਦਾ ਬਾਡੀ ਮਾਸ ਇੰਡੈਕਸ (ਬੀ.ਐਮ.ਆਈ.) 30 ਜਾਂ ਇਸ ਤੋਂ ਵੱਧ ਹੁੰਦਾ ਹੈ ਉਸ ਨੂੰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਤੇ ਕੈਂਸਰ ਵਰਗੀਆਂ ਬਿਮਾਰੀਆਂ ਲੱਗਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਸ ਤਕਲੀਫ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਕਨੇਡਾ ਵਿੱਚ ਹਰ ਸਾਲ ਲੱਗਭਗ 4.6 ਤੋਂ 7.1 ਬਿਲੀਅਨ ਡਾਲਰ ਤੱਕ ਖਰਚੇ ਜਾਂਦੇ ਹਨ। ਨਾਰਮਲ ਵਜ਼ਨ ਉਸ ਇਨਸਾਨ ਦਾ ਮੰਨਿਆ ਜਾਂਦਾ ਹੈ ਜਿਸ ਦਾ ਬੀ.ਐਮ.ਆਈ. 18.5 ਤੋਂ 24.9 ਹੋਵੇ ਜਦਕਿ ਜਿਸ ਵਿਅਕਤੀ ਦਾ ਵਜ਼ਨ 25 ਤੋਂ 29.9 ਹੋਵੇਗਾ ਉਸ ਨੂੰ ਓਵਰਵੇਟ ਮੰਨਿਆ ਜਾਂਦਾ ਹੈ। ਨਿਊਫਾਊਂਡਲੈਂਡ ਐਂਡ ਲੈਬਰਾਡੌਰ ਤੋਂ ਇਲਾਵਾ ਨਿਊ ਬਰੰਜ਼ਵਿਕ ਵਿੱਚ ਮੋਟਾਪੇ ਦੀ ਦਰ ਸੱਭ ਤੋਂ ਵੱਧ ਜਦਕਿ ਪੱਛਮੀ ਪ੍ਰੋਵਿੰਸਾਂ ਵਿੱਚ ਇਹ ਦਰ ਕਾਫੀ ਘੱਟ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਕਨੇਡੀਅਨਾਂ ਵਿੱਚ ਵਧ ਰਹੀ ਮੋਟਾਪੇ ਦੀ ਸਮੱਸਿਆ ਨੂੰ ਲੈ ਕੇ ਕਾਫੀ ਚਿੰਤਤ ਹਨ।

# Nu Tech Plumbing

Services & Maintenance for
Residential & Commercial Projects

**Licensed Insured Bonded**

Email : nutechplumbing@gmail.com

Gurpreet Mann  Jagwant Wraich

780-267-8033  FAX 780-450-2464



# City Furnace Cleaning Ltd




Your Indoor Air Quality Specialist

We have certified, insured and bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS



Free Estimate

'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

For a free, none obligation quote please call

(780) 469-7202

ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ

# Mission

AUTO & TRUCK REPAIR LTD.

Specialized in European & Japanese Cars

ਆਪਣੀਆਂ ਗੱਡੀਆਂ ਅਤੇ ਟਰੱਕਾਂ ਦੀ ਤਸੱਲੀਬਖ਼ਸ਼ ਰਿਪੇਅਰ ਵਾਜਬ ਕੀਮਤਾਂ 'ਤੇ ਕਰਾਉਣ ਲਈ ਸਾਡੇ ਕੋਲ ਆਓ





Sam Rooprai

2 ਮਕੈਨਿਕ, 2 ਹੈਲਪਰ ਅਤੇ ਇਕ Receptionist ਦੀ ਤੁਰੰਤ ਲੋੜ ਹੈ।
Receptionist ਨੂੰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

Tel : (780) 243 7918  Cell. : (780) 243 7918
3107 92 st NW, Edmonton, Alberta T6N 189
Fax : (780) 439 3359

# CONSERVATIVE PARTY OF CANADA NOMINATION ELECTIONS 2014

for 2015 Federal Elections

# Mohinder TOOR

**Vote & Support**

Running for
Nomination Elections 2014
From Edmonton-Wetaskiwin
as a Member of Parliament (MP)
for Conservative Party of Canada



Phone: 587-989-6711
Email: mohindertoor@ymail.com



# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ ਕਾਮਾਗਾਟਾਮਾਰੂ

ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੌੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਇਕ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਵੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਦੇ ਐਨ ਦੂਸਰੇ ਪਾਸੇ ਜਦੋਂ ਭਾਰਤੀ ਪਰਵਾਸੀਆਂ ਨੂੰ ਬਰਤਾਨਵੀ ਰਾਜ ਦੀਆਂ ਸਫੇਦ ਬਸਤੀਆਂ, ਆਸਟਰੇਲੀਆ, ਕਨੇਡਾ ਤੇ ਦੱਖਣੀ ਅਫਰੀਕਾ ਵਿਚ ਅਸਲੀ ਜ਼ਿੰਦਗੀ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਦੇ ਪਹਿਲਾਂ ਕਲਪੇ ਵਿਚਾਰਾਂ ਨਾਲ ਇਸ ਦਾ ਕੋਈ ਤਾਲਮੇਲ ਨਾ ਬੈਠਦਾ ਦਿਸਿਆ। ਜ਼ਿੰਦਗੀ ਦੇ ਕਠੋਰ ਅਨੁਭਵ ਨੇ, ਉਨ੍ਹਾਂ ਨੂੰ ਇਹ ਸਬਕ ਸਿਖਾਇਆ ਕਿ ਉਨ੍ਹਾਂ ਲਈ ਬਰਤਾਨਵੀ ਪਰਜਾ ਹੋਣ ਦਾ ਕੋਈ ਅਰਥ ਨਹੀਂ, ਬਰਤਾਨਵੀ ਇਨਸਾਫ ਵੱਡਾ ਧੋਖਾ ਹੈ। ਬਰਤਾਨਵੀ ਕਾਨੂੰਨ ਇਕ ਪਾਸੜ ਹੈ ਤੇ ਬਰਤਾਨਵੀ ਸਮਾਜਕ ਬਰਾਬਰਤਾ ਭਰਮ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋਣ ਲੱਗਾ ਕਿ ਉਹ ਤਾਂ ਬਹੁਤ ਹੀ ਗਲਤ ਰਾਹ 'ਤੇ ਚੱਲ ਰਹੇ ਸਨ। ਚਿੱਟੀਆਂ ਬਸਤੀਆਂ ਵਿਚ ਪ੍ਰਚੱਲਤ ਸਥਿਤੀ ਨੇ ਉਨ੍ਹਾਂ ਨੂੰ ਬੌਂਦਲਾਅ ਦਿੱਤਾ ਸੀ। ਜੇ ਇਹ ਕਹਿ ਲਿਆ ਜਾਵੇ ਕਿ ਉਨ੍ਹਾਂ ਨੂੰ ਬਰਤਾਨਵੀ ਰਾਜ ਦੀ ਅਸਲੀਅਤ ਸਮਝਣ ਲਈ ਬੜੀਆਂ ਅਗਨੀ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪਿਆ ਸੀ। ਉਨ੍ਹਾਂ ਨੂੰ ਹੁਣ ਪਤਾ ਲੱਗਾ ਕਿ ਉਨ੍ਹਾਂ ਨੂੰ ਤਾਂ ਨਫ਼ਰਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ ਤੇ ਹਰ ਪਲ ਨਿਰਾਦਰ ਕਰ ਕੇ ਉਨ੍ਹਾਂ ਦੀ ਖਿੱਲੀ ਉਡਾਈ ਜਾਂਦੀ ਹੈ। ਇਹ ਅਨੁਭਵ ਅਮਰੀਕਾ ਵਰਗੇ ਆਜ਼ਾਦ ਖਿੱਤੇ ਵਿਚ ਹੀ ਹੋਣੇ ਸਨ। ਤੇ ਜਿਨ੍ਹਾਂ ਅਨੁਭਵਾਂ ਵਿਚੋਂ ਵੱਡੀਆਂ ਸੰਭਾਵਨਾਵਾਂ ਵਾਲੀ ਗ਼ਦਰ ਪਾਰਟੀ ਨੇ ਜਨਮ ਲੈਣਾ ਹੀ ਸੀ। ਇਹ ਸਰਬ ਪ੍ਰਵਾਣਤ ਹੈ ਕਿ ਸਥਿਤੀ ਦੇ ਗਿਆਨ ਤੋਂ ਬਿਨਾਂ ਕੋਈ ਵੀ ਵਿਚਾਰ ਜਾਂ ਖਿਆਲ ਪੈਦਾ ਹੀ ਨਹੀਂ ਹੁੰਦਾ।

ਵਿਦੇਸ਼ਾਂ 'ਚ ਰੁਜ਼ਗਾਰ ਦੀ ਤਲਾਸ਼ 'ਚ ਆਪਣਾ ਘਰ ਘਾਟ ਛੱਡ ਕੇ ਜਾਣਾ ਸੌਖਾ ਨਹੀਂ ਹੁੰਦਾ। ਆਪਣੇ ਸਕੇ-ਸਬੰਧੀਆਂ ਤੋਂ ਵਿਛੋੜੇ ਦੀ ਪੀੜ ਬੜੀ ਭਿਆਨਕ ਹੁੰਦੀ ਹੈ। ਕੇਵਲ ਆਰਥਕ ਮਜਬੂਰੀ, ਭੁੱਖ ਤੇ ਕੰਗਾਲੀ ਹੀ ਬੰਦੇ ਤੋਂ ਇਹ ਕੁਝ ਕਰਵਾਉਂਦੀ ਹੈ। ਇਕ ਬਰਤਾਨਵੀ ਬਸਤੀ ਤੋਂ ਦੂਜੀ 'ਚ ਧੱਕੇ ਖਾ ਖਾ ਕੇ ਚੰਗੇਰੀਆਂ ਸੰਭਾਵਨਾਵਾਂ ਦੀ ਆਸ ਨਾਲ ਕੁਝ ਭਾਰਤੀ ਬਰਤਾਨੀਆ ਦੀ ਗੋਰੀ ਬਸਤੀ ਕਨੇਡਾ ਪਹੁੰਚ ਗਏ।

ਕਨੇਡਾ 'ਚ ਜਪਾਨ ਤੇ ਚੀਨ 'ਚੋਂ ਪਰਵਾਸੀ ਇਸ ਤੋਂ ਵੀ ਵਧੇਰੇ ਗਿਣਤੀ 'ਚ, ਦਸ ਵਰ੍ਹੇ ਪਹਿਲੋਂ ਆਉਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਦੀ ਸੰਖਿਆ 50,000 ਤੋਂ ਵਧੀਕ ਸੀ। ਇਹੀ ਹਾਲਤ ਯੂਰਪੀ ਪਰਵਾਸੀਆਂ ਦੀ ਸੀ, ਜਿਨ੍ਹਾਂ ਦੀ ਗਿਣਤੀ ਹਰ ਮਹੀਨੇ ਵਧਦੀ ਹੀ ਚਲੀ ਜਾ ਰਹੀ ਸੀ। ਯੂਰਪੀ ਤੇ ਗੋਰੇ ਇਕੋ ਰੰਗ ਦੇ ਹੋਣ ਕਾਰਨ, ਉਹ ਇੱਥੇ ਮੁਕਾਬਲਤਨ ਛੇਤੀ ਹੀ ਘੁਲ ਮਿਲ ਜਾਂਦੇ ਸਨ। ਭਾਰਤੀ ਪਰਵਾਸੀਆਂ ਨੂੰ ਵੀ 1906 ਤੱਕ ਸਹਿਣ ਕੀਤਾ ਜਾਂਦਾ ਰਿਹਾ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਆਮਦ ਦੀ ਮੁਖਾਲਫਤ ਸ਼ੁਰੂ ਹੋ ਗਈ, ਜੋ ਹੌਲੀ-ਹੌਲੀ ਲਗਾਤਾਰ ਵਧਦੀ ਹੀ ਗਈ।

ਪਰ ਇਸ ਸਮੇਂ ਤੱਕ ਕਈ ਜਪਾਨੀਆਂ ਤੇ ਚੀਨੀਆਂ ਤੇ ਸ਼ਾਇਦ ਕੁਝ ਭਾਰਤੀਆਂ ਨੇ ਵੀ ਹਜ਼ਾਰਾਂ ਡਾਲਰਾਂ ਦੀ ਸੰਪਤੀ ਹਾਸਲ ਕਰ ਲਈ ਸੀ। ਕੁਝ ਇਕ ਨੇ ਹਿਸਾਬ ਕਿਤਾਬ ਰੱਖਣ ਤੇ ਆਪਣੇ ਕੰਮ-ਕਾਰ ਦੀ ਦੇਖ-ਭਾਲ ਹਿਤ ਕੁਝ ਗੋਰੀਆਂ ਕੁੜੀਆਂ ਵੀ ਕੰਮ 'ਤੇ ਰੱਖੀਆਂ ਹੋਈਆਂ ਸਨ। ਗੋਰੀ ਵਸੋਂ ਇਸ 'ਤੇ ਇਤਰਾਜ਼ ਕਰਦੀ ਸੀ। ਕਨੇਡੀਅਨ ਸਰਕਾਰ ਨੇ ਗੋਰਿਆਂ ਨੂੰ ਖੁਸ਼ ਕਰਨ ਲਈ ਇਕ ਕਦਮ ਉਠਾਇਆ ਤੇ ਪੂਰਬੀ ਲੋਕਾਂ ਦੁਆਰਾ ਗੋਰੀਆਂ ਕੁੜੀਆਂ ਨੂੰ ਨੌਕਰੀ ਦੇਣ 'ਤੇ ਰੋਕ ਲਾ ਦਿੱਤੀ। ਸੈਸਕੈਚਵਾਨ ਦੀ ਉੱਚ ਅਦਾਲਤ ਨੇ ਇਹ ਫੈਸਲਾ ਦੇ ਦਿੱਤਾ ਸੀ ਕਿ ਸੂਬਿਆਂ ਕੋਲ ਅਜਿਹੇ ਕਾਨੂੰਨ ਪਾਸ ਕਰਨ ਦਾ ਅਧਿਕਾਰ ਹੈ। (ਜੋਸ਼)

ਪਰ ਚੀਨੀਆਂ ਤੇ ਜਪਾਨੀਆਂ ਦੇ ਵਿਰੋਧ ਦੇ ਨਾਲ-ਨਾਲ ਭਾਰਤੀਆਂ ਪ੍ਰਤੀ ਵਿਰੋਧ ਦੀਆਂ ਭਾਵਨਾਵਾਂ ਨੇ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਗੋਰੀ ਵਸੋਂ ਨੇ ਏਸ਼ੀਅਨਾਂ ਵਿਰੁੱਧ ਬੰਦਸ਼ੀ ਕਾਰਵਾਈਆਂ ਕਰਨ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਸੀ। ਸਰਕਾਰ ਉਨ੍ਹਾਂ ਅੱਗੇ ਝੁਕ ਗਈ ਸੀ। ਚੀਨੀਆਂ ਦੇ ਦਾਖਲੇ ਉੱਪਰ ਹੈੱਡ-ਟੈਕਸ ਲਾ ਦਿੱਤਾ ਗਿਆ ਤੇ ਜਪਾਨ ਨਾਲ ਵੀ "ਸਾਊਆਂ ਵਾਲਾ ਸਮਝੌਤਾ" ਕਰ ਲਿਆ ਗਿਆ ਸੀ। ਜਿਸ ਅਨੁਸਾਰ ਜਪਾਨੀ ਪਰਵਾਸੀਆਂ ਦੀ ਗਿਣਤੀ ਦੀ ਹੱਦ, ਸਾਲ ਵਿਚ 400 ਮਿੱਥ ਦਿੱਤੀ ਗਈ ਸੀ। ਪਰ ਪੂਰਬੀ ਭਾਰਤੀਆਂ ਦੇ ਆਵਾਸ ਦੀ ਸਮੱਸਿਆ ਹਾਲੇ ਬਾਕੀ ਹੀ ਸੀ। ਹਿੰਦੁਸਤਾਨੀ ਵੀ ਕਨੇਡੀਅਨਾਂ ਵਾਂਗ ਉਸੇ ਬਾਦਸ਼ਾਹ ਪ੍ਰਤੀ ਸਾਂਝੀ ਵਫ਼ਾਦਾਰੀ ਦਾ ਦਮ ਭਰਦੇ ਸਨ। ਉਨ੍ਹਾਂ ਨੂੰ ਵੀ ਬਰਤਾਨਵੀ ਸਲਤਨਤ ਦੀਆਂ ਦੂਜੀਆਂ ਬਸਤੀਆਂ ਦੇ ਵਾਸੀਆਂ ਵਾਲੇ ਹੱਕਾਂ ਦਾ ਵਚਨ ਦਿੱਤਾ ਹੋਇਆ ਸੀ। ਪਰ ਕੀ ਉਨ੍ਹਾਂ ਨਾਲ, ਬਰਤਾਨਵੀ ਪਰਜਾ ਹੋਣ ਕਾਰਨ, ਚੀਨੀਆਂ ਤੇ ਜਪਾਨੀਆਂ ਨਾਲੋਂ ਚੰਗੇਰਾ ਸਲੂਕ ਕੀਤਾ ਗਿਆ ਸੀ ? ਨਹੀਂ, ਅਜਿਹਾ ਨਹੀਂ ਸੀ ਕੀਤਾ ਗਿਆ। (ਜੋਸ਼)

ਭਰਤੀ ਪਰਵਾਸੀ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਸਨ, ਬਹੁਤਾ ਕਰ ਕੇ ਗੈਰ-ਸਿਖਲਾਈ ਪ੍ਰਾਪਤ ਮਜ਼ਦੂਰ ਹੋਣ ਕਾਰਨ, ਜੋ ਵੀ ਕੰਮ ਮਿਲੇ ਕਰ ਲੈਂਦੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਲੱਕੜ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੇ ਜੰਗਲ ਵਿਚੋਂ ਰੁੱਖ ਵੱਢੇ, ਮਿੱਲਾਂ ਵਿਚ ਲਿਆਂਦੇ ਤੇ ਥੋੜ੍ਹੇ ਸਮੇਂ ਵਿਚ ਹੀ ਗੇਲੀਆਂ ਚੀਰਨ ਦਾ ਕੰਮ ਸਿੱਖ ਲਿਆ। ਉਹ ਲੱਕੜ ਕੱਟਣ-ਚੀਰਨ ਦੇ ਜ਼ੋਰਦਾਰ ਕੰਮਾਂ ਵਿਚ ਰੁਚੀ ਲੈਣ ਲੱਗੇ ਕਿਉਂਕਿ ਇਸ ਕੰਮ ਵਿਚ ਉਨ੍ਹਾਂ ਨੂੰ ਗੋਰੇ ਕਾਮਿਆਂ ਦੇ ਮੁਕਾਬਲੇ ਵਿਚ ਵਿਰੋਧ ਨਹੀਂ ਸੀ ਸਹਾਰਨਾ ਪੈਂਦਾ। ਉਹ ਹਰ ਕਿਸਮ ਦੇ ਵਿਰੋਧ ਤੋਂ ਬਚਣ ਦੀ ਕੋਸ਼ਿਸ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਸੀ।

ਇਹ ਪਹਿਲੇ ਪਰਵਾਸੀ ਭਾਰਤੀ ਸਿਰਫ ਬ੍ਰਿਟਿਸ਼ ਕੋਲੰਬੀਆ ਵਿਚ ਹੀ ਵਸੇ ਸਨ। ਮੁੱਖ ਤੌਰ 'ਤੇ ਵੈਨਕੁਵਰ ਤੇ ਵਿਕਟੋਰੀਆ ਦੇ ਸ਼ਹਿਰਾਂ ਵਿਚ। ਇਹ ਦਿਨ ਰਾਤ ਨੇੜੇ ਤੇੜੇ ਦੇ ਫਾਰਮਾਂ ਵਿਚ ਕੰਮ ਕਰਦੇ ਸਨ ਤੇ ਆਪਣੀ ਸਸਤੀ ਕਿਰਤ ਨਾਲ ਮਾਲਕਾਂ ਨੂੰ ਸ਼ਕਤੀਸ਼ਾਲੀ ਬਣਾ ਰਹੇ ਸਨ। ਇਸ ਦੇ ਨਾਲ ਹੀ ਨਾਲ ਉਨ੍ਹਾਂ ਦੀ ਆਪਣੀ ਆਰਥਕ ਹਾਲਤ ਵੀ ਸੁਧਰ ਰਹੀ ਸੀ। ਜੋ ਕੁਝ ਉਨ੍ਹਾਂ ਨੇ ਹਾਂਗਕਾਂਗ ਤੇ ਸ਼ੰਘਾਈ ਵਿਚ ਕਨੇਡਾ ਬਾਰੇ ਸੁਣਿਆ ਸੀ ਉਹ ਠੀਕ ਹੀ ਸੀ। ਉਨ੍ਹਾਂ ਨੇ ਜਿੰਨੀ ਛੇਤੀ ਹੋ ਸਕੇ, ਆਪਣੇ ਸਬੰਧੀਆਂ ਨੂੰ ਵੀ ਕਨੇਡਾ ਆਉਣ ਲਈ ਸੁਨੇਹੇ ਭੇਜ ਦਿੱਤੇ।

ਪੂਰਨ ਸਿੰਘ ਦੀ ਖੋਜ ਮੁਤਾਬਕ 1906 ਵਿਚ ਖਾਲਸਾ ਦੀਵਾਨ ਨਾਮ ਦੀ ਜਥੇਬੰਦੀ ਬਣੀ। ਉਨ੍ਹਾਂ ਨੇ ਅਕਤੂਬਰ 1907 ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਠੇਕਾ ਦਿੱਤਾ।" ਇਹ ਕਠਨ ਕਾਰਜ ਸੀ। ਤਕਰੀਬਨ 300 ਗੋਰਿਆਂ ਨੇ ਦਸਤਖ਼ਤ ਕਰ ਕੇ ਵੈਨਕੁਵਰ ਦੇ ਸਿਟੀ ਹਾਲ ਨੂੰ ਗੁਰਦੁਆਰਾ ਸਾਹਿਬ ਬਣਾਉਣ ਦਾ ਵਿਰੋਧ ਕੀਤਾ। ਪਰ ਮਿਉਂਸਿਪਲ ਕਮੇਟੀ ਨੇ ਸਿੱਖਾਂ ਨੂੰ ਗੁਰਦੁਆਰਾ ਬਣਾਉਣ ਦੀ ਆਗਿਆ ਦੇ ਦਿੱਤੀ।" (ਉਹੀ) ਇਸ ਤਰ੍ਹਾਂ ਸਿੱਖਾਂ ਨੇ ਵੈਨਕੁਵਰ ਤੇ ਵਿਕਟੋਰੀਆ ਵਿਚ ਗੁਰਦੁਆਰੇ ਉਸਾਰ ਲਏ। ਇਸ ਦਾ ਸਿਰਫ ਇਹੀ ਅਰਥ ਹੋ ਸਕਦਾ ਸੀ ਕਿ ਉਨ੍ਹਾਂ ਨੇ ਕਨੇਡਾ ਨੂੰ ਆਪਣਾ ਸਥਾਈ ਘਰ ਬਣਾ ਲਿਆ ਸੀ। ਵਿਕਟੋਰੀਆ ਵਿਚ ਉਨ੍ਹਾਂ ਦੀ 3,00,000 ਡਾਲਰ ਤੇ ਵੈਨਕੁਵਰ ਵਿਚ 2,00,000 ਡਾਲਰ ਦੀ ਸੰਪਤੀ-ਮਾਲਕੀ ਸੀ। (ਜੋਸ਼) 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦਾ ਰਸਮੀ ਉਦਘਾਟਨ ਕੀਤਾ ਗਿਆ।" (ਪੂਰਨ ਸਿੰਘ) ਡਾ. ਗੰਡਾ ਸਿੰਘ ਦੇ ਖੋਜ ਕਾਰਜ ਮੁਤਾਬਕ ਇਸ ਕੰਮ ਨੂੰ ਭਾਈ ਅਰਜਨ ਸਿੰਘ ਨੇ ਆਰੰਭ ਕੀਤਾ ਸੀ, ਜਿਹੜੇ 1904 ਵਿਚ ਕਨੇਡਾ ਗਏ ਸਨ, ਜਿਨ੍ਹਾਂ ਦਾ ਦਿਹਾਂਤ 22 ਜੁਲਾਈ 1907 ਨੂੰ ਹੋ ਗਿਆ ਸੀ।" ਇਹ ਗੁਰਦੁਆਰੇ ਕੇਵਲ ਸਿੱਖਾਂ ਦੇ ਹੀ ਧਾਰਮਕ ਸਥਾਨ ਨਹੀਂ ਸਨ, ਇਹ ਸਮੂਹ ਭਾਰਤ ਵਾਸੀਆਂ ਦੇ ਰਲ ਬੈਠਣ ਦੀ ਸਾਂਝੀ ਥਾਂ ਸੀ, ਜਿੱਥੇ ਰਾਜਸੀ ਵਿਚਾਰਾਂ ਹੁੰਦੀਆਂ ਸਨ। ਇਸੇ ਕਰ ਕੇ ਇਹ ਗੁਰਦੁਆਰੇ ਹਕੂਮਤ ਦੀ ਅੱਖ ਵਿਚ ਰੜਕੇ ਸਨ। ਹਾਪਕਿਨਸਨ ਨਾਮ ਦਾ ਅਫਸਰ ਖਾਸ ਤੌਰ 'ਤੇ ਭਾਰਤੀਆਂ ਦੀਆਂ ਗਤੀਵਿਧੀਆਂ ਬਾਰੇ ਨਜ਼ਰ ਰੱਖਦਾ ਸੀ ਤੇ ਇਸ ਕੰਮ ਲਈ ਉਸ ਨੇ ਆਪਣੇ ਕਈ ਪੰਜਾਬੀ ਚੇਲੇ ਵੀ ਪਾਲ ਰੱਖੇ ਸਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਅਨਪੜ੍ਹ ਤੇ ਭੋਲੇ ਭਾਲੇ ਕਿਰਤੀ ਲੋਕਾਂ ਨੂੰ ਰਾਜਨੀਤੀ ਦਾ ਪਹਿਲਾ ਪਾਠ ਕਿਸ ਨੇ ਪੜ੍ਹਾਇਆ ਸੀ। ਗ਼ਦਰ ਲਹਿਰ ਬਾਰੇ ਹੁਣ ਤੱਕ ਹੋਈ ਖੋਜ ਮੁਤਾਬਕ ਬੰਗਾਲੀ ਇਨਕਲਾਬੀ ਪ੍ਰੋਫੈਸਰ ਤਾਰਕ ਨਾਥ ਦਾਸ ਨੇ ਪੰਜਾਬੀਆਂ ਨੂੰ ਰਾਜਨੀਤੀ ਦਾ ਪਹਿਲਾ ਪਾਠ ਪੜ੍ਹਾਇਆ ਸੀ ਤੇ ਜਿਸ ਨੇ ਆਪਣੇ ਸਾਹਾਂ ਨਾਲ ਦੇਸ਼ ਪ੍ਰਤੀ ਕੀਤੇ ਪ੍ਰਣ ਨੂੰ ਪੂਰਾ ਵੀ ਕੀਤਾ ਸੀ, ਭਾਵੇਂ ਕਿ ਉਨ੍ਹਾਂ ਨੂੰ ਇਸ ਦੀ ਕਿੰਨੀ ਹੀ ਕੀਮਤ ਤਾਰਨੀ ਪਈ ਸੀ। ਉਨ੍ਹਾਂ ਨੇ ਹੀ ਅਮਰੀਕਾ ਵਿਚ ਰਹਿ ਰਹੇ ਪ੍ਰੋਫੈਸਰ ਤੇਜਾ ਸਿੰਘ ਦਾ ਸੰਪਰਕ ਬ੍ਰਿਟਿਸ਼ ਕੋਲੰਬੀਆ ਵਿਚ ਰਹਿ ਰਹੇ ਸਿੱਖਾਂ ਨਾਲ ਕਰਵਾਇਆ ਸੀ। ਜਿਹੜੇ ਭਾਰਤੀ ਪੰਜਾਬੀਆਂ ਨੂੰ ਧਾਰਮਕ ਦੇ ਨਾਲ ਨਾਲ ਰਾਜਸੀ ਸਲਾਹਾਂ ਵੀ ਦਿੰਦੇ ਸਨ। 1908 ਵਿਚ ਪ੍ਰੋਫੈਸਰ ਤੇਜਾ ਸਿੰਘ ਦੋ ਵਾਰ ਅਮਰੀਕਾ ਤੋਂ ਕਨੇਡਾ ਗਏ ਸਨ। 2 ਅਕਤੂਬਰ 1908 ਨੂੰ ਜਦੋਂ ਉਹ ਵੈਨਕੁਵਰ ਗਏ ਤਾਂ ਉਨ੍ਹਾਂ ਦੇ ਯਤਨਾਂ ਨਾਲ ਖ਼ਾਲਸਾ ਦੀਵਾਨ ਸੁਸਾਇਟੀ ਨੂੰ ਸੁਸਾਇਟੀ ਐਕਟ ਅਧੀਨ ਰਜਿਸਟਰ ਕਰਵਾਇਆ ਗਿਆ। ਜਿਸ ਸੁਸਾਇਟੀ ਨੇ ਬਾਅਦ ਵਿਚ ਹਰ ਕਿਸਮ ਦੇ ਸੰਘਰਸ਼ ਵਿਚ ਯੋਗਦਾਨ ਪਾਇਆ ਤੇ ਭਾਰਤ ਦੀ ਆਜ਼ਾਦੀ ਲਈ ਸ਼ਹੀਦੀਆਂ ਵੀ ਦਿੱਤੀਆਂ।

**(ਚਲਦਾ)**



ਸਫ਼ਾ 1 ਦੀ ਬਾਕੀ

## ਫੈਡਰਲ ਬਜਟ 2014 : ਮੁੱਢਲੀਆਂ ਸਹੂਲਤਾਂ ....

ਬਜ਼ਟ ਵਿਚ ਜਾਬ ਟ੍ਰੇਨਿੰਗ ਨੂੰ ਪਹਿਲ ਦਿੰਦਿਆਂ ਇਸ ਸਾਲ $100 ਮਿਲੀਅਨ ਤੋਂ ਜ਼ਿਆਦਾ ਜਾਬ ਟ੍ਰੇਨਿੰਗ ਲਈ ਰੱਖਿਆ ਹੈ ਜਿਸ ਨਾਲ 26,000 ਲੋਕਾਂ ਨੂੰ ਲਾਭ ਹੋਵੇਗਾ ਅਤੇ ਬੇਰੁਜ਼ਗਾਰੀ ਕੁਝ ਘੱਟ ਹੋ ਸਕੇਗੀ ਜੋ 7% ’ਤੇ ਹੀ ਟਿਕੀ ਹੋਈ ਹੈ। ਸਰਕਾਰ ਨੇ ਕਨੇਡਾ ਭਰ ਵਿਚ ਆਉਣ ਵਾਲੇ ਪੰਜ ਸਾਲਾਂ ਲਈ ਹਾਈਵੇਜ, ਪੁੱਲ ਅਤੇ ਡੈਮਾਂ ਦੀ ਰਿਪੇਅਰ ਅਤੇ ਰੱਖ-ਰਖਾਵ ਲਈ $392 ਮਿਲੀਅਨ ਰੱਖੇ ਹਨ।

ਸਰਕਾਰ ਵਲੋਂ ਰੂਰਲ ਅਤੇ ਉਤਰੀ ਪ੍ਰੋਵਿੰਸਾਂ ਵਿਚ ਇੰਟਰਨੈੱਟ ਸੇਵਾਵਾਂ ਪ੍ਰਦਾਨ ਕਰਨ ਲਈ $305 ਮਿਲੀਅਨ ਰੱਖੇ ਹਨ ਜਿਸ ਨਾਲ 2,80,000 ਲੋਕਾਂ ਨੂੰ ਲਾਭ ਮਿਲੇਗਾ। ਕਨੇਡਾ ਅਤੇ ਅਮਰੀਕਾ ਵਿਚ ਵਸਤਾਂ ਦੀ ਕੀਮਤਾਂ ਵਿਚ ਬਰਾਬਰੀ ਲਿਆਉਣ ਲਈ ਸਰਕਾਰ ਵਲੋਂ ਉਚਿਤ ਕਦਮ ਉਠਾਉਣ ਲਈ ਕਨੇਡਾ ਕੰਪੀਟੀਸ਼ਨ ਕਮਿਸ਼ਨਰ ਨੂੰ ਉਚਿਤ ਕਦਮ ਉਠਾਉਣ ਲਈ ਪਾਵਰਾਂ ਦਿਤੀਆਂ ਗਈਆਂ ਹਨ। ਸਰਕਾਰ ਨੇ ਉਹਨਾਂ ਸਮਾਜ ਦੇਵੀ ਸੰਸਥਾਵਾਂ ’ਤੇ ਸਖਤੀ ਕਰਨ ਦਾ ਵੀ ਵਾਅਦਾ ਕੀਤਾ ਹੈ ਜਿਹੜੀਆਂ ਇਹਨਾਂ ਨੂੰ ਦਿਤੇ ਦਾਨ ਨਾਲ ਅੱਤਵਾਦੀ ਕਾਰਵਾਈਆਂ ਨੂੰ ਸਹਿਯੋਗ ਦਿੰਦੀਆਂ ਹਨ।

ਸਰਕਾਰ ਵਲੋਂ ਸਾਬਕਾ ਫੌਜੀਆਂ ਲਈ ਕੋਈ ਨਵੇਂ ਪ੍ਰੋਗਰਾਮ ਲਈ ਫੰਡਿੰਗ ਨਹੀਂ ਕੀਤੀ ਗਈ ਸਗੋਂ ਆਉਣ ਵਾਲੇ ਦੋ ਸਾਲਾਂ ਲਈ ਉਹਨਾਂ ਦੇ ਸਸਕਾਰ ਲਈ $6 ਮਿਲੀਅਨ ਅਤੇ ਵੈਬ ਟੂਲਜ਼ ਲਈ $2.1 ਮਿਲੀਅਨ ਦਾ ਐਲਾਨ ਕੀਤਾ ਹੈ।

ਸਫ਼ਾ 35 ਦੀ ਬਾਕੀ

## ਸੋਚੀ ਵਿਚ ਸਰਦ ਰੁੱਤ...

ਇਸ ਤੋਂ ਇਲਾਵਾ ਸਮਲਿੰਗੀਆਂ ਨੇ ਵੀ ਇਨ੍ਹਾਂ ਖੇਡਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤੇ ਹਨ, ਉਹਨਾਂ ਵੱਲੋਂ ਸਮਲਿੰਗਤਾ ਪ੍ਰਤੀ ਸਰਕਾਰ ਦੀਆਂ ਨੀਤੀਆਂ ਨੂੰ ਲੈ ਕੇ ਅਜਿਹਾ ਕੀਤਾ ਗਿਆ ਹੈ। ਰੂਸ ਦੇ ਗੁਆਂਡੀ ਦੇਸ਼ ਯੂਕਰੇਨ ਵਿੱਚ ਹੋਈ ਹਿੰਸਾ ਨੇ ਵੀ ਇਨ੍ਹਾਂ ਖੇਡਾਂ ਦੇ ਸੁਹੱਪਣ ਨੂੰ ਘਟਾਇਆ ਹੈ। ਕਨੇਡਾ ਦੇ ਖਿਡਾਰੀਆਂ ਨੇ ਇਨ੍ਹਾਂ ਖੇਡਾਂ ਵਿੱਚ ਆਪਣੀਆਂ ਅਮਿਟ ਪੈੜ੍ਹਾਂ ਛੱਡੀਆਂ ਹਨ। ਸਮਾਪਤੀ ਸਮਾਰੋਹ ਵਿੱਚ ਕਨੇਡਾ ਦਾ ਝੰਡਾ ਕੈਲੀ ਹੰਪਰੀਜ ਅਤੇ ਹੀਥਰ ਮੋਇਸ ਨੇ ਚੁੱਕਿਆ ਹੋਇਆ ਸੀ। ਕਨੇਡਾ ਲਈ ਇਨ੍ਹਾਂ ਖੇਡਾਂ ਵਿੱਚ ਖ਼ਾਸ ਗੱਲ ਇਹ ਹੈ ਕਿ ਇਸ ਖੇਡ ਮੇਲੇ ਦਾ ਅੰਤਿਮ ਗੋਲਡ ਮੈਡਲ ਕਨੇਡਾ ਮਰਦਾਂ ਦੀ ਹਾਕੀ ਟੀਮ ਵੱਲੋਂ ਸਵੀਡਨ ਨੂੰ ਤਿੰਨ ਜ਼ੀਰੋ ਨਾਲ ਹਰਾ ਕੇ ਜਿੱਤਿਆ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਸ ਖੇਡ ਮੇਲੇ ਵਿੱਚ 98 ਗੋਲਡ ਮੈਡਲ ਵੱਖ-ਵੱਖ ਟੀਮਾਂ ਨੂੰ ਵੰਡੇ ਗਏ ਹਨ। ਇਸ ਖੇਡ ਮੇਲੇ ਵਿੱਚ 2631 ਡੋਪਿੰਗ ਟੈਸਟ ਕੀਤੇ ਗਏ, ਇਨ੍ਹਾਂ ਟੈਸਟਾਂ ਵਿੱਚ ਪਾਜ਼ੀਟਿਵ ਪਾਏ ਗਏ ਛੇ ਖਿਡਾਰੀਆਂ ਨੂੰ ਖੇਡਾਂ ਤੋਂ ਬਾਹਰ ਰੱਖਿਆ ਗਿਆ ਹੈ। ਇਨ੍ਹਾਂ ਖੇਡਾਂ ਵਿੱਚ ਮੈਡਲ ਟੇਬਲ ਵਿੱਚ ਰੂਸ ਨੰਬਰ ਇੱਕ 'ਤੇ ਰਿਹਾ ਹੈ। ਰੂਸ ਦੇ ਖਿਡਾਰੀਆਂ ਨੇ ਇਨ੍ਹਾਂ ਖੇਡਾਂ ਵਿੱਚ ਦੋ ਗੋਲਡ ਸਮੇਤ ਕੁੱਲ 33 ਗੋਲਡ ਮੈਡਲ ਜਿੱਤੇ ਹਨ। ਇਸ ਵਾਰ ਰੂਸ ਨੇ ਸਾਬਤ ਕਰ ਦਿੱਤਾ ਹੈ ਕਿ ਖੇਡਾਂ ਵਿੱਚ ਵੀ ਉਸਦਾ ਕੋਈ ਮੁਕਾਬਲਾ ਨਹੀਂ। ਦੱਸਣਯੋਗ ਹੈ ਕਿ ਹੁਣ ਤੋਂ ਪਹਿਲਾਂ ਸੋਵੀਅਤ ਯੂਨੀਅਨ ਦੇ ਪਤਨ ਤੋਂ ਬਾਅਦ ਰੂਸ ਦਾ ਖੇਡਾਂ ਵਿੱਚ ਪ੍ਰਦਰਸ਼ਨ ਲਗਾਤਾਰ ਹੇਠ ਜਾ ਰਿਹਾ ਸੀ।

# ਸਹਾਰਾ ਮੁਖੀ ਨੂੰ ਜੇਲ੍ਹ ਭੇਜਿਆ

ਨਵੀਂ ਦਿੱਲੀ (ਨਦਬ) : ਸੁਪਰੀਮ ਕੋਰਟ ਨੇ ਸਹਾਰਾ ਗਰੁੱਪ ਦੇ ਮੁਖੀ ਸੁਬਰਤ ਰਾਏ ਨੂੰ ਇਕ ਹਫ਼ਤੇ ਤਕ ਦਿੱਲੀ ਵਿਚ ਹੀ ਹਿਰਾਸਤ ਵਿਚ ਰੱਖਣ ਦਾ ਹੁਕਮ ਦਿੱਤਾ ਹੈ, ਜਿਸ ਤੋਂ ਬਾਅਦ ਉਸ ਨੂੰ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ। ਅਦਾਲਤ ਨੇ ਸਹਾਰਾ ਗਰੁੱਪ ਵਲੋਂ ਨਿਵੇਸ਼ਕਾਂ ਨੂੰ 20 ਹਜ਼ਾਰ ਕਰੋੜ ਰੁਪਏ ਵਾਪਸ ਨਾ ਕਰਨ ’ਤੇ ਨਾ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਉਸ ਨੇ ਆਪਣੇ ਹੱਕ ਵਿਚ ਕੋਈ ਠੋਸ ਦਲੀਲ ਪੇਸ਼ ਨਹੀਂ ਕੀਤੀ। ਇਸ ਤੋਂ ਪਹਿਲਾਂ ਸੁਬਰਤ ਰਾਏ ਨੇ ਅਦਾਲਤ ਦੇ ਹੁਕਮ ਦਾ ਪਾਲਣ ਨਾ ਕਰਨ ਲਈ ਬਿਨਾਂ ਸ਼ਰਤ ਮਾਫ਼ੀ ਮੰਗੀ। ਉਸ ਨੇ ਨਿਵੇਸ਼ਕਾਂ ਦਾ ਪੈਸਾ ਵਾਪਸ ਕਰਨ ਲਈ ਕੁਝ ਹੋਰ ਸਮਾਂ ਵੀ ਮੰਗਿਆ। ਸੁਬਰਤ ਰਾਏ ਜਦੋਂ ਅਦਾਲਤ ਵਿਚ ਦਾਖਲ ਹੋਣ ਲਈ ਕਾਰ ਵਿਚੋਂ ਬਾਹਰ ਨਿਕਲੇ ਤਾਂ ਮਨੋਜ ਸ਼ਰਮਾ ਨਾਂਅ ਦੇ ਇਕ ਵਿਅਕਤੀ ਨੇ ਉਸ ਦੇ ਮੂੰਹ ’ਤੇ ਸਿਆਹੀ ਸੁੱਟ ਦਿੱਤੀ ਅਤੇ ਕਿਹਾ ਕਿ ਸਹਾਰਾ ਚੋਰ ਹੈ। ਇਸ ਵਿਅਕਤੀ ਨੂੰ ਉਥੇ ਖੜੇ ਵਕੀਲਾਂ ਨੇ ਫੜ ਲਿਆ ਤੇ ਮਾਰ ਕੁਟਾਈ ਤੋਂ ਬਾਅਦ ਪੁਲੀਸ ਦੇ ਹਵਾਲੇ ਕਰ ਦਿੱਤਾ।

ਸਫ਼ਾ 3 ਦੀ ਬਾਕੀ

## ਸਿਟੀਜਨਸ਼ਿਪ ਐਕਟ ਵਿਚ....

ਇਸ ਸਬੰਧੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਸਿਟੀਜਸਿਪ ਅਤੇ ਇਮੀਗ੍ਰੇਸ਼ਨ ਮੰਤਰੀ ਕ੍ਰਿਸ਼ ਅਲੈਗਜੈਂਡਰ ਨੇ ਕਿਹਾ ਕਿ ਅਸੀਂ ਕਨੇਡੀਅਨ ਸਪੱਸ਼ਟ ਤੌਰ 'ਤੇ ਦੂਸਰੇ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਵੱਧ ਆਪਣੀ ਨਾਗਰਿਕਤਾ 'ਤੇ ਮਾਣ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀ ਨਾਗਰਿਕਤਾ ਲੈਣੀ ਦੂਜੇ ਦੇਸ਼ਾਂ ਦੇ ਲੋਕਾਂ ਲਈ ਬਹੁਤ ਮਾਣ ਵਾਲੀ ਗੱਲ ਬਣੀ ਹੋਈ ਹੈ, ਇਹੀ ਕਾਰਣ ਹੈ ਕਿ ਸਾਡੇ ਕੋਲ ਨਾਗਰਿਕਤਾ ਪ੍ਰਾਪਤ ਕਰਨ ਲਈ ਅਰਜ਼ੀਆਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਪਰ ਸਾਡੇ ਲਈ ਚਿੰਤਾ ਵਾਲੀ ਗੱਲ ਇਹ ਹੈ ਕਿ ਬਹੁਤ ਸਾਰੇ ਵਿਅਕਤੀ ਨਾਗਰਿਕਤਾ ਹਾਸਲ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਹਨ। ਕਈ ਅਜਿਹੇ ਵਿਅਕਤੀ ਵੀ ਸਾਡੇ ਦੇਸ਼ ਦੇ ਨਗਰਿਕ ਬਣਨਾ ਚਾਹੁੰਦੇ ਹਨ ਜੋ ਅੱਤਵਾਦੀ ਗਤੀਵਿਧੀਆਂ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹਨ।

ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਕਨੇਡਾ ਸਰਕਾਰ ਨੇ ਨਵੇਂ ਕਾਨੂੰਨ ਵਿੱਚ ਕਈ ਮਹੱਤਵਪੂਰਨ ਸੋਧਾਂ ਕੀਤੀਆਂ ਹਨ। ਇਸ ਬਿਲ ਦੀਆਂ ਮਹੱਤਵਪੂਰਨ ਮਦਾਂ ਅਨੁਸਾਰ ਨਵੇਂ ਆਏ ਆਵਾਸੀਆਂ ਲਈ ਛੇ ਵਿੱਚੋਂ ਚਾਰ ਸਾਲਾਂ ਦੀ ਰਿਹਾਇਸ਼ ਬਾਰੇ ਸਬੂਤ ਪੇਸ਼ ਕਰਨੇ ਜਰੂਰੀ ਹੋਣਗੇ ਜਦੋਂਕਿ ਮੌਜੂਦਾ ਕਾਨੂੰਨ ਅਨੁਸਾਰ ਇਹ ਸਮਾਂ ਚਾਰ ਵਿੱਚੋਂ ਤਿੰਨ ਸਾਲ ਦਾ ਹੈ। ਨਵੇਂ ਕਾਨੂੰਨ ਅਨੁਸਾਰ ਪੀ.ਆਰ ਨੂੰ ਸਾਲ 'ਚ 183 ਦਿਨ ਕਨੇਡਾ ਵਿੱਚ ਰਹਿਣਾ ਲਾਜ਼ਮੀ ਹੋਵੇਗਾ, ਇਹੀ ਨਹੀਂ ਇਸ ਸਮੇਂ ਦਰਮਿਆਨ ਸਭ ਤਰ੍ਹਾਂ ਦੇ ਟੈਕਸ ਭਰਨ ਦੀ ਸ਼ਰਤ ਵੀ ਲਾਜ਼ਮੀ ਰੱਖੀ ਗਈ ਹੈ। ਇਸ ਕਾਨੂੰਨ ਵਿੱਚ ਇੱਕ ਹੋਰ ਮਦ ਇਹ ਸ਼ਾਮਲ ਕੀਤੀ ਗਈ ਹੈ ਕਿ 14 ਤੋਂ 64 ਸਾਲਾਂ ਤਕ ਦੇ ਵਿਅਕਤੀਆਂ ਨੂੰ ਨਾਗਰਿਕਤਾ ਲੈਣ ਤੋਂ ਪਹਿਲਾਂ ਸਧਾਰਣ ਗਿਆਨ ਦਾ ਟੈਸਟ ਅਤੇ ਅੰਗਰੇਜ਼ੀ ਭਾਸ਼ਾ ਦਾ ਟੈਸਟ ਦੇਣਾ ਲਾਜ਼ਮੀ ਹੋਵੇਗਾ। ਨਵੇਂ ਕਾਨੂੰਨ ਅਨੁਸਾਰ ਜੇ ਕੋਈ ਨਾਗਰਿਕਤਾ ਕਾਨੂੰਨ ਦੀ ਉਲੰਘਣਾ ਕਰਦਾ ਹੈ ਜਾਂ ਇਸ ਖੇਤਰ ਵਿੱਚ ਕਿਸੇ ਤਰ੍ਹਾਂ ਦੀ ਧੋਖਾਧੜੀ ਕਰਦਾ ਹੈ ਤਾਂ ਉਸਨੂੰ ਇੱਕ ਲੱਖ ਡਾਲਰ ਦਾ ਜ਼ੁਰਮਾਨਾ ਅਤੇ ਪੰਜ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਮੌਜੂਦਾ ਕਾਨੂੰਨ ਵਿੱਚ ਇਸ ਮਾਮਲੇ 'ਚ ਇੱਕ ਹਜ਼ਾਰ ਡਾਲਰ ਦਾ ਜ਼ੁਰਮਾਨਾ ਅਤੇ ਇੱਕ ਸਾਲ ਦੀ ਕੈਦ ਦਾ ਪ੍ਰਬੰਧ ਹੈ। ਕਨੇਡੀਅਨ ਕੌਂਸਲ ਫਾਰ ਰਿਫਊਜ਼ੀ ਨੇ ਇਸ ਕਾਨੂੰਨ ਵਿੱਚ ਹੋਈਆਂ ਇਨ੍ਹਾਂ ਸ਼ੋਧਾਂ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਸਿੱਧੇ ਤੌਰ 'ਤੇ ਆਵਾਸੀਆਂ ਨੂੰ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਵਾਲੀ ਗੱਲ ਹੈ ਤੇ ਬਹੁਤ ਸਾਰੀਆਂ ਮਦਾਂ ਆਪਣੇ ਆਪ ਵਿੱਚ ਹਾਸੋਹੀਣੀਆਂ ਹਨ। ਐਨਡੀਪੀ ਦੇ ਇਮੀਗ੍ਰੇਸ਼ਨ ਮਾਮਲਿਆਂ ਦੇ ਅਲੋਚਕ ਲੀਜ਼ੇਨ ਬਲੈਂਚੈਟੇਲਾਮੋਥ ਨੇ ਕਿਹਾ ਹੈ ਕਿ ਕਾਨੂੰਨ ਵਿੱਚ ਸ਼ੋਧ ਕਰਨ ਵਕਤ ਸਾਡੇ ਲਈ ਇਸ ਗੱਲ ਦਾ ਯਕੀਨੀ ਬਣਾਉਣਾ ਜਰੂਰੀ ਹੈ ਕਿ ਇਹ ਕਾਨੂੰਨ ਮਨੁੱਖੀ ਅਧਿਕਾਰਾਂ ਦੇ ਖ਼ਿਲਾਫ਼ ਨਾ ਜਾਂਦਾ ਹੋਵੇ। ਉਨ੍ਹਾਂ ਕਿਹਾ ਕਿ ਅਪਰਾਧੀਆਂ ਲਈ ਸਾਡੇ ਕੋਲ ਨਿਆਂ ਪ੍ਰਣਾਲੀ ਵੱਖਰੀ ਹੈ, ਸਾਨੂੰ ਸਿਟੀਜਨਸ਼ਿਪ ਐਕਟ ਵਿੱਚ ਏਦਾਂ ਦੇ ਮਾਮਲਿਆਂ ਨੂੰ ਨਹੀਂ ਵਿਚਾਰਨਾ ਚਾਹੀਦਾ।

## ‘ਓਲਡ ਮਾਈਨ ਕੋਲ’ ਦੇ ਤਲਾਵਾਂ ’ਚ ਦਰਾਰਾਂ

ਇਸ ਜਾਣਕਾਰੀ ਨੂੰ ਸਾਂਝਾ ਕਰਦਿਆਂ ਅਲਬਰਟਾ ਯੂਨੀਵਰਸਿਟੀ ਦੇ ਪਾਣੀ ‘ਤੇ ਖੋਜਾਂ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਸੀ ਕਿ ਇਨ੍ਹਾਂ ਤਲਾਵਾਂ ਦੀ ਸਾਫ- ਸਫ਼ਾਈ ਅਤੇ ਰੱਖ-ਰਖਾਈ ਵਾਸਤੇ ਵਿਸ਼ੇਸ਼ ਮੁਹਿੰਮ ਵਿੱਢਣੀ ਚਾਹੀਦੀ ਹੈ। ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਮਾਹਿਰਾਂ ਨੇ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੈ ਕਿ ਜੇਕਰ ਕਿਸੇ ਤਲਾਅ ਨੂੰ ਡੈਮ ਦੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾਂਦਾ ਤਾਂ ਉਸਦੀ ਦੇਖਭਾਲ ਨਹੀਂ ਕੀਤੀ ਜਾਵੇਗੀ। ਫੋਰਟ ਮੈਕ ਮਰੀ ਦੇ ਇੱਕ ਵਸ਼ਿੰਦੇ ਨੇ ਇਸ ਸਬੰਧੀ ਸਵਾਲ ਕਰਦਿਆਂ ਪੁੱਛਿਆ ਕਿ ਕੋਈ ਅਜਿਹੇ ਮਾਪਦੰਡਾਂ ਦੀ ਸੂਚੀ ਜਾਰੀ ਕੀਤੀ ਜਾਂਦੀ ਹੈ ਜਿਸ ਤੋਂ ਇਹ ਜਾਣਿਆ ਜਾ ਸਕੇ ਕਿ ਇਨ੍ਹਾਂ ਤਲਾਵਾਂ ਨੂੰ ਡੈਮ ਦੀ ਸ਼੍ਰੇਣੀ ਵਿੱਚ ਕਿਉਂ ਨਹੀਂ ਰੱਖਿਆ ਗਿਆ। ਦੂਜੇ ਪਾਸੇ ਕੰਪਨੀ ਦੇ ਵਾਈਸ ਪ੍ਰੈਜ਼ੀਡੈਂਟ ਜੌਹਨ ਸਚਦਨ ਜੋ ਕਿ ਇਨ੍ਹਾਂ ਸਾਰੇ ਮਾਮਲਿਆਂ ਦੇ ਨਿਗਰਾਨ ਹਨ, ਦਾ ਕਹਿਣਾ ਹੈ ਕਿ ਕੰਪਨੀ ਲਗਾਤਾਰ ਤਾਲਵਾਂ ਦੇ ਦੁਆਲੇ ਬਣੀਆਂ ਪਟੜੀਆਂ ਨੂੰ ਚੈਕ ਕਰਦੀ ਰਹਿੰਦੀ ਹੈ ਤੇ ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਕਿ ਕਿਤੇ ਕੋਈ ਦਰਾੜ ਨਾ ਪੈ ਜਾਵੇ। ਪਿਛਲੇ ਸਮੇਂ ਜੋ ਪਾੜ ਪਿਆ ਸੀ ਉਸ ‘ਤੇ ਕੰਪਨੀ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਵਾਤਾਵਰਣ ਨਾਲ ਜੁੜੇ ਮਾਮਲਿਆਂ ਨੂੰ ਨਿਪਟਾਉਣ ਵਾਲਿਆਂ ਦਾ ਕਹਿਣਾ ਹੈ ਕਿ ਕਿਸੇ ਤਲਾਅ ਨੂੰ ਡੈਮ ਦੀ ਸ੍ਰੇਣੀ ਵਿੱਚ ਰੱਖਣ ਲਈ ਖ਼ਾਸ ਮਾਪਦੰਡ ਤਹਿ ਕੀਤੇ ਗਏ ਹਨ, ਜਿਸ ਅਨੁਸਾਰ ਤਲਾਅ ਦਾ ਢਾਂਚਾ 2.5 ਮੀਟਰ ਤਕ ਉੱਚਾ ਹੋਣਾ ਚਾਹੀਦਾ ਹੈ ਤੇ ਤਲਾਅ ਦੀ ਤੀਹ ਹਜ਼ਾਰ ਕਿਊਬਿਕ ਮੀਟਰ ਪਾਣੀ ਨੂੰ ਸਟੋਰ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ, ਜਿਹੜੀ ਕਿ ਇਨ੍ਹਾਂ ਤਾਲਾਵਾਂ ਦੀ ਨਹੀਂ ਹੈ। ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਫ਼ਾਈ ਲਈ ਮਿਲੀਅਨ ਡਾਲਰ ਖਰਚ ਕੀਤੇ ਜਾਣਗੇ ਪਰ ਸੁਆਲ ਇਹ ਉਠਦਾ ਹੈ ਜੋ ਗਾਰਾ ਅਤੇ ਕੋਲੇ ਦੇ ਕਣ ਬਰਫ਼ ਹੇਠ ਦਬ ਗਏ ਹਨ, ਉਸਦੀ ਸਫ਼ਾਈ ਕਿੰਦਾਂ ਕੀਤੀ ਜਾ ਸਕਦੀ ਹੈ।

## ਫੀਫਾ ਨੇ ਖਿਡਾਰੀਆਂ ਨੂੰ...

ਉਨ੍ਹਾਂ ਇਹ ਵੀ ਆਖਿਆ ਕਿ ਇਹ ਪੱਗ ਉਹੋ ਜਿਹੀ ਨਹੀਂ ਹੋਵੇਗੀ ਜਿਹੜੀ ਆਮ ਤੌਰ ਉੱਤੇ ਸਿੱਖਾਂ ਵੱਲੋਂ ਧਾਰਨ ਕੀਤੀ ਜਾਂਦੀ ਹੈ। ਇਹ ਸਿਰ ਨੂੰ ਢਕਣ ਲਈ ਪਟਕਾ ਹੋਵੇਗਾ ਜਿਸ ਦਾ ਰੰਗ ਟੀਮ ਦੀ ਜਰਸੀ ਦੇ ਨਾਲ ਮੇਲ ਖਾਂਦਾ ਹੋਵੇਗਾ। ਇਸ ਤਰ੍ਹਾਂ ਧਾਰਮਿਕ ਕਾਰਨਾਂ ਕਰਕੇ ਸਿਰ ਢਕਣ ਉੱਤੇ 2012 ਤੱਕ ਪਾਬੰਦੀ ਲੱਗੀ ਹੋਈ ਸੀ। ਫੀਫਾ ਦਾ ਮੰਨਣਾ ਸੀ ਕਿ ਇਸ ਨਾਲ ਸਿਰ ਜਾਂ ਗਲੇ ਨੂੰ ਸੱਟ ਲੱਗਣ ਦਾ ਡਰ ਹੈ। ਫਿਰ ਏਸ਼ੀਅਨ ਫੁੱਟਬਾਲ ਕਨਫੈਡਰੇਸ਼ਨ (ਏਐਫਸੀ) ਵੱਲੋਂ ਦੋ ਸਾਲਾਂ ਲਈ ਇਨ੍ਹਾਂ ਦੀ ਅਜ਼ਮਾਇਸ਼ ਕਰਨ ਦੀ ਖੁੱਲ੍ਹ ਮੰਗੀ ਗਈ। ਆਈਐਫਏਬੀ ਨੇ ਫਿਰ ਇਹ ਤਜ਼ਰਬਾ ਕਰਨ ਦੀ ਇਜਾਜ਼ਤ ਦਿੱਤੀ ਤੇ ਇਹ ਤਜ਼ਰਬਾ ਕਾਫੀ ਸਫਲ ਰਿਹਾ। ਵਾਲੱਕੇ ਨੇ ਆਖਿਆ ਕਿ ਹੁਣ ਦੁਨੀਆ ਭਰ ਵਿੱਚ ਖਿਡਾਰੀਆਂ ਨੂੰ ਖੇਡਣ ਸਮੇਂ ਅਜਿਹਾ ਕਰਨ ਦੀ ਇਜਾਜ਼ਤ ਹੋਵੇਗੀ। ਇਹ ਵੀ ਆਖਿਆ ਗਿਆ ਕਿ 2016 ਵਿੱਚ ਅਰਬ ਮੁਲਕ ਜਾਰਡਨ ਵਿੱਚ ਔਰਤਾਂ ਦੇ ਅੰਡਰ 17 ਵਿਸ਼ਵ ਕੱਪ ਨੇ ਵੀ ਇਸ ਫੈਸਲੇ ਨੂੰ ਮਨਜ਼ੂਰ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਪਰ ਇੰਜ ਲੱਗਦਾ ਹੈ ਕਿ ਅਜੇ ਵੀ ਸਾਰੇ ਮੁਲਕ ਆਈਐਫਏਬੀ ਦੇ ਇਸ ਫੈਸਲੇ ਨਾਲ ਇਤਫਾਕ ਨਹੀਂ ਰੱਖਦੇ। ਦ ਫਰੈਂਚ ਫੁੱਟਬਾਲ ਫੈਡਰੇਸ਼ਨ (ਐਫਐਫਐਫ) ਨੇ ਇਸ ਐਲਾਨ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਆਖਿਆ ਹੈ ਕਿ ਉਨ੍ਹਾਂ ਵੱਲੋਂ ਫਰਾਂਸ ਦੇ ਧਰਮ ਨਿਰਪੱਖ ਦਰਜੇ ਨੂੰ ਬਰਕਰਾਰ ਰੱਖਣ ਲਈ ਸਿਰ ਢਕ ਕੇ ਖੇਡਣ ਉੱਤੇ ਲਾਈ ਪਾਬੰਦੀ ਨੂੰ ਜਾਰੀ ਰੱਖਿਆ ਜਾਵੇਗਾ।

Harjeet Sandhu
REALTOR
‘’Serving all your Real Estate needs”
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
MLS MULTIPLE LISTING SERVICE
Member - Edmonton Real Estate Board, Residential & Commercial Divsion

HARMAN RADIO Australia
Harman Radio Australia, exclusively target Indian audience for 24 hours a day 7 days a week. Having studio and corporate office in NSW, studios in Sydney and Patiala (Punjab). We broadcast across the World in Punjabi Language. We also feel proud for being the first ever to broadcast -Live Sports, Cultural and Religious activities of Indian origin in Australia. Being pioneers within the industry, we also contribute the Indian community, events and business by promoting their products and services on our Radio.
HQ. New South Wales Australia - 61 285992811
e mail: info@harmanradio.com :visit us: www.harmanradio.com

ਨਵੀਂ ਦੁਨੀਆ

ਕਹਾਣੀ

# ਫ਼ਖ਼ਰ-ਏ-ਸਲਤਨਤ

ਬਲਵਿੰਦਰ ਸਿੰਘ
bulletbalwinder@gmail.com
+91-81465 65098

"ਮੇਰੇ ਹੱਥਾਂ 'ਚ ਅਜਿਹੀ ਕੀ ਕਰਾਮਾਤ ਹੈ ਕਿ ਬਾਦਸ਼ਾਹ ਆਪਣੇ ਸਭ ਤੋਂ ਖ਼ਤਰਨਾਕ ਦੁਸ਼ਮਣ ਦਾ ਕਤਲ ਕਰਨ ਲਈ ਮੈਨੂੰ ਹੀ ਚੁਣਦਾ ਹੈ।"

ਘਣੇ ਜੰਗਲ 'ਚੋਂ ਗੁਜ਼ਰਦਿਆਂ ਕਸਾਬ ਦੇ ਮਨ ਵਿਚ ਕਿੰਨੇ ਹੀ ਖ਼ਿਆਲ ਤਾਰੀਆਂ ਲਾ ਰਹੇ ਸਨ। ਉਸ ਦੀਆਂ ਮੋਟੀਆਂ ਵਹਿਸ਼ੀ ਨਜ਼ਰਾਂ ਟਾਹਣੀਆਂ ਦੀਆਂ ਵਿੱਥਾਂ 'ਚੋਂ ਚੀਰ ਕੇ ਲੰਘ ਰਹੀਆਂ ਸਨ। ਬੇਢੱਬੇ ਮੋਟੇ ਪੈਰ ਪੱਤਿਆਂ ਨੂੰ ਦਰੜ ਰਹੇ ਸਨ, ਜਿਸ ਨਾਲ ਪੱਤਿਆਂ 'ਚ ਅਜੀਬ ਡਰਾਉਣੀ ਖਰ-ਖਰ ਦੀ ਆਵਾਜ਼ ਆਉਂਦੀ। ਸਿਰ ਤੋਂ ਪਲਮ ਕੇ ਝੁਰੜਾਈਆਂ ਗੱਲ੍ਹਾਂ 'ਤੇ ਲਮਕ ਰਹੀਆਂ ਭੂਰੀਆਂ ਜਟਾਵਾਂ ਤੋਂ ਉਹ ਕਿਸੇ ਰਾਖਸ਼ਸ਼ ਨਾਲੋਂ ਘੱਟ ਨਹੀਂ ਸੀ ਲੱਗਦਾ। ਚੌੜੀ ਛਾਤੀ, ਸਖ਼ਤ ਡੌਲਿਆਂ ਤੇ ਤਣੇ ਹੋਏ ਮੱਥੇ ਤੋਂ ਉਸ ਦੀ ਅੰਨ੍ਹੀ ਤਾਕਤ ਦਾ ਸਾਫ਼ ਅੰਦਾਜ਼ਾ ਹੁੰਦਾ ਸੀ। ਕਸਾਬ ਜੰਗਲੀ ਕਬੀਲੇ ਦੇ ਮਾਮੂਲੀ ਜਿਹੇ ਸ਼ਿਕਾਰੀ ਦਾ ਨਾਂ ਨਹੀਂ ਸੀ, ਬਲਕਿ ਸਲਤਨਤ ਦਾ ਸ਼ਾਹੀ ਜੱਲਾਦ ਸੀ ਜੋ ਮਰਿਆਂ ਨੂੰ ਨਹੀਂ, ਜਿਉਂਦਿਆਂ ਨੂੰ ਹਲਾਲ ਕਰਨ ਦਾ ਮਾਹਰ ਸੀ। ਕਸਾਬ ਉਹ ਸ਼ੈਅ ਸੀ, ਜੋ ਆਪਣੀ ਤਾਕਤ ਦੀ ਗਰਮੀ ਨਾਲ ਲੋਹਾ ਪਿਘਲਾ ਸਕਦਾ ਸੀ, ਚੱਟਾਨਾਂ ਤੋੜ ਸਕਦਾ ਸੀ।

ਹਰ ਰੋਜ਼ ਕਿਸੇ ਨਾ ਕਿਸੇ ਮਾਮੂਲੀ ਮੁਖ਼ਾਲਫ਼ਤ ਬਦਲੇ ਜਾਂ ਕਿਸੇ ਹੋਰ ਦੋਸ਼ ਵਿਚ ਕਿੰਨੇ ਹੀ ਬਲੀ ਦੇ ਬੱਕਰੇ ਬਣਦੇ। ਪਰ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਕੰਮ ਹੋਰਨਾਂ ਜੱਲਾਦਾਂ ਨੂੰ ਹੀ ਸੌਂਪਿਆ ਜਾਂਦਾ ਸੀ। ਇਸੇ ਗੱਲੋਂ ਸਾਰੇ ਜੱਲਾਦ ਸ਼ਹਿਨਸ਼ਾਹ ਤੋਂ ਖ਼ਫ਼ਾ ਸਨ ਤੇ ਕਸਾਬ ਤੋਂ ਖ਼ਾਰ ਖਾਂਦੇ ਸਨ।

"ਹੂੰਅ ... ਹੱਟ।" ਸਾਨ੍ਹ ਵਾਂਗ ਗਰਜਦਿਆਂ ਉਸ ਨੇ ਹਨੇਰੀ ਨਾਲ ਟੁੱਟੇ ਟਾਹਣੇ ਨੂੰ ਰਸਤੇ 'ਚੋਂ ਪਰ੍ਹਾਂ ਵਗਾਂਹ ਮਾਰਿਆ। ਝਾੜੀ 'ਚੋਂ ਲੂੰਬੜੀ ਛਲਾਂਗ ਮਾਰ ਕੇ ਦੌੜ ਗਈ। ਟੀਸੀ 'ਤੇ ਚੜ੍ਹੇ ਬਾਂਦਰ ਨੇ ਦੂਜੇ ਰੁੱਖ 'ਤੇ ਟਪੂਸੀ ਮਾਰੀ ਤੇ ਸੰਘਣੀਆਂ ਝਾੜੀਆਂ 'ਚ ਗੁੱਝੀ ਜਿਹੀ ਹਰਕਤ ਹੋਈ, ਜਿਵੇਂ ਸੁੱਤੇ ਹੋਏ ਸੂਰ ਨੇ ਅੰਗੜਾਈ ਲਈ ਹੋਵੇ। ਇਨ੍ਹਾਂ ਸਭ ਹਲਚਲਾਂ ਤੋਂ ਬੇਖ਼ਬਰ ਉਹ ਆਪਣੇ ਰਾਹੇ ਵਧਦਾ ਗਿਆ। ਕਸਾਬ ਬੋਲਦਾ ਘੱਟ ਤੇ ਗਰਜਦਾ ਜ਼ਿਆਦਾ ਸੀ। ਸ਼ਾਇਦ ਗਰਜਣ ਵਿਚ ਉਸ ਨੂੰ ਸੁਆਦ ਆਉਂਦਾ। ਪੂਰੀ ਸਲਤਨਤ ਦੇ ਲੋਕ ਉਸ ਨੂੰ ਨਫ਼ਰਤ ਕਰਦੇ ਉਸ ਨੂੰ ਵਹਿਸ਼ੀ, ਦਰਿੰਦਾ, ਜ਼ਾਲਮ, ਕਾਫ਼ਰ ਆਖਦੇ। ਪਰ ਸ਼ਹਿਨਸ਼ਾਹ ਦੇ ਹੁਕਮ ਦੀ ਪਾਲਣਾ ਕਰਨੀ ਉਹ ਆਪਣਾ ਧਰਮ ਸਮਝਦਾ ਸੀ।



ਸ਼ਹਿਨਸ਼ਾਹ ਜਦ ਵੀ ਆਪਣੇ ਦੁਸ਼ਮਣ ਦੀ ਆਖ਼ਰੀ ਇੱਛਾ ਪੁੱਛਦਾ ਤਾਂ ਸਾਰਿਆਂ ਦੀ ਇੱਕੋ ਹੀ ਗੁਹਾਰ ਹੁੰਦੀ ਕਿ ਉਨ੍ਹਾਂ ਨੂੰ ਕਸਾਬ ਦੇ ਹਵਾਲੇ ਨਾ ਕੀਤਾ ਜਾਵੇ। ਕਸਾਬ ਦਾ ਨਾਂ ਸੁਣਦਿਆਂ ਹੀ ਵੱਡੇ ਤੋਂ ਵੱਡੇ ਕਹਿੰਦੇ ਕਹਾਉਂਦੇ ਸੂਰਮੇ ਦੀਆਂ ਵੀ ਡਾਡਾਂ ਨਿਕਲ ਜਾਂਦੀਆਂ। ਕਤਲ ਕਰਦਿਆਂ ਦੋਸ਼ੀ ਦੀਆਂ ਚੀਕਾਂ, ਹੂਕਾਂ ਅਤੇ ਮਿੰਨਤਾਂ 'ਤੇ ਕਸਾਬ ਨੇ ਕਦੇ ਵੀ ਰਹਿਮ ਨਹੀਂ ਸੀ ਕੀਤਾ।

ਉਹ ਤਿੱਖੀ ਨੋਕ ਨੂੰ ਦੁਸ਼ਮਣ ਦੇ ਪਿੰਡੇ 'ਚ ਇੰਜ ਮਾਰਦਾ ਜਿਵੇਂ ਲਕੀਰਾਂ ਵਾਹ ਰਿਹਾ ਹੋਵੇ। ਜ਼ਖ਼ਮਾਂ 'ਚੋਂ ਨਿਕਲਦੇ ਖ਼ੂਨ ਨੂੰ ਬੜੀ ਗਹੁ ਨਾਲ ਵੇਖਦਾ। ਘੰਟਿਆਂ ਬੱਧੀ ਤੜਫਾਉਂਦਾ, ਪਰ ਮਰਨ ਨਾ ਦੇਂਦਾ। ਸ਼ਹਿਨਸ਼ਾਹ ਨੂੰ ਕਸਾਬ 'ਤੇ ਇਸ ਗੱਲ ਦਾ ਮਾਣ ਸੀ ਕਿ ਕਸਾਬ ਹੀ ਇਕੋ ਇਕ ਅਜਿਹਾ ਜੱਲਾਦ ਹੈ, ਜੋ ਦੁਸ਼ਮਣ ਦੀਆਂ ਰਗ਼ਾਂ 'ਚੋਂ ਖ਼ੂਨ ਦੇ ਇਕ ਇਕ ਕਤਰੇ ਤੋਂ ਉਸ ਦੇ ਗੁਨਾਹਾਂ ਦਾ ਬਦਲਾ ਲੈ ਸਕਦਾ ਹੈ। ਕਸਾਬ ਖ਼ੂਨ ਦੀਆਂ ਘਰਾਲਾਂ 'ਚ ਮਸਤ ਹੋਏ ਬੱਚੇ ਵਾਂਗ ਉਗਲਾਂ ਫੇਰਦਾ। ਚਾਕੂ ਦੀ ਤਿੱਖੀ ਨੋਕ ਨਾਲ ਐਸੀ ਚੋਭ ਮਾਰਦਾ ਕਿ ਧਰਤੀ ਅਸਮਾਨ ਕੰਬ ਉੱਠਦੇ।

ਮਾਸ ਨਾਲ ਕਸਾਬ ਦਾ ਬਚਪਨ ਤੋਂ ਹੀ ਗਹਿਰਾ ਰਾਬਤਾ ਸੀ। ਉਸ ਦਾ ਬਾਪ ਸ਼ਾਹੀ ਮਹਿਲ ਵਿਚ ਨੀਵੇਂ ਦਰਜੇ ਦਾ ਕਸਾਈ ਸੀ। ਜਾਨਵਰਾਂ ਨੂੰ ਹਲਾਲ ਕਰਨਾ ਤੇ ਬੋ ਮਾਰਦੀਆਂ ਖ਼ੂਨ ਨਾਲ ਲਥਪਥ ਖੱਲਾਂ ਨੂੰ ਦੂਰ ਜੰਗਲ ਵਿਚ ਸੁੱਟ ਕੇ ਆਉਣਾ ਉਸ ਦੇ ਧੰਦੇ ਵਿਚ ਸ਼ਾਮਲ ਸੀ। ਆਪਣੇ ਰੱਤ ਭਿੱਜੇ ਹੱਥਾਂ ਨੂੰ ਕਪੜਿਆਂ ਨਾਲ ਪੂੰਝਦਾ ਤੇ ਸੜਿਆਂਦ ਤੋਂ ਬੇਖ਼ਬਰ ਨੱਕ 'ਤੇ ਵਾਰ-ਵਾਰ ਖੁਰਕਦਾ। ਖੁਰਕਣਾ ਉਸ ਦੀ ਆਦਤ ਸੀ ਜਾਂ ਬਿਮਾਰੀ, ਇਸ ਵਿਚ ਫ਼ਰਕ ਕਰਨਾ ਮੁਸ਼ਕਲ ਸੀ। ਅਮੀਰ ਵਜ਼ੀਰਾਂ ਦੀਆਂ ਵਗ਼ਾਰਾਂ ਪੂਰੀਆਂ ਕਰਦਿਆਂ ਉਸ ਦੀ ਸਾਰੀ ਉਮਰ ਕਸਾਈਪੁਣੇ 'ਚੋਂ ਲੰਘੀ।

ਕਸਾਬ ਨੂੰ ਤਾਂ ਜਿਵੇਂ ਗੁੜ੍ਹਤੀ ਹੀ ਖ਼ੂਨ ਦੀ ਮਿਲੀ ਸੀ। ਬੱਕਰਿਆਂ ਭੇਡੀਆਂ ਤੇ ਹਿਰਨਾਂ ਦੇ ਕੱਟੇ ਹੋਏ ਸਿਰ ਉਹਦੇ ਖਿਡੌਣੇ ਸਨ ਤੇ ਸਿਰਾਂ ਵਿਚਲੇ ਡੇਲਿਆਂ ਨੂੰ ਨਹੁੰਆਂ ਨਾਲ ਬਾਹਰ ਕੱਢਣਾ ਉਸ ਦਾ ਸ਼ੁਗਲ ਸੀ। ਜਦੋਂ ਉਸ ਦਾ ਬਾਪ ਜਾਨਵਰ ਹਲਾਲ ਕਰਦਾ, ਤਾਂ ਉਹ ਬੜੀ ਰੀਝ ਨਾਲ ਜਾਨਵਰ ਦੇ ਸਰੀਰ ਦੀ ਕੰਬਣੀ, ਬੇਚੈਨੀ ਤੇ ਤੜਪ ਵੇਖਦਾ।

ਉਸ ਦਾ ਬਾਪ ਬਹਾਦਰ ਜੰਗਲੀ ਕਬੀਲੇ ਦੀ ਔਲਾਦ ਸੀ, ਜੋ ਜੰਗਲ ਵਿਚ ਆਪਣਾ ਸ਼ਿਕਾਰ ਖ਼ੁਦ ਮਾਰ ਕੇ ਖਾਂਦੇ। ਕਿਸੇ ਸ਼ਹਿਨਸ਼ਾਹ ਦੇ ਅਮੀਰ ਵਜ਼ੀਰਾਂ ਦਾ ਕਸਾਈ ਬਣਨਾ ਕਬੀਲੇ ਨੂੰ ਨਾਮਨਜ਼ੂਰ ਸੀ। ਇਸ ਲਈ ਭਰੀ ਪੰਚਾਇਤ ਵਿਚ ਕਬੀਲੇ ਦੇ ਸਰਦਾਰ ਨੇ ਉਸ ਨੂੰ ਸ਼ਹਿਨਸ਼ਾਹ ਦੀ ਗ਼ੁਲਾਮੀ ਕਰਨ ਜਾਂ ਕਬੀਲੇ ਦਾ ਫ਼ਖ਼ਰਯੋਗ ਵਾਰਿਸ ਬਣੇ ਰਹਿਣ, ਦੋਵਾਂ ਵਿਚੋਂ ਇਕ ਕੰਮ ਚੁਣਨ ਲਈ ਹੁਕਮ ਦਿੱਤਾ ਸੀ। ਕਸਾਬ ਦੇ ਬਾਪ ਨੇ ਸ਼ਹਿਨਸ਼ਾਹ ਦੀ ਖ਼ਿਦਮਤ ਨੂੰ ਆਪਣੀ ਹੋਣੀ ਵਜੋਂ ਸਵੀਕਾਰ ਲਿਆ ਤੇ ਕਾਇਦੇ ਕਾਨੂੰਨ ਦੇ ਬਰਖ਼ਿਲਾਫ਼ ਹੋਣ ਕਾਰਨ ਉਸ ਨੂੰ ਕਬੀਲੇ 'ਚੋਂ ਹਮੇਸ਼ਾ ਲਈ ਨਕਾਰ ਦਿੱਤਾ ਗਿਆ।

ਕਸਾਬ ਦਾ ਬਾਪ ਸਾਰਾ ਦਿਨ ਬੁੜ ਬੁੜ ਕਰਦਾ ਤੇ ਆਪਣੀ ਜ਼ਲਾਲਤ ਭਰੀ ਜ਼ਿੰਦਗੀ ਨੂੰ ਕੋਸਦਿਆਂ ਗਾਲ੍ਹਾਂ ਕੱਢਦਾ ਰਹਿੰਦਾ। ਸ਼ਾਇਦ ਇਕ ਵਜ੍ਹਾ ਇਹ ਵੀ ਸੀ ਕਿ ਸ਼ਹਿਨਸ਼ਾਹ ਦੇ ਦਰਬਾਰ ਵਿਚ ਉਸ ਨੂੰ 'ਅਛੂਤ' ਤੇ 'ਨੀਚ' ਸਮਝਿਆ ਜਾਂਦਾ ਰਿਹਾ। ਜਿਸ ਮਾਣ ਨੂੰ ਹਾਸਲ ਕਰਨ ਖ਼ਾਤਰ ਉਹ ਸ਼ਹਿਨਸ਼ਾਹ ਦਾ ਖ਼ਿਦਮਤਗਾਰ ਬਣਿਆ ਸੀ, ਉਹ ਵੀ ਨਾ ਮਿਲਿਆ ਤੇ ਆਪਣੀਆਂ ਜੜ੍ਹਾਂ ਤੋਂ ਵੀ ਟੁੱਟ ਗਿਆ। ਪਰ ਅਜੇ ਵੀ ਉਸ ਕੋਲ ਆਸ ਦੀ ਚਿਣਗ ਬਾਕੀ ਸੀ। ਉਹ ਕਸਾਬ ਨੂੰ ਸ਼ਹਿਨਸ਼ਾਹ ਦਰਬਾਰ ਵਿਚ ਮਹਾਨ ਸੈਨਾਪਤੀ ਵਜੋਂ ਵੇਖਣਾ ਚਾਹੁੰਦਾ ਸੀ। ਇਸ ਲਈ ਅੱਤ ਦੀ ਜ਼ਲਾਲਤ ਦੇ ਬਾਵਜੂਦ ਅਮੀਰਾਂ, ਵਜ਼ੀਰਾਂ, ਦਰਬਾਰੀਆਂ, ਅਧਿਕਾਰੀਆਂ ਦੀ ਖ਼ੁਸ਼ਾਮਦ ਕਰਦਾ ਰਹਿੰਦਾ। ਕਾਫ਼ੀ ਹੱਦ ਤੱਕ ਉਸ ਨੂੰ ਇਸ ਗੱਲ ਦੀ ਆਸ ਵੀ ਸੀ ਕਿ ਸ਼ਹਿਨਸ਼ਾਹ ਉਸ 'ਤੇ ਜ਼ਰੂਰ ਮਿਹਰਬਾਨ ਹੋਵੇਗਾ।

ਸੂਰਵੀਰ ਯੋਧਾ ਬਣਾਉਣ ਲਈ ਉਸ ਨੇ ਕਸਾਬ ਨੂੰ ਐਨਾ ਮਾਸ ਖਵਾਇਆ ਕਿ ਕਸਾਬ ਮੋਟਾ, ਭੱਦਾ ਤੇ ਸੁਸਤ ਹੋ ਗਿਆ। ਸੈਨਾਪਤੀ ਜਿੰਨੀ ਫ਼ੁਰਤੀ ਜੁਟਾਉਣਾ ਉਸ ਦੇ ਵਸੋਂ ਬਾਹਰ ਹੋ ਗਿਆ। ਉਸ ਦੀ ਅੰਨ੍ਹੀ ਤਾਕਤ ਤੇ ਉਸ ਦੇ ਬਾਪ ਦੀ ਕਾਰਗੁਜ਼ਾਰੀ ਨੂੰ ਵੇਖਦਿਆਂ ਬਾਦਸ਼ਾਹ ਨੇ ਉਸ ਨੂੰ ਸ਼ਾਹੀ ਜੱਲਾਦ ਭਰਤੀ ਕਰ ਲਿਆ, ਪਰ ਬਾਪ ਨੂੰ ਉਸ ਦੇ ਸੈਨਾਪਤੀ ਨਾ ਬਣਨ ਦਾ ਮਰਦੇ ਦਮ ਤੱਕ ਰੰਜ ਰਿਹਾ।

ਐਸ਼ੋ ਆਰਾਮ ਦੀ ਕਸਾਬ ਨੂੰ ਕੋਈ ਕਮੀ ਨਹੀਂ ਸੀ। ਉਹ ਰੱਜ ਕੇ ਵੇਸਵਾਵਾਂ ਨਾਲ ਭੋਗ ਕਰਦਾ। ਅੱਧ ਭੁੰਨਿਆਂ ਮਾਸ ਉਸ ਦਾ ਮਨਪਸੰਦ ਪਕਵਾਨ ਸੀ ਤੇ ਕਦੇ ਕਦੇ ਕੱਚਾ ਮਾਸ ਵੀ ਖਾ ਲੈਂਦਾ। ਜੇ ਕੋਈ ਗੱਲ ਰੜਕਦੀ ਸੀ, ਤਾਂ ਉਹ ਉਸ ਦੇ ਬਾਪ ਦੀ ਅਧੂਰੀ ਰਹਿ ਗਈ ਹਸਰਤ ਸੀ। ਪਰ ਅੱਜ ਹਸਰਤ ਪੂਰੀ ਹੋਣ ਵਾਲੀ ਸੀ। ਬੜੇ ਕਾਹਲ ਕਦਮੀਂ ਅੱਗੇ ਵਧਦਿਆਂ ਰਸਤੇ 'ਚ ਆਉਂਦੇ ਹਰ ਪੱਤੇ ਹਰ ਟਹਿਣੀ ਤੇ ਹਰ ਝਾੜੀ ਨੂੰ ਤੇਜ਼ਧਾਰ ਕਾਪੇ ਨਾਲ ਜ਼ਖ਼ਮੀ ਕਰਦਿਆਂ ਮੰਜ਼ਿਲ ਦੇ ਨਜ਼ਦੀਕ ਪਹੁੰਚ ਰਿਹਾ ਸੀ।

ਹਵਾ ਦੇ ਤੇਜ਼ ਬੁੱਲੇ ਨਾਲ ਫੁੱਲਾਂ ਦੇ ਭਾਰ ਨਾਲ ਝੁਕੀ ਟਾਹਣੀ ਨੇ ਜਿਉਂ ਹੀ ਹੁਲਾਰਾ ਖਾਧਾ, ਇਕ ਫੁੱਲ ਕਸਾਬ ਦੇ ਮੱਥੇ ਨਾਲ ਟਕਰਾਇਆ। ਕਸਾਬ ਇੰਜ ਤ੍ਰਭਕਿਆ ਜਿਵੇਂ ਭਾਰੀ ਪੱਥਰ ਵੱਜਿਆ ਹੋਵੇ। ਫੁੱਲ ਦੀ ਖੁਸ਼ਬੂ ਨੇ ਉਸ ਦੇ ਨੱਕ 'ਤੇ ਧੁਣਧੁਣੀ ਚਾੜ੍ਹ ਦਿੱਤੀ। ਤੈਸ਼ 'ਚ ਆ ਕੇ ਉਸ ਨੇ ਐਸਾ ਵਾਰ ਕੀਤਾ ਕਿ ਫੁੱਲਾਂ ਦੀਆਂ ਪੱਤੀਆਂ 'ਚ ਭਗਦੜ ਜਿਹੀ ਮੱਚ ਗਈ। ਹਵਾ 'ਚ ਲਟਕਦੀਆਂ ਧਰਤੀ 'ਤੇ ਢਹਿ ਪਈਆਂ ਤੇ ਵਹਿਸ਼ੀ ਬੇਚੈਨੀ ਨਾਲ ਉਸ ਨੇ 'ਕੱਲੀ 'ਕੱਲੀ ਪੱਤੀ ਨੂੰ ਮਸਲ ਦਿੱਤਾ। ਫੁੱਲ ਵਾਕਿਆ ਹੀ ਉਸ ਲਈ ਪੱਥਰ ਸਨ। ਕਸਾਬ ਲਈ ਫੁੱਲ ਤੋਂ ਖ਼ੁਸ਼ਬੂ ਨਹੀਂ, ਬਲਕਿ ਗੰਦੀ ਬਦਬੂ ਆਉਂਦੀ ਸੀ।

ਇਸ ਬਦਬੂ ਨਾਲ ਕਸਾਬ ਦਾ ਰਾਬਤਾ ਬਹੁਤਾ ਪੁਰਾਣਾ ਨਹੀਂ ਸੀ। ਕੁਝ ਕੁ ਅਰਸੇ ਪਹਿਲਾਂ ਸਲਤਨਤ ਦੇ ਘਿਨੌਣੇ ਬਾਗ਼ੀ ਨੂੰ ਜ਼ੰਜੀਰਾਂ 'ਚ ਜਕੜ ਕੇ ਉਸ ਦੇ ਹਵਾਲੇ ਕੀਤਾ ਗਿਆ ਸੀ। ਕਸਾਬ ਨੂੰ ਬਾਕਾਇਦਾ ਤੌਰ 'ਤੇ ਦੱਸਿਆ ਗਿਆ ਸੀ ਕਿ ਇਹ ਉਹੀ ਕਬੀਲੇ ਦਾ ਗੰਦਾ ਖ਼ੂਨ ਐ, ਜਿਸ ਨੇ ਉਸ ਦੇ ਬਾਪ ਨੂੰ ਆਪਣੇ 'ਚੋਂ ਨਿਖੇੜ ਦਿੱਤਾ ਸੀ। ਇਹ ਕਾਫ਼ਰ ਸਿਰਫ਼ ਸਲਤਨਤ ਦਾ ਹੀ ਵੈਰੀ ਨਹੀਂ ਸੀ, ਬਲਕਿ ਕਸਾਬ ਦਾ ਜਾਤੀ ਦੁਸ਼ਮਣ ਵੀ ਸੀ। ਉਸ ਨੂੰ ਵੇਖਦਿਆਂ ਸਾਰ ਕਸਾਬ ਦੀਆਂ ਵਾਛਾਂ ਖਿੜ ਗਈਆਂ ਸਨ। ਪਰ ਉਹ ਤਾਂ ਟਸ ਤੋਂ ਮਸ ਵੀ ਨਹੀਂ ਹੋਇਆ। ਐਨਾ ਨਿਡਰ, ਬਹਾਦਰ ਤੇ ਜਾਂਬਾਜ਼ ਦੁਸ਼ਮਣ ਜ਼ਿੰਦਗੀ 'ਚ ਪਹਿਲੀ ਦਫ਼ਾ ਕਸਾਬ ਨੂੰ ਟੱਕਰਿਆ ਸੀ।

ਕਸਾਬ ਚਾਹੁੰਦਾ ਸੀ ਕਿ ਉਹ ਗਿੜਗਿੜਾਏ, ਜ਼ਿੰਦਗੀ ਦੀ ਭੀਖ ਮੰਗੇ, ਚੀਕ ਚੀਕ ਕੇ ਪਾਤਾਲ ਦੇ ਕਿਸੇ ਖੰਡਰ 'ਚ ਦੱਬੇ ਆਪਣੇ ਪੁਰਖਿਆਂ ਦੀ ਅਜ਼ੀਮ ਗ਼ੁਸਤਾਖ਼ੀ ਨੂੰ ਕੋਸੇ। ਪਰ ਉਸ ਦਾ ਚਿਹਰਾ ਤਾਂ ਜਿਉਂ ਦਾ ਤਿਉਂ ਚੱਟਾਨ ਵਾਂਗ ਤਣਿਆ ਹੋਇਆ ਸੀ। ਪਹਿਲੀ ਦਫ਼ਾ ਕਸਾਬ ਨੂੰ ਕਿਸੇ ਦੁਸ਼ਮਣ ਨੇ ਵੰਗਾਰਿਆ ਸੀ, "ਇਹ ਸਿਰ ਸਿਰਫ਼ ਮੇਰੇ ਪੁਰਖ਼ਿਆਂ ਅੱਗੇ ਝੁਕਦੈ, ਬੁਜ਼ਦਿਲਾਂ ਧਾੜਵੀਆਂ ਜ਼ਾਲਮਾਂ ਅੱਗੇ ਨਹੀਂ।"

ਕਸਾਬ ਦੀ ਤਾਕਤ ਦੀ ਗਰਮੀ ਪਹਿਲੀ ਵਾਰ ਇਸ ਚੱਟਾਨ ਅੱਗੇ ਲਾਚਾਰ ਹੋ ਗਈ ਜਾਪਦੀ ਸੀ। ਉਸ ਨੇ ਕਿਹੜਾ ਹਥਿਆਰ ਨਹੀਂ ਸੀ ਵਰਤਿਆ। ਉਸ ਦੇ ਸਰੀਰ ਦਾ ਕਿਹੜਾ ਅੰਗ ਸੀ, ਜੋ ਜ਼ਖ਼ਮੀ ਨਹੀਂ ਸੀ ਕੀਤਾ। ਉਹ ਕਿਹੜਾ ਹਥਕੰਡਾ ਸੀ, ਜੋ ਨਹੀਂ ਸੀ ਅਪਣਾਇਆ ਗਿਆ।

ਕਬੀਲੇ ਦਾ ਖ਼ਾਲਸ ਖ਼ੂਨ ਉਸ ਦੀਆਂ ਰਗ਼ਾਂ 'ਚੋਂ ਝਰਨਿਆਂ ਵਾਂਗ ਫੁੱਟ ਰਿਹਾ ਸੀ। ਕਿਸੇ ਵੀ ਕਤਰੇ 'ਚ ਡਰ ਜਾਂ ਪਛਤਾਵਾਂ ਨਹੀਂ ਸੀ ਸਗੋਂ ਸੂਰਵੀਰਤਾ ਸੀ, ਸ੍ਵੈਮਾਣ ਸੀ।

ਕਸਾਬ ਨੇ ਨਵਾਂ ਪੱਤਾ ਖੇਡਦਿਆਂ ਉਸ ਨੂੰ ਛੱਡ ਦੇਣ ਦਾ ਲਾਲਚ ਵੀ ਦਿੱਤਾ ਕਿ ਇਕ ਵਾਰੀ ਉਹ ਸਿਰ ਝੁਕਾ ਕੇ ਈਨ ਮੰਨ ਲਵੇ।

"ਤੂੰ ਮੈਨੂੰ ਕੁਚਲ ਸਕਦੈਂ। ਟੁਕੜੇ ਟੁਕੜੇ ਕਰ ਸਕਦੈਂ, ਮੇਰੀਆਂ ਹੱਡੀਆਂ ਪੀਹ ਕੇ ਖ਼ਾਕ 'ਚ ਮਿਲਾ ਸਕਦੈਂ, ਪਰ ਹਰਾ ਨਹੀਂ ਸਕਦਾ। ਥੂਹ ...।"

ਉਸ ਨੇ ਦਰਦ ਨਾਲ ਕਰਾਹੁੰਦਿਆਂ ਕਸਾਬ ਦੇ ਮੂੰਹ 'ਤੇ ਥੁੱਕਿਆ। ਇਹ ਥੁੱਕ ਕਸਾਬ ਦੇ ਮੂੰਹ 'ਤੇ ਨਹੀਂ, ਉਸ ਨੂੰ ਲੱਗਿਆ, ਜਿਵੇਂ ਉਸ ਦੇ ਬਾਪ ਦੇ ਮੂੰਹ 'ਤੇ ਪਈ ਸੀ। ਆਪਣੀ ਵਹਿਸ਼ਤ ਦਾ ਨੰਗਾ ਨਾਚ ਨੱਚਣ ਤੋਂ ਬਾਅਦ ਜਿਵੇਂ ਖ਼ੁਦ ਨੰਗਾ ਹੋ ਗਿਆ ਸੀ। ਅਲਫ਼ ਨੰਗਾ। ਆਪਣੇ ਬਾਪ ਅੱਗੇ ਸ਼ਰਮਿੰਦਾ ਹੁੰਦਿਆਂ ਪਹਿਲੀ ਵਾਰ ਉਹ ਏਨਾ ਲਾਚਾਰ ਹੋਇਆ ਸੀ। ਉਸ ਦੇ ਅੰਦਰ ਲੱਖਾਂ ਘੁਮਾਂ ਜੰਗਲਾਂ ਨੂੰ ਅੱਗ ਲੱਗ ਗਈ ਸੀ। ਉਹ ਬਲ ਉੱਠਿਆ। ਆਪਣੇ ਬੇਢਬੇ ਦੰਦਾਂ ਨਾਲ ਉਸ ਦੀ ਚਮੜੀ ਨੋਚ ਕੇ ਖ਼ੂਨ ਪੀ ਜਾਣਾ ਚਾਹੁੰਦਾ ਸੀ।

ਬਾਗ਼ੀ ਦੇ ਖ਼ੂਨ 'ਚੋਂ ਨਿਕਲਦੀ ਗੰਧ ਉਸਦੇ ਸਿਰ ਨੂੰ ਐਸੀ ਚੜ੍ਹੀ ਕਿ ਉਹ ਝੁੰਜਲਾ ਗਿਆ। ਅਰਧ ਪਾਗ਼ਲਪਨ ਦੀ ਹਾਲਤ ਵਿਚ ਉਹ ਚੀਕ ਉੱਠਿਆ। ਜਿਵੇਂ ਭੁੱਖੇ ਸ਼ੇਰ ਨੂੰ ਪਿੰਜਰੇ 'ਚ ਕੈਦ ਕਰ ਕੇ ਚੋਭਾਂ ਮਾਰੀਆਂ ਜਾ ਰਹੀਆਂ ਹੋਣ। ਤਲਵਾਰ ਦੇ ਇਕੋ ਝਟਕੇ ਨਾਲ ਉਸ ਨੇ ਦੁਸ਼ਮਣ ਦਾ ਸਿਰ ਧੜ ਤੋਂ ਅੱਲਗ ਕਰ ਦਿੱਤਾ। ਇਸ ਵਿਚ ਦੁਸ਼ਮਣ ਮਰ ਕੇ ਵੀ ਜਿੱਤ ਦਾ ਐਲਾਨ ਕਰ ਗਿਆ ਸੀ ਤੇ ਕਸਾਬ ਨੂੰ ਜਿਉਂਦੇ ਜੀਅ ਹਾਰ ਦੀ ਨਮੋਸ਼ੀ ਝੱਲਣੀ ਪਈ।

ਪਰ ਅੱਜ ਵੇਲਾ ਜਿੱਤ ਦਾ ਸੀ। ਜੇਤੂ ਅੰਦਾਜ਼ ਨਾਲ ਉਸ ਨੇ ਮਸਲੀਆਂ ਹੋਈਆਂ ਫੁੱਲਾਂ ਦੀਆਂ ਪੱਤੀਆਂ ਵੱਲ ਘੂਰਿਆ।

"ਹਰਾਮਖ਼ੋਰ।"

ਗਾਲ੍ਹ ਕੱਢਦਿਆਂ ਕਸਾਬ ਨੇ ਬਾਕੀ ਬਚਿਆ ਗੁੱਸਾ ਪੱਤੀਆਂ ਉੱਪਰ ਥੁੱਕਦਿਆਂ ਕੱਢ ਦਿੱਤਾ। ਠੰਢੀ ਹਵਾ ਦੇ ਬੁੱਲ੍ਹੇ ਨਾਲ ਫਿਰ ਫੁੱਲਾਂ ਦੀ 'ਬਦਬੂ' ਉਸ ਦੇ ਸਿਰ ਨੂੰ ਚੜ੍ਹੀ। ਇਕ ਹੀ ਛਿਣ 'ਚ ਕਿੰਨਾ ਕੁਝ ਤੀਰ ਬਣ ਕੇ ਉਸ ਦੇ ਹੰਕਾਰ ਨੂੰ ਵਿੰਨ੍ਹ ਗਿਆ। ਉਸ ਨੂੰ ਇੰਜ ਲੱਗਿਆ ਜਿਵੇਂ ਫੁੱਲਾਂ ਦੀਆਂ ਪੱਤੀਆਂ ਉਸ ਦੇ ਮਾਰੇ ਗਏ ਦੁਸ਼ਮਣ ਦੇ ਅੰਗ ਹੋਣ ਤੇ ਉਨ੍ਹਾਂ 'ਚੋਂ ਨਿਕਲਦੀ ਬਦਬੂ ਉਸ ਨੂੰ ਵੰਗਾਰ ਕੇ ਆਪਣੀ ਜਿੱਤ ਦਾ ਐਲਾਨ ਕਰ ਗਈ ਹੋਵੇ।

ਇਹ ਅਜੀਬ ਹਲਚਲ ਉਸ ਪੁਰਾਣੇ ਦਿਨ ਤੋਂ ਹੀ ਉਸ ਦੇ ਅੰਦਰ ਦਲਦਲ ਵਾਂਗ ਕਰਵਟ ਲੈਣ ਲੱਗ ਪਈ ਸੀ। ਉਸ ਤੋਂ ਬਾਅਦ ਕਿਸੇ ਵੀ ਦੋਸ਼ੀ ਨੂੰ ਕਤਲ ਕਰਨ ਵੇਲੇ ਬਦਬੂ ਉਸ ਦੇ ਨੱਕ ਨੂੰ ਚੜ੍ਹਦੀ। ਦੋਸ਼ੀ ਦੇ ਨਾਲ ਉਹ ਵੀ ਉੱਚੀ ਉੱਚੀ ਦਹਾੜਾਂ ਮਾਰਨ ਲੱਗਦਾ ਤੇ ਪਲ਼ਾਂ ਵਿਚ ਉਸ ਨੂੰ ਚਿੱਤ ਕਰ ਦੇਂਦਾ। ਫਿਰ ਔਖੇ ਔਖੇ ਸਾਹ ਲੈਂਦਿਆਂ ਇਕ ਪਾਸੇ ਢਹਿ ਪੈਂਦਾ।

"ਅਜਿਹਾ ਕਿਉਂ ਹੁੰਦਾ ਹੈ? ਉਸ ਬਾਗ਼ੀ ਦੇ ਖ਼ੂਨ 'ਚ ਏਹੋ ਜਿਹੀ ਕੀ ਗੱਲ ਐ ਕਿ ਮੈਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤੈ।"

ਬੜੀ ਵਾਰ ਉਸ ਨੇ ਆਪਣੇ ਆਪ ਨੂੰ ਸਵਾਲ ਕੀਤਾ ਪਰ ਇਹ ਗੁੰਝਲ ਕਦੇ ਵੀ ਸੁਲਝ ਨਹੀਂ ਸਕੀ। ਜਦ ਵੀ ਉਹ ਇਸ ਰਹੱਸ ਨੂੰ ਸੁਲਝਾਉਣ ਦੀ ਜੱਦੋ ਜਹਿਦ ਕਰਦਾ, ਤਾਂ ਕਿਸੇ ਵੀ ਕਿਨਾਰੇ ਨਾ ਲੱਗਦਾ। ਕਦੇ ਕਦੇ ਤਾਂ ਉਹ ਆਪਣੀਆਂ ਭੂਰੀਆਂ ਜਟਾਵਾਂ ਨੂੰ ਦੋਹਾਂ ਹੱਥਾਂ ਨਾਲ ਝੰਜੋੜ ਦਿੰਦਾ ਤੇ ਉੱਚੀ ਉੱਚੀ ਚੀਕ ਉੱਠਦਾ। ਪਰ ਇਹ ਰਹੱਸ ਹੁਣ ਤੱਕ ਵੀ ਉਸ ਲਈ ਰਹੱਸ ਹੀ ਬਣਿਆ ਰਿਹਾ।

ਖ਼ੈਰ, ਬੜੇ ਲੰਮੇ ਅਰਸੇ ਪਿੱਛੋਂ ਕਸਾਬ ਅੰਦਰ ਅਜਬ ਜਿਹੀ ਲਹਿਰ ਉਛਾਲੇ ਲੈ ਰਹੀ ਸੀ। ਮੰਜ਼ਿਲ ਬਹੁਤੀ ਦੂਰ ਨਹੀਂ ਸੀ। ਉਹ ਜਿਉਂ ਜਿਉਂ ਜਾ ਰਿਹਾ ਸੀ, ਕਦਮ ਹੋਰ ਤੇਜ਼ੀ ਫੜ ਰਹੇ ਸਨ। ਚੌੜੇ ਪੱਤਿਆਂ ਵਾਲੇ ਝੁਕੇ ਪਿੱਪਲ ਦੇ ਟਾਹਣੇ ਨੂੰ ਜਿਉਂ ਹੀ ਉਸ ਨੇ ਤੇਜ਼ਧਾਰ ਦਾਤਰ ਦੇ ਇਕੋ ਝਟਕੇ ਨਾਲ ਧੜੰਮ ਧਰਤੀ 'ਤੇ ਸੁੱਟਿਆ, ਤਾਂ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ। ਇਕ ਵਾਰ ਉਸ ਦੇ ਕਦਮ ਥਮ ਗਏ ਤੇ ਨਜ਼ਰਾਂ ਝਾੜੀਆਂ ਦੀਆਂ ਵਿਰਲਾਂ ਨੂੰ ਚੀਰਦੀਆਂ ਉਨ੍ਹਾਂ ਓਹਲੇ ਅਹਿੱਲ ਖੜ੍ਹੇ ਕੈਦਖ਼ਾਨੇ 'ਤੇ ਗੱਡੀਆਂ ਗਈਆਂ। ਜਿਵੇਂ ਸਦੀਆਂ ਤੋਂ ਪਿਆਸੇ ਨੂੰ ਖ਼ੂਹ ਲੱਭ ਪਿਆ ਹੋਵੇ। ਜਿਵੇਂ ਉਸ ਦਾ ਬਾਪ ਉਸ ਦੇ ਕੋਲ ਖੜ੍ਹਾ ਮੁਸਕਰਾ ਰਿਹਾ ਹੋਵੇ ਤੇ ਉਸ ਦੀ ਪਿੱਠ ਥਾਪੜ ਕੇ ਹੱਲਾਸ਼ੇਰੀ ਦੇ ਰਿਹਾ ਹੋਵੇ-

"ਜਾਹ ਮੇਰੇ ਜਾਂਬਾਜ਼ ਪੁੱਤਰਾਂ ਇਸ ਕਾਰਨਾਮੇ ਨੂੰ ਸਰ ਅੰਜ਼ਾਮ ਕਰ। ਆਪਣੇ ਬਾਪ ਦਾ ਸਿਰ ਅੱਜ ਫ਼ਖ਼ਰ ਨਾਲ ਉੱਚਾ ਕਰ ਦੇ।"

ਉਸ ਨੇ ਇਕ ਵਾਰ ਅੱਖਾਂ ਬੰਦ ਕੀਤੀਆਂ। ਆਪਣੇ ਬਾਪ ਨੂੰ ਯਾਦ ਕਰਦਿਆਂ ਸਿਰ ਝੁਕਾਇਆ। ਖ਼ਿਆਲਾਂ ਹੀ ਖ਼ਿਆਲਾਂ ਵਿਚ ਅਪਮਾਨ ਦਾ ਬਦਲਾ ਲੈਣ ਦਾ

ਵਚਨ ਦਿੱਤਾ। ਨਫ਼ਰਤ ਦੀ ਹਨੇਰੀ ਝੁੱਲ ਉੱਠੀ। ਖ਼ੂਨ ਉੱਬਲਿਆ, ਸਰੀਰ ਦੀਆਂ ਨਸਾਂ ਤਣੀਆਂ ਤੇ ਅੱਖਾਂ 'ਚ ਲਾਲੀ ਉੱਤਰ ਆਈ। ਅੱਗੇ ਵਧਦਿਆਂ ਛਲਾਂਗ ਮਾਰ ਕੇ ਵੰਗਾਰ ਦੇ ਅੰਦਾਜ਼ ਵਿਚ ਉਸ ਨੇ ਅੰਬ ਦੇ ਟਾਹਣੇ ਨੂੰ ਹਲੂਣਾ ਦਿੱਤਾ। ਕਿੰਨੇ ਹੀ ਅੰਬ ਧਰਤੀ 'ਤੇ ਗੜਿਆਂ ਵਾਂਗ ਵਰ੍ਹ ਪਏ। ਕਿਸੇ ਲਗਰ ਤੋਂ ਪੱਕਿਆ ਰਸਿਆ ਅੰਬ ਡਿੱਗਣ ਸਾਰ ਪਿਚਕ ਗਿਆ। ਕਸਾਬ ਨੇ ਬੜੇ ਜ਼ੋਰ ਨਾਲ ਠੁੱਡਾ ਮਾਰਿਆ ਤੇ ਗਿੜਕ ਨਿਕਲ ਕੇ ਔਹ ਪਰ੍ਹਾਂ ਜਾ ਪਈ। ਉਸ ਦੇ ਹਰ ਕਦਮ ਵਿਚ ਇੰਤਕਾਮ ਦੀ ਅੱਗ ਸੀ। ਪੈਰਾਂ ਹੇਠ ਆਉਣ ਵਾਲਾ ਹਰ ਪੱਤਾ ਜਿਵੇਂ ਝੁਲਸ ਰਿਹਾ ਸੀ।

ਇਤਿਹਾਸ ਦੇ ਹਨੇਰੇ ਭਰੇ ਯੁੱਗ ਤੋਂ ਇਨ੍ਹਾਂ ਪੱਤਿਆਂ ਦਾ ਵਾਹ ਸਿਰਫ਼ ਜੰਗਲੀ ਕਬੀਲੇ ਨਾਲ ਹੀ ਰਿਹਾ ਸੀ। ਜੇਕਰ ਇਹ ਪੱਤੇ ਝੂਲਦੇ ਵੀ ਸਨ, ਤਾਂ ਕਬੀਲੇ ਦੀ ਰਜ਼ਾ ਵਿਚ। ਕਿਸੇ ਦੀ ਜੁਰੱਅਤ ਨਹੀਂ ਸੀ ਕਿ ਉਹ ਇਸ ਜੰਗਲ ਵੱਲ ਅੱਖ ਵੀ ਚੁੱਕ ਸਕੇ। ਤੀਰਾਂ ਨਾਲ ਵਿੰਨ੍ਹਿਆ ਜਾਂਦਾ। ਨੇਜ਼ਿਆਂ ਨਾਲ ਛਲਨੀ ਕਰ ਦਿੱਤਾ ਜਾਂਦਾ। ਕਿੰਨੇ ਹੀ ਧਾੜਵੀ, ਜਾਬਰਾਂ, ਹਮਲਾਵਰਾਂ ਤੇ ਹਾਕਮਾਂ ਨੇ ਇੱਥੇ ਧਾਵਾ ਬੋਲਣ ਦਾ ਤਹੱਈਆ ਕੀਤਾ। ਪਰ ਕੋਈ ਵੀ ਮਾਈ ਦਾ ਇਤਿਹਾਸ ਦੇ ਪੰਨੇ ਨਹੀਂ ਸੀ ਪਲਟ ਸਕਿਆ। ਆਖ਼ਰ ਪਲਟ ਵੀ ਕਿਵੇਂ ਸਕਦਾ ਸੀ। ਜਿਸ ਮਿੱਟੀ ਦੇ ਲੋਕ ਜੰਮੇ, ਪਲ਼ੇ, ਖੇਡੇ ਤੇ ਜਵਾਨ ਵੀ ਤੀਰਾਂ, ਨੇਜ਼ਿਆਂ, ਬਰਛਿਆ, ਢਾਲਾਂ ਤੇ ਤਲਵਾਰਾਂ ਨਾਲ ਹੋਏ ਹੋਣ, ਉਨ੍ਹਾਂ ਨੂੰ ਭਲਾ ਕੌਣ ਮਾਤ ਦੇ ਸਕਦਾ ਹੈ।

ਇਹ ਜੰਗਲ ਉਨ੍ਹਾਂ ਦੀ ਮਾਤ ਭੂਮੀ ਸੀ, ਅੰਨਦਾਤਾ ਸੀ। ਇਸ ਜੰਗਲ ਦੀ ਬੁੱਕਲ 'ਚ ਨਿੱਘ ਮਾਣਦਿਆਂ ਉਨ੍ਹਾਂ ਦੇ ਪੁਰਖਿਆਂ ਨੇ ਆਪਣੀ ਕੌਮ ਦੀ ਰਾਖੀ ਕੀਤੀ ਸੀ। ਜੰਗਲ ਦੇ ਇਕ-ਇਕ ਰੁੱਖ, ਇਕ-ਇਕ ਟਹਿਣੀ, ਫੁੱਲ, ਫਲ ਤੇ ਇਕ ਇਕ ਪੱਤੇ ਨਾਲ ਉਨ੍ਹਾਂ ਨੂੰ ਬੇਪਨਾਹ ਮੁਹੱਬਤ ਸੀ।

ਬੱਚੇ ਰੁੱਖਾਂ ਦੀਆਂ ਟਾਹਣੀਆਂ ਨਾਲ ਝੂਮਦੇ। ਪੱਤਿਆਂ ਦੀਆਂ ਬੇੜੀਆਂ ਬਣਾ ਕੇ ਨਦੀ 'ਚ ਵਹਾਉਂਦੇ। ਰੁੱਖਾਂ ਨੂੰ ਘੁੱਟ-ਘੁੱਟ ਜੱਫੀਆਂ ਪਾਉਂਦੇ ਤੇ ਅੰਤਾਂ ਦਾ ਲਾਡ ਕਰਦੇ। ਖੁੱਲ੍ਹਦਿਲੀ ਨਾਲ ਪੰਛੀਆਂ ਜਾਨਵਰਾਂ ਦੇ ਪਿੱਛੇ ਦੌੜਦੇ। ਬਸੰਤ ਰੁੱਤੇ ਜਦੋਂ ਵੰਨ ਸੁਵੰਨੇ, ਰੰਗ-ਬਿਰੰਗੇ ਫੁੱਲ ਖਿੜਦੇ ਤਾਂ ਜੰਗਲੀਆਂ ਦੇ ਫੁੱਲਾਂ ਵਰਗੇ ਬੱਚੇ ਆਪਣੀਆਂ ਕੂਲੀਆਂ ਉਂਗਲਾਂ ਨਾਲ ਇਨ੍ਹਾਂ ਨੂੰ ਇੰਜ ਵਾਰ-ਵਾਰ ਛੂੰਹਦੇ ਜਿਵੇਂ ਕੋਈ ਔਰਤ ਆਪਣੇ ਸਭ ਤੋਂ ਕੀਮਤੀ ਗਹਿਣੇ ਨੂੰ ਨਿਹਾਰਦੀ ਹੋਵੇ।

ਜਦੋਂ ਕੋਈ ਹਮਲਾਵਰ ਹਮਲਾ ਕਰਦਾ ਤਾਂ ਜੰਗਲ ਦੀਆਂ ਸੰਘਣੀਆਂ ਝਾੜੀਆਂ, ਉੱਚੇ ਰੁੱਖ ਇਨ੍ਹਾਂ ਜੰਗਲੀਆਂ ਨੂੰ ਪਨਾਹ ਦਿੰਦੇ। ਜੰਗਲੀ ਗੁਰੀਲੇ ਅਚਨਚੇਤ ਝਾੜੀਆਂ 'ਚੋਂ ਨਿਕਲ ਕੇ ਐਸਾ ਹੱਲਾ ਬੋਲਦੇ ਕਿ ਦੁਸ਼ਮਣ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ। ਆਖ਼ਰ ਹਮਲਾਵਰ ਇਸ ਜੰਗਲ ਨੂੰ ਹੀ ਕਿਉਂ ਹਥਿਆਉਣਾ ਚਾਹੁੰਦੇ ਸਨ। ਇਸ ਪਿੱਛੇ ਵੀ ਉਨ੍ਹਾਂ ਦੀ ਬਦਨੀਤੀ ਸੀ। ਇਹ ਧਰਤੀ ਸਿਰਫ਼ ਜੰਗਲਾਂ, ਜੰਗਲੀਆਂ, ਪਸ਼ੂ ਅਤੇ ਪੰਛੀਆਂ ਲਈ ਪਨਾਹ ਨਹੀਂ ਸੀ, ਸਗੋਂ ਇਸ ਦੇ ਗਰਭ ਵਿਚ ਹੀਰੇ, ਕੋਲੇ ਤੇ ਸੋਨੇ ਦੀਆਂ ਖਾਣਾਂ ਸਨ। ਸਦੀਆਂ ਤੋਂ ਇਹ ਜੰਗਲੀ ਇਨ੍ਹਾਂ ਥਾਵਾਂ ਦੇ ਰਾਖੇ ਸਨ।

ਸ਼ਹਿਨਸ਼ਾਹ ਨੇ ਇਸ ਜੰਗਲ ਨੂੰ ਹਥਿਆਉਣ ਲਈ ਸਾਜ਼ਿਸ਼ਾਂ ਦਾ ਜਾਲ ਬੁਣਿਆ। ਇਨ੍ਹਾਂ ਨੂੰ ਰੋਟੀ, ਕੱਪੜਾ, ਮਕਾਨ ਤੇ ਹੋਰ ਐਸ਼ੋ ਇਸ਼ਰਤ ਦਾ ਝਾਂਸਾ ਦੇ ਕੇ ਜੰਗਲ ਹਥਿਆਉਣਾ ਚਾਹਿਆ।

ਸ਼ਹਿਨਸ਼ਾਹ ਜੰਗਲ ਕੱਟ ਕੇ ਧਰਤੀ ਹੇਠਲੇ ਹੀਰੇ, ਸੋਨੇ ਤੇ ਕੋਲੇ ਦੇ ਭੰਡਾਰ 'ਤੇ ਕਬਜ਼ਾ ਜਮਾਉਣਾ ਚਾਹੁੰਦਾ ਸੀ ਪਰ ਜੰਗਲੀ ਟਸ ਤੋਂ ਮਸ ਨਾ ਹੋਏ। ਉਹ ਕੁਦਰਤ ਦੇ ਅਨਮੋਲ ਖ਼ਜ਼ਾਨੇ ਦੀ ਮਰਦੇ ਦਮ ਤੱਕ ਰਾਖੀ ਕਰਨਾ ਚਾਹੁੰਦੇ ਸਨ। ਕਬੀਲੇ ਦੇ ਕਈ ਅਨਸਰਾਂ ਨੂੰ ਲਾਲਚ ਦਿੱਤੇ ਗਏ ਤੇ ਕਬੀਲੇ ਦੇ ਖ਼ਿਲਾਫ਼ ਹੀ ਖੜੇ ਕਰ ਦਿੱਤਾ ਗਿਆ। ਪਰ ਫਿਰ ਵੀ ਕਬੀਲੇ ਦੀ ਮੁੱਠੀ ਬੰਦ ਹੀ ਰਹੀ।

ਅਖ਼ੀਰਲਾ ਪੈਂਤੜਾ ਵਰਤਦਿਆਂ ਸ਼ਹਿਨਸ਼ਾਹ ਨੇ ਲੱਖਾਂ ਦੀ ਸੈਨਾ ਲੈ ਕੇ ਜੰਗਲ 'ਤੇ ਧਾਵਾ ਬੋਲ ਦਿੱਤਾ। ਐਸੀ ਹੌਲਨਾਕ ਜੰਗ ਹੋਈ ਕਿ ਜੰਗਲ ਹਰੇ ਤੋਂ ਲਾਲ ਸੂਹੀ ਭਾਅ ਮਾਰਨ ਲੱਗ ਪਿਆ। ਅੰਤਾਂ ਦਾ ਖ਼ੂਨ ਵਹਾਇਆ ਗਿਆ। ਕਬੀਲੇ ਦੇ ਲੋਕ ਬੜੀ ਬਹਾਦਰੀ ਨਾਲ ਲੜਦੇ ਰਹੇ, ਪਰ ਸੈਨਾ ਦੀ ਲੱਖਾਂ ਦੀ ਤਾਦਾਦ ਅੱਗੇ ਉਹ ਬਹੁਤੀ ਦੇਰ ਟਿਕ ਨਾ ਸਕੇ। ਜਿਨ੍ਹਾਂ ਰੁੱਖਾਂ ਦੀਆਂ ਟਹਿਣੀਆਂ 'ਤੇ ਔਰਤਾਂ ਪੀਘਾਂ ਪਾਉਂਦੀਆਂ ਸਨ, ਉਨ੍ਹਾਂ ਉੱਪਰ ਔਰਤਾਂ ਦੀਆਂ ਨੰਗੀਆਂ ਕੱਟੀਆਂ ਵੱਢੀਆਂ ਲਾਸ਼ਾਂ ਬੇਪਤੀ ਦਾ ਸ਼ਿਕਾਰ ਹੋਈਆਂ ਪਈਆਂ ਸਨ। ਮਰਦਾਂ ਦੇ ਟੋਟੇ ਟੋਟੇ ਕੀਤੇ ਗਏ। ਪੁੱਠੇ ਟੰਗੇ ਗਏ। ਕਈਆਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ। ਜੰਗਲ ਇਸ ਕਤਲੇਆਮ ਨੂੰ ਨਮੋਸ਼ੀ ਭਰੀਆਂ ਨਜ਼ਰਾਂ ਨਾਲ ਚੁੱਪ ਚਾਪ ਤੱਕਦਾ ਰਿਹਾ। ਪੱਤੇ ਪੀਲ਼ੇ ਹੋਣ ਲੱਗੇ। ਫੁੱਲ ਕੁਮਲਾਉਣ ਲੱਗੇ ਤੇ ਨਦੀਆਂ ਦੀ ਹਿੱਕ 'ਚੋਂ ਲਾਲ ਖ਼ੂਨ ਰਿਸਣ ਲੱਗ ਪਿਆ। ਇਤਿਹਾਸ ਦੇ ਪੰਨੇ ਪਲਟ ਦਿੱਤੇ ਗਏ ਸਨ। ਸਿਰਫ਼ ਕਬੀਲੇ ਦੇ ਆਖ਼ਰੀ ਵਾਰਸ ਨਿੱਕੇ ਨਿੱਕੇ ਬੱਚਿਆਂ ਨੂੰ ਹੀ ਬਖ਼ਸ਼ਿਆ ਗਿਆ ਸੀ। ਪਰ ਸ਼ਹਿਨਸ਼ਾਹ ਨੂੰ ਇਨ੍ਹਾਂ ਦੇ ਖ਼ੂਨ 'ਚੋਂ ਬਗ਼ਾਵਤ ਦੀ ਬੂ ਆਉਂਦੀ ਸੀ। ਇਸ ਲਈ ਉਸ ਨੇ ਬੱਚਿਆਂ ਨੂੰ ਹਲਾਲ ਕਰਨ ਦਾ ਹੁਕਮ ਸੁਣਾ ਦਿੱਤਾ। ਸਾਰੇ ਬੱਚਿਆਂ ਨੂੰ ਜੰਗਲ ਵਿਚਲੇ ਵੱਡੇ ਕੈਦਖ਼ਾਨੇ ਵਿਚ ਕੈਦ ਕਰ ਦਿੱਤਾ ਗਿਆ ਤੇ ਹਲਾਲ ਕਰਨ ਦਾ ਕੰਮ ਕਸਾਬ ਨੂੰ ਸੌਂਪਿਆ ਗਿਆ।

ਇਹ ਕੈਦਖ਼ਾਨਾ ਅੱਜ ਉਸ ਦੀਆਂ ਅੱਖਾਂ ਦਾ ਤਾਰਾ ਸੀ ਜਿਸ ਅੰਦਰ ਉਸ ਦੇ ਸ਼ਿਕਾਰ ਤੂੜੀ ਵਾਂਗ ਤੜੇ ਹੋਏ ਸਨ। ਸ਼ਿਕਾਰ ਵੀ ਉਹ, ਜੋ ਉਸੇ ਕਬੀਲੇ ਦੇ ਵਾਰਸ ਸਨ, ਜਿਸ ਨੇ ਉਸ ਦੇ ਬਾਪ ਨੂੰ ਜ਼ਲਾਲਤ ਭਰੀ ਜ਼ਿੰਦਗੀ ਵੱਲ ਧੱਕਿਆ ਸੀ। ਉਸ ਦੀਆਂ ਵਹਿਸ਼ੀ ਅੱਖਾਂ 'ਚੋਂ ਖ਼ੂਨ ਉੱਤਰ ਆਇਆ। ਕੈਦਖ਼ਾਨੇ ਦੇ ਦਰਵਾਜ਼ੇ ਅੱਗੇ ਖਲੋ ਕੇ ਉਹ ਅਸਮਾਨ ਵੱਲ ਮੂੰਹ ਕਰ ਕੇ ਗਰਜ ਉੱਠਿਆ। ਅੰਗ ਅੰਗ ਵਿਚ ਜਸ਼ਨ ਦਾ ਨਗਾਰਾ ਵੱਜ ਰਿਹਾ ਸੀ।

ਉਹੀ ਜਸ਼ਨ ਜੋ ਸ਼ਾਹ ਮਹਿਲ 'ਚ ਰਾਤ ਦੇ ਹਨੇਰੇ ਨੂੰ ਟਿੱਚ ਜਾਣਦੀਆਂ ਮਸ਼ਾਲਾਂ ਦੀ ਰੌਸ਼ਨੀ ਵਿਚ ਮਨਾਇਆ ਜਾਣਾ ਸੀ। ਕਬੀਲੇ ਦੇ ਇਨ੍ਹਾਂ ਆਖ਼ਰੀ ਚਿਰਾਗ਼ਾਂ ਨੂੰ ਬੁਝਾਏ ਜਾਣ ਬਾਅਦ ਮਹਿਲ ਅੰਦਰ ਜਿੱਤ ਦੇ ਚਿਰਾਗ਼ ਜਲਾਏ ਜਾਣੇ ਸਨ। ਇਸ ਜਿੱਤ ਦੀ ਸਿਖਰ ਨੂੰ ਸਰ ਅੰਜਾਮ ਕਰਨ ਬਦਲੇ ਕਸਾਬ ਨੂੰ 'ਫ਼ਖ਼ਰ-ਏ-ਸਲਤਨਤ' ਦੇ ਖ਼ਿਤਾਬ ਨਾਲ ਨਿਵਾਜਿਆ ਜਾਣਾ ਸੀ। ਇਹ ਸੋਚ ਕੇ ਕਸਾਬ ਵਜਦ ਵਿਚ ਆ ਗਿਆ

"ਤਵਾਰੀਖ਼ ਵਿਚ ਪਹਿਲੀ ਵਾਰ ਕਿਸੇ ਜੱਲਾਦ ਨੂੰ ਫ਼ਖ਼ਰ-ਏ-ਸਲਤਨਤ ਦਾ ਖ਼ਿਤਾਬ ਨਸੀਬ ਹੋਵੇਗਾ।"

ਉਸ ਨੇ ਇਸ ਤਰ੍ਹਾਂ ਐਲਾਨ ਕੀਤਾ ਜਿਵੇਂ ਜੰਗਲ 'ਚ ਭਟਕਦੀਆਂ ਕਬੀਲੇ ਦੀਆਂ ਰੂਹਾਂ ਨੂੰ ਵੰਗਾਰ ਲੈ।"

ਪਖ਼ਾਨੇ ਤੇ ਪਿਸ਼ਾਬ ਦੀ ਗੰਦੀ ਬਦਬੂ ਨਾਲ ਉਸ ਦੇ ਨੱਕ ਨੂੰ ਖ਼ੁਰਕ ਜਿਹੀ ਛਿੜ ਗਈ। ਫਿਰ ਵੀ 'ਕੱਲੇ 'ਕੱਲੇ ਚਿਹਰੇ ਨੂੰ ਬੜੀ ਗਹੁ ਨਾਲ ਤੱਕਦਾ ਰਿਹਾ, ਜਿਵੇਂ ਗਿਣਤੀ ਕਰ ਰਿਹਾ ਹੋਵੇ। ਫਿਰ ਜਿਵੇਂ ਗਿਣਤੀ ਕਰਦਿਆਂ ਉਲਝ ਗਿਆ ਹੋਵੇ। ਸਿਰ ਝਟਕ ਕੇ ਦੁਬਾਰਾ ਬੇਰੌਣਕ ਚਿਹਰਿਆਂ ਨੂੰ ਘੋਖਣ ਲੱਗਦਾ। ਇਕ ਬੱਚੇ ਨੇ ਨਿੱਕੀ ਜਿਹੀ ਸਿਸਕੀ ਲਈ, ਜਿਵੇਂ ਸਦੀਆਂ ਤੋਂ ਸਮਾਧੀ 'ਤੇ ਬੈਠੇ ਸਾਧੂ ਦਾ ਧਿਆਨ ਭੰਗ ਹੋ ਗਿਆ ਹੋਵੇ। ਕਸਾਬ ਨੇ ਉਸ ਚਿਹਰੇ ਨੂੰ ਤਲਾਸ਼ਣਾ ਚਾਹਿਆ, ਪਰ ਐਨੀ ਵੱਡੀ ਭੀੜ 'ਚੋਂ ਕਿੱਥੋਂ ਲੱਭੇ।

"ਹੂੰ ... ਗੰਦਾ ਖ਼ੂਨ!"

ਸਿਰ ਝਟਕਦਿਆਂ ਉਸ ਨੇ ਗਾਲ੍ਹ ਕੱਢੀ। ਇਕ ਵੱਡੇ ਪੱਥਰ ਕੋਲ ਆ ਕੇ ਆਪਣੇ ਮੋਢੇ 'ਤੇ ਭੱਥੇਨੁਮਾ ਝੋਲੇ 'ਚੋਂ ਟਕੂਆ, ਕੁਹਾੜੀ, ਚਾਕੂ, ਤਲਵਾਰ ਤੇ ਹੋਰ ਨਿੱਕੇ ਨਿੱਕੇ ਹਥਿਆਰਾਂ ਨੂੰ ਘੋਖਦਿਆਂ ਇਕ ਅਹਿਰਨ ਬਾਹਰ ਕੱਢੀ। ਧਰਤੀ 'ਤੇ ਰੱਖ ਕੇ ਦਾਤਰ ਤਿੱਖਾ ਕਰਨ ਲੱਗ ਪਿਆ।

ਇਕ ਮਰੂ ਜਿਹਾ ਮਧਰੇ ਕੱਦ ਦਾ ਬੱਚਾ ਪਹਿਲਾਂ ਤਾਂ ਕਿੰਨਾ ਚਿਰ ਉਸ ਨੂੰ ਦਾਤਰ ਤਿੱਖੀ ਕਰਦਿਆਂ ਚੁੱਪ ਚਾਪ ਦੇਖਦਾ ਰਿਹਾ। ਫਿਰ ਉਸ ਦੇ ਚਿਹਰੇ 'ਤੇ ਦਿਲਚਸਪੀ ਉੱਭਰੀ। ਸ਼ਾਇਦ ਉਸ ਨੂੰ ਇੰਜ ਲੱਗਿਆ ਜਿਵੇਂ ਕਸਾਬ ਕਿਸੇ ਖਿਡੌਣੇ ਨਾਲ ਖੇਡ ਰਿਹਾ ਹੈ। ਉਹ ਹੌਲੀ ਹੌਲੀ ਦੱਬੇ ਪੈਰੀਂ ਕਸਾਬ ਕੋਲ ਆਇਆ ਤੇ ਝੋਲ਼ੇ ਦੀ ਫੋਲਾ-ਫਾਲੀ ਕਰਨ ਲੱਗਾ। ਝੋਲ਼ੇ ਦੀ ਖਰਰ ਖਰਰ ਨਾਲ ਕਸਾਬ ਦੀ ਬਿਰਤੀ ਟੁੱਟ ਗਈ। ਜਿਉਂ ਹੀ ਉਸ ਨੇ ਬੱਚੇ ਵੱਲੇ ਵੇਖਿਆ, ਬੱਚੇ ਨੇ ਝੋਲੇ 'ਚੋਂ ਕੱਢੀ ਨਿੱਕੀ ਛੁਰੀ ਉਸ ਵੱਲ ਵਧਾਈ, ਜਿਵੇਂ ਕਹਿ ਰਿਹਾ ਹੋਵੇ, "ਲੈ ਹੁਣ ਇਹਦੇ ਨਾਲ ਖੇਡ।"

ਕਸਾਬ ਨੇ ਛੁਰੀ ਖੋਹ ਕੇ ਝੋਲੇ 'ਚ ਪਾ ਦਿੱਤੀ।

> ਕੁਝ ਕੁ ਅਰਸੇ ਪਹਿਲਾਂ ਸਲਤਨਤ ਦੇ ਘਿਨੌਣੇ ਬਾਗ਼ੀ ਨੂੰ ਜ਼ੰਜੀਰਾਂ 'ਚ ਜਕੜ ਕੇ ਉਸ ਦੇ ਹਵਾਲੇ ਕੀਤਾ ਗਿਆ ਸੀ। ਕਸਾਬ ਨੂੰ ਬਾਕਾਇਦਾ ਤੌਰ 'ਤੇ ਦੱਸਿਆ ਗਿਆ ਸੀ ਕਿ ਇਹ ਉਹੀ ਕਬੀਲੇ ਦਾ ਗੰਦਾ ਖ਼ੂਨ ਐ, ਜਿਸ ਨੇ ਉਸ ਦੇ ਬਾਪ ਨੂੰ ਆਪਣੇ 'ਚੋਂ ਨਿਖੇੜ ਦਿੱਤਾ ਸੀ। ਇਹ ਕਾਫ਼ਰ ਸਿਰਫ਼ ਸਲਤਨਤ ਦਾ ਹੀ ਵੈਰੀ ਨਹੀਂ ਸੀ, ਬਲਕਿ ਕਸਾਬ ਦਾ ਜਾਤੀ ਦੁਸ਼ਮਣ ਵੀ ਸੀ। ਉਸ ਨੂੰ ਵੇਖਦਿਆਂ ਸਾਰ ਕਸਾਬ ਦੀਆਂ ਵਾਛਾਂ ਖਿੜ ਗਈਆਂ ਸਨ। ਪਰ ਉਹ ਤਾਂ ਟਸ ਤੋਂ ਮਸ ਵੀ ਨਹੀਂ ਹੋਇਆ। ਐਨਾ ਨਿਡਰ, ਬਹਾਦਰ ਤੇ ਜਾਂਬਾਜ਼ ਦੁਸ਼ਮਣ ਜ਼ਿੰਦਗੀ 'ਚ ਪਹਿਲੀ ਦਫ਼ਾ ਕਸਾਬ ਨੂੰ ਟੱਕਰਿਆ ਸੀ।
>
> ਕਸਾਬ ਦੀ ਤਾਕਤ ਦੀ ਗਰਮੀ ਪਹਿਲੀ ਵਾਰ ਇਸ ਚੱਟਾਨ ਅੱਗੇ ਲਾਚਾਰ ਹੋ ਗਈ ਜਾਪਦੀ ਸੀ। ਉਸ ਨੇ ਕਿਹੜਾ ਹਥਿਆਰ ਨਹੀਂ ਸੀ ਵਰਤਿਆ। ਉਸ ਦੇ ਸਰੀਰ ਦਾ ਕਿਹੜਾ ਅੰਗ ਸੀ, ਜੋ ਜ਼ਖ਼ਮੀ ਨਹੀਂ ਸੀ ਕੀਤਾ। ਉਹ ਕਿਹੜਾ ਹਥਕੰਡਾ ਸੀ, ਜੋ ਨਹੀਂ ਸੀ ਅਪਣਾਇਆ ਗਿਆ। ਕਬੀਲੇ ਦਾ ਖ਼ਾਲਸ ਖ਼ੂਨ ਉਸ ਦੀਆਂ ਰਗਾਂ 'ਚੋਂ ਝਰਨਿਆਂ ਵਾਂਗ ਫੁੱਟ ਰਿਹਾ ਸੀ। ਕਿਸੇ ਵੀ ਕਤਰੇ 'ਚ ਡਰ ਜਾਂ ਪਛਤਾਵਾ ਨਹੀਂ ਸੀ ਸਗੋਂ ਸੂਰਵੀਰਤਾ ਸੀ, ਸ੍ਵੈਮਾਨ ਸੀ।

ਰਿਹਾ ਹੋਵੇ। ਹਵਾ ਦੇ ਤੇਜ਼ ਝੌਂਕੇ ਨਾਲ ਜੰਗਲ ਵਿਚ ਮੱਧਮ ਜਿਹੀ ਹਰਕਤ ਹੋਈ, ਜਿਵੇਂ ਰੂਹਾਂ ਨੇ ਆਪਸ ਵਿਚ ਘੁਸਰ ਮੁਸਰ ਕੀਤੀ ਹੋਵੇ।

ਇੰਤਕਾਮ ਦੀ ਭੱਠੀ 'ਚ ਤਪਦਿਆਂ ਉਸ ਨੇ ਦਰਵਾਜ਼ੇ ਨੂੰ ਲੱਤ ਮਾਰੀ ਤੇ ਫੜਾਕ ਦਿਣੇ ਦਰਵਾਜ਼ਾ ਚਪਾਟ ਖੁੱਲ੍ਹ ਗਿਆ। ਅੰਦਰ ਚੁੱਪ ਸੀ ਜਾਂ ਮੌਤ, ਕੋਈ ਫ਼ਰਕ ਨਹੀਂ ਸੀ। ਕਿੰਨੀਆਂ ਹੀ ਅੱਖਾਂ ਬੁੱਝੀਆਂ ਬੁੱਝੀਆਂ ਤੇ ਸੱਖਣੀਆਂ ਸੱਖਣੀਆਂ ਕਸਾਬ 'ਤੇ ਪਈਆਂ। ਅੰਦਰ ਭਾਵੇਂ ਹਨੇਰਾ ਸੀ। ਬਾਹਰ ਦੀ ਰੌਸ਼ਨੀ ਪੈਣ ਨਾਲ ਅੰਦਰ ਕੁਝ ਵੀ ਅਸਪਸ਼ਟ ਨਹੀਂ ਸੀ। ਆਪਣੇ ਸ਼ਿਕਾਰਾਂ ਨੂੰ ਰੋਅਬ ਨਾਲ ਘੂਰਦਿਆਂ ਉਸ ਨੇ ਪਾਸੇ ਥੁੱਕ ਦਿੱਤਾ।

"ਹਰਾਮਖ਼ੋਰ!"

ਬਾਕੀ ਗਾਲ੍ਹ ਉਸ ਦੇ ਗਲੇ ਦੀ ਥੁੱਕ ਨਾਲ ਅਭੇਦ ਹੋ ਗਈ। ਫਿਰ ਉਸ ਨੇ ਮਸ਼ਾਲ ਜਗਾਈ। ਇਕ... ਦੋ... ਤਿੰਨ... ਤੇ ਫਿਰ ਕਿੰਨੀਆਂ ਮਸ਼ਾਲਾਂ ਜਗਣ ਨਾਲ ਕੈਦਖ਼ਾਨੇ ਦੇ ਕੋਨੇ ਕੋਨੇ ਤੱਕ ਰੌਸ਼ਨੀ ਪਸਰ ਗਈ। ਕਿੰਨੇ ਹੀ ਚਿਹਰੇ ਸਨ, ਪਰ ਚਿਹਰਿਆਂ ਅੰਦਰ ਕੁਝ ਵੀ ਨਹੀਂ ਸੀ। ਨਾ ਜ਼ਿੰਦਗੀ, ਨਾ ਮੌਤ, ਨਾ ਡਰ। ਹਾਂ, ਸਭ ਦੇ ਗਲ਼ਾਂ 'ਚ ਸਹਿਮ ਜਿਵੇਂ ਧਸ ਗਿਆ ਸੀ। ਅੱਧ ਨੰਗੇ ਸਰੀਰਾਂ ਉੱਪਰ ਮੈਲ ਤੋਂ ਇਲਾਵਾ ਝਰੀਟਾਂ ਵੀ ਸਨ। ਕਈਆਂ ਦੇ ਤਾਜ਼ੇ ਜ਼ਖ਼ਮ ਸੁੱਕੇ ਹੋਏ ਸਨ। ਪਿੰਡਿਆਂ 'ਤੇ ਲਾਸਾਂ ਸਨ। ਅੱਖਾਂ ਦੁਆਲੇ ਸਿੱਕਰੀ ਜੰਮੀ ਹੋਈ ਸੀ, ਜਿਵੇਂ ਕਈ ਰਾਤਾਂ ਦੇ ਉਨੀਂਦਰੇ ਹੋਣ। ਵਧੇ ਹੋਏ ਨਹੁੰਆਂ ਵਿਚ ਮਿੱਟੀ ਧਸੀ ਹੋਈ ਸੀ ਤੇ ਪੈਰਾਂ ਦੀਆਂ ਬਿਆਈਆਂ ਫਟੀਆਂ ਹੋਈਆਂ ਸਨ।

ਕਸਾਬ ਆਪਣੇ ਦਾਤਰ ਦੀ ਨੋਕ 'ਤੇ ਉਂਗਲ ਫੇਰਦਿਆਂ ਬੱਚਿਆਂ ਦੇ ਨਜ਼ਦੀਕ ਆਇਆ। ਬੱਚੇ ਮਹਿਜ਼ ਵੇਖ ਰਹੇ ਸਨ। ਜਿਵੇਂ ਕਹਿ ਰਹੇ ਹੋਣ, "ਲੱਖਾਂ ਧਾੜਵੀਆਂ ਦੀ ਹਨੇਰ ਗਰਦੀ ਤੋਂ ਬਾਅਦ ਤੇਰੇ ਇਕ ਦੇ ਆਉਣ ਨਾਲ ਕੋਈ ਫ਼ਰਕ ਨਹੀਂ ਪੈਣਾ। ਆ ... ਆ ਕੇ ਤੂੰ ਵੀ ਆਪਣੀ ਵਹਿਸ਼ਤ ਦੇ ਜੌਹਰ ਵਿਖਾ "ਹੱਟ।" ਉਸ ਨੇ ਬੱਚੇ ਨੂੰ ਘੂਰਿਆ। ਤੇ ਫਿਰ ਦਾਤਰ ਤਿੱਖਾ ਕਰਨ ਵਿਚ ਵਿਅਸਤ ਹੋ ਗਿਆ। ਦਾਤਰ ਦੀ ਤੇਜ਼ਧਾਰ ਤੋਂ ਉਸ ਦੇ ਖ਼ਿਆਲਾਤ ਕਲਪਨਾ ਦੇ ਘੋੜੇ ਸਵਾਰ ਹੋ ਗਏ।

"ਸ਼ਾਹੀ ਮਹਿਲ ਖ਼ੂਬ ਸਜਾਇਆ ਹੋਇਆ ਹੈ। ਕਿਤੇ ਜਾਮ ਟਕਰਾ ਰਹੇ ਹਨ। ਮਹਿਫ਼ਲਾਂ ਵਿਚ ਸ਼ਰਾਬ ਤੇ ਸ਼ਬਾਬ ਨੇ ਰੰਗ ਬੰਨ੍ਹੇ ਹੋਏ ਹਨ। ਮੁਜਰੇ 'ਤੇ ਹੁਸੀਨ ਅਦਾਵਾਂ ਵੇਖ ਕੇ ਸਾਰੇ ਅਮੀਰ ਵਜ਼ੀਰ ਅਸ਼ ਅਸ਼ ਕਰ ਉੱਠੇ ਹਨ। ਬਹੁਤੇ ਅਹਿਲਕਾਰਾਂ ਦੇ ਮਨਾਂ ਅੰਦਰ ਈਰਖਾ ਮਚਲ ਰਹੀ ਹੈ। ਅਨੇਕਾਂ ਨਜ਼ਰਾਂ 'ਫ਼ਖ਼ਰ-ਏ-ਸਲਤਨਤ' ਦਾ ਖ਼ਿਤਾਬ ਹਾਸਲ ਕਰਨ ਵਾਲੇ ਸਜ ਧਜ ਕੇ ਬੈਠੇ ਕਸਾਬ 'ਤੇ ਗੱਡੀਆਂ ਹੋਈਆਂ ਹਨ। ਅਖ਼ੀਰ ਭਰੀ ਮਜਲਸ ਵਿਚ ਸ਼ਹਿਨਸ਼ਾਹ ਵਲੋਂ ਖ਼ਿਤਾਬ ਦਾ ਐਲਾਨ ਕੀਤਾ ਜਾਂਦਾ ਹੈ। ਤਾੜੀਆਂ, ਨਾਅਰਿਆਂ ਨਾਲ ਕਸਾਬ ਦੇ ਸਿਰ ਤੇ 'ਫ਼ਖ਼ਰ-ਏ-ਸਲਤਨਤ' ਦਾ ਖ਼ਿਤਾਬ ਪਹਿਨਾਇਆ ਜਾਂਦਾ ਹੈ।"

ਇੰਨੇ ਨੂੰ ਕਸਾਬ ਦੇ ਡੌਲੇ 'ਚ ਤਿੱਖੀ ਚੋਭ ਵੱਜੀ। ਖ਼ਿਤਾਬ ਜਿਵੇਂ ਧਰਤੀ 'ਤੇ ਡਿੱਗ ਪਿਆ। ਉਹ ਭੜਕ ਉੱਠਿਆ। ਅਸਲ 'ਚ ਜਦੋਂ ਕਸਾਬ ਹਵਾਈ ਕਿਲ੍ਹੇ ਉਸਾਰਨ 'ਚ ਮਗਨ ਸੀ, ਤਾਂ ਬੱਚਾ ਵਾਰ-ਵਾਰ ਉਸ ਵੱਲ ਛੁਰੀ ਵਧਾ ਰਿਹਾ ਸੀ। ਜਦੋਂ ਕਸਾਬ ਨੇ ਬੱਚੇ ਵੱਲ ਧਿਆਨ ਨਾ ਦਿੱਤਾ ਤਾਂ ਤੈਸ਼ 'ਚ ਆ ਕੇ ਛੁਰੀ ਦੀ ਨੋਕ ਉਸ ਦੇ ਡੌਲੇ 'ਚ ਚੋਭ ਦਿੱਤੀ। ਜਿਸ ਨਾਲ ਉਸ ਦੇ ਸੱਜੇ ਹੱਥ ਦੀ ਉਂਗਲ ਅਹਿਰਨ ਤੇ ਦਾਤਰ ਦੀ ਨੋਕ ਵਿਚਕਾਰ ਆ ਗਈ ਤੇ ਅੱਧੀ ਕੱਟੀ ਗਈ।

ਦੂਰ ਬੈਠੇ ਬੱਚੇ ਇਹ ਸਭ ਬੜੀ ਦਿਲਚਸਪੀ ਨਾਲ ਵੇਖ ਰਹੇ ਸਨ। ਕਸਾਬ ਦੀ ਇਸ ਹਾਲਤ ਤੇ ਸਾਰੇ ਖਿੜ ਖਿੜਾ ਕੇ ਹੱਸ ਪਏ।

ਕਸਾਬ ਦੀ ਉਂਗਲ 'ਚੋਂ ਪਰਲ ਪਰਲ ਖ਼ੂਨ ਵਹਿ ਪਿਆ। ਇਕ ਵਾਰ ਤਾਂ ਉਸ ਦਾ ਮਨ ਕੀਤਾ ਕਿ ਇਸੇ ਛੁਰੀ ਨਾਲ ਬੱਚੇ ਦੀ ਵੱਖੀ ਪਾੜ ਸੁੱਟੇ। ਪਰ ਨਹੀਂ। ਬੜੇ ਲੰਮੇ ਅਰਸੇ ਤੋਂ ਉਸ ਨੇ ਕਿਸੇ ਨੂੰ ਰੀਝ ਨਾਲ ਨਹੀਂ ਸੀ ਕਤਲ ਕੀਤਾ।

"ਤੈਨੂੰ ਤਾਂ ਐਸਾ ਹੱਥ ਵਿਖਾਂਵਾਂਗਾ ਕਿ ਧਰਤੀ ਹੇਠਲਾ ਬਲਦ ਕੰਬ ਉੱਠੇ।"

ਉਸ ਨੇ ਕਚੀਚੀ ਵੱਟੀ। ਖ਼ੂਨ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਆਪਣੇ ਝੋਲ਼ੇ 'ਚੋਂ ਟਾਕੀ ਲੱਭਣ ਲਈ ਫੋਲਾ ਫਾਲੀ ਕਰਨ ਲੱਗਾ। ਬੱਚਾ ਪਹਿਲਾਂ ਤਾਂ ਉਸ ਦੀ ਲਾਚਾਰਗੀ 'ਤੇ ਹੱਸਦਾ ਰਿਹਾ। ਪਰ ਜਿਉਂ ਹੀ ਉਂਗਲ 'ਚੋਂ ਖ਼ੂਨ ਵਹਿੰਦਾ ਵੇਖਿਆ, ਤਾਂ ਉਸ ਤੋਂ ਰਿਹਾ ਨਾ ਗਿਆ।

ਕਸਾਬ ਦੀ ਉਂਗਲ ਨੂੰ ਆਪਣੇ ਹੱਥਾਂ 'ਚ ਲੈ ਕੇ ਕੋਸੀਆਂ ਕੋਸੀਆਂ ਫੂਕਾਂ ਮਾਰਨ ਲੱਗ ਪਿਆ, ਜਿਵੇਂ ਅੱਗ ਬੁਝਾ ਰਿਹਾ ਹੋਵੇ। ਜਿਉਂ ਜਿਉਂ ਬੱਚਾ ਫੂਕਾਂ ਮਾਰ ਰਿਹਾ ਸੀ। ਕਸਾਬ ਦੇ ਹੱਥਾਂ 'ਤੇ ਸੈਂਕੜੇ ਮਣਾਂ ਭਾਰ ਪੈ ਰਿਹਾ ਸੀ। ਉਂਗਲ ਤੋਂ ਬਾਂਹ ਵੱਲ ਤੇ ਬਾਂਹ ਤੋਂ ਸਾਰੇ ਸਰੀਰ 'ਚੋਂ ਹੁੰਦਿਆਂ ਭੂਚਾਲ ਉਸ ਦੇ ਸਿਰ ਨੂੰ ਚੜ੍ਹ ਗਿਆ। ਕਸਾਬ ਲਈ ਫੂਕਾਂ ਨਹੀਂ, ਬਲਕਿ ਅੱਗ ਦੇ ਭਬੂਕੇ ਸਨ, ਜਿਸ ਵਿਚ ਉਹ ਝੁਲਸ ਰਿਹਾ ਸੀ। ਜ਼ਿੰਦਗੀ 'ਚ ਪਹਿਲੀ ਦਫ਼ਾ ਏਨੇ ਖ਼ਤਰਨਾਕ ਦੌਰ 'ਚੋਂ ਗੁਜ਼ਰਦਿਆਂ ਕਿਸੇ ਖ਼ੌਫ਼ਨਾਕ ਵਾਵਰੋਲੇ 'ਚ ਘਿਰ ਗਿਆ ਜਾਪਦਾ ਸੀ। ਕਦੇ ਉਹ ਬੱਚੇ ਵੱਲ ਵੇਖਦਾ, ਕਦੇ ਆਪਣੇ ਗਾੜ੍ਹੇ ਖ਼ੂਨ ਵੱਲ। ਉਸ ਦੇ ਆਪਣੇ ਖ਼ੂਨ 'ਚੋਂ ਵੀ ਉਹੀ ਬਦਬੂ ਆਉਣ ਲੱਗੀ, ਜਿਹੜੀ ਉਸ ਨੌਜਵਾਨ 'ਚੋਂ ਆਈ ਸੀ। ਕਦੇ ਦੈਂਤ ਵਰਗਾ ਨੌਜਵਾਨ ਉਸ ਦੀਆਂ ਅੱਖਾਂ ਸਾਹਮਣੇ ਆ ਖੜ੍ਹਦਾ ਤੇ ਕਦੇ ਉਸ ਨੂੰ ਬਾਪ ਦੀ ਜ਼ਲਾਲਤ ਭਰੀ ਜ਼ਿੰਦਗੀ ਦਾ ਖ਼ਿਆਲ ਆਉਂਦਾ।

ਛਿਣਾਂ, ਪਲਾਂ ਵਿਚ ਸਭ ਕੁਝ ਏਨੀ ਤੇਜ਼ੀ ਨਾਲ ਵਾਪਰ ਗਿਆ ਕਿ ਉਹ ਧੁਰ ਅੰਦਰੋਂ ਝੁੰਜਲਾ ਗਿਆ। ਬੱਚੇ ਦੀਆਂ ਅੱਖਾਂ 'ਚ ਵੇਖਣ ਦੀ ਹੀਲੋ ਹੁੱਜਤ ਕਰਦਾ ਤਾਂ ਸੂਰਜ ਦਾ ਸਾਹਮਣਾ ਕਰਨ ਵਾਂਗ ਅਸਫਲ ਹੋ ਜਾਂਦਾ। ਹਜ਼ਾਰਾਂ ਬੱਚਿਆਂ ਦੇ ਨਹੁੰ ਆਪਣੇ ਵੱਲ ਵਧਦੇ ਪ੍ਰਤੀਤ ਹੋਏ। ਇਕੋ ਝਟਕੇ ਨਾਲ ਉਹ ਪਿੱਛੇ ਹਟ ਗਿਆ। ਆਖ਼ਰ ਹੋਇਆ ਕੀ ਸੀ? ਉਸ ਦੇ ਖ਼ਿਆਲਾਤ, ਹੰਕਾਰ, ਇੰਤਕਾਮ, ਦਹਿਸ਼ਤ, ਵਹਿਸ਼ਤ, ਨੌਜਵਾਨ, ਬਾਪ ਤੇ ਬੱਚਿਆਂ ਦੇ ਚਿਹਰੇ ਉਸ ਦੀਆਂ ਰਗਾਂ ਅੰਦਰ ਦਾਖ਼ਲ ਹੋ ਗਏ ਸਨ ਤੇ ਸਿਰ ਵੱਲ ਨੂੰ ਤੇਜ਼ ਰਫ਼ਤਾਰ ਦੌੜ ਰਹੇ ਸਨ। ਚੰਦ ਪਲਾਂ 'ਚ ਹੀ ਉਸ ਦਾ ਸਿਰ ਫਟਣ ਵਾਲਾ ਸੀ। ਉਹ ਚੀਕ ਉੱਠਿਆ। ਭੂਰੀਆਂ ਜਟਾਵਾਂ ਨੂੰ ਪੁੱਟਣ ਲੱਗਾ, ਕੱਪੜੇ ਪਾੜ ਸੁੱਟੇ। ਬੱਚਿਆਂ ਲਈ ਜਿਵੇਂ ਉਹ ਖਿਡੌਣਾ ਜਿਹਾ ਬਣ ਗਿਆ ਸੀ। ਪਿੰਜਰੇ 'ਚ ਕੈਦ ਲਾਚਾਰ, ਭੁੱਖੇ ਤੇ ਬਿਮਾਰ ਸ਼ੇਰ ਵਾਂਗ ਉਹ ਤਿਲਮਿਲਾ ਰਿਹਾ ਸੀ।

ਫਿਰ ਇਕਦਮ ਜਿਵੇਂ ਅੱਗ ਦੇ ਭਾਂਬੜ 'ਤੇ ਮੱਠੀਆਂ ਮੱਠੀਆਂ ਕਣੀਆਂ ਪੈਣ ਲੱਗ ਪਈਆਂ। ਚਿਹਰੇ ਸਪਸ਼ਟ ਹੋਣ ਲੱਗੇ। ਉਸ ਦਾ ਬਾਪ, ਨੌਜਵਾਨ ਤੇ ਬੱਚੇ ਸਭ ਇਕਮਿਕ ਹੋ ਗਏ। ਕਸਾਬ ਨੇ ਖ਼ੂਨ ਦੀ ਬਦਬੂ ਨੂੰ ਸੁੰਘਿਆ ਤੇ ਕੈਦਖ਼ਾਨੇ 'ਚੋਂ ਦੌੜ ਗਿਆ।

ਬਾਹਰ ਜੰਗਲ ਵਿਚ ਕਹਿਰ ਦਾ ਤੂਫ਼ਾਨ ਉੱਠਿਆ। ਮਾਰੂਥਲ 'ਚੋਂ ਉੱਡੀ ਧੂੜ ਜੰਗਲ 'ਚ ਘੁਸਪੈਠ ਕਰ ਗਈ। ਕੈਦਖ਼ਾਨੇ 'ਚੋਂ ਇਕ... ਦੋ ... ਤਿੰਨ ... ਤੇ ਫਿਰ ਸਾਰੀਆਂ ਮਸ਼ਾਲਾਂ ਬੁਝ ਗਈਆਂ। ਗਰਜਦੀ ਬਿਜਲੀ ਨੇ ਬੱਦਲਾਂ ਦੀ ਹਿੱਕ ਪਾੜ ਦਿੱਤੀ। ਸੱਚਮੁੱਚ ਹੀ ਧਰਤੀ ਹੇਠਲਾ ਬਲਦ ਕੰਬ ਉੱਠਿਆ ਸੀ। ਅਸਮਾਨ 'ਚੋਂ ਸੁੱਤੀਆਂ ਰੂਹਾਂ 'ਚ ਜਿਵੇਂ ਹਫੜਾ-ਦਫੜੀ ਮੱਚ ਗਈ। ਮੀਂਹ ਹਨੇਰੀ ਤੇ ਗੜੇਮਾਰੀ ਨੇ ਜੰਗਲ ਨੂੰ ਗਿੱਚੀਓਂ ਫੜ ਕੇ ਝੰਜੋੜ ਦਿੱਤਾ। ਸੂਰਜ ਦੀ ਪਹਿਲੀ ਕਿਰਨ ਨੇ ਧਰਤੀ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ। ਸੰਘਣੀ ਝਾੜੀ 'ਚੋਂ ਇਕ ਬੋਟ ਨੇ ਸਹਿਮੀ ਜਿਹੀ ਅੰਗੜਾਈ ਲਈ। ਇਕ ਜ਼ਖ਼ਮੀ ਕਾਂ ਪਤਾ ਨਹੀਂ ਕਿਧਰੋਂ ਆ ਟਪਕਿਆ। ਫਿਰ ਅਚਾਨਕ ਜੰਗਲ ਦੀ ਛੱਤ ਤੋਂ ਹਜ਼ਾਰਾਂ ਪੰਛੀ ਉਡਾਰੀ ਮਾਰ ਗਏ। ਇਹ ਉਡਾਰੀ ਸੁਭਾਵਕ ਨਹੀਂ ਸੀ। ਕਿਸੇ ਗੰਭੀਰ ਖ਼ਤਰੇ ਦਾ ਸੰਕੇਤ ਸੀ।

ਪਹਾੜੀ ਦੀ ਪਿੱਠ ਪਿੱਛੋਂ ਕਮਾਨਾਂ 'ਚੋਂ ਨਿਕਲੇ ਤੀਰ ਜੰਗਲ ਦੀ ਛਾਤੀ ਨੂੰ ਵਿੰਨ੍ਹ ਗਏ। ਕਾਪਿਆਂ, ਕਟਾਰਾਂ, ਦਾਤਰਾਂ ਤੇ ਨੇਜ਼ਿਆਂ ਨਾਲ ਜੰਗਲ ਦਾ ਚੱਪਾ ਚੱਪਾ ਛਾਣਿਆਂ ਜਾਣ ਲੱਗਾ। ਦੂਰ ਮਾਰੂਥਲ ਵਿਚ ਊਠਾਂ ਦੇ ਪੈਰਾਂ ਨਾਲ ਧੂੜ ਅਸਮਾਨੀ ਬੱਦਲਾਂ ਵਾਂਗ ਗਸ਼ਤ ਕਰਨ ਲੱਗੀ। ਘੋੜਿਆਂ ਦੀ ਦਗੜ ਦਗੜ ਨੇ ਸ਼ਹਿਰਾਂ, ਕਸਬਿਆਂ, ਪਿੰਡਾਂ ਤੇ ਘਰਾਂ 'ਚ ਉਂਘਦੇ ਲੋਕਾਂ ਦੀ ਨੀਂਦ ਭੰਗ ਕਰ ਦਿੱਤੀ। ਸੁਰ ਵਾਂਗ ਰੀਂਗਦੇ ਸਿਪਾਹੀ ਘਰਾਂ, ਕੋਨਿਆਂ, ਗਲੀਆਂ, ਜੰਗਲਾਂ ਤੇ ਮਾਰੂਥਲਾਂ ਦੀ ਤਲਾਸ਼ੀ ਲੈਣ ਲੱਗੇ।

"ਆਖ਼ਰ ਹੋਇਆ ਕੀ ਐ?"

ਕਿਸੇ ਧੌਲ ਦਾੜ੍ਹੀਏ ਬਜ਼ੁਰਗ ਨੇ ਸਹਿਮਿਆ ਜਿਹਾ ਸਵਾਲ ਕੀਤਾ।

ਇਹ ਸੁਣ ਕੇ ਕਾਲੇ ਕਲੂਟੇ ਭੱਦੇ ਸਿਪਾਹੀ ਦੀਆਂ ਨਸਾਂ ਤਣ ਗਈਆਂ ਤੇ ਖਰ੍ਹਵੀ ਆਵਾਜ਼ ਵਿਚ ਗਰਜ ਉੱਠਿਆ, "ਬਾਗ਼ੀ ਨੇ ਰਾਤ ਦੇ ਹਨੇਰੇ 'ਚ ਸੰਨ੍ਹ ਲਾ ਕੇ ਸ਼ਹਿਨਸ਼ਾਹ ਦਾ ਕਤਲ ਕਰ ਦਿੱਤੈ।"

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 587-879-7404 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਰ ਦੀ ਲੋੜ

ਜੱਟ ਸਿੱਖ ਬੱਲ 27 ਸਾਲ 5'-5", ਪੜ੍ਹੀ ਲਿਖੀ ਸੁੰਦਰ ਕਨੇਡੀਅਨ ਇਮੀਗਰਾਂਟ ਲੜਕੀ ਵਾਸਤੇ ਯੋਗ, ਵੈਸ਼ਨੂੰ, ਖਾਨਦਾਨੀ, ਪੜ੍ਹੇ-ਲਿਖੇ ਸੁੰਦਰ ਲੜਕੇ ਦੀ ਲੋੜ ਹੈ। ਵਿੰਨੀਪੈਗ ਰਹਿੰਦੇ ਲੜਕਿਆਂ ਲਈ ਪਹਿਲ। ਹੋਰ ਜਾਣਕਾਰੀ ਲਈ sunshinewin1985@gmail.com ਜਾਂ 204-480-7777 ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen Jatt Sikh Sekhon 35yrs 5-10" well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, 94171-88904.

## ਕੰਨਿਆ ਦੀ ਲੋੜ

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

# Classified **Plus**

## change of name

I, Surinder Kaur Vinepal 1715-65 Street, Edmonton, Alberta T6L 1N1 Canada. I hereby authorize Barjinder Singh Hamrad to publish in AJIT NEWS PAPER, my name change, By adding my surname as Venipal. It should read as from Surinder Kaur to Surinder Kaur Vinipal. I futher authorize him to sign all documents to effect the same and is authorized to collect all documents on my behalf.

## House for Sale by POWAR Home Ltd in Diamond State Leduc County

1. 3200 Sq Ft. with finished walk out basement (one bedroom, one thither room, kitchen), fully finish triple ground hearted, two AC., 2 Tank, 4 Bed, 3 washroom. Two kitchen . $7,49,900 .
2. 2750 Sq Ft 4 Bed 4 washroom, main Den Full non row, fully deny leaving room. $5,79,900.
3. 2000 Sq Ft Trible garage, 3 bed , 2.5 washroom + Den. $ 489,900 .
4. 7200 Sq Ft 5 bed, 5 washroom, leaving form den dining, fleet roof, triple garage. $2.2 M

Call : RANJIT POWAR
**780-695-6595**

## Lot for sale

Lot for sale in Royal Oakes (Beaumont), 54 pocket size and 185 feet deep (1/4 acre) $ 305,000 call 780-803-8081

## House for Sale

Brand New 2243 sq. ft. sing detached 2 Story home with includes: big window, 2 fire place and double attached garage for sale, for more information please call Anil Jain 780-245-0351




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

**Laddi Padda Realtor**

PROFESSIONAL
REALTY GROUP

Medallio Award Winner 2012

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ
ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
**Laddi Padda**



MLS MULTIPLE LISTING SERVICE
REALTOR

Cell: 780-667-6767

9222-51 Avenue, Edmonton, AB T6E 5L8
Phone : 780-439-9818, Fax : 780-439-1257

# ਚੇਤਨਾ ਦਾ ਬਜ਼ਾਰੀਕਰਨ



**ਜੈਰੀ ਮੰਦਰ**



ਸੰਸਾਰ ਦੇ ਜ਼ਰ੍ਹੇ-ਜ਼ਰ੍ਹੇ 'ਤੇ ਅੱਜ ਬਾਜ਼ਾਰ ਦੀ ਲੋਟੂ ਨਜ਼ਰ ਹੈ। ਬਾਜ਼ਾਰ ਦੀ ਇਸ ਇੱਲ ਅੱਖ ਨੇ ਅਜਿਹਾ ਜਾਲ ਵਿਛਾ ਦਿੱਤਾ ਹੈ ਜਿਸ ਵਿਚ ਦੁਨੀਆ ਦਾ ਹਰ ਆਮ ਨਾਗਰਿਕ ਅਚੇਤ-ਸੁਚੇਤ ਫਸਦਾ ਜਾ ਰਿਹਾ ਹੈ। ਪ੍ਰਸਿੱਧ ਚਿੰਤਕ ਜੈਰੀ ਮੰਦਰ ਦਾ ਇਹ ਲੰਮਾ ਲੇਖਕ ਬਾਜ਼ਾਰ ਦੀਆਂ ਸੂਖ਼ਮ ਪਰ ਲੋਟੂ ਤੰਦਾਂ ਦੀ ਬਾਖ਼ੂਬੀ ਪਛਾਣ ਕਰ ਰਿਹਾ ਹੈ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਕੁਮਾਰ ਸੁਸ਼ੀਲ ਨੇ ਇਸ ਲੇਖਕ ਨੂੰ ਉਲਥਾਇਆ ਹੈ। ਪਾਠਕਾਂ ਦੀ ਨਜ਼ਰ ਹੈ, ਇਸ ਲੜੀਵਾਰ ਲੇਖ ਦੀ ਪਹਿਲੀ ਕਿਸ਼ਤ। - ਸੰਪਾਦਕ

ਕੀ ਇਸ਼ਤਿਹਾਰ ਕਾਨੂੰਨੀ ਹੈ? ਬਹੁਗਿਣਤੀ ਲੋਕਾਂ ਦਾ ਮੰਨਣਾ ਹੈ ਕਿ ਇਸ਼ਤਿਹਾਰ ਸਾਡੀ ਜ਼ਿੰਦਗੀ ਅਤੇ ਸੋਚ ਉਤੇ ਸਾਡੀ ਮਰਜ਼ੀ ਤੋਂ ਬਿਨਾਂ ਦਖਲਅੰਦਾਜ਼ੀ ਹੀ ਨਹੀਂ ਕਰਦਾ ਸਗੋਂ ਸਾਡੀ ਜਾਤੀ ਜ਼ਿੰਦਗੀ ਉਤੇ ਹਮਲਾ ਵੀ ਕਰਦਾ ਹੈ। ਫੇਰ ਵੀ ਬਿਨਾਂ ਅਗਬਬੂਲੇ ਹੋਏ ਅਸੀਂ ਇਸ ਬਾਰੇ ਸੁਚੇਤ ਹੋ ਸਕਦੇ ਹਾਂ, ਇਹ ਤੱਥ ਸਾਡੀ ਹੁਕਮਬਰਦਾਰੀ ਵੱਲ ਇਸ਼ਾਰਾ ਕਰਦੇ ਹਨ। ਇਸ਼ਤਿਹਾਰ ਅਤੇ ਸੱਤਾ ਦੇ ਸਬੰਧਾਂ ਬਾਰੇ ਨਾ ਮਾਤਰ ਗੱਲ ਹੀ ਹੋਈ ਹੈ। ਹਾਲਾਂਕਿ ਇਹ ਸਬੰਧ ਭ੍ਰਿਸ਼ਟਾਚਾਰ ਦੇ ਦਲਦਲ ਵਿਚ ਡੁੱਬੇ ਹੋਏ ਹਨ। ਫਿਰ ਵੀ ਕੁਝ ਲੋਕ ਇਸ ਬਾਰੇ ਬੋਲਣ ਤੇ ਸੁਣਨ ਦੀ ਹਿੰਮਤ ਰੱਖਦੇ ਹਨ।

ਏ.ਜੇ. ਲਿਵਲਿੰਗ ਦਾ ਮਸ਼ਹੂਰ ਕਥਨ ਹੈ "ਪ੍ਰੈਸ ਦੀ ਅਜ਼ਾਦੀ ਲਾਜ਼ਮੀ ਮਿਲੇਗੀ ; ਪਰ ਜੇ ਕਰ ਤੁਸੀਂ ਇਸ ਦੇ ਮਾਲਕ ਹੋਵੋਂ।" ਵਿਚਾਰ ਰੱਖਣ ਦੀ ਅਜ਼ਾਦੀ ਵੀ ਲਾਜ਼ਮੀ ਮਿਲੇਗੀ ਪਰ ਜੇਕਰ ਤੁਸੀਂ ਕੁਝ ਅਰਬ ਡਾਲਰ ਖਰਚ ਕਰ ਕੇ ਪ੍ਰਭਾਵਸ਼ਾਲੀ ਮੀਡੀਆ ਪੈਂਤੜੇਬਾਜ਼ੀ ਕਰਨਯੋਗ ਹੋ। ਮੰਚਾਂ ਤੇ ਦਿੱਤੇ ਗਏ ਲੱਛੇਦਾਰ ਭਾਸ਼ਣ ਖਲਕਤ ਨੂੰ ਲੰਬੇ ਸਮੇਂ ਤੱਕ ਫਸਾ ਨਹੀਂ ਸਕਦੇ। ਇਸ਼ਤਿਹਾਰ ਆਪਣੀ ਲਾਗਤ ਨਾਲੋਂ ਕਈ ਗੁਣਾਂ, ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ। ਇਸ਼ਤਿਹਾਰ ਦਾ ਅਸਲੀ ਚਰਿਤਰ ਉਸ ਚਲਦੀ ਫਿਰਦੀ ਤਸਵੀਰ ਵਿਚ ਹੈ, ਜੋ ਦਰਸ਼ਕ ਨੂੰ ਘੰਟੇਬੱਧੀ ਆਪਣੇ ਚੱਕਰ ਵਿਚ ਫਸਾਈ ਰੱਖਦੀ ਹੈ। ਇਤਿਹਾਸ ਵਿਚ ਅਸੀਂ ਇਸ ਤਰ੍ਹਾਂ ਦੀ ਸਥਿਤੀ ਨਾਲ ਪਹਿਲੀ ਵਾਰ ਦੋ ਚਾਰ ਹੋ ਰਹੇ ਹਾਂ' ਜੋ ਸਾਡੀ ਚੇਤਨਾ ਤੇ ਇਸ ਤਰ੍ਹਾਂ ਦਾ ਹਮਲਾ ਕਰਦੀ ਹੈ। ਬਾਵਜੂਦ ਇੰਟਰਨੈੱਟ ਯੁੱਗ ਦੇ; ਟੈਲੀਵਿਜ਼ਨ ਅਤੇ ਇਸ਼ਤਿਹਾਰ ਦੀ ਚੜ੍ਹਤ ਵਿਚ ਕੋਈ ਘਾਟ ਨਹੀਂ ਆਈ; ਚਾਹੇ ਉਹ ਮਸਲਾ ਜਾਂਚ ਪੜਤਾਲ ਦਾ ਹੋਵੇ ਜਾਂ ਬਹਿਸ-ਮੁਬਾਸੇ ਦਾ।

ਇਸ਼ਤਿਹਾਰ ਪੇਸ਼ੇ ਵਿਚ ਕੰਮ ਕਰਨ ਦੇ ਮੁਢਲੇ ਦਿਨਾਂ ਵਿਚ ਹੀ ਮੈਨੂੰ ਇਹ ਸਾਫ ਸਮਝ ਆ ਗਈ ਸੀ ਕਿ ਮੇਰਾ ਕੰਮ ਲੋਕਾਂ ਦਾ ਧਿਆਨ ਇਸ ਗੱਲ ਤੋਂ ਹਟਾਉਣਾ ਹੈ ਕਿ ਉਹ ਕੀ ਸੋਚਦੇ ਹਨ, ਜਾਂ ਕੀ ਕਰਨਾ ਚਾਹੁੰਦੇ ਹਨ? ਸਗੋਂ ਉਨ੍ਹਾਂ ਦਾ ਧਿਆਨ ਮੇਰੀ ਅਸਾਮੀ (ਕਲਾਇੰਟ) ਲਈ ਤਿਆਰ ਕੀਤੀ ਜਾਣਕਾਰੀ ਤੇ ਹੀ ਕੇਂਦਰਤ ਕਰਨਾ ਹੈ। ਸਾਡੇ ਸਾਰੇ ਇਸ਼ਤਿਹਾਰ ਹੀ ਇਕ ਧੜੇ ਨੂੰ ਦੂਸਰੇ ਧੜੇ ਉਪਰ ਕਾਬਜ਼ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਹੁਣ ਇਸ ਦੇਸ਼ (ਅਮਰੀਕਾ) ਵਿਚ ਇਸ਼ਤਿਹਾਰ ਉਤੇ 150 ਅਰਬ ਡਾਲਰ ਸਾਲਾਨਾ ਖਰਚ ਕੀਤੇ ਜਾਂਦੇ ਹਨ। ਜਦੋਂ ਕਿ ਪੂਰੀ ਦੁਨੀਆ ਵਿਚ 450 ਅਰਬ ਡਾਲਰ, ਇਸ਼ਤਿਹਾਰ ਉਪਰ ਖਰਚ ਕੀਤੇ; ਹਰ ਇਕ ਡਾਲਰ ਦਾ ਇਕੋ ਹੀ ਮਕਸਦ ਹੁੰਦਾ ਹੈ-ਲੋਕਾਂ ਨੂੰ ਇਸ਼ਤਿਹਾਰ ਕਰਤਾ ਦੇ ਚਾਹੁਣ ਮੁਤਾਬਕ ਵਿਹਾਰ ਕਰਨ ਲਈ ਮਜਬੂਰ ਕਰਨਾ। ਬਹੁਤ ਹੀ ਘੱਟ ਲੋਕਾਂ ਕੋਲ ਮੀਡੀਆ ਰਾਹੀਂ ਇਸ਼ਤਿਹਾਰ ਕਰਤਾ ਕੋਲ ਆਪਣਾ ਇਤਰਾਜ਼ ਪਹੁੰਚਾਉਣ ਦਾ ਮੌਕਾ ਹੁੰਦਾ ਹੈ। ਨਾ ਹੀ ਲੋਕਾਂ ਕੋਲ ਚੀਜ਼ਾਂ ਖਰੀਦਣ ਤੋਂ ਇਲਾਵਾ; ਖੁਸ਼ ਹੋਣ ਦੇ ਦੂਜੇ ਸਾਧਨਾਂ ਬਾਰੇ, ਸਲਾਹ ਦੇਣ ਦਾ ਮੌਕਾ ਹੁੰਦਾ ਹੈ। ਇਹ ਅਵਸਥਾ ਇਕ ਪਾਸੜ ਸੌਦੇ ਨੂੰ ਅੰਜਾਮ ਦਿੰਦੀ ਹੈ। ਇਸ਼ਤਿਹਾਰ ਕਰਤਾ ਕਹਿੰਦੇ ਹਨ ਕਿ, ਕੀ ਤੁਹਾਨੂੰ ਸਾਡੀਆਂ ਚੀਜ਼ਾਂ ਨਾ ਖਰੀਦਣ ਦੀ ਆਜ਼ਾਦੀ ਹੈ। ਕਹਿਣ ਨੂੰ ਇਹ ਗੱਲ ਚੰਗੀ ਲਗਦੀ ਹੈ, ਅਸਲ ਵਿਚ ਉਹ ਸਾਨੂੰ ਹਾਂ ਅਤੇ ਨਾ ਵਿਚ ਫਸਾਉਣਾ ਚਾਹੁੰਦੇ ਹਨ ਜਿਵੇਂ ਇਕ ਪਾਰਟੀ ਸਿਸਟਮ ਵਿਚ ਵੋਟ ਪਾਉਣ ਦੀ ਆਜ਼ਾਦੀ ਅਤੇ ਇਹ ਗੱਲ ਹਰ ਦਿਨ ਹਜ਼ਾਰ ਵਾਰ ਦੁਹਰਾਈ ਜਾਂਦੀ ਹੈ।

ਇਸ਼ਤਿਹਾਰ ਹੁਣ ਹਰ ਜਗ੍ਹਾ 'ਤੇ ਹੈ। ਇਹ ਹਰ ਪਲ ਸਾਡੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਕਰਦਾ ਹੈ। ਅਸੀਂ ਤਮਾਮ ਜ਼ਿੰਦਗੀ ਇਸ ਦੇ ਨਿਸ਼ਾਨੇ 'ਤੇ ਹਾਂ, ਭਾਵੇਂ ਉਹ ਨਿਸ਼ਾਨਾ ਮੀਡੀਆ ਦਾ ਹੋਵੇ; ਜਾਂ ਫਿਰ ਸੜਕਾਂ ਬਾਜ਼ਾਰਾਂ ਦੇ ਵਿਚ ਇਸ ... ਹੋਏ ਇਸ਼ਤਿਹਾਰ ਬੋਰਡਾਂ ਦਾ। ਇਥੋਂ ਤੱਕ ਕਿ ਸਾਡਾ ਪਹਿਰਾਵਾ ਵੀ, ਇਸ ਤੋਂ ਮੁਕਤ ਨਹੀਂ ਹੈ ਅਤੇ ਅਸੀਂ ਇਨ੍ਹਾਂ ਨੂੰ ਬੜੇ ਮਾਣ ਨਾਲ ਪਾਉਂਦੇ ਹਾਂ। ਕਾਰਪੋਰੇਸ਼ਨ ਹੀ ਸਾਡੇ ਲਈ 'ਸਮਾਜ' ਬਣ ਚੁੱਕੀ ਹੈ। ਸਟੀਵ ਜੋਬਜ਼ ਸਾਡਾ ਗੁਰੂ ਸੀ। ਅਸੀਂ ਉਸ ਦੀ ਮੌਤ 'ਤੇ; ਇਸ ਤਰ੍ਹਾਂ ਦੁੱਖ ਮਨਾਉਂਦੇ ਹਾਂ, ਜਿਸ ਤਰ੍ਹਾਂ ਅਸੀਂ ਕਦੇ ਮਾਰਟਿਨ ਲੂਥ ਕਿੰਗ ਦੀ ਮੌਤ 'ਤੇ ਮਨਾਉਂਦੇ ਸੀ। ਕੀ ਕਮਾਲ ਦਾ ਪਰਿਵਰਤਨ ਹੈ!

ਅੱਜ ਦਾ ਪੂੰਜੀਵਾਦ ਸਾਡੇ ਸਾਰੇ ਤਜ਼ਰਬਿਆਂ ਦਾ ਲਾਹਾ ਲੈਂਦੇ ਹੋਏ, ਦੈਂਤ ਦਾ ਰੂਪ, ਅਖਤਿਆਰ ਕਰਦਾ ਜਾ ਰਿਹਾ ਹੈ, ਜਿਸ ਨੂੰ ਅਸੀਂ ਗਲੋਬਲ ਮਾਰਕਿਟ ਕਹਿੰਦੇ ਹਾਂ। ਜ਼ਿੰਦਗੀ ਹੁਣ ਸਿਰਫ ਇਨ੍ਹਾਂ ਚੀਜ਼ਾਂ ਤੋਂ ਬਚਣ ਦੀ ਕੋਸ਼ਿਸ਼ ਮਾਤਰ ਰਹਿ ਗਈ ਹੈ; ਜਿਹੜੀਆਂ ਚੀਜ਼ਾਂ ਸਾਨੂੰ, ਜ਼ਬਰਦਸਤੀ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਬਹੁਗਿਣਤੀ ਲੋਕਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ।

ਅਸੀਂ ਕਿਉਂ ਸਹਿਣ ਕਰਦੇ ਹਾਂ? ਉਨ੍ਹਾਂ ਕੋਲ ਇਸ ਤਰ੍ਹਾਂ ਦੇ ਵਿਹਾਰ ਕਰਨ ਦਾ ਕੀ ਹੱਕ ਹੈ। ਅਸੀਂ ਉਨ੍ਹਾਂ ਨੂੰ ਸਾਡੇ ਦਿਮਾਗਾਂ ਵਿਚ ਤਸਵੀਰਾਂ ਚਲਾਉਣ ਦੇ ਹੱਕ ਕਦੋਂ ਵੇਚੇ? ਜੇਕਰ ਵਾਯੂ ਤਰੰਗਾਂ ਸਭ ਦੀ ਸਾਂਝੀ ਜਾਇਦਾਦ ਹੈ, ਤਾਂ ਇਸ ਵਿਚ ਹਰ ਸਮੇਂ ਬਿਨਾਂ ਸਾਡੀ ਇਜਾਜ਼ਤ, ਚੀਜ਼ਾਂ ਵੇਚਣ ਦਾ ਵਪਾਰ ਕਿਉਂ ਚਲਦਾ ਹੈ? ਹਕੀਕਤ ਵਿਚ ਇਹ ਵਾਯੂ ਤਰੰਗਾਂ ਸਾਡੀਆਂ ਹਨ। ਰੇਡੀਓ ਪ੍ਰਸਾਰਨ ਦੇ ਸ਼ੁਰੂਆਤੀ ਦਿਨਾਂ ਵਿਚ ਤੁਸੀਂ ਅਤੇ ਤੁਹਾਡੇ ਮਿੱਤਰ ਘਰ ਵਿਚ ਐਨਟੀਨਾ ਲਗਾ ਕੇ ਪੂਰੀ ਕਾਇਨਾਤ ਨਾਲ ਗੱਲਾਂ ਕਰ ਸਕਦੇ ਸੀ। ਇਹ ਬਿਲਕੁਲ ਇੰਟਰਨੈੱਟ ਦੇ ਸ਼ੁਰੂਆਤੀ ਦੌਰ ਵਿਚ ਯੂ-ਟਿਊਬ ਦੇ ਇਸਤੇਮਾਲ ਦੀ ਤਰ੍ਹਾਂ ਸੀ।

ਪ੍ਰਸਾਰਨ ਤਰੰਗਾਂ ਦੀ ਗਿਣਤੀ ਵਧਣ ਨਾਲ ਪੂੰਜੀਪਤੀਆਂ ਨੂੰ ਇਹ ਸਮਝ ਆ ਗਈ ਕਿ; ਇਹ ਤਰੰਗਾਂ ਉਨ੍ਹਾਂ ਲਈ ਕਿੰਨੀਆਂ ਖਤਰਨਾਕ ਹੋ ਸਕਦੀਆਂ ਹਨ। ਇਸ ਲਈ ਇਹ ਵਰਤਾਰਾ ਬੰਦ ਕਰ ਦਿੱਤਾ ਗਿਆ। ਐਫ.ਸੀ.ਸੀ. ਨੇ 1920 ਦੇ ਦਹਾਕੇ ਵਿਚ ਵਪਾਰਕ ਸੰਗਠਨਾਂ ਨਾਲ ਮਿਲ ਕੇ ਸਾਡੀਆਂ ਵਾਯੂ ਤੰਤਰਾਂ ਉਤੇ ਲੋਕਾਈ ਹੱਕ ਵੇਚਣੇ ਸ਼ੁਰੂ ਕਰ ਦਿੱਤੇ ਅਤੇ ਵਪਾਰਕ ਅਦਾਰਿਆਂ ਨੂੰ ਉਨ੍ਹਾਂ ਦੇ ਹਿਤਾਂ ਅਨੁਸਾਰ ਲਾਇਸੈਂਸ ਜਾਰੀ ਕਰ ਦਿੱਤੇ। ਸ਼ੁਰੂਆਤੀ ਦਿਨਾਂ ਵਿਚ ਵਾਧੂ ਤਰੰਗਾਂ ਦੇ ਸੰਤੁਲਤ ਅਤੇ ਬਰਾਬਰ ਵਰਤੋਂ ਲਈ ਕੁਝ ਨਿਯਮ ਬਣਾਏ; ਪਰ ਇਨ੍ਹਾਂ ਨਿਯਮਾਂ ਨੂੰ ਛੇਤੀ ਹੀ ਦਬਾ ਲਿਆ ਗਿਆ। ਇਸ ਤੋਂ ਬਾਅਦ ਰੋਨਾਲਡ ਰੀਗਨ ਅਤੇ ਫੇਰ ਬਿਲ ਕਲਿੰਟਨ ਨੇ ਇਨ੍ਹਾਂ ਨਿਯਮਾਂ ਨੂੰ ਬਿਲਕੁਲ ਖ਼ਤਮ ਕਰ ਦਿੱਤਾ। ਲੋਕ ਵਾਯੂ ਤਰੰਗਾਂ ਹੁਣ ਪੂਰੀ ਤਰ੍ਹਾਂ ਨਾਲ ਨਿੱਜੀ ਜਾਇਦਾਦ ਵਿਚ ਤਬਦੀਲ ਹੋ ਗਈਆਂ। ਇਥੋਂ ਤੱਕ ਕਿ ਸਰਕਾਰੀ ਅਦਾਰੇ ਅਤੇ ਐਨ.ਪੀ.ਆਰ. ਵੀ ਹੁਣ ਵਪਾਰ ਲਈ ਵਰਤੇ ਜਾਂਦੇ ਹਨ। ਪੀ.ਬੀ.ਐਸ. ਤੇ ਖਬਰਾਂ ਪੇਸ਼ ਕਰਨ ਵਾਲੀ ਰਿਪੋਰਟ ਸ਼ੈਵਰਨ ਦੇ ਅਮੇਜਨ ਨਾਲ ਦੁਰਵਿਹਾਰ ਦੀ ਚਰਚਾ ਕਰਦੀ ਹੈ, ਤਾਂ ਉਸ ਨੂੰ ਇਹ ਵੀ ਦੱਸਣਾ ਪੈਂਦਾ ਹੈ, ਕਿ ਅੱਜ ਦੀਆਂ ਖਬਰਾਂ ਨੂੰ ਪੇਸ਼ ਕਰਨ ਵਾਲੀ ਸ਼ੈਵਰਣ ਉਹੀ ਕੰਪਨੀ ਹੈ, ਜਿਸ 'ਤੇ ਇਹ ਦੋਸ਼ ਲੱਗ ਰਿਹਾ ਹੈ। ਮੈਂ ਇਹ ਸੁਣਦੇ ਸਾਰ ਹੀ ਪ੍ਰੋਗਰਾਮ ਬੰਦ ਕਰ ਦਿੰਦਾ ਹਾਂ।

ਹਾਲਾਂਕਿ ਇਸ਼ਤਿਹਾਰ ਕਦੇ-ਕਦੇ ਮਨੋਰੰਜਨ ਭਰਪੂਰ ਵੀ ਹੋ ਸਕਦਾ ਹੈ, ਪਰ ਇਹ ਤੱਥ ਮਸਲੇ ਦੀ ਗੰਭੀਰਤਾ ਨੂੰ ਘੱਟ ਨਹੀਂ ਕਰਦਾ। ਤੁਸੀਂ ਜਹੋਵਾ ਵਿਟਨੈਸਸ ਕੰਪਨੀ ਦੇ ਨੁਮਾਇੰਦਿਆਂ ਨਾਲ ਟਾਈਮ ਪਾਸ ਕਰ ਸਕਦੇ ਹੋ ਜਾਂ ਤੁਸੀਂ ਕੂੜਾ ਸਾਫ ਕਰਨ ਵਾਲੇ ਯੰਤਰ ਨੂੰ ਵੇਚਣ ਵਾਲੇ ਮਜ਼ਾਕੀਆ ਬੰਦੇ ਨਾਲ ਟਾਈਮ ਪਾਸ ਕਰ ਸਕਦੇ ਹੋ। ਇਸ ਤਰ੍ਹਾਂ ਕੰਪਨੀਆਂ ਦੇ ਨੁਮਾਇੰਦੇ ਇਕ ਦਿਨ ਵਿਚ ਪੰਜ ਵਾਰ ਤੁਹਾਡੇ ਘਰ ਦੀ ਘੰਟੀ ਖੜਕਾਉਦੇ, ਪਰ ਤੁਸੀਂ ਇਸ ਤਰ੍ਹਾਂ ਉਦੋਂ ਹੀ ਕਰ ਸਕਦੇ ਹੋ ਜਦੋਂ ਤੁਸੀਂ ਬਿਲਕੁਲ ਵਿਹਲੇ ਹੋ। ਤੁਹਾਡੀਆਂ ਤਰੰਗਾਂ ਉਪਰ ਤੁਹਾਡੇ ਦਿਮਾਗ ਦੀ ਤਰ੍ਹਾਂ ਹੱਲਾ ਬੋਲਿਆ ਜਾਂਦਾ ਹੈ ਕੀ ਇਹ ਨਿੱਜੀ ਜ਼ਿੰਦਗੀ ਉਪਰ ਕਾਨੂੰਨੀ ਮਾਨਤਾ ਪ੍ਰਾਪਤ ਹਮਲਾ ਨਹੀਂ ਤਾਂ ਫਿਰ ਇਹ ਕੀ ਹੈ?

ਸੰਨ 1975 ਵਿਚ ਮੈਂ ਬੇ-ਖੇਤਰ ਦੇ ਮੰਨੇ-ਪ੍ਰਮੰਨੇ ਸਰਕਾਰੀ ਵਕੀਲਾਂ ਨਾਲ ਸਾਨ ਫਰਾਂਸਿਸਕੋ ਵਿਚ ਆਪਣੇ ਕਮਰੇ ਵਿਚ ਮੀਟਿੰਗ ਕੀਤੀ ਅਤੇ ਉਨ੍ਹਾਂ ਤੋਂ ਸਵਾਲ ਪੁੱਛਿਆ ਕਿ ਉਹ ਸੋਚਦੇ ਹਨ ਕਿ ਇਸ਼ਤਿਹਾਰ ਕਾਨੂੰਨੀ ਹੈ। ਪਹਿਲਾ ਸ਼ੋਧ ਪੜ੍ਹਦੇ ਹੋਏ ਮੈਂ ਉਨ੍ਹਾਂ ਨੂੰ ਕਿਹਾ ਕੀ ਇਸ ਦੀ ਮਨਸ਼ਾ ਲੋਕਾਂ ਨੂੰ ਪ੍ਰਗਟਾਵੇ ਲਈ ਇਕ ਸਮਾਨ ਮੌਕੇ ਪ੍ਰਦਾਨ ਕਰਨੇ ਅਤੇ ਆਜ਼ਾਦ ਪ੍ਰਗਟਾਵੇ ਦਾ ਅਧਿਕਾਰ ਪ੍ਰਦਾਨ ਕਰਦੇ ਹੋਏ ਲੋਕਤੰਤਰ ਨੂੰ ਪੱਕੇ ਪੈਰੀਂ ਕਰਨਾ ਸੀ। ਇਸ ਦੇ ਨਾਲ ਅਖੀਰ ਵਿਚ ਅਧਿਕਾਰਾਂ ਦਾ ਕਾਨੂੰਨ ਲਿਖਣ ਸਮੇਂ ਕਰੋੜਾਂ ਲੋਕਾਂ ਵਿਚ ਇਕ ਪਾਸੜ ਰਾਜਨੀਤਕ ਵਿਚਾਰਧਾਰਾ ਪਹੁੰਚਾਉਣ ਵਾਲਾ ਕੋਈ ਰਾਸ਼ਟਰੀ ਪ੍ਰਸਾਰਨ ਵਰਗਾ ਵੱਡਾ ਤਾਣਾ-ਬਾਣਾ ਨਹੀਂ ਸੀ ਅਤੇ ਨਾ ਹੀ ਉਸ ਸਮੇਂ ਇਸ਼ਤਿਹਾਰ ਨਾਮ ਦੀ ਚੀਜ਼ ਸੀ। ਹਾਲਾਂਕਿ ਕਦੇ-ਕਦੇ ਲੱਖ ਲੋਕਾਂ ਦੀ ਸੋਚ ਨੂੰ ਬਦਲਣ ਦੇ ਇਰਾਦੇ ਤੋਂ ਕੁਝ ਹੱਥ ਲਿਖਤ ਪਰਚੇ ਜ਼ਰੂਰ ਵੰਡੇ ਜਾਂਦੇ ਸਨ।

ਜੇਕਰ ਪਹਿਲੀ ਸ਼ੋਧ ਦਾ ਮਸਕਦ ਸੂਚਨਾ ਦੀ ਜਮਹੂਰੀ ਲਹਿਰ ਨੂੰ ਬਰਕਰਾਰ ਰੱਖਣਾ ਸੀ ਤਾਂ ਉਹ ਮਕਸਦ ਦੇ ਦਿਨ ਲੱਦ ਗਏ ਹਨ। ਬਾਜ਼ਾਰ ਸੁੱਖੀ ਮੀਡੀਆ ਗੱਲ ਰੱਖਣ ਦਾ ਕੋਈ ਮੌਕਾ ਨਹੀਂ ਦਿੰਦਾ। ਇਨ੍ਹਾਂ ਮੀਡੀਆ ਚੈਨਲਾਂ 'ਤੇ ਮੁੱਠੀ ਭਰ ਵੱਡੇ ਕਾਰਪੋਰੇਟ ਘਰਾਣਿਆਂ ਦੀ ਮਲਕੀਅਤ ਹੈ।

ਜਿਥੋਂ ਤੱਕ ਇਸ਼ਤਿਹਾਰ ਦੀ ਪਰਿਭਾਸ਼ਾ ਦਾ ਸਵਾਲ ਹੈ ਇਹ ਸਿਰਫ ਉਨ੍ਹਾਂ ਲੋਕਾਂ ਤੱਕ ਸੀਮਤ ਹੈ ਜੋ ਇਸ ਲਈ ਪੈਸਾ ਖਰਚਣ ਦੀ ਸਮਰੱਥਾ ਰੱਖਦੇ ਹਨ। ਪਹਿਲੇ ਸੋਧ ਦਾ ਮਕਸਦ ਵਿਗਿਆਨ ਨੂੰ ਲੋਕਾਂ ਤੋਂ ਵਧੇਰੇ ਤਾਕਤਵਰ ਬਣਾਉਣਾ ਨਹੀਂ ਸੀ। ਇਸ਼ਤਿਹਾਰ ਕਰਤਾ ਆਪਣੇ ਚਲ ਚਿੱਤਰ ਰਾਹੀਂ ਆਪਣੀ ਗੱਲ ਕਹਿੰਦਾ ਹੈ ਅਤੇ ਅਸੀਂ ਇਸ ਨੂੰ ਗ੍ਰਹਿਣ ਕਰਦੇ ਹਾਂ। ਕੀ ਇਹ ਸੰਵਿਧਾਨ ਦੀ ਉਲੰਘਣਾ ਨਹੀਂ ਮੰਨੀ ਜਾਣੀ ਚਾਹੀਦੀ? ਕੀ ਇਹ ਗੈਰ ਕਾਨੂੰਨੀ ਨਹੀਂ ਹੈ? ਮੇਰੇ ਕਮਰੇ ਵਿਚ ਬੈਠਾ ਅਕਲਮੰਦਾਂ ਦਾ ਟੋਲਾ ਇਹ ਸੋਚਦਾ ਜਾਂ ਉਸ ਨੂੰ ਇਹ ਸੋਚਣਾ ਚਾਹੀਦਾ ਸੀ। ਪਰ ਤੱਥ ਇਹ ਸੀ ਕਿ ਉਸ ਸਮੇਂ ਸਰਵਉਚ ਅਦਾਲਤ ਵਧੇਰੇ ਤਾਕਤਵਰ ਸੀ ਇਸ ਲਈ ਟੋਲੇ ਨੇ ਫੈਸਲਾ ਲਿਆ ਕਿ ਇਸ ਮਸਲੇ 'ਤੇ ਗੱਲ ਕਰਨ ਦਾ ਇਹ ਸਹੀ ਸਮਾਂ ਨਹੀਂ ਹੈ। ਉਸ ਸਮੇਂ ਤੋਂ ਹੀ ਇਹ ਮਸਲਾ ਹੋਰ ਗੁੰਝਲਦਾਰ ਹੁੰਦਾ ਗਿਆ ਅਤੇ ਖਾਸ ਕਰ ਕੇ ਜਦੋਂ ਤੋਂ ਸਰਵ ਉਚ ਅਦਾਲਤ ਨੇ 'ਸਿਟੀਜਨ ਯੂਨਾਈਟਡ' ਦਾ ਪੈਰਾ ਇੰਦਰਾਜ਼ ਕੀਤਾ।

## ਇਸ਼ਤਿਹਾਰ ਦੀ ਲੋੜ ਕਿਸ ਨੂੰ ਹੈ?

ਪੂੰਜੀਵਾਦੀ ਵਰਤਾਰਾ ਬੇਸ਼ੱਕ ਇਸ਼ਤਿਹਾਰ ਤੋਂ ਬਿਨਾਂ ਵੀ ਕਾਇਮ ਰਹਿ ਸਕਦਾ ਹੈ ਅਤੇ ਆਪਣੇ ਸ਼ੁਰੂਆਤੀ ਦੌਰ ਵਿਚ ਇਹ ਰਿਹਾ ਵੀ ਹੈ। ਈਸਟ ਇੰਡੀਆ ਕੰਪਨੀ ਦੇ ਮਸਾਲੇ ਵਪਾਰੀਆਂ ਅਤੇ 1800ਵਿਆਂ ਵਿਚ ਅਮਰੀਕਨ ਮਹਾਂਦੀਪ ਵਿਚ ਰੇਲ ਲਾਈਨ ਵਿਛਾਉਣ ਲਈ ਇਸ਼ਤਿਹਾਰ ਦਾ ਸਹਾਰਾ ਲੈਣ ਦੀ ਲੋੜ ਨਹੀਂ ਪਈ ਸੀ ਕਿਉਂਕਿ ਇਸ ਦੇ ਲਾਭ ਸਾਫ ਤੇ ਸਪਸ਼ਟ ਸਮਝ ਆਉਂਦੇ ਸੀ। ਉਸ ਸਮੇਂ ਇਸ ਤਰ੍ਹਾਂ ਦੇ ਕੰਮ ਨਾ ਮਾਤਰ ਉਪਲਬੱਧ ਸੀ ਅਤੇ ਇਨ੍ਹਾਂ ਤੋਂ ਫਾਇਦਾ ਹਾਸਲ ਕਰਨ ਦਾ ਮੌਕਾ ਆਪਣੇ ਆਪ ਵਿਚ ਇਕ ਖ਼ਬਰ ਹੁੰਦਾ ਸੀ।

ਜਦੋਂ ਪੂੰਜੀਵਾਦੀ ਵਪਾਰੀ ਇਹੋ ਜਿਹੀਆਂ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਹਰ ਇਕ ਦੀ ਜ਼ਰੂਰਤ ਤੇ ਇੱਛਾ ਹੁੰਦੀ ਹੈ ਜਿਵੇਂ ਤੁਹਾਨੂੰ ਬੁਨਿਆਦੀ ਅਨਾਜ, ਸਬਜ਼ੀਆਂ, ਫਲਾਂ ਅਤੇ ਮੀਟ ਵਰਗੇ ਭੋਜਨ ਦੇ ਇਸ਼ਤਿਹਾਰ ਦੀ ਲੋੜ ਨਹੀਂ ਪੈਂਦੀ। ਹਰ ਇਕ ਇਨਸਾਨ ਲਈ ਇਨ੍ਹਾਂ ਦੀ ਲਗਾਤਾਰ ਉਪਲਬੱਧਤਾ ਲਾਜ਼ਮੀ ਹੁੰਦੀ ਹੈ, ਇਸ ਲਈ ਉਹ ਇਨ੍ਹਾਂ ਵਸਤਾਂ ਦੀ ਭਾਲ ਵਿਚ ਰਹਿੰਦਾ ਹੈ ਅਤੇ ਉਹ ਜਿਥੇ ਵੀ ਮਿਲਣ, ਖਰੀਦ ਲੈਂਦਾ ਹੈ।

ਹਾਲਾਂਕਿ ਜਿਨ੍ਹਾਂ ਖਾਧ ਵਸਤਾਂ ਦੀ ਸੁਭਾਵਕ ਲੋੜ ਨਹੀਂ ਹੁੰਦੀ ਉਨ੍ਹਾਂ ਨੂੰ ਵੇਚਣ ਲਈ ਇਸ਼ਤਿਹਾਰ ਦੀ ਲੋੜ ਹੁੰਦੀ ਹੈ। ਸਮਲਟ, ਪੈਕ, ਫਰੋਜਨ, ਲਾਮਰਾਣਾ, ਕੋਕਾ ਕੋਲਾ, ਬਰਗਰ ਅਤੇ ਚਿਟੌਂਜ ਨੂੰ ਵੇਚਣ ਲਈ ਇਸ਼ਤਿਹਾਰ ਅਤੇ ਦਿਲ ਖਿਚਵੀਂ ਪੈਕਿੰਗ ਦੀ ਲੋੜ ਪੈਂਦੀ ਹੈ। ਤਾਜ਼ੇ ਪਾਣੀ ਦੇ ਇਸ਼ਤਿਹਾਰ ਦੀ ਲੋੜ ਨਹੀਂ ਹੁੰਦੀ ਪਰ ਪੈਰੀਅਰ ਕੰਪਨੀ ਦਾ ਪਾਣੀ ਵੇਚਣ ਲਈ ਇਸ਼ਤਿਹਾਰ ਦੀ ਜ਼ਰੂਰਤ ਪੈਂਦੀ ਹੈ। ਤੁਹਾਨੂੰ ਕੱਪੜਿਆਂ ਲਈ ਇਸ਼ਤਿਹਾਰ ਦੀ ਲੋੜ ਨਹੀਂ ਪੈਂਦੀ ਕਿਉਂਕਿ ਲੋਕ ਜਾਣਦੇ ਹਨ ਕਿ ਇਹ ਜ਼ਰੂਰੀ ਵਸਤੂ ਹੈ। ਪਰ ਮੈਸੇ ਅਤੇ ਇਸੇ ਤਰ੍ਹਾਂ ਗੌਧਵਾਲਮਾਰਟ ਅਤੇ ਕਰਿਸਚੀਅਨ ਛੋ ਵਰਗੀਆਂ ਕੰਪਨੀਆਂ ਨੂੰ ਇਸ਼ਤਿਹਾਰ ਦੀ ਲੋੜ ਪੈਂਦੀ ਹੈ। ਨਾ ਹੀ ਕਿਸੇ ਨੂੰ ਟਰਾਂਸਪੋਰਟ ਸੇਵਾਵਾਂ ਲਈ ਇਸ਼ਤਿਹਾਰ ਦੀ ਲੋੜ ਹੈ। ਜਿਸ ਨੇ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣਾ ਹੁੰਦਾ ਹੈ ਉਹ ਆਪ ਹੀ ਰਸਤਾ ਲੱਭ ਲੈਂਦਾ ਹੈ। ਪਰ ਨਵੀਂ ਫੋਰਡ ਫੀਅਸਟਾਂਜਾਂ ਕੌਡੀਲੌਕ ਦੀ ਕੀਮਤ ਨੂੰ ਠੀਕ ਸਾਬਤ ਕਰਨ ਲਈ ਕਲਾਤਮਕ ਇਸ਼ਤਿਹਾਰ ਦੀ ਲੋੜ ਪੈਂਦੀ ਹੈ। ਜੇਕਰ ਤੁਸੀਂ ਇਕ ਵਾਰ ਇਸ ਨੂੰ ਵੇਚਣ ਵਿਚ ਕਾਮਯਾਬ ਹੋ ਜਾਂਦੇ ਹੋ ਤਾਂ ਤੁਹਾਨੂੰ ਖਰੀਦਦਾਰ ਨੂੰ ਲਗਾਤਾਰ ਨਵਾਂ ਮਾਡਲ ਖਰੀਦਣ ਲਈ ਉਕਸਾਉਣ ਦੀ ਲੋੜ ਹੁੰਦੀ ਹੈ। ਇਸ ਦੌਰਾਨ ਲੋਕਾਂ ਦੇ ਮਨਾਂ ਵਿਚ ਇਹ ਗੱਲ ਪਾਉਣ ਲਈ ਕਿ ਖਰੀਦੋ ਫਰੋਖਤ ਜ਼ਿੰਦਗੀ ਦਾ ਹਿੱਸਾ ਹੈ ਅਤੇ ਇਹ ਖੁਸ਼ੀ ਅਤੇ ਸੰਤੁਸ਼ਟੀ ਨਾਲ ਜੁੜਿਆ ਹੋਇਆ ਹੈ, ਇਸ ਲਈ ਵੱਡੇ ਤਾਣੇ-ਬਾਣੇ ਦੀ ਲੋੜ ਹੁੰਦੀ ਹੈ।

(ਚਲਦਾ)

ਪੰਜਾਬੀ ਅਨੁਵਾਦ
ਕੁਮਾਰ ਸੁਸ਼ੀਲ
kmrsushil@yahoo.co.in
+91-94174-05636



# ਜੁਗਨੀ ਦਾ ਸਫ਼ਰ, ਅਸੀਂ ਬਨਾਮ ਮੈਂ ਅਤੇ ਅਨਹਦ



# ਹਾਈਵੇ

ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreetsingh.media@gmail.com



ਜਹਾਂ ਸੇ ਤੁਮ ਮੁਝੇ ਲਾਏ ਹੋ ਵਹਾਂ ਮੈਂ ਜਾਨਾ ਨਹੀਂ ਚਾਹਤੀ
ਜਹਾਂ ਤੁਮ ਮੁਝੇ ਲੇ ਜਾ ਰਹੇ ਹੋ ਵਹਾਂ ਮੈਂ ਪਹੁੰਚਨਾ ਨਹੀਂ ਚਾਹਤੀ
ਲੇਕਿਨ ਯੇ ਸਫ਼ਰ ਬਹੁਤ ਅੱਛਾ ਹੈ ਔਰ ਚਾਹਤੀ ਹੂੰ ਕਿ ਖਤਮ ਨਾ ਹੋ...

(ਸੰਵਾਦ, ਆਲੀਆ ਭੱਟ, ਫ਼ਿਲਮ ਹਾਈਵੇਅ)

ਇਸ ਸੰਵਾਦ ਨੂੰ ਉਧੇੜਕੇ ਸਮਝਣ 'ਚ ਅਸੀਂ ਹਾਈਵੇਅ ਨੂੰ ਸਮਾਜ ਦੇ ਉੱਚ ਤਬਕੇ ਬਨਾਮ ਨੀਵੇਂ ਤਬਕੇ ਦੇ ਰੂਪ 'ਚ ਪ੍ਰਭਾਸ਼ਤ ਕਰਨ ਬਹਿਜਾਂਗੇ। ਇਹ ਫ਼ਿਲਮ ਕਿਸੇ ਸਮਾਜਵਾਦ ਦੇ ਸਿਧਾਂਤ ਮੁਤਾਬਕ ਉਲੀਕੀ ਵੀ ਨਹੀਂ ਗਈ। ਇਹ ਧਰਤੀ ਅੰਦਰਲੇ ਵਿਚਰ ਰਹੇ ਹਜ਼ਾਰਾਂ ਚਿਹਰਿਆਂ ਦਾ ਆਪਣੀ ਤਰ੍ਹਾਂ ਦਾ ਖੋਜ ਪ੍ਰਬੰਧ ਹੈ। ਭਾਰਤ ਅੰਦਰ ਵੱਖ ਵੱਖ ਥਾਵਾਂ 'ਤੇ ਵਿਚਰ ਰਹੀ ਕਹਾਣੀ ਦਾ ਲੋਕ ਗੀਤਾਂ ਰਾਹੀ ਤਰਜਮਾਨੀ ਕਰਨ ਦਾ ਪ੍ਰਗਟਾਵਾ ਸਾਨੂੰ ਫ਼ਿਲਮ ਅੰਦਰਲੀ ਲੋਕ ਧਾਰਾ ਤੋਂ ਹੀ ਸਮਝਣਾ ਪਵੇਗਾ। ਫ਼ਿਲਮ ਅੰਦਰ ਜਾਣ ਲਈ ਸਾਨੂੰ 'ਜੁਗਨੀ ਦਾ ਬਤੌਰ ਕੁੜੀ ਪ੍ਰਗਟਾਵੇ' ਦਾ ਅਧਾਰ,'ਜੁਗਨੀ ਇੱਕ ਅਜ਼ਾਦ ਖਿਆਲ ਸੋਚ ਦਾ ਨਾਮ ਹੈ' ਦਾ ਅਧਾਰ ਅਤੇ 'ਜੁਗਨੀ ਦਾ ਸੂਫੀਆਨਾ' ਦਾ ਅਧਾਰ ਵੀ ਮਨ 'ਚ ਰੱਖਕੇ ਚਲਣਾ ਪਵੇਗਾ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਮੇਰਾ ਹਮੇਸ਼ਾ ਤੋਂ ਮੰਨਣਾ ਹੈ ਕਿ ਪੰਜਾਬੀ ਕੋਲ ਜੁਗਨੀ ਇੱਕ ਅਜਿਹਾ ਪ੍ਰਵਾਹ ਹੈ ਜਿਨ੍ਹੇ ਹਰ ਕਥਾਨਕ ਨੂੰ ਆਪਣਾ ਨਾਮਕਰਨ ਦਿੱਤਾ ਅਤੇ ਸਮੇਂ ਮੁਤਾਬਕ ਆਪਣੇ ਆਪ 'ਚ ਤਬਦੀਲੀ ਵੀ ਕਰਦੀ ਰਹੀ ਹੈ। ਸ਼ਾਇਦ ਅਜਿਹਾ ਸੁਭਾਅ ਕਿਸੇ ਹੋਰ ਲੋਕ ਗੀਤ ਪ੍ਰਬੰਧ ਕੋਲ ਨਹੀਂ ਹੈ ਅਤੇ ਇਸ ਨੂੰ ਬਹੁਤ ਖੂਬਸੂਰਤ ਢੰਗ ਨਾਲ ਪੇਸ਼ ਕਰਨ ਦਾ ਅੰਦਾਜ ਇਮਤਿਆਜ਼ ਤੋਂ ਪਹਿਲਾਂ ਕਿਸੇ ਫ਼ਿਲਮਸਾਜ਼ ਨੇ ਨਹੀਂ ਵਖਾਇਆ। ਇਸ ਫ਼ਿਲਮ ਨੂੰ ਵੇਖਣ ਲਈ ਗਾਣਿਆਂ ਦਾ ਸ਼ਾਬਦਕ ਮੁਹਾਂਦਰਾ ਵੀ ਸਮਝਣਾ ਪਵੇਗਾ। ਜੁਗਨੀ (ਪਟਾਖਾ ਗੁੱਡੀ), ਸੂਹਾ ਸਾਹਾ (ਲੋਰੀ) ਅਤੇ ਕਬੀਰ ਵਾਣੀ ਤੋਂ ਆਸਰਾ ਲੈਂਦਾ 'ਤੂੰ ਕੁਜਾ' ਫ਼ਿਲਮ ਦੇ ਕਿਰਦਾਰਾਂ ਦੀ ਪਛਾਣ ਕੁੰਜੀ ਹਨ।

ਜਿਸ ਤਰ੍ਹਾਂ ਜ਼ਿੰਦਗੀ ਕਿਰਦਾਰਾਂ ਅਤੇ ਕਹਾਣੀਆਂ ਦੇ ਸੰਵਾਦ ਦਾ ਸੁਮੇਲ ਹੁੰਦਾ ਹੈ ਜੋ ਯਥਾਰਥੀ ਕਥਾਨਕ 'ਚ ਮਨੋਦਸ਼ਾ ਹੁੰਦੀ ਹੈ ਅਤੇ ਬੀਤੀਆਂ ਯਾਦਾਂ 'ਚੋਂ ਅਸੀਂ ਬਹੁਤ ਕੁਝ ਲੱਭਦੇ ਹਾਂ। ਅਸੀਂ ਆਮ ਜ਼ਿੰਦਗੀ 'ਚ ਵਿਚਰ ਰਹੇ ਤਮਾਮ ਤਰ੍ਹਾਂ ਦੇ ਸਬੰਧਾਂ ਨਾਲ ਜੁੜਦੇ ਹਾਂ। ਸੋ ਜਦੋਂ ਫਿਲਮਾਂ ਕਹਾਣੀ ਅਤੇ ਕਥਾਨਕ ਪੱਖੋਂ ਅਜਿਹੀ ਭੂਮਿਕਾ ਨਿਭਾਉਂਦੀਆਂ ਹਨ ਉਦੋਂ ਉਹ ਮੈਨੂੰ ਜ਼ਿਆਦਾ ਛੂੰਹਦੀਆਂ ਹਨ। ਇਹ ਕਹਾਣੀ ਇਮਤਿਆਜ਼ ਦੇ ਜ਼ਹਿਨ 'ਚ ਪਿਛਲੇ 15 ਸਾਲਾਂ ਤੋਂ ਘੁੰਮ ਰਹੀ ਸੀ। ਪਰ ਇਸ ਕਹਾਣੀ ਨੂੰ ਕਹਿਣਾ ਇੱਕ ਨਿਰਦੇਸ਼ਕ ਲਈ ਉਦੋਂ ਹੀ ਸੰਭਵ ਹੋ ਸਕਣਾ ਸੀ ਜਦੋਂ ਉਹ ਆਪਣੀਆਂ ਸ਼ਰਤਾਂ 'ਤੇ ਕੰਮ ਕਰੇ। ਕਈ ਵਾਰ ਬਜ਼ਾਰੀ ਮੰਗ ਥੱਲੇ ਨਿਰਦੇਸ਼ਕ ਇੱਕ ਕਲਾਕਾਰ ਦੀ ਤਰ੍ਹਾਂ ਨਹੀਂ ਸੋਚਦਾ ਸਗੋਂ ਉਹਨੂੰ ਮਜਬੂਰੀ 'ਚ ਬਜ਼ਾਰ ਮੁਤਾਬਕ ਹੀ ਸੋਚਣਾ ਪੈਂਦਾ ਹੈ। ਕਿਸੇ ਵੀ ਫ਼ਿਲਮ ਨੂੰ ਵੇਖਣ ਵੇਲੇ ਮੈਂ ਸਭ ਤੋਂ ਪਹਿਲਾਂ ਸਿਰਫ ਕਹਾਣੀ ਹੀ ਲੱਭਦਾ ਹਾਂ। ਕਿਸੇ ਕਹਾਣੀ ਦੀ ਰਵਾਨਗੀ ਲਈ ਦੋ ਸ਼ਰਤਾਂ ਹਨ। ਕਹਾਣੀ ਦਾ ਹੋਣਾ ਅਤੇ ਕਹਾਣੀ ਦਾ ਕਹਿਣਾ। ਇਮਤਿਆਜ਼ ਦੀ ਫ਼ਿਲਮ ਅੰਦਰ ਕਹਾਣੀ ਦਾ ਵਜ਼ਨ ਬਹੁਤ ਖਾਸ ਹੁੰਦਾ ਹੈ ਅਤੇ ਇਮਤਿਆਜ਼ ਦਾ ਕਹਾਣੀ ਕਹਿਣ ਦਾ ਜ਼ਰੀਆ ਵੀ ਓਨਾਂ ਹੀ ਮਹੱਤਵਪੂਰਨ ਹੁੰਦਾ ਹੈ। ਕੋਈ ਕਹਾਣੀ ਦਰਸ਼ਕ ਨੂੰ ਆਪਣੀ ਦੁਨੀਆ ਦੀ ਜਾਂ ਕਹਿ ਸਕਦੇ ਹਾਂ ਕਿ ਮੈਨੂੰ ਆਪਣੀ ਜ਼ਿੰਦਗੀ ਵਰਗੀ ਲੱਗੇ ਇਹ ਨਿਰਦੇਸ਼ਕ ਦਾ ਅਸਲ ਫਲ ਹੁੰਦਾ ਹੈ। ਸੋ ਇਮਤਿਆਜ਼ ਦਾ ਘੱਟ ਲਾਈਟਾਂ ਨਾਲ ਕੈਮਰਾ ਸੈਟਅਪ, ਬੈਕਗਰਾਉਂਡ ਧੁਨੀ ਦਾ ਹਲਕਾ ਪ੍ਰਯੋਗ ਜਿੱਥੇ ਫ਼ਿਲਮ ਦੇ ਤਕਨੀਕੀ ਅਧਾਰ ਹਨ ਉੱਥੇ ਇਮਤਿਆਜ਼ ਉਸ ਨੂੰ ਆਪਣੇ ਅੰਦਾਜ਼ ਯਾਤਰਾ ਰਾਹੀਂ ਕਹਿ ਰਿਹਾ ਹੈ, ਇਹ ਉਸਦੀ ਆਪਣੀ ਵਿਚਾਰਧਾਰਾ ਹੈ। ਇੱਕ ਚੀਨੀ ਕਹਾਵਤ ਹੈ ਕਿ ਘੁੰਮਿਆ ਬੰਦਾ ਹਮੇਸ਼ਾ ਘਰ ਦੇ ਜ਼ਿਆਦਾ ਨੇੜੇ ਹੁੰਦਾ ਹੈ। ਇਮਤਿਆਜ਼ ਦਾ ਵਿਚਾਰ ਵੀ ਬਾਹਰੀ ਕਥਾਨਕ ਰਾਹੀਂ ਅੰਦਰ ਦੀ ਯਾਤਰਾ ਜਾਂ ਅੰਦਰ ਦੀ ਖੋਜ ਹੀ ਹੁੰਦਾ ਹੈ। 'ਲਵ ਆਜ' ਕੱਲ੍ਹ 'ਚ ਇਮਤਿਆਜ਼ 60-70 ਦੇ ਦਹਾਕੇ ਦੀ ਪੇਸ਼ਕਾਰੀ ਨੂੰ ਗੀਤਾਂ ਦੇ ਹਵਾਲੇ ਰਾਹੀਂ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦੀ ਸਤਰ 'ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ' ਤੋਂ ਕਹਿੰਦਾ ਹੈ। 'ਰਾਕਸਟਾਰ' 'ਚ ਇਮਤਿਆਜ਼ 'ਰੂਮੀ' ਅਤੇ 'ਫਰੀਦ' ਰਾਹੀਂ ਅਤੇ ਹਾਈਵੇਅ 'ਚ ਉਹ ਜੁਗਨੀ, ਕਬੀਰ ਰਾਹੀਂ ਬਿਆਨ ਕਰ ਰਿਹਾ ਹੈ। ਇਮਤਿਆਜ਼ ਦੀ ਹਰ ਫ਼ਿਲਮ ਅੰਦਰਲਾ ਫਲਸਫਾ ਦੋ ਧਾਰੀ ਚਲਦਾ ਹੈ। ਉਸਦੇ ਫਿਲਮਾਂ ਅੰਦਰਲੇ ਪਾਤਰ 'ਜਿਨ ਖੋਜਾ ਤਿਨ ਪਾਇਆ ਗਹਿਰੇ ਪਾਨੀ ਬੈਠ' 'ਚ ਵਿਚਰਦੇ ਤਾਂ ਹਨ ਪਰ 'ਬੁਲ੍ਹੇ ਸ਼ਾਹ ਅਸਮਾਨੀ ਉਡੀਆਂ ਫੜ੍ਹਦਾ ਜਿਹੜਾ ਅੰਦਰ ਸੀ ਉਹਨੂੰ ਫੜ੍ਹਿਆ ਹੀ ਨਹੀਂ' ਵਾਲੇ ਦਵੰਦ 'ਚ ਚਲਦੇ ਹੋਏ ਉਹ ਆਪਣੀ ਪਛਾਣ ਲਈ ਤੜਪਦੇ ਹਨ ਅਤੇ ਕੋਸ਼ਿਸ਼ ਕਰਦੇ ਹਨ। 'ਬਲੈਕ ਫਰਾਈ ਡੇ' ਅਤੇ 'ਗੈਂਗਸ ਆਫ ਵਾਸੇਪੁਰ' ਦੇ ਨਿਰਦੇਸ਼ਕ ਅਨੁਰਾਗ ਕਸ਼ਿਅਪ ਨੇ ਕਿਹਾ ਸੀ ਕਿ ਮੈਨੂੰ ਈਰਖਾ ਹੁੰਦੀ ਹੈ ਕਿ ਮੈਂ ਇਮਤਿਆਜ਼ ਵਰਗੀ ਦਾਰਸ਼ਨਿਕ ਅਤੇ ਪ੍ਰੇਮ ਕਹਾਣੀ ਨਹੀਂ ਬਣਾ ਪਾਉਂਦਾ।

ਬਲਦੇਵ ਸਿੰਘ ਦੇ ਸੜਕਨਾਮਾ ਦਾ ਕਿਤਾਬ ਸ਼ੁਰੂ ਹੋਣ ਤੋਂ ਪਹਿਲਾ ਸੜਕ ਦਾ ਰੂਪਕ ਪੜ੍ਹ ਕੇ ਵੇਖੋ। ਉਸ ਤੋਂ ਬਾਅਦ ਸੜਕ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖੋ। ਤੁਸੀ ਮਹਿਸੂਸ ਕਰੋਗੇ ਕਿ ਜ਼ਿੰਦਗੀ ਦੇ ਤਮਾਮ ਪਾਤਰ ਅਤੇ ਸੰਸਾਰ ਦੀਆਂ ਤਮਾਮ ਕਹਾਣੀਆਂ ਕਿੰਝ ਵਿਚਰ ਰਹੀਆਂ ਹਨ। ਹੁਣ 'ਹਾਈਵੇਅ' ਦੇ ਦੋ ਪਾਤਰਾਂ ਨੂੰ ਵੇਖੋ। ਮਹਾਂਵੀਰ(ਰਣਦੀਪ ਹੁੱਡਾ) ਅਤੇ ਵੀਰਾ(ਆਲੀਆ ਭੱਟ)

ਵੀਰਾ ਵੇਖਣ ਵਾਲੇ ਨੂੰ ਪਹਿਲਾਂ ਆਪਣੀ ਬੇਬੱਸੀ ਅਤੇ ਉਲਝਣ ਨਾਲ ਜੋੜਦੀ ਹੈ ਫਿਰ ਉਸ ਦਵੰਦ ਦੇ ਅਧਾਰ ਨਾਲ ਜੋੜਦੀ ਹੈ। ਵੀਰਾ ਆਪਣੀ ਕਹਾਣੀ ਮਹਾਂਵੀਰ ਨੂੰ ਦੱਸਦੀ ਹੋਈ ਆਪਣੇ ਘਰ ਦੀ ਮਾਨਸਿਕਤਾ ਨਹੀਂ ਦੱਸ ਰਹੀ ਸਗੋਂ ਵੀਰਾ ਅਤੇ ਉਸਦਾ ਬਾਲ ਯੋਨ ਉਤਪੀੜਨ (ਚਾਈਲਡ ਸੈਕਸ ਐਬਿਊਜ਼) ਅਤੇ ਉਸਦੀ ਅਵਾਜ਼ ਅਤੇ ਉਸ ਅਵਾਜ਼ ਦਾ ਸਾਹਮਣੇ ਵਾਲਾ ਸੁਣਨ ਵਾਲਾ ਦਰਮਿਆਨ ਖਾਮੋਸ਼ੀ ਜਿਸ ਕੈਨਵਸ ਨੂੰ ਉਕੇਰ ਰਹੀ ਹੈ ਉਸ ਨੂੰ ਸੋਚਣ 'ਤੇ ਜ਼ੋਰ ਦੇ ਰਹੀ ਹੈ। ਵੀਰਾ ਦੇ ਆਪਣਾ ਰਿਸ਼ਤੇਦਾਰ ਉਹਦੀ ਬਾਲ ਉੱਮਰ ਤੋਂ ਹੀ ਉਹਦਾ ਉਤਪੀੜਨ ਕਰਦਾ ਰਿਹਾ ਅਤੇ ਜਦੋਂ ਉਹਨੇ ਆਪਣੀ ਮਾਂ ਨੂੰ ਇਸ ਬਾਰੇ ਦੱਸਿਆ ਅਤੇ ਉਹਨੇ ਵੀ ਸਮਾਜ ਦੇ ਡਰੋਂ ਚੁੱਪ ਰਹਿਣ ਦੀ ਹਦਾਇਤ ਹੀ ਦਿੱਤੀ ਹੁੰਦੀ ਹੈ। ਇਹ ਖਾਮੋਸ਼ੀ ਨੂੰ ਦੋ ਪੱਧਰ 'ਤੇ ਬਿਆਨ ਕਰਦਾ ਹੈ। ਜੁਰਮ ਨੂੰ ਅੰਜਾਮ ਦੇਣ ਵਾਲਾ ਸਾਨੂੰ ਚੁੱਪ ਹੋਣ ਦਾ ਖੌਫ ਦਿੰਦਾ ਹੈ, ਜੁਰਮ ਨੂੰ ਸਹਿਣ ਵਾਲਾ ਚੁੱਪ ਦੀ ਤੜਪ 'ਚ ਹੈ ਅਤੇ ਉਸੇ ਜੁਰਮ ਨੂੰ ਸ਼ਹਿ ਦੇਣ ਵਾਲਾ(ਸਮਾਜ ਦੇ ਡਰੋਂ) ਚੁੱਪ ਨੂੰ ਫਿਰ ਸਵੀਕਾਰਤਾ ਹੀ ਦੇ ਰਿਹਾ ਹੈ। ਇਸ ਕਥਾਨਕ ਤੋਂ ਇਮਤਿਆਜ਼ ਜੋ ਬਿਆਨ ਕਰ ਰਿਹਾ ਹੈ ਉਹ ਇਹ ਹੈ ਕਿ ਅਸੀਂ ਲੋਕ ਅਜਿਹੇ ਪ੍ਰਬੰਧ 'ਚ ਹਾਂ ਜਿੱਥੇ ਅਸੀਂ ਅਸੀਂ ਨਹੀਂ। ਅਸੀਂ ਲੋਕ ਹਾਂ ਅਤੇ ਲੋਕ ਬਣਕੇ ਹੀ 'ਮੈਂ' ਦਾ ਹੋਣਾ ਸੋਚਦੇ ਹਾਂ। ਸਮਾਜ ਨੂੰ ਅਸੀਂ ਉਹ ਪੱਖ ਹੀ ਦਿਖਾਉਣਾ ਚਾਹੁੰਦੇ ਹਾਂ ਜਿਸ ਦੀ ਸਮਾਜ ਵਡਿਆਈ ਕਰੇ ਫਿਰ ਚਾਹੇ ਉਹ ਚੰਗਾ ਹੋਵੇ ਜਾਂ ਮਾੜਾ। ਲੈਟਸ ਬੀ ਸੈਨਸੀਬਲ ਦੇ ਮਖੌਟਿਆਂ 'ਚ ਅਸੀਂ ਅਸੀਂ ਨਹੀਂ ਰਹੇ। ਸਭ ਕੁਝ ਨਕਲੀ ਜਿਹਾ ਹੀ ਚੱਲ ਰਿਹਾ ਹੈ। ਇਸੇ ਦਾ ਸ਼ਿਕਾਰ ਵੀਰਾ ਹੈ। ਇਸੇ ਸ਼ਿਕਾਰ 'ਚ ਘਰ ਉਹਦੇ ਲਈ ਜੇਲ੍ਹ ਹੈ ਅਤੇ ਅਗਵਾ ਹੋਣਾ ਉਹਦੇ ਲਈ ਅਜ਼ਾਦੀ। ਫ਼ਿਲਮ ਦੀ ਕਹਾਣੀ 'ਚ ਯੋਣ ਉਤਪੀੜਨ ਦਾ ਕਥਾਨਕ ਇੱਕ ਜ਼ਰੀਆ ਹੈ ਪਰ ਅਸੀਂ ਲੋਕ ਬਨਾਉਟੀ ਹੀ ਹਾਂ ਅਤੇ ਸਾਡੇ ਹਲਾਤ ਵੀ ਅਜਿਹੇ ਹਨ। ਇਹਦੀਆਂ ਜੜਾਂ ਬਹੁਤ ਪੁਰਾਣੀਆਂ ਬੈਠੀਆ ਹੋਈਆਂ ਹਨ। ਇਹ ਤੁਹਾਡੇ 'ਤੇ ਹੈ ਕਿ ਸੋਚੋ ਇੱਕ ਮਾਂ ਆਪਣੀ ਧੀ ਦਾ ਦੁੱਖ ਜਾਨਣ ਦੇ ਬਾਵਜੂਦ ਉਹਨੂੰ ਚੁੱਪ ਰਹਿਣ ਦੀ ਹਦਾਇਤ ਕਿਉਂ ਜਾਰੀ ਕਰਦੀ ਹੈ। ਆਖਰ ਉਹਦੀ ਕੀ ਮਜਬੂਰੀ ਰਹੀ ਹੋਵੇਗੀ।



ਮਹਾਂਵੀਰ ਦਾ ਪਾਤਰ ਤੜਪ ਦਾ ਅਨੁਪ੍ਰਾਸ ਵੀ ਹੈ ਅਤੇ ਸਮਾਜ ਦੀ ਦੇਣ ਦਾ ਅੰਗਾਰ ਵੀ ਹੈ। ਉਹ ਬਚਪਨ ਤੋਂ ਹੀ ਆਪਣੀ ਮਾਂ ਨੂੰ ਨੀਲਾਮ ਹੁੰਦੇ ਵੇਖਦਾ ਆਇਆ ਹੈ। ਵੀਰਾ ਦੇ ਹਲਾਤ ਅਤੇ ਮਹਾਂਵੀਰ ਦੇ ਹਲਾਤਾਂ 'ਚ ਮਰਦ ਪ੍ਰਧਾਨ ਵਰਤਾਰਾ ਹੈ। ਦੋਵੇਂ ਜਗ੍ਹਾ ਔਰਤ ਦਰਦ 'ਚ ਹੈ ਅਤੇ ਉਸੇ ਦਰਦ ਦਾ ਵਿਆਜ਼ ਮਹਾਂਵੀਰ ਹੈ। ਉਹ ਆਪਣੇ ਹੋਣ ਦਾ ਕਾਰਨ ਜਾਣਦਾ ਹੈ ਅਤੇ ਆਪਣੇ ਅੰਜਾਮ ਨੂੰ ਵੀ ਜਾਣਦਾ ਹੈ। ਇੱਥੇ ਇਹ ਸਮਝਣਾ ਦਿਲਚਸਪ ਹੋਵੇਗਾ ਮਹਾਂਵੀਰ ਦੀ ਮਾਂ ਆਪਣਾ ਸ਼ਰੀਰ ਵੇਚਦੀ ਹੈ ਪਰ ਉਹਦੀ ਆਤਮਾ 'ਚ ਪਿਆਰ ਆਪਣੇ ਮੁੰਡੇ ਲਈ ਅਥਾਹ ਹੈ ਅਤੇ ਮਹਾਂਵੀਰ ਹੱਥੋਂ ਅਗਵਾ ਹੋਈ ਵੀਰਾ ਇਹ ਜਾਣਦੇ ਹੋਏ ਕਿ ਉਹ ਅਗਵਾਕਾਰ ਹੈ ਉਸਦੇ ਬਾਵਜੂਦ ਉਹਦੀ ਤੜਪ ਨੂੰ ਸਮਝ ਰਹੀ ਹੈ ਅਤੇ ਉਹਨੂੰ ਆਪਣੀ ਮਾਂ ਦੇ ਨੇੜੇ ਕਰ ਰਹੀ ਹੈ ਜਿੱਥੋਂ ਮਹਾਂਵੀਰ ਦੂਰ ਅਜੀਬੋ ਗਰੀਬ ਕੋਝੇ ਰਾਹਵਾਂ 'ਤੇ ਆ ਗਿਆ ਹੈ ਜਿੱਥੋਂ ਉਹ ਨਹੀਂ ਆਉਣਾ ਚਾਹੁੰਦਾ ਸੀ ਜਾਂ ਕਹਿ ਲਓ ਇਹ ਉਹਦਾ ਆਪਣਾ ਚੁਣਾਵ ਨਹੀਂ ਸੀ। ਨਾਰੀਤਵ ਦਾ ਰੂਪ 'ਵੀਰਾਂ' ਹੀ ਨਾਰੀਤਵ ਦੇ ਦੂਜੇ ਰੂਪ ਤੱਕ ਉਸ ਭਟਕੇ ਮਹਾਂਵੀਰ ਨੂੰ ਪਹੁੰਚਾਉਂਦੀ ਹੈ ਜਿੱਥੇ ਮਹਾਂਵੀਰ ਦਾ ਹੋਣਾ ਅਸਲ ਹੈ। ਇਹ ਜੁਗਨੀ ਹੈ। ਇਹ ਉਹ ਅਨਹਦ ਹੈ ਜੋ ਮੰਜ਼ਿਲ ਨਹੀਂ ਪਰ ਆਤਮਾ ਰੋਸ਼ਨ ਹੈ, ਬੰਦਾ ਖੁਦ ਨੂੰ ਜਾਣ ਰਿਹਾ ਹੈ। ਮਹਾਂਵੀਰ ਸ਼ੇਕਸਪੀਅਰ ਦੀ ਲੇਡੀ ਮੈਕਬੇਥ ਵਾਂਗੂ ਨਹੀਂ ਜਾਂ ਕਹਿ ਲਓ ਕਿ ਕਿਸੇ ਕੰਪਲਸਿਵ ਡਿਸਆਰਡਰ 'ਚ ਨਹੀਂ ਜਿੱਥੇ ਉਹ ਅਪਰਾਧ ਕਰਕੇ ਬਾਰ ਬਾਰ ਇਸ ਭੁਲੇਖੇ 'ਚ ਹੈ ਕਿ ਉਹ ਗਲਤ ਕਰ ਗਿਆ ਹੈ ਅਤੇ ਸਬੂਤ ਮਿਟਾਉਂਦਾ ਫਿਰੇ। ਸਗੋਂ ਮਹਾਂਵੀਰ ਅੰਮ੍ਰਿਤਾ ਪ੍ਰੀਤਮ ਦੇ ਪਿੰਜਰ ਦੇ ਰਸ਼ੀਦ ਵਰਗਾ ਹੈ ਜੋ ਅਪਰਾਧ ਕਰ ਬੈਠਾ ਹੈ ਪਰ ਉਸਨੂੰ ਸੁਧਾਰਦਾ ਹੋਇਆ ਕੁਝ ਪਾ ਰਿਹਾ ਹੈ ਜੋ ਉਹਨੂੰ ਹੋਣ ਦੇ ਅਸਲ ਤੱਕ ਲੈ ਜਾਵੇਗਾ।

ਇਹਨੂੰ ਸਮਝਣਾ ਜ਼ਰੂਰੀ ਹੈ ਜਿਸ ਕਥਾਨਕ ਚੋਂ ਮਹਾਂਵੀਰ ਪੈਦਾ ਹੁੰਦਾ ਹੈ। ਇੱਕ ਫ਼ਿਲਮ ਆਈ ਸੀ ਕੁਝ ਸਾਲ ਪਹਿਲਾਂ 'ਪੈਰੋਂ ਤਲੇ' ਨਾਮ ਦੀ ਜੋ ਕਿ ਸਿਧਾਰਥ ਸ਼੍ਰੀ ਨਿਵਾਸਨ ਦੀ ਫ਼ਿਲਮ ਸੀ। ਇਸ ਫ਼ਿਲਮ ਨੂੰ ਪੀ.ਵੀ.ਆਰ ਡਾਇਰੈਕਟਰ ਰੇਅਰ ਤਹਿਤ ਰਲੀਜ਼ ਕੀਤਾ ਗਿਆ ਸੀ। ਇਹ ਕਹਾਣੀ ਦਿੱਲੀ ਦੇ ਕਥਾਨਕ 'ਚ ਸ਼ਹਿਰਾਂ ਦੇ ਹੁੰਦੇ ਵਿਕਾਸ ਤੋਂ ਅੱਗੇ ਹੈ। ਸ਼ਹਿਰ ਪਿੰਡਾਂ ਦੀ ਹੱਦ ਨੂੰ ਦੈਂਤ ਵਾਂਗੂ ਫੈਲਦੇ ਆ ਗਏ ਹਨ। ਕੱਟੇ ਜਾ ਰਹੇ ਪਲਾਟ ਅਤੇ ਉਨ੍ਹਾਂ ਦੀ ਰਾਖੀ ਲਈ ਮਜਦੂਰਾਂ ਦੀ ਇੱਕ ਵਿਥਿਆ ਹੈ ਅਤੇ ਉਨ੍ਹਾਂ ਪਲਾਟਾਂ ਦੇ ਮਾਲਕਾਂ ਦਾ ਮਜਦੂਰਾਂ ਉੱਪਰ ਹਵਸੀ ਰੂਪ ਅਤੇ ਮੈਕਡੋਨਾਲਡੀ ਬਰਗਰ ਜ਼ਿੰਦਗੀ ਵਾਲਿਆਂ ਦਾ ਉਨ੍ਹਾਂ ਪ੍ਰਤੀ ਜਜ਼ਬਾਤੋਂ ਕੋਰਾ ਵਰਤਾਰਾ ਦੂਜਾ ਪੱਖ ਹੈ। ਸ਼ਹਿਰੀ ਅਮੀਰੀ ਦਾ ਹਵਸੀ ਖੁਰਾਕ ਤੱਕ ਉਨ੍ਹਾਂ ਤੱਕ ਪਹੁੰਚ ਕਰਨਾ ਅਤੇ ਉਨ੍ਹਾਂ ਮਜਦੂਰਾਂ ਦਾ ਇਸ ਸ਼ਹਿਰੀਕਰਨ 'ਚ ਗਰੀਬੀ ਦੇ ਉੱਪਰ ਹੋਰ ਗਰੀਬੀ ਦਾ ਵੱਧਕੇ ਆ ਜਾਣਾ ਅਤੇ ਮਜਬੂਰਨ ਆਪਣਾ ਆਪ ਸੌਂਪ ਦੇਣਾ ਅਤੇ ਉਸ ਚੋਂ ਗਰੀਬ ਬੰਦਿਆਂ ਦੀ ਨਫਰਤ ਅਤੇ ਅੰਗਾਰ ਚੋਂ ਉਪਜਦਾ ਜੁਰਮ 21ਵੀਂ ਸਦੀ ਦੀ ਤਸਵੀਰ ਹੈ। ਮੈਂ ਜਦੋਂ ਵੇਖਦਾ ਹਾਂ ਫਿਲਮ ਨੂੰ ਤਾਂ ਮੈਂ 'ਪੈਰੋਂ ਤਲੇ' ਦੇ ਅੰਤ ਚੋਂ ਮਹਾਂਵੀਰ ਵਰਗੇ ਕਿਰਦਾਰਾਂ ਦਾ ਜਨਮ ਵੇਖਦਾ ਹਾਂ।

ਇਮਤਿਆਜ਼ ਵੀਰਾਂ ਦੇ ਸੁਫਨਿਆਂ ਦਾ ਘਰ ਕਸ਼ਮੀਰ 'ਚ ਵਿਖਾਉਂਦਾ ਹੈ ਅਤੇ ਉਸ ਚੁੱਪ ਨੂੰ ਤੋੜਦੀ ਪਾਤਰ 'ਅਸੀਂ' ਸਮਾਜ ਤੋਂ 'ਮੈਂ' ਦੇ ਹੋਣ ਨੂੰ ਪਾਉਂਦੀ ਹੈ ਅਤੇ ਆਪਣੀ ਤਰ੍ਹਾਂ ਦੀ ਦੁਨੀਆ ਦਾ ਨਿਰਮਾਣ ਕਰਦੀ ਹੈ।

ਇਹ ਕੁਝ ਅਜਿਹੀ ਅਵਸਥਾ ਹੈ ਕਿ 'ਬੋਲ ਕਿ ਲਬ ਅਜ਼ਾਦ ਹੈਂ ਤੇਰੇ'। ਇਸ ਸਭ ਦਾ ਅਹਿਸਾਸ ਕਰਦੇ ਵੀਰਾਂ ਅਤੇ ਮਹਾਂਵੀਰ ਦੋਵੇਂ ਆਪਣੇ ਆਪ ਨੂੰ ਪਾ ਜਾਂਦੇ ਹਨ। ਇਹ ਵੀ ਦਿਲਚਸਪ ਹੈ ਕਿ ਅਜਿਹਾ ਉਨ੍ਹਾਂ ਲਈ ਸੰਭਵ ਬਣਾਉਂਦਾ ਹੈ ਲਦਾਖ, ਕਸ਼ਮੀਰ, ਹਿਮਾਚਲ। ਜਿਸਨੂੰ ਮੈਂ ਇੰਝ ਵੇਖਦਾ ਹਾਂ ਕਿ ਇਹ ਵੀ ਭਾਰਤ ਦੇ ਅਣਗੋਲੇ ਹਨ। ਵੀਰਾਂ ਅਤੇ ਮਹਾਂਵੀਰ ਦਾ ਅੰਤਲਾ ਕਥਾਨਕ ਸੂਫੀਆਂ ਦੇ ਗ੍ਰਹਿ ਲਾਉਣ ਵਰਗਾ ਹੈ ਜਿੱਥੇ ਉਹ ਇੱਕ ਦੂਜੇ ਦੇ ਪੂਰਕ ਬਣਦੇ ਹਨ। ਜਿੱਥੇ ਮਹਾਂਵੀਰ ਨੂੰ ਸਮਝ ਆ ਗਈ ਹੈ ਕਿ ਗੋਲੀ ਨਾਲ ਇੱਕ ਬੰਦਾ ਨਹੀਂ ਮਰਦਾ ਸਗੋਂ ਦੋ ਮਰਦੇ ਹਨ। ਇੱਕ ਗੋਲੀ ਖਾਣ ਵਾਲਾ ਅਤੇ ਦੂਜਾ ਗੋਲੀ ਮਾਰਨ ਵਾਲਾ। ਜਿੱਥੇ ਮਹਾਂਵੀਰ ਨੂੰ ਮਹਿਸੂਸ ਹੁੰਦਾ ਹੈ ਕਿ ਉਸਦੀ ਮਾਂ ਨੂੰ ਵੇਚਣ ਵਾਲਾ ਉਹਦਾ ਪਿਓ ਅਤੇ ਵੀਰਾਂ ਨੂੰ ਅਗਵਾ ਕਰਨ ਵਾਲਾ ਉਹ ਆਪ ਆਪਣੇ ਪਿਓ ਵਰਗਾ ਹੀ ਬਣ ਗਿਆ। ਅਪਰਾਧਬੋਧ ਚੋਂ ਨਿਕਲਦਾ ਮਹਾਂਵੀਰ ਵੀਰਾਂ ਦੀ ਗੋਦ 'ਚ ਜਾ ਕੇ ਮਮਤਾ ਦੀ ਸਾਂਝ ਨੂੰ ਪਾਉਂਦਾ ਹੈ।

ਇੱਥੇ ਵੀਰਾਂ ਹੈ, ਵੀਰਾਂ ਜੁਗਨੀ ਹੈ, ਜੁਗਨੀ ਅਜ਼ਾਦ ਖਿਆਲ ਮਹਾਂਵੀਰ ਅਤੇ ਵੀਰਾਂ ਹੈ। ਦੋਵਾਂ ਦੀ ਅਵਸਥਾ ਅਨਹਦ ਹੈ; ਰਣਦੀਪ, ਆਲੀਆ, ਇਮਤਿਆਜ਼, ਰਹਿਮਾਨ ਅਤੇ ਇਰਸ਼ਾਦ ਕਾਮਿਲ ਲਈ। ਚੰਗੀਆਂ ਫ਼ਿਲਮਾਂ ਦੇ ਕਦਰਦਾਨੋਂ ਇਸ ਫ਼ਿਲਮ ਨੂੰ ਤੁਸੀ ਆਪਣੇ ਖਾਸ ਸੰਗ੍ਰਹਿ ਦਾ ਹਿੱਸਾ ਬਣਾ ਸਕਦੇ ਹੋ।

PUNJABI MARKET
ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE

ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।
A Large Selection of Indian, Pakistani, Fijian Groeries, Spices, Fresh Vegetables & Much Much More....

For More Info : 403-277-7736
#527 4774 Westwinds Dr. N.E. Calgary
(Behind Green Plaza)



# Royal Executive Homes

Hurry Only 2 Left

## Town Houses in Wildwood

- Excellent Location
- Close To all Amenities
- Transit Access
- Affordable Prices
- Future Rec Center
- Close to White Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen

Available From 1232sq ft. to 1589 sq ft. with attached Single and Double Garage. Starting Pirce : $ ~~309,900~~

**Price Reduced**
**Now Only**
**$ 289,900**

For Show Home Hours:
Contact
780-965-7390







## Wild Wood Town Houses

1820, 34th AVE Edmonton.
780-965-7390
780-906-4497
Email : royalexecutivehomes@hotmail.com



Jessy Parihar

SALES CONTACT :

Roohi@ 780-905-6970
Kul Bhatia @ 780-266-5500



Ranjit Deol

# SOHAIL QUADRI, MLA

## EDMONTON - MILL WOODS



MLA, Sohail Quadri with Hon. Minister of Education, Jeff Johnson and Hon. Dave Hancock, Deputy Premier & Innovation and Advanced Education at the announcement of three new schools in Edmonton



MLA, Sohail Quadri with City Councillor, Ward 11, Mike Nickel visited Edith Roger's school. They learnt about the school's 'Kids on the road Program' which is an educational adventure trip for children who have not stepped out of Edmonton



MLA, Sohail Quadri at the Alberta Legislature attending the Speech from the Throne on March 3rd 2014



MLA, Sohail Quadri at Canadian Mosaic Artist Association's event in honor of the Punjabi song writer Mr. Vijay Dhami

Committees and Councils the MLA is a member of:

- Member of the Select Special Ethics Commissioner Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718